# ਜੋ ਵੇਖਿਆ ਸੋ ਆਖਿਆ

*ਲੇਖਕ*

**ਗਿਆਨੀ ਸੰਤੋਖ ਸਿੰਘ**

**JO VEKHIA SO AAKHIA**
***by***
**Giani Santokh Singh**
166 Rooty Hill Road
EASTERN CREEK, N.S.W.
AUSTRALIA-2766
Mobile: +61 435 060 970
E-mail: gianisantokhsingh@yahoo.com.au

ਪਹਿਲੀ ਵਾਰ: 2011
ਦੂਜੀ ਵਾਰ: 2012

ਸਹਾਇਤਾ ਰਾਸ਼ੀ: 150 ਰੁਪਏ, 10 ਡਾਲਰ

**ਏਸੇ ਕਲਮ ਤੋਂ ਹੋਰ :**

ਸਚੇ ਦਾ ਸਚਾ ਢੋਆ (ਚਾਰ ਐਡੀਸ਼ਨਾਂ ਵਿਚ)
ਉਜਲ ਕੈਹਾਂ ਚਿਲਕਣਾ
ਯਾਦਾਂ ਭਰੀ ਚੰਗੇਰ
ਬਾਤਾਂ ਬੀਤੇ ਦੀਆਂ

## ਸਮਰਪਣ

ਪੰਜਾਬੀ ਮਾਂ ਬੋਲੀ ਨਾਲ਼
ਪਿਆਰ ਕਰਨ ਵਾਲ਼ੀਆਂ
ਰੂਹਾਂ ਨੂੰ

*ਪ੍ਰਕਾਸ਼ਕ* :

**ਮੁਕਾਮ ਪ੍ਰਕਾਸ਼ਨ**
36–ਦੂਜੀ ਮੰਜ਼ਲ, ਐਮ.ਆਈ.ਜੀ. ਫਲੈਟ,
ਮਾਲ ਮੰਡੀ, ਅੰਮ੍ਰਿਤਸਰ।
ਮੋਬਾਇਲ: 98038-70510

ਪ੍ਰਿੰਟਰਜ਼: ਪ੍ਰਿੰਟਵੈਲ, 146 ਇੰਡਸਟ੍ਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ

## ਤਤਕਰਾ


| | |
|---|---|
| ○ ਦੋ ਅਕਾਲੀ ਵਿਦਵਾਨਾਂ ਦਾ ‘ਮਿਲਾਪ’ | ੭ |
| ○ ਅਨਪੜ੍ਹ ਸਿੰਘਾ | ੧੦ |
| ○ ਸੱਚੇ ਚੁਟਕਲੇ | ੧੫ |
| ○ ਭੇਡਾਂ ਵਿਚੋਂ ਊਠ ਦੀ ਪਛਾਣ | ੨੦ |
| ○ ਸਾਧੂ ਬੋਲੇ ਸਹਿਜ ਸੁਭਾਇ | ੨੨ |
| ○ ਗੱਲ ਕਵਿਤਾ ਦੀ | ੨੪ |
| ○ ਇੰਦਰਾ ਗਾਂਧੀ ਵੱਲੋਂ ਪੰਜ ਸਿੱਖਾਂ ਦਾ ‘ਸਨਮਾਨ’ | ੨੭ |
| ○ ਦੋ ਦਿਲਚਲਪ ਦ੍ਰਿਸ਼ | ੩੦ |
| ○ ਸਿੱਖ ਆਗੂਆਂ ਦੀਆਂ ਅਸਚਰਜ ਬੇਪਰਵਾਹੀਆਂ | ੩੬ |
| ○ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਮਿਨੀ ਸਿੱਖ ਪਾਰਲੀਮੈਂਟ? | ੪੦ |
| ○ ਵੱਡੇ ਬੰਦਿਆਂ ਦੀਆਂ ਬਚਿੱਤਰ ਬਾਤਾਂ | ੪੩ |
| ○ ਘੀਚਮਚੋਲ਼ਾ ਸ਼ਖ਼ਸੀਅਤ | ੪੮ |
| ○ ਗੋਤਕਨਾਲ਼ਾ | ੫੬ |
| ○ ਇਉਂ ਹੋਇਆ ‘ਸਵਾਗਤ’’ ਮੇਰੀਆਂ ਲਿਖਤਾਂ ਦਾ | ੬੩ |
| ○ ਪੰਜਾਬੀ ਸ਼ਬਦ-ਜੋੜਾਂ ਦੀ ਸਰਲਤਾ ਤੇ ਸਮਾਨਤਾ | ੭੦ |
| ○ ਅਧਕ ੱ ਵਿਚਾਰਾ ਕੀ ਕਰੇ! | ੮੦ |
| ○ ਜੱਜੇ ਦੀਆਂ ਲੱਤਾਂ ਵਿਚ ਆ ਅੜੀ ਬੇਲੋੜੀ ਬਿੰਦੀ | ੮੨ |
| ○ ਅੱਧੇ ਹਾਹੇ ੍ਹ ਦੀ ਅਯੋਗ ਵਰਤੋਂ | ੮੬ |
| ○ ਗੁਰਮੁਖੀ ਲਿੱਪੀ ਵਿਚ ਤਿੰਨ ਹੋਰ ਚਿੰਨ੍ਹਾਂ ਦੀ ਲੋੜ | |
| ○ ਸੰਤ ਫਤਹਿ ਸਿੰਘ ਜੀ | ੮੯ |
| ○ ਜਥੇਦਾਰ ਗੁਰਚਰਨ ਸਿੰਘ ਟੌਹੜਾ | ੧੦੪ |
| ○ ਜਥੇਦਾਰ ਜੀਵਨ ਸਿੰਘ ਉਮਰਾਨੰਗਲ | ੧੦੮ |
| ○ ਯੋਗੀ ਹਰਭਜਨ ਸਿੰਘ ਖ਼ਾਲਸਾ ਜੀ | ੧੧੫ |
| ○ ਘੜਾ ਘੜਵੰਜੀ ’ਤੇ | ੧੨੭ |
| ○ ਛੜਿਆਂ ਦੀ ਫੌਜ ਲੰਘਣੀ | ੧੩੨ |
| ○ ਪੁਸਤਕ ਦੇ ਪਹਿਲੇ ਐਡੀਸ਼ਨ ਬਾਰੇ ਕੁਝ ਵਿਚਾਰ | ੧੩੯ |


# ਦੋ ਅਕਾਲੀ ਵਿਦਵਾਨਾਂ ਦਾ 'ਮਿਲਾਪ'

ਭਾਵੇਂ ਗੁਰਬਾਣੀ ਤਾਂ ਇਉਂ ਹੀ ਆਖਦੀ ਹੈ, "ਸੰਤ ਮਿਲੈ ਕਿਛੁ ਸੁਣੀਐ ਕਹੀਐ" ਤੇ ਇਕ ਲੋਕੋਕਤੀ ਵੀ ਇਉਂ ਹੈ, "ਗਿਆਨੀ ਕੋ ਗਿਆਨੀ ਮਿਲੈ ਕਰੈ ਗਿਆਨ ਕੀ ਬਾਤ।" ਪਰ ਏਥੇ ਆਪਾਂ ਯਾਦ ਕਰਨੀ ਹੈ ਦੋ ਅਕਾਲੀ ਵਿਦਵਾਨਾਂ ਦੀ ਆਪਸੀ ਗੁਫ਼ਤਗੂ ਦੀ। ਸੁਣਿਆਂ ਹੈ ਕਿ ੧੯੪੭ ਤੋਂ ਪਹਿਲਾਂ ਅਕਾਲੀ ਸਿਆਸਤ ਵਿਚ, ਮਾਸਟਰ ਅਜੀਤ ਸਿੰਘ ਅੰਬਾਲਵੀ ਜੀ ਦੀ ਬੜੀ ਚੜ੍ਹਤ ਹੋ ਗਈ ਸੀ। ਮਾਸਟਰ ਤਾਰਾ ਸਿੰਘ ਜੀ ਤੋਂ ਬਾਅਦ, ਦੂਜੇ ਦਰਜੇ ਦੇ ਆਗੂਆਂ ਅੰਦਰ, ਮਾਸਟਰ ਅੰਬਾਲਵੀ ਜੀ ਦਾ ਕੁਝ ਬੋਲ ਬਾਲਾ ਜਿਹਾ ਜਾਪਣ ਲੱਗ ਪਿਆ ਸੀ। ਕਹਿੰਦੇ ਨੇ, "ਮੁੰਡਾ ਤਾਂ ਸਿਆਣਾ ਸੀ ਪਰ ਮਾਰ ਗਿਆ ਉਸ ਨੂੰ ਤੇੜ ਦਾ ਨੰਗ।" ਸੋ ਮਾਸਟਰ ਅੰਬਾਲਵੀ ਜੀ ਵੀ ਤੇੜੋਂ ਨੰਗੇ ਹੀ ਸਨ। ਅਰਥਾਤ ਨਾ ਤਾਂ ਘਰੋਂ ਖਾਨਦਾਨੀ ਅਮੀਰ ਸਨ ਤੇ ਨਾ ਹੀ ਉਹਨਾਂ ਨੂੰ ਸਿਆਸੀ ਹੱਥਕੰਡਿਆਂ ਰਾਹੀਂ ਧਨ ਬਟੋਰਨ ਦੀ ਜਾਚ ਸੀ। ਅੰਬਾਲਵੀ ਜੀ ਵਿਦਵਾਨ, ਈਮਾਨਦਾਰ ਤੇ ਸ਼ਰੀਫ਼ ਸੱਜਣ ਸਨ, ਪਰ ਸਨ ਪਰਵਾਰ ਵਾਲੇ ਗ੍ਰਿਹਸਤੀ

ਗੁਰਸਿੱਖ; ਤੇ ਪਰਵਾਰ ਦਾ ਖ਼ਰਚ ਚਲਾਉਣ ਲਈ ਮਾਇਆ ਦੀ ਜ਼ਰੂਰਤ ਹੁੰਦੀ ਹੈ। ਨਾ ਹੀ ਆਪ ਜੀ ਗਿਆਨੀ ਕਰਤਾਰ ਸਿੰਘ ਵਾਂਙ ਫ਼ਕੀਰ ਸਿਆਸਤਦਾਨ ਸਨ ਕਿ ਜਿਥੇ ਭੁੱਖ ਲੱਗ ਗਈ ਓਥੇ ਖਾ ਲਿਆ ਤੇ ਜਿਥੇ ਰਾਤ ਪੈ ਗਈ ਓਥੇ ਸੌਂ ਗਏ। ਨਾ ਨੂੰਹ ਲਿਆਉਣ ਦਾ ਫਿਕਰ ਤੇ ਨਾ ਧੀ ਤੋਰਨ ਦਾ; ਪਰ ਅੰਬਾਲਵੀ ਜੀ, ਪਰਵਾਰ ਵਾਲੇ ਹੋਣ ਕਰਕੇ, ਇਸ ਤਰ੍ਹਾਂ ਦੀ ਫ਼ਕੀਰੀ ਨਹੀ ਸਨ ਨਿਭਾ ਸਕਦੇ।

ਮਾਸਟਰ ਤਾਰਾ ਸਿੰਘ ਜੀ ਨੇ ਉਹਨਾਂ ਤੋਂ ਸਿੱਖ ਸਿਆਸਤ ਦੇ ਮੈਦਾਨ ਵਿਚੋਂ ਸ਼ਾਇਦ ਖਹਿੜਾ ਛੁਡਾਉਣ ਲਈ, ਉਹਨਾਂ ਦੀ ਆਰਥਕ ਕਮਜ਼ੋਰੀ ਦਾ ਲਾਭ ਉਠਾਉਂਦਿਆਂ, ਅੰਬਾਲਵੀ ਜੀ ਨੂੰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦਾ ਜਥੇਦਾਰ ਲਗਾ ਦਿਤਾ। ਮਾਸਟਰ ਜੀ ਦਾ ਇਸ ਬਣ ਰਹੇ ਸਿਆਸੀ 'ਸ਼ਰੀਕ' ਤੋਂ ਖਹਿੜਾ ਛੁੱਟ ਗਿਆ ਤੇ ਅੰਬਾਲਵੀ ਜੀ ਨੂੰ ਘਰ ਦਾ ਇਮਾਨਦਾਰੀ ਨਾਲ ਖ਼ਰਚ ਚਲਾਉਣ ਲਈ, ਜਥੇਦਾਰੀ ਦੀ ਸੇਵਾ ਦੇ ਇਵਜ਼ ਵਿਚ, ਤਖ਼ਤ ਸਾਹਿਬ ਦੇ ਖ਼ਜ਼ਾਨੇ ਵਿਚੋਂ ਗੁਜ਼ਾਰੇ ਜੋਗਾ ਸੇਵਾ ਫਲ ਮਿਲਣ ਲੱਗ ਪਿਆ।

ਇਕ ਵਾਰੀ ਦੀ ਗੱਲ ਹੈ ਕਿ ਅੰਬਾਲਵੀ ਜੀ ਕੁਝ ਸਰੀਰਕ ਪੱਖੋਂ ਢਿੱਲੇ ਜਿਹੇ ਹੋ ਗਏ। "ਦੁਖ ਸੁਖ ਸਦਾ ਸਰੀਰਾਂ ਦੇ ਨਾਲ ਹਨ।" ਬਲਕਿ ਗੁਰਬਾਣੀ ਦਾ ਫੁਰਮਾਣ ਹੈ, "ਦੁਖ ਸੁਖ ਦੁਇ ਦਰ ਕਪੜੇ ਪਹਿਰਹਿ ਜਾਇ ਮਨੁਖ॥" ਮਾਸਟਰ ਅਜੀਤ ਸਿੰਘ ਅੰਬਾਲਵੀ ਜੀ ਦੀ ਬਿਮਾਰੀ ਦੀ ਖ਼ਬਰ ਸੁਣ ਕੇ ਗਿਆਨੀ ਕੇਹਰ ਸਿੰਘ ਵੈਰਾਗੀ ਜੀ ਅੰਮ੍ਰਿਤਸਰੋਂ ਉਹਨਾਂ ਦੀ ਬੀਮਾਰ ਪੁਰਸੀ ਲਈ ਗਏ। ਦੋਵੇਂ ਪ੍ਰਸਿਧ ਸਿੱਖ ਵਿਦਵਾਨ ਤੇ ਫ਼ਿਲਾਸਫ਼ਰ ਪ੍ਰਿੰ. ਗੰਗਾ ਸਿੰਘ ਜੀ ਦੇ ਸ਼ਾਗਿਰਦ ਹੋਣ ਕਰਕੇ, ਗੁਰਭਾਈ ਵੀ ਸਨ ਤੇ ਯਾਰ ਵੀ। ਅੰਬਾਲਵੀ ਜੀ ਦੇ ਘਰ ਦਾ ਬਾਹਰਲਾ ਬੂਹਾ ਲੰਘ ਕੇ ਵੇਹੜੇ ਵਿਚ ਵੜਦਿਆਂ ਹੀ, ਵੈਰਾਗੀ ਜੀ ਆਪਣੇ ਪੇਂਡੂ ਪਿਛੋਕੜ ਵਾਲੇ ਮਝੈਲਪੁਣੇ ਦੇ ਸੁਭਾ ਅਨੁਸਾਰ, ਖੁਲ੍ਹੀ ਭਾਸ਼ਾ ਵਿਚ ਉਚਰੇ, "ਓਇ, ਥੋਹੜਾ ਖਾਣਾ ਸੀ ਗੁਰੂ ਦੀ ਗੋਲਕ ਨੂੰ! ਹੁਣ ਪਿਆ ਲੇਖਾ ਦਿੰਨਾ ਏਂ!!" "ਤੂੰ ਵੀ ਤਾਂ ਓਥੇ ਖਾਈ ਈ ਜਾਨਾ ਏਂ ਅੰਮ੍ਰਿਤਸਰ, ਗੁਰੂ ਦੀ ਨਗਰੀ ਵਿਚ! ਤੂੰ ਕੇਹੜਾ ਘੱਟ ਕਰਦਾ ਏਂ!!" ਹਾਸੇ ਭਰਿਆ ਉਤਰ ਸੀ ਮਾਸਟਰ ਅੰਬਾਲਵੀ ਜੀ ਦਾ ਗਿਆਨੀ ਵੈਰਾਗੀ ਜੀ ਨੂੰ; ਉਹਨਾਂ ਵੱਲੋਂ ਹਾਸੇ ਵਿਚ ਕੀਤੀ ਗਈ ਟਕੋਰ ਦਾ। ਵੈਰਾਗੀ ਜੀ ਨੇ ਇਸ ਦਾ ਜਵਾਬ ਇਉਂ ਦਿਤਾ, "ਓਇ, ਮੈ ਤਾਂ ਉਸ ਸ਼ਾਂਤਿ ਸਰੂਪ ਸ੍ਰੀ ਗੁਰੂ ਰਾਮਦਾਸ ਜੀ ਦਾ ਖਾਨਾਂ ਵਾਂ ਜੇਹੜਾ ਕਿਸੇ ਨੂੰ ਕੁਝ ਆਂਹਦਾ ਨਹੀ। ਓਇ ਤੂੰ ਤੇ ਉਸ ਗੁਰੂ ਦੀ ਗੋਲਕ ਨੂੰ ਹੱਥ ਪਾ ਲਿਆ ਜਿਸ ਨੇ ਤੇਲ ਪਾ ਕੇ ਮਸੰਦ ਸਾੜੇ ਸੀ!"

ਦੋਹਾਂ ਪੰਥਕ ਵਿਦਵਾਨਾਂ ਦੀ ਅਜਿਹੀ ਟਕੋਰਾਂ ਭਰੀ ਗੁਫ਼ਤਗੂ ਸੁਣ ਕੇ ਚਾਰ ਚੌਫੇਰੇ ਹਾਸਿਆਂ ਦੇ ਫੁਹਾਰੇ ਛੁੱਟ ਪਏ। ਇਸ ਗੁਫ਼ਤਗੂ ਨਾਲ ਚੱਲੇ ਹਾਸੇ ਦੇ ਦੌਰ ਵਿਚ ਦੋਵੇਂ ਵਿਦਵਾਨ ਸੱਜਣ ਇਕ ਦੂਜੇ ਦੇ ਗਲੇ ਮਿਲੇ ਤੇ ਸੁਖ ਸਾਂਦ ਦਾ ਵਟਾਂਦਰਾ ਕੀਤਾ ਦੋਹਾਂ ਪ੍ਰੌੜ੍ਹ ਪੰਥਕ ਵਿਦਵਾਨਾਂ ਨੇ।

ਭਾਵੇਂ ਕਿ ਦੋਹਾਂ ਸੱਜਣਾਂ ਦਾ ਪੰਜਾਬੀ ਪੇਂਡੂ ਪਿਛੋਕੜ ਤੇ ਕਾਰਜ ਖੇਤਰ ਵੀ ਪੰਥਕ ਸੀ ਪਰ ਇਲਾਕਾ ਭੇਦ ਹੋਣ ਕਰਕੇ, ਦੋਹਾਂ ਦੀ ਬੋਲ ਚਾਲ ਦੀ ਸ਼ਬਦਾਵਲੀ, ਲਹਿਜ਼ਾ, ਟੋਨ ਵੱਖਰੇ ਹੀ ਸਨ। ਜਿਥੇ ਮਾਸਟਰ ਜੀ ਦਾ ਪਿਛੋਕੜ ਪੁਆਧ ਦੇ ਪੇਂਡੂ ਇਲਾਕੇ ਦਾ ਹੋਣ ਕਰਕੇ ਉਹਨਾਂ ਦੀ ਗੁਫ਼ਤਗੂ ਵਿਚ ਠਰੰਮ੍ਹਾ, ਧੀਰਜ ਤੇ ਮਿਠਾਸ ਸੀ ਓਥੇ ਗਿਆਨੀ ਵੈਰਾਗੀ ਜੀ ਦਾ, ਮਾਝੇ ਦਾ ਪੇਂਡੂ ਪਿਛੋਕੜ ਹੋਣ ਕਰਕੇ, ਉਹਨਾਂ ਦੀ ਬੋਲ ਬਾਣੀ ਵਿਚ ਰੋਹਬ, ਅੱਖੜਪੁਣਾ ਤੇ ਬੇਬਾਕੀ ਦਾ ਅੰਸ਼ ਕੁਝ ਜ਼ਿਆਦਾ ਸੀ। ਪਰ ਦੋਹਾਂ ਦਾ ਮਕਸਦ ਦੂਜੇ ਦੀ ਹੱਤਕ ਕਰਨਾ ਜਾਂ ਦੂਜੇ ਨੂੰ ਆਪਣੇ ਤੋਂ ਨੀਵਾ ਵਿਖਾਉਣਾ ਕਦਾਚਿਤ ਨਹੀ ਸੀ; ਬਲਕਿ ਹਾਸੇ ਹਾਸੇ ਵਿਚ ਚੜ੍ਹਦੀਕਲਾ ਦਾ ਵਾਤਾਵਰਣ ਸਿਰਜਣਾ ਹੀ ਉਹਨਾਂ ਦਾ ਮਨੋਰਥ ਸੀ।

ਯਾਦ ਰਹੇ ਕਿ ਪਰਲੋਕਵਾਸੀ ਗਿਆਨੀ ਕੇਹਰ ਸਿੰਘ ਵੈਰਾਗੀ ਜੀ ਬੜੇ ਪ੍ਰਸਿਧ ਪੰਥਕ ਪ੍ਰਚਾਰਕ ਹੋਏ ਹਨ ਜੋ ਕਿ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਤੇ ਫੇਰ ਲੰਮਾ ਸਮਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਾਪੇਗੰਡਾ ਸਕੱਤਰ ਰਹੇ। ਸਾਡੇ ਸਮੇ ਉਹ ਸ਼੍ਰੋਮਣੀ ਗੁ. ਪ੍ਰ. ਕਮੇਟੀ ਦੇ ਧਾਰਮਿਕ ਬੋਰਡ ਦੇ ਮੈਂਬਰ ਵੀ ਸਨ। ਮੇਰਾ ਉਹਨਾਂ ਨਾਲ ਚੰਗਾ ਸਨੇਹ ਸੀ। ਸਵੱਰਗਵਾਸੀ ਮਾਸਟਰ ਅਜੀਤ ਸਿੰਘ ਅੰਬਾਲਵੀ ਜੀ, ਜ਼ਿਲਾ ਅੰਬਾਲਾ ਦੇ ਵਸਨੀਕ ਸਨ। ਪਹਿਲਾਂ ਆਪ ਅਕਾਲੀ ਆਗੂ ਰਹੇ ਤੇ ਫੇਰ ਉਹਨਾਂ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਜਥੇਦਾਰ ਵਜੋਂ ਸੇਵਾ ਨਿਭਾਈ। ਫੇਰ ਕੁਝ ਸਮਾ ਰੋਜ਼ਾਨਾ 'ਅਜੀਤ' ਅਖ਼ਬਾਰ ਦੇ ਐਡੀਟਰ ਤੇ ਉਪ੍ਰੰਤ ਸ਼੍ਰੋਮਣੀ ਅਕਾਲੀ ਦਲ ਦੀ ਰੋਜ਼ਾਨਾ ਅਖ਼ਬਾਰ 'ਕੌਮੀ ਦਰਦ' ਦੇ ਚੀਫ਼ ਐਡੀਟਰ ਬਣੇ। ਓਹਨੀਂ ਦਿਨੀਂ ਹੀ ਮੇਰਾ ਉਹਨਾਂ ਨਾਲ ਸੰਪਰਕ ਬਣਿਆ। ਅੰਤ ਵਿਚ, ਮਾਰਚ ੧੯੭੩ ਵਿਚ, ਮੇਰੇ ਅੰਮ੍ਰਿਤਸਰ ਛੱਡਣ ਸਮੇ, ਉਹ ਸ੍ਰੀ ਦਰਬਾਰ ਸਾਹਿਬ ਵਿਖੇ ਸਥਾਪਤ, ਸ਼੍ਰੋਮਣੀ ਗੁ. ਪ੍ਰ. ਕਮੇਟੀ ਦੀ 'ਸਿੱਖ ਰੈਫ਼ਰੈਂਸ ਲਾਇਬ੍ਰੇਰੀ' ਦੇ ਇਨਚਾਰਜ ਸਨ ਜਿਸ ਨੂੰ ੧੯੮੪ ਵਿਚ ਭਾਰਤੀ ਫ਼ੌਜ ਨੇ ਚੁੱਕ ਖੜਿਆ ਤੇ ਇਸ ਬਾਰੇ ਅਜੇ ਤੱਕ ਨਾ ਸਰਕਾਰ ਵੱਲੋਂ ਤੇ ਨਾ ਹੀ ਸ਼੍ਰੋਮਣੀ ਗੁ. ਪ੍ਰ. ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਾਹਮਣੇ ਪੂਰੀ ਸਚਾਈ ਰੱਖੀ ਗਈ ਹੈ ਕਿ ਕੀ ਸਾਰੀ ਲਾਇਬ੍ਰੇਰੀ ਵਾਪਸ ਕਰ ਦਿਤੀ ਹੈ ਸਰਕਾਰ ਨੇ, ਜਾਂ ਉਸ ਦਾ ਕੁਝ ਹਿੱਸਾ ਵਾਪਸ ਕੀਤਾ ਹੈ, ਜਾਂ ਕੁਝ ਵੀ ਨਹੀਂ ਵਾਪਸ ਕੀਤਾ। ਇਸ ਬਾਰੇ ਸ਼ੰਕਾ ਇਸ ਲਈ ਪੈਦਾ ਹੁੰਦੀ ਹੈ ਕਿ ਇਕ ਵਾਰ ਓਥੇ ਦੇ ਇਕ ਸਕਾਲਰ ਨੇ ਕੁਝ ਕਿਤਾਬਾਂ ਮੈਨੂੰ ਵਿਖਾ ਕੇ ਕਿਹਾ ਸੀ ਕਿ ਸਭ ਕੁਝ ਵਾਪਸ ਆ ਗਿਆ ਹੈ। ਦੂਸਰੀ ਵਾਰੀ ਜਾਣ ਤੇ ਓਸੇ ਹੀ ਵਿਦਵਾਨ ਦੇ ਵਿਚਾਰ ਬਦਲ ਗਏ ਸਨ ਤੇ ਉਸ ਨੇ ਦੱਸਿਆ ਕਿ ਕੁਝ ਕਿਤਾਬਾਂ ਵਾਪਸ ਆ ਗਈਆਂ ਹਨ ਪਰ ਸਾਰਾ ਕੁਝ ਨਹੀ ਵਾਪਸ ਆਇਆ।

ਅਖੀਰ ੧੯੭੮ ਵਿਚ ਮਾਸਟਰ ਅਜੀਤ ਸਿੰਘ ਜੀ ਦੇ ਦਰਸ਼ਨ ਵੈਨਕੂਵਰ ਵਿਖੇ ਹੋਏ। ਵੈਨਕੂਵਰ ਦੇ ਨਜ਼ਦੀਕ ਕਿਸੇ ਟਾਊਨ ਵਿਚ ਉਹ ਆਪਣੇ ਸਪੁੱਤਰ ਪਾਸ ਰਹਿ ਰਹੇ ਸਨ। ਓਥੇ ਉਹਨਾਂ ਨੇ ਪੰਥਕ ਵਰਕਰ ਜਾਣ ਕੇ, ਸ਼੍ਰੋਮਣੀ ਅਕਾਲੀ ਦਲ ਕੈਨੇਡਾ ਵੱਲੋਂ, ਮੇਰਾ ਮਾਣ ਸਨਮਾਨ ਕਰਵਾਇਆ।

ਕਾਸ਼! ਅਜਿਹਾ ਚੜ੍ਹਦੀਕਲਾ ਵਾਲ਼ਾ ਨਿਰਛਲ ਪਿਆਰ ਸਦਾ ਹੀ ਪੰਥਕ ਸੱਜਣਾਂ ਵਿਚ ਸੰਚਾਰਤ ਹੁੰਦਾ ਰਹੇ!

# ਅਨਪੜ੍ਹ ਸਿੰਘਾ

*ਕਾਰ ਚਲਾਉਣੀ ਸਿਖ ਫੱਕਰਾਂ ਦੀ, ਚੇਤੇ ਰੱਖ,*
*ਲੋਕ ਸਭਾ ਦੀ ਟਿਕਟ ਮਿਲੂ ਅਨਪੜ੍ਹ ਸਿੰਘਾ।*

ਉਪ੍ਰੋਕਤ ਲਾਈਨ ਪ੍ਰਿੰਸੀਪਲ ਤਖ਼ਤ ਸਿੰਘ ਦੀ ਇਕ ਲੰਮੀ ਗ਼ਜ਼ਲ ਵਿਚੋਂ ਹੈ ਜੋ ਕਿ ਉਸ ਨੇ ੧੯੬੮ ਵਿਚ ਲਿਖੀ ਸੀ। ਇਸ ਦਾ ਪਿਛੋਕੜ ਕਿਸ ਪ੍ਰਕਾਰ ਹੈ: ਪੰਜਾਬੀ ਸੂਬਾ ਬਣਨ ਪਿੱਛੋਂ ੧੯੬੭ ਦੀਆਂ ਪਹਿਲੀਆਂ ਚੋਣਾਂ ਸਨ। ਪੰਜਾਬੀ ਸੂਬੇ ਦੀ ਜਦੋ ਜਹਿਦ ਵਿਚ ਅਧੂਰੀ ਜਿਹੀ ਸਫ਼ਲਤਾ ਪ੍ਰਾਪਤ ਕਰ ਲੈਣ ਕਰਕੇ, ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ, ਮਾਸਟਰ ਤਾਰਾ ਸਿੰਘ ਜੀ ਦੇ ਹੱਥੋਂ ਨਿਕਲ਼ ਕੇ ਸੰਤ ਫ਼ਤਿਹ ਸਿੰਘ ਜੀ ਦੇ ਹੱਥ ਆ ਗਈ ਹੋਈ ਸੀ। ਇਹਨਾਂ ਚੋਣਾਂ ਤੋਂ ਪਹਿਲਾਂ ਮਾਸਟਰ ਜੀ ਤੇ ਸੰਤ ਜੀ ਦੇ ਧੜਿਆਂ ਵਿਚ ਕੁਝ ਪੰਥ ਦਰਦੀ ਸੱਜਣਾਂ ਨੇ ਸਮਝੌਤਾ ਕਰਵਾ ਕੇ, ਇਕੋ ਝੰਡੇ ਹੇਠ ਦੋਹਾਂ ਧੜਿਆਂ ਨੂੰ ਇਕ ਹੋ ਕੇ ਚੋਣਾਂ ਲੜਾਉਣ ਲਈ ਯਤਨ ਕੀਤੇ ਤਾਂ ਕਿ ਪੰਜਾਬੀ ਸੂਬੇ ਦੇ ਅਸਲੀ ਮਕਸਦ ਦੀ ਪ੍ਰਾਪਤੀ ਹੋ ਸਕੇ, ਅਰਥਾਤ ਸੂਬੇ ਵਿਚ ਕਾਂਗਰਸ ਦੀ ਥਾਂ ਤੇ ਅਕਾਲੀ ਸਰਕਾਰ ਬਣਾਈ ਜਾ ਸਕੇ। ਪਰ ਅਜਿਹੇ ਯਤਨ ਅਸਫ਼ਲ ਰਹੇ ਤੇ ਸਮਝੌਤਾ ਨਾ ਹੋ ਸਕਿਆ। ਦੋਹਾਂ ਧੜਿਆਂ ਨੇ ਵੱਖ ਵੱਖ ਹੀ ਉਮੀਦਵਾਰ ਖੜ੍ਹੇ ਕੀਤੇ ਜਿਸ ਨਾਲ਼ ਅਕਾਲੀਆਂ ਦੀਆਂ ਵੋਟਾਂ ਦੋ ਥਾਂਈਂ ਵੰਡੀਆਂ ਜਾਣ ਕਰਕੇ ਕਾਂਗਰਸ ਨੂੰ ਖਾਸਾ ਲਾਭ ਹੋਇਆ। ਇਸ ਸਮੇ ਬਠਿੰਡੇ ਦੇ ਰਿਜ਼ਰਵ ਹਲਕੇ ਤੋਂ ਟਕਸਾਲੀ ਅਕਾਲੀ ਸ. ਧੰਨਾ ਸਿੰਘ ਗੁਲਸ਼ਨ ਅਕਾਲੀ ਦਲ ਦੇ ਸਿਟਿੰਗ ਐਮ.ਪੀ. ਸਨ ਜੋ ਕਿ ਮਾਸਟਰ ਗਰੁਪ ਨਾਲ਼ ਸਨ। ਇਹ ਸਰਦਾਰ ਗੁਲਸ਼ਨ ਜੀ ਬਹੁਤ ਲੰਮਾ ਸਮਾ ਲੈਜਿਸਲੇਟਰ ਰਹੇ। ੧੯੫੨ ਵਿਚ ਪੈਪਸੂ ਵਿਚ ਐਮ.ਐਲ.ਏ. ਬਣੇ। ਫਿਰ ੧੯੫੭ ਵਿਚ ਪੰਜਾਬ ਵਿਚ ਐਮ.ਐਲ.ਏ. ਬਣੇ ਤੇ ੧੯੬੨ ਵਿਚ ਐਮ.ਪੀ. ਬਣੇ। ਫਿਰ ੧੯੭੨ ਵਿਚ ਵੀ ਐਮ.ਐਲ.ਏ. ਬਣੇ। ਐਮਰਜੈਂਸੀ ਦੇ ਖ਼ਿਲਾਫ਼ ਦਲ ਵੱਲੋਂ ਲਾਏ ਗਏ ਮੋਰਚੇ ਦੀ ਸਫ਼ਲਤਾ ਕਾਰਨ, ੧੯੭੭ ਵਿਚ ਹੋਈਆਂ ਚੋਣਾਂ ਵਿਚ, ਗੁਲਸ਼ਨ ਜੀ ਫਿਰ ਐਮ.ਪੀ. ਬਣੇ ਤੇ ਫਿਰ ਹਿੰਦੁਸਤਾਨ ਦੇ ਵਿਦਿਅਕ ਮਹਿਕਮੇ ਦੇ ਵਜ਼ੀਰ ਬਣਨ ਦਾ ਮਾਣ ਵੀ ਸ. ਧੰਨਾ ਸਿੰਘ ਗੁਲਸ਼ਨ ਜੀ ਨੂੰ ਪ੍ਰਾਪਤ ਹੋਇਆ। ਇਹ ਕਲਗੀਧਰ ਪਾਤਿਸ਼ਾਹ ਦਾ ਪੰਥ ਵੀ ਕੈਸਾ ਗ਼ਰੀਬ ਨਿਵਾਜ ਹੈ! ਮਹਾਂਰਾਜ ਨੇ ਫੁਰਮਾਇਆ ਸੀ ਨਾ:

*ਇਨ ਗਰੀਬ ਸਿਖਨ ਕਉ ਦੇਊਂ ਪਾਤਿਸ਼ਾਹੀ॥*
*ਯਾਦ ਕਰੇਂ ਹਮਰੀ ਗੁਰਿਆਈ॥*

ਫਿਰ ਹੋਰ ਵੀ ਵੇਖੋ ਪਾਤਿਸ਼ਾਹ ਕੀ ਫੁਰਮਾਉਂਦੇ ਹਨ:

*ਜਿਨ ਕੀ ਜਾਤਿ ਔਰ ਕੁਲ ਮਾਹੀਂ॥*
*ਸਰਦਾਰੀ ਨਹਿ ਭਈ ਕਦਾਹੀਂ॥*
*ਇਨਹੀ ਕੋ ਸਰਦਾਰ ਬਨਾਊ॥*
*ਤਬੈ ਗੋਬਿੰਦ ਸਿੰਘ ਨਾਮ ਕਹਾਊਂ॥*

ਬਠਿੰਡੇ ਦੇ ਟਿੱਬਿਆਂ ਵਿਚ ਕਵੀਸ਼ਰੀ ਕਰਨ ਵਾਲ਼ਾ ਇਕ ਨਿਮਾਣਾ ਦਲਿਤ ਸਿੱਖ, ਸ. ਧੰਨਾ ਸਿੰਘ ਗੁਲਸ਼ਨ, ਪੰਥ ਦੀ ਗਰੀਬ ਨਿਵਾਜਤਾ ਕਾਰਨ ਨਾ ਸਿਰਫ ਐਮ.ਪੀ. ਹੀ ਬਣਿਆ ਬਲਕਿ ਕੇਂਦਰੀ ਸਰਕਾਰ ਦਾ ਵਜ਼ੀਰ, ਤੇ ਉਹ ਵੀ ਵਿਦਿਅਕ ਮਹਿਕਮੇ ਦਾ; ਹੈ ਕਿ ਨਾ ਪੰਥਕ ਬਖ਼ਸ਼ਿਸ਼ਾਂ ਦਾ ਪ੍ਰਤੱਖ ਪਰਮਾਣ! ਇਸ ਪੰਥ ਨੇ ਤਾਂ ਘੋੜਿਆਂ ਦੀ ਲਿੱਦ ਸੁੱਟਣ ਵਾਲ਼ੇ ਭਾਈ ਕਪੂਰ ਸਿੰਘ ਜੀ ਨੂੰ ਨਵਾਬ ਤੇ ਯਤੀਮ ਭਾਈ ਜੱਸਾ ਸਿੰਘ ਨੂੰ ਸੁਲਤਾਨੁਲ ਕੌਮ ਬਣਾ ਦਿਤਾ ਸੀ!

ਸ. ਧੰਨਾ ਸਿੰਘ ਗੁਲਸ਼ਨ ਜੀ ਬਹੁਤ ਸੁਲਝੇ ਹੋਏ ਬੁਲਾਰੇ ਸਨ ਤੇ ਕਵੀਸ਼ਰੀ ਕਰਿਆ ਕਰਦੇ ਸਨ। ਆਪਣੀਆਂ ਕਵਿਤਾਵਾਂ ਵੀ ਲਿਖਦੇ ਸਨ। ਇਹਨਾਂ ਦੀ ਇਕ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਵੀ ਸਿੱਖ ਸਿਆਸਤ ਉਪਰ ਚੰਗਾ ਚਾਨਣ ਪਾਉਣ ਵਾਲ਼ੀ ਹੈ। ਸਰਦਾਰ ਗੁਲਸ਼ਨ ਜੀ ੧੯੬੯ ਦੀ ਵੈਸਾਖੀ ਸਮੇ ਤਖ਼ਤ ਸ੍ਰੀ ਦਮਦਮਾ ਸਹਿਬ ਵਿਖੇ ਮੇਰਾ ਲੈਕਚਰ ਸੁਣ ਕੇ ਬੜੇ ਪ੍ਰਭਾਵਤ ਹੋਏ ਤੇ ਮੈਨੂੰ ਸ਼ਾਬਾਸ ਦਿੰਦਿਆਂ ਆਖਿਆ. "ਤੂੰ ਤਾਂ ਸੰਤੋਖ ਸਿਹਾਂ ਗਿਆਨੀ ਲਾਲ ਸਿੰਘ ਵਾਂਗ ਬੋਲਦਾਂ!" ੧੯੮੦ ਵਿਚ ਸਿਡਨੀ ਆਉਣ ਪਿੱਛੋਂ, ਮੈਨੂੰ ਪੰਥ ਪ੍ਰਸਿਧ ਢਾਡੀ ਅਤੇ ਚੋਟੀ ਦੇ ਬੁਲਾਰੇ, ਪਰਲੋਕਵਾਸੀ ਗਿ. ਭਗਤ ਸਿੰਘ ਲਲ੍ਹੀ ਜੀ ਹੋਰਾਂ ਨੇ, ਗੁਲਸ਼ਨ ਜੀ ਦੀ ਲਿਖੀ ਹੋਈ, ਪੰਜਾਬੀ ਸੂਬੇ ਬਾਰੇ ਇਕ ਕਵਿਤਾ ਜ਼ਬਾਨੀ ਸੁਣਾਈ ਸੀ ਜੋ ਕਿ ਗੁਲਸ਼ਨ ਜੀ ਦੀ ਕਾਵਿਕ ਯੋਗਤਾ ਦੀ ਮੂੰਹ ਬੋਲਦੀ ਤਸਵੀਰ ਸੀ। ਅੱਜ ਕਲ੍ਹ ਉਹਨਾਂ ਦੀ ਸਪੁੱਤਰੀ, ਪ੍ਰਿੰਸੀਪਲ ਪਰਮਜੀਤ ਕੌਰ ਗੁਲਸ਼ਨ ਜੀ, ਉਹਨਾਂ ਦੇ ਹਲਕੇ ਦੀ, ਸ਼੍ਰੋਮਣੀ ਅਕਾਲੀ ਦਲ ਵੱਲੋਂ, ਭਾਰਤ ਦੀ ਲੋਕ ਸਭਾ ਵਿਚ ਨੁਮਾਇੰਦਗੀ ਕਰਦੇ ਹਨ। ਮੁਕਦੀ ਗੱਲ ੧੯੬੭ ਸਮੇ ਇਹ ਵੀ ਮਾਸਟਰ ਦਲ ਵੱਲੋਂ ਏਥੋਂ ਹੀ

ਉਮੀਦਵਾਰ ਬਣੇ। ਇਹ ਇਸ ਹਲਕੇ ਦੇ ਸਿਟਿੰਗ ਐਮ.ਪੀ. ਵੀ ਸਨ। ਕਾਂਗਰਸ ਨੇ ਵੀ ਇਕ ਹੋਰ ਐਮ.ਪੀ. ਪ੍ਰੋ. ਦਲਜੀਤ ਸਿੰਘ ਨੂੰ ਖੜ੍ਹਾ ਕੀਤਾ। ਮੁਕਾਬਲੇ ਤੇ ਸੰਤ ਫ਼ਤਿਹ ਸਿੰਘ ਜੀ ਨੇ, ਜ਼ਿਲੇ ਦੇ ਅਕਾਲੀ ਆਗੂਆਂ ਦੇ ਜੋਰ ਦੇਣ ਤੇ, ਆਪਣੇ ਡਰਾਈਵਰ. ਸ. ਕਿੱਕਰ ਸਿੰਘ ਜੀ ਨੂੰ, ਆਪਣੇ ਦਲ ਦਾ ਟਿਕਟ ਦੇ ਕੇ ਖੜ੍ਹਾ ਕਰ ਦਿਤਾ। ਇਹਨਾਂ ਚੋਣਾਂ ਦੌਰਾਨ ਚੋਣ ਜਲਸਿਆਂ ਵਿਚ ਵਿਰੋਧੀ ਬੜਾ ਰੌਲ਼ਾ ਪਾਉਣ ਕਿ ਸੰਤ ਜੀ ਨੇ ਇਕ ਅਨਪੜ੍ਹ ਬੰਦੇ ਨੂੰ ਟਿਕਟ ਦੇ ਦਿਤੀ ਹੈ। ਹੋਰ ਵੀ ਕਈ ਕੁਝ ਊਲ-ਜਲੂਲ ਇਸ ਮਸਲੇ ਤੇ ਕੁਫ਼ਰ ਤੋਲੇ ਗਏ ਜੋ ਕਿ ਚੋਣਾਂ ਸਮੇ ਆਮ ਹੀ ਵਰਤਾਰਾ ਹੁੰਦਾ ਹੈ। ਸਿਆਣੇ ਆਖਦੇ ਵੀ ਨੇ ਕਿ ਲੜਾਈ ਤੇ ਇਸ਼ਕ ਵਿਚ ਹਰ ਹਥਿਆਰ ਹੀ ਜਾਇਜ਼ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਅਖੀਰ ਨੂੰ ਸਚਾਈ ਸਾਹਮਣੇ ਆ ਹੀ ਜਾਂਦੀ ਹੈ ਪਰ ਫ਼ੌਰੀ ਕਾਮਯਾਬੀ ਤਾਂ ਪ੍ਰਾਪਤ ਆਮ ਤੌਰ ਤੇ ਹੋ ਹੀ ਜਾਂਦੀ ਹੈ। ਕਈ ਸੱਜਣ ਇਹ ਵੀ ਆਖਦੇ ਨੇ ਕਿ ਜਦੋਂ ਨੂੰ ਸਚਾਈ ਸਾਹਮਣੇ ਆਉਂਦੀ ਹੈ ਓਦੋਂ ਨੂੰ 'ਟੂ ਲੇਟ' ਹੋ ਚੁੱਕਾ ਹੁੰਦਾ ਹੈ। ਅਰਥਾਤ ਸੱਚੀ ਧਿਰ ਦਾ ਬਹੁਤ ਨੁਕਸਾਨ ਹੋ ਚੁੱਕਿਆ ਹੁੰਦਾ ਹੈ। ਸੰਤ ਜੀ ਨੇ ਇਕ ਚੋਣ ਜਲਸੇ ਵਿਚ ਆਖਿਆ, ”ਕੁਝ ਪੜ੍ਹੇ ਲਿਖੇ ਭਲੇ ਮਾਣਸ ਸੱਜਣ ਮੇਰੇ ਤੇ ਇਲਜ਼ਾਮ ਲਾਉਂਦੇ ਨੇ ਕਿ ਮੈ ਅਨਪੜ੍ਹ ਕਿੱਕਰ ਸਿੰਘ ਨੂੰ ਟਿਕਟ ਦੇ ਦਿਤੀ ਹੈ। ਕਿੱਕਰ ਸਿੰਘ ਦਾ ਮੈਂ ਜੁੰਮੇਵਾਰ ਹਾਂ; ਉਸ ਨੂੰ ਮੈ ਪੜ੍ਹਾਇਆ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡਪਾਠੀ ਹੈ। ਕੀਰਤਨ ਕਰਦਾ ਹੈ। ਪੰਜਾਬੀ ਤੇ ਹਿੰਦੀ ਬੜੀ ਚੰਗੀ ਤਰ੍ਹਾਂ ਪੜ੍ਹ, ਬੋਲ ਤੇ ਲਿਖ ਸਕਦਾ ਹੈ। ਗੁਲਸ਼ਨ ਜੀ ਦੱਸਣ ਕਿ ਉਹ ਕਿਥੋਂ ਪੜ੍ਹੇ ਹਨ! ਉਹਨਾਂ ਦਾ ਕੌਣ ਉਸਤਾਦ ਹੈ! ਫੇਰ ਕੁਝ ਸੱਜਣ ਇਹ ਵੀ ਆਖਦੇ ਨੇ ਕਿ ਜੀ ਗੁਲਸ਼ਨ ਕਵੀਸ਼ਰੀ ਕਰਦਾ ਹੈ। ਹਾਂ, ਇਹ ਗੱਲ ਉਹਨਾਂ ਦੀ ਠੀਕ ਹੈ। ਗੁਲਸ਼ਨ ਜੀ ਕਵੀਸ਼ਰੀ ਜ਼ਰੂਰ ਕਰਦੇ ਨੇ। ਉਹਨਾਂ ਦੀ ਕਵੀਸ਼ਰੀ ਦਾ ਨਮੂਨਾ ਇਕ ਤੁਸੀਂ ਵੀ ਭਰਾਓ ਸੁਣ ਲਵੋ:

*ਸਾਡੇ ਪਿੰਡ ਮਰ ਗਈਆਂ ਤਿੰਨ ਕੱਟੀਆਂ।*
*ਅਸੀਂ ਜਾ ਕੇ ਉਹਨਾਂ ਦੀਆਂ ਪੂਛਾਂ ਪੱਟੀਆਂ।*
*ਛੱਪੜ ਕੰਢੇ ਬਹਿ ਕੇ ਅਸਾਂ ਡੱਡੂ ਮਾਰਿਆ।*
*ਧੰਨ ਬਾਬਾ ਧਿਆਨਾ ਜੀਹਨੇ ਕੰਮ ਸਾਰਿਆ।*

ਕਵਿਤਾ ਦਾ ਇਹ 'ਉਚ ਉਡਾਰੀ' ਨਮੂਨਾ ਸੁਣ ਕੇ ਹਾਸਾ ਤਾਂ ਪੈਣਾ ਹੀ ਸੀ। ਸੰਤ ਜੀ ਹੌਲ਼ੀ ਹੌਲ਼ੀ ਤਹੱਮਲ ਜਿਹੇ ਨਾਲ਼ ਇਸ ਤਰ੍ਹਾਂ ਭਾਸ਼ਨ ਕਰਿਆ ਕਰਦੇ ਸਨ ਕਿ ਉਹਨਾਂ ਦਾ ਆਖਿਆ ਜਨ ਸਾਧਾਰਨ ਦੇ ਹਿਰਦਿਆਂ ਨੂੰ ਧੁਰ ਅੰਦਰ ਤੱਕ ਟੁੰਬ ਜਾਇਆ ਕਰਦਾ ਸੀ। ਫਿਰ ਇਕ ਹੋਰ ਗੱਲ ਵੀ ਸੀ, ਉਹਨਾਂ ਦੇ ਵਿਰੋਧੀ ਵੀ ਉਹਨਾਂ ਦਾ ਭਾਸ਼ਨ ਪੂਰਾ ਸੁਣਨ ਲਈ ਮਜਬੂਰ ਹੋ ਜਾਇਆ ਕਰਦੇ ਸਨ। ਅੱਗੇ ਹੋਰ ਵੀ ਖੁਲਾਸਾ ਕਰਦਿਆਂ ਸੰਤ ਜੀ ਨੇ ਫੁਰਮਾਇਆ, "ਬਾਕੀ ਰਹੀ ਗੱਲ ਕੁਰਸੀ ਨੂੰ ਸੇਕ ਦੇਣ ਦੀ; ਉਹ ਕਿੱਕਰ ਸਿੰਘ, ਗੁਲਸ਼ਨ ਨਾਲ਼ੋਂ ਵਧ ਦੇ ਲਊ।"

ਸ. ਕਿੱਕਰ ਸਿੰਘ ਜੀ, ਦੋ ਸਿਟਿੰਗ ਮੈਂਬਰਾਂ, ਕਾਂਗਰਸ ਦੇ ਪ੍ਰੋਫ਼ੈਸਰ ਦਲਜੀਤ ਸਿੰਘ ਤੇ ਮਾਸਟਰ ਅਕਾਲੀ ਦਲ ਦੇ ਸ. ਧੰਨਾ ਸਿੰਘ ਗੁਲਸ਼ਨ, ਨੂੰ ਸੱਬਰਕੱਤੀਆਂ ਵੋਟਾਂ ਨਾਲ਼ ਹਰਾ ਕੇ ਤੇ ਸੀਟ ਜਿੱਤ ਕੇ, ਭਾਰਤ ਦੀ ਪਾਰਲੀਮੈਂਟ ਵਿਚ ਪਹੁੰਚ ਗਏ। ਪਹਿਲੇ ਦਿਨ ਦੀਆਂ ਰੌਣਕਾਂ ਵਿਚ ਨਵੇ ਜਿੱਤੇ ਤੇ ਵਾਹਵਾ ਸਾਰੇ ਹਾਰੇ ਹੋਏ ਐਮ.ਪੀ. ਵੀ ਇਕੱਠੇ ਹੋਏ ਹੋਏ ਸਨ। ਇਸ ਗਹਿਮਾ ਗਹਿਮੀ ਵਿਚ ਰਾਜ ਸਭਾ ਦੇ ਸੋਸ਼ਲਿਸਟ ਮੈਬਰ, ਸ਼੍ਰੀ ਰਾਜ ਨਾਰਾਇਣ ਦੀ ਨਿਗਾਹ, ਇਕੱਠੇ ਤੁਰੇ ਆਉਂਦੇ, ਸ. ਕਿੱਕਰ ਸਿੰਘ ਤੇ ਸ. ਧੰਨਾ ਸਿੰਘ ਗੁਲਸ਼ਨ ਤੇ ਜਾ ਪਈ। ਆਪਣੇ ਮਖੌਲੀਆ ਅੰਦਾਜ਼ ਵਿਚ ਰਾਜ ਨਾਰਇਣ ਜੀ ਬੋਲ ਉਠੇ, ”ਵਾਹ, ਸਿੱਖੋਂ ਕੀ ਭ੍ਰੀ ਕਿਆ ਬਾਤ ਹੈ! ਯਿਹ ਗੁਲਸ਼ਨ ਉਖਾੜ ਕਰ ਕੀਕਰ ਉਗਾਤੇ ਹੈਂ!" ਠਹਾਕਾ ਪਿਆ ਉਹਨਾਂ ਹਾਜਰਾਂ ਵੱਲੋਂ ਜਿਨ੍ਹਾਂ ਨੂੰ ਇਸ ਗੁਝੀ ਟਿੱਚਰ ਦੀ ਸਮਝ ਆ ਗਈ।

ਪ੍ਰਿੰਸੀਪਲ ਤਖਤ ਸਿੰਘ ਦੀ ਪੂਰੀ ਕਵਿਤਾ ਇਉਂ ਹੈ:

## ਗੜਬੜ ਸਿੰਘ ਨੂੰ ਸਾਡਾ ਉਪਦੇਸ਼

੧

ਜੇ ਕੁਝ ਖੱਟਣੈ ਤਾਂ ਪੰਥ ਦਾ ਪੱਲਾ ਫੜ ਸਿੰਘਾ।
ਪੂਜਾ ਦੇ ਧਾਨ ਨਾਲ਼ ਇਲੈਕਸ਼ਨ ਲੜ ਸਿੰਘਾ।
ਵਿਕਣ ਜਮੀਰਾਂ ਥਾਂ ਥਾਂ ਜੇ ਪੈਸਾ ਏ ਕੋਲ਼,
ਰਾਜ ਸਭਾ ਵਿਚ ਪਿਛਲੇ ਬੂਹਿਉਂ ਵੜ ਸਿੰਘਾ।
ਰੱਬ ਰੁੱਸਦੈ ਤਾਂ ਰੁੱਸੇ, ਖੁੱਸੇ ਨਾ ਰਾਜ,
ਵਿਉਂਤ ਅਜਿਹੇ ਢੰਗ ਦੀ ਕੋਈ ਘੜ ਸਿੰਘਾ।
ਲੀਡਰ ਪੰਥ ਦਾ ਜੇਕਰ ਬਣਨਾ ਲੋਚੇਂ ਤੂੰ,
ਕਿਸੇ ਨਿਕੰਮੀ ਗੱਲ ਨੂੰ ਫੜ ਕੇ ਅੜ ਸਿੰਘਾ।
ਨਿਕਲ਼ ਗਿਆ ਪੰਜਾਬੀ ਸੂਬਾ ਤੈਥੋਂ ਦੂਰ,

ਹੁਣ ਹਰਿਆਣੇ ਬਹਿ ਕੇ ਹਿੰਦੀ ਪੜ੍ਹ ਸਿੰਘਾ।
ਸ਼ਾਮੀਂ ਪੀ ਕੇ ਨਾਲ਼ ਭਰਾਵਾਂ ਦੱਬ ਕੇ ਲੜ,
ਤੜਕੇ ਉਠਣ ਸਾਰ ਸੁਖਮਨੀ ਪੜ੍ਹ ਸਿੰਘਾ।
ਮੁਖ ਰੱਖ ਕੇ ਗਊਂ ਆਪਣੀ, ਰੱਜਵੇਂ ਪਾਪ ਕਮਾ,
ਦੋਸ਼ ਐਪਰ ਕਲਯੁਗ ਦੇ ਮੱਥੇ ਮੜ੍ਹ ਸਿੰਘਾ।
ਹੱਕ ਦੇ ਨਾਂ ਤੇ ਖੌਰੂ ਪਾ ਪਾ ਧਰਤੀ ਪੁੱਟ,
ਹੋਰ ਕਿਤੇ ਲੱਗ ਜਾਏ ਧਰਮ ਦੀ ਜੜ ਸਿੰਘਾ।
ਥਾਂ ਥਾਂ ਇਕ ਦਿਨ ਪੰਥ ਖ਼ਾਲਸਾ ਗੱਜੂਗਾ,
ਕੱਟ ਜਮਾਨਾ ਔਖ ਦਾ ਵੱਟ ਕੇ ਦੜ ਸਿੰਘਾ।
ਸੇਵ ਕਮਾ ਇਉਂ ਕੌਮ ਦੀ, ਜਿਧਰ ਪੁੱਟੇਂ ਪੈਰ,
ਚੰਨ ਨਵਾਂ ਓਧਰ ਹੀ ਜਾਵੇ ਚੜ੍ਹ ਸਿੰਘਾ।
ਵੇਹਲੜ ਸ਼ੇਰਾ ਓ ਮੱਖੀਆਂ ਹੀ ਮਾਰੀ ਚੱਲ,
ਯੋਧਾ ਏਂ ਤਾਂ ਮੱਖੀਆਂ ਨਾਲ਼ ਹੀ ਲੜ ਸਿੰਘਾ।
ਤਾਂਘ ਹੈ ਮੱਲਾ ਜੇ ਮਨਜ਼ਲ ਤੇ ਅਪੜਨ ਦੀ,
ਕਿਸੇ ਸੂਰਮਾ ਸਿੰਘ ਦੀ ਉਂਗਲ਼ੀ ਫੜ ਸਿੰਘਾ।
ਜਦ ਅਨਪੜ੍ਹ ਸੈਂ, ਦੀਨ ਹੇਤ ਕਿੰਜ ਲੜਦਾ ਸੈਂ,
ਪੜ੍ਹ ਕੇ ਅੱਖਰ ਚਾਰ ਕਿਉਂ ਗਿਉਂ ਹੜ੍ਹ ਸਿੰਘਾ।
ਇਕੋ ਧਿਰ ਦਾ ਹੱਥ ਠੋਕਾ ਬਣਨਾ ਕੀ ਆਖ,
ਜੀਂਦਾ ਏਂ ਤਾਂ ਇਕੋ ਥਾਂ ਨਾ ਖੜ੍ਹ ਸਿੰਘਾ।
ਮੇਹਰ ਕਰੂ ਆਪੇ ਹੀ ਦਾਤਾ, ਲੈ ਕੇ ਹਾਰ,
ਘੁੰਮ ਵਜ਼ੀਰਾਂ ਦੇ ਅਗੜ ਪਿਛੜ ਸਿੰਘਾ।

੨

ਐਮ. ਐਲ. ਏ. ਦੀ ਅੜਦਲ਼ ਵਿਚ ਜਾ ਖੜ੍ਹ ਸਿੰਘਾ।
ਨਿਕਾ ਮੋਟਾ ਕੰਮ ਗਿਆ ਜੇ ਅੜ ਸਿੰਘਾ।
ਹੋਣ ਲਫੰਗੇ ਜਿਸ ਹਲਕੇ ਦੇ ਤੇਰੇ ਯਾਰ,
ਚੋਣ ਲਈ ਓਸੇ ਹਲਕੇ 'ਚੋਂ ਲੜ ਸਿੰਘਾ।
ਕਾਰ ਚਲਾਉਣੀ ਸਿਖ ਫੱਕਰਾਂ ਦੀ,
ਚੇਤੇ ਰੱਖ, ਲੋਕ ਭਾ ਦੀ ਟਿਕਟ ਮਿਲ਼ੂ ਅਨਪੜ੍ਹ ਸਿੰਘ।
ਤੇਗ ਚਲਾ ਇਉਂ ਫੁਰਤੀ ਨਾਲ਼ ਵਜ਼ਾਰਤ ਤੇ,
ਸਿਰ ਕਿਧਰੇ ਜਾ ਡਿੱਗੇ, ਕਿਧਰੇ ਧੜ ਸਿੰਘਾ।
ਦਾਹੜੀ ਉਹ ਰੱਖ ਚੋਣ ਸਮੇ ਜੋ ਖੁਲ੍ਹ ਜਾਵੇ,
ਪਰ ਚੋਣਾਂ ਦੇ ਮਗਰੋਂ ਜਾਵੇ ਚੜ੍ਹ ਸਿੰਘਾ।
ਗਊ ਸਮਝ ਕੇ ਲਖ ਤੈਨੂੰ ਪਸਮਾਵੇ ਪੰਥ,
ਹੋ ਜਾ ਕਿਧਰੇ ਤਿੱਤਰ ਮਾਰ ਕੇ ਛੜ ਸਿੰਘਾ।
ਭੁੂਣ ਵਿਰੋਧੀ ਧਿਰ ਨੂੰ ਬੇਰਾਂ ਵਾਂਗ,
ਫਿਰਵੇਂ ਚੁਲ੍ਹੇ ਆਪੇ ਜਾਣਗੇ ਝੜ ਸਿੰਘਾ।
ਮਤੇ ਕਿਸੇ ਨੂੰ ਭੁਲ ਕੇ ਫ਼ਤਿਹ ਗਜਾ ਬੈਠੇਂ,
ਕੌਣ ਕੌਣ ਹੈ ਵੋਟਰ ਲਿਸਟ ਤਾਂ ਪੜ੍ਹ ਸਿੰਘਾ।
ਖੜ੍ਹੀਆਂ ਕਰਕੇ ਗਿਠ ਗਿਠ ਮੁੱਛਾਂ ਸਿਮਕੋ ਨਾਲ਼,
ਵਾਰ ਸਪੀਕਰ ਤੇ ਚੰਡੀ ਦੀ ਪੜ੍ਹ ਸਿੰਘਾ।
ਵੇਖ ਕਿਵੇਂ ਅੰਨ੍ਹੀ ਸ਼ਰਧਾ ਦੇ ਮੁੜ੍ਹਕੇ ਨਾਲ਼,
ਲੱਗ ਜਾਂਦੀ ਗੁਰਦੁਆਰੀਂ ਤੇਰੀ ਜੜ੍ਹ ਸਿੰਘਾ।

ਭੰਗ ਇਕੱਲੀ ਹੀ ਭੁੱਜੇ ਕਿਉਂ ਤੇਰੇ ਘਰ,
ਨਾਲ ਇਹਦੇ ਵਿਚੇ ਆਪ ਵੀ ਸੜ ਸਿੰਘਾ।
ਪੁਲ਼ਸ ਫਿਰੂ ਖਿੱਚੀ ਐਵੇਂ ਠਾਣੇ ਵਿਚ,
ਕਿਸੇ ਮਨਿਸਟਰ ਨਾਲ਼ ਨਾ ਬੈਠੀਂ ਲੜ ਸਿੰਘਾ।
ਚੋਣਾਂ ਲੜ, ਦੇਹ ਭਾਸ਼ਨ ਤੇ ਪਾ ਭੜਥੂ,
ਇੰਜ, ਜਾ ਅਪੜੇਂਗਾ ਚੰਡੀਗੜ੍ਹ ਸਿੰਘਾ।
ਹੋਰ ਨਹੀ ਤਾਂ ਨੱਸ ਕੇ ਚੀਫ਼ ਮਨਿਸਟਰ ਦੀ,
ਭੱਜੀ ਜਾਂਦੀ ਕਾਰ ਦੀ ਛਾਂ ਹੀ ਫੜ ਸਿੰਘਾ।
ਸਿੰਘ ਦਾ ਕੰਮ ਨਹੀ ਬਹਿਣਾ ਵੱਟ ਕੇ ਚੁੱਪ,
ਬੜਬੜ ਪਾਈ ਰੱਖ ਇਵੇਂ ਗੜਬੜ ਸਿੰਘਾ।

# ਸੱਚੇ ਚੁਟਕਲੇ

ਸੱਠਵਿਆਂ ਵਾਲ਼ੇ ਦਹਾਕੇ ਦੌਰਾਨ ਪੰਜਾਬੀ ਵਜ਼ੀਰਾਂ ਦੇ ਚੁਟਕਲੇ ਲੋਕਾਂ ਪਾਸੋਂ ਸੁਣਿਆ ਤੇ ਪਰਚਿਆਂ ਵਿਚ ਪੜ੍ਹਿਆ ਕਰਦੇ ਸਾਂ: ਗਿੱਲ ਵਜ਼ਾਰਤ ਸਮੇ ਫਲਾਣਾ ਵਜ਼ੀਰ ਫਲਾਣੇ ਵਜ਼ੀਰ ਦੇ ਘਰ ਗਿਆ ਤੇ ਉਸ ਦੇ ਨੌਕਰ ਨੇ ਠੰਡਾ ਕੋਕਾ ਕੋਲਾ ਫ਼ਰਿਜ ਵਿਚੋਂ ਕਢ ਕੇ ਪਿਆਇਆ ਤਾਂ ਆਉਣ ਵਾਲ਼ੇ ਛੋਟੇ ਵਜ਼ੀਰ ਨੇ ਘਰ ਵਾਲ਼ੇ ਵੱਡੇ ਵਜ਼ੀਰ ਤੋਂ ਹੈਰਾਨੀ ਨਾਲ ਪੁਛਿਆ, "ਓਇ ਫਲਾਣਾ ਸਿਹਾਂ, ਇਹ ਬਿਨਾ ਬਰਫ਼ ਤੋਂ ਹੀ ਤੇਰੇ ਘਰ ਸੋਡਾ ਕਿਵੇਂ ਠੰਡਾ ਹੋ ਜਾਂਦਾ ਓਇ?" "ਤੈਨੂੰ ਨਹੀ ਪਤਾ ਭਾਊ, ਸੋਡੇ ਨੂੰ ਠੰਡਾ ਕਰਨ ਵਾਲੀ ਇਕ ਪੇਟੀ ਹੁੰਦੀ ਏ ਜਿਸ ਵਿਚ ਬਿਨਾ ਬਰਫ ਪਾਇਆਂ ਹੀ ਸਭ ਕੁਝ ਠੰਡਾ ਹੋ ਜਾਂਦਾ ਏ, ਤੇ ਇਹ ਹਰੇਕ ਵਜ਼ੀਰ ਨੂੰ ਮਿਲਦੀ ਏ।" ਦੱਸਿਆ ਵਧ ਪੜ੍ਹੇ ਹੋਏ ਵਜ਼ੀਰ ਨੇ। "ਹਲਾ, ਤਾਂ ਫਿਰ ਇਹ ਪੇਟੀ ਮੈਨੂੰ ਕਿਉਂ ਨਹੀ ਮਿਲੀ?" ਮਹਿਕਮੇ ਤੋਂ ਪੁੱਛ ਗਿੱਛ ਕਰਨ ਤੇ ਪਤਾ ਲੱਗਾ ਕਿ ਵਜ਼ੀਰ ਸਾਹਿਬ ਦੀ ਕੋਠੀ ਵਾਸਤੇ ਵੀ ਇਹ ਪੇਟੀ ਇਸ਼ੂ ਹੋਈ ਹੋਈ ਹੈ । ਜਦੋਂ ਵਜ਼ੀਰ ਜੀ ਦੀ ਕੋਠੀਉਂ ਜਾ ਕੇ ਪੜਤਾਲ ਕੀਤੀ ਗਈ ਤਾਂ ਵੇਖਿਆ ਗਿਆ ਕਿ ਉਸ ਪੇਟੀ ਵਿਚ ਪਰਵਾਰ ਦੇ ਜੋੜੇ ਸਜ ਰਹੇ ਸਨ। ਯਾਦ ਰਹੇ ਕਿ ਛੋਟੇ ਵਜ਼ੀਰ ਨੇ ਉਮਰ ਵਿਚ ਵੱਡਾ ਹੋਣ ਕਰਕੇ ਵਡੇ ਵਜ਼ੀਰ ਨੂੰ, ਆਪਣੀ ਵੱਡੀ ਉਮਰ ਦਾ ਲਾਭ ਉਠਾਉਂਦਿਆਂ ਹੋਇਆਂ, ਸ਼ਬਦ 'ਓਇ' ਨਾਲ ਹੀ ਸੰਬੋਧਨ ਕਰ ਲਿਆ ਤੇ ਵੱਡੇ ਨੇ ਛੋਟੇ ਨੂੰ ਉਮਰੋਂ ਵਡਾ ਜਾਣ ਕੇ 'ਭਾਊ' ਵਰਗੇ ਸਤਿਕਾਰਤ ਮਝੈਲੀ ਸ਼ਬਦ ਨਾਲ਼ ਸੰਬੋਧਨ ਕੀਤਾ।

ਉਹਨਾਂ ਹੀ ਦੋਹਾਂ ਵਜ਼ੀਰਾਂ ਦੀ ਮੇਰੇ ਸਾਹਮਣੇ ਇਕ ਘਟਨਾ ਇਉਂ ਵਾਪਰੀ: ਸ. ਲਛਮਣ ਸਿੰਘ ਗਿੱਲ ਦਾ ਰਾਜ ਜੀ। ਕਿਉਂਕਿ ਉਹ ਅਕਾਲੀਆਂ ਨੂੰ ਠਿੱਬੀ ਲਾ ਕੇ, ਕਾਂਗਰਸ ਦੀ ਸਹਾਇਤਾ ਨਾਲ਼ ਗੱਦੀ ਤੇ ਬਿਰਾਜਮਾਨ ਸੀ। ਅਕਾਲੀ ਉਸ ਦੀ ਵਿਰੋਧਤਾ ਕਰਦੇ ਸਨ। ਜਿਥੇ ਵੀ ਉਹ ਜਾਂਦਾ ਸੀ ਕਾਲੀਆਂ ਝੰਡੀਆਂ ਤੇ ਗ਼ਦਾਰੀ ਦੇ ਫ਼ਤਵਿਆਂ ਨਾਲ ਉਸ ਦੇ ਖ਼ਿਲਾਫ਼ ਮੁਜ਼ਾਹਰਾ ਕਰਦੇ ਸਨ। ਸ. ਪ੍ਰਤਾਪ ਸਿੰਘ ਕੈਰੋਂ ਵਾਂਗ ਉਹ ਵੀ ਗੱਜ ਵੱਜ ਕੇ ਰਾਜ ਕਰ ਰਿਹਾ ਸੀ ਤੇ ਪੁਲਸ ਦੁਆਰਾ ਮੁਜ਼ਾਹਰੀਨਾਂ ਦੀ ਵਾਹਵਾ 'ਡਾਂਗ ਪਰੇਡ' ਕਰਵਾਉਂਦਾ ਸੀ। ਰੱਖੜ ਪੁੰਨਿਆਂ ਦੇ ਸਾਲਾਨਾ ਮੇਲੇ ਸਮੇ ਇਕ ਵਾਰੀਂ ਮੈ ਵੀ ਅਜਿਹੇ ਸਮੇ ਘਿਰ ਗਿਆ ਸਾਂ ਪਰ ਪੈਰਾਂ ਦਾ ਛੋਹਲ਼ਾ ਹੋਣ ਕਰਕੇ ਡਾਗਾਂ ਤੋਂ ਬਚਾ ਕਰ ਲਿਆ ਸੀ। ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਜੀਵਨ ਸਿੰਘ ਉਮਰਾ ਨੰਗਲ, ਸ. ਨਾਰਾਇਣ ਸਿੰਘ ਸਾਬਾਜਪੁਰੀ ਆਦਿ ਮਝੈਲੀ ਆਗੂਆਂ ਨੂੰ ਵਾਹਵਾ ਡਾਂਗ ਪ੍ਰਸ਼ਾਦ ਦੇ ਗੱਫੇ ਪ੍ਰਾਪਤ ਹੋਏ ਸਨ। ਸਾਬਾਜਪੁਰੀ ਤਾਂ ਧੁੱਸ ਦੇ ਕੇ ਸਟੇਜ ਦੇ ਨੇੜੇ ਵੀ ਪੁੱਜ ਗਏ ਸਨ। ਜਥੇਦਾਰ ਤੁੜ ਤਾਂ ਸ਼ੂਗਰ ਦੇ ਮਰੀਜ ਹੋਣ ਕਰਕੇ, ਡਾਂਗਾਂ ਖਾ ਕੇ ਜ਼ਮੀਨ ਤੇ ਡਿਗ ਵੀ ਪਏ ਸਨ ਪਰ ਬਾਕੀ ਦੇ ਨਹੀ ਸਨ ਡਿੱਗੇ।

ਅੰਮ੍ਰਿਤਸਰ ਵਿਚ ਕਿੱਤਿਆਂ ਦੇ ਸਾਹਮਣੇ ਖਾਲੀ ਥਾਂ ਤੇ ਉਸ ਦੀ ਪਾਰਟੀ ਦਾ ਜਲਸਾ ਹੋ ਰਿਹਾ ਸੀ। ਇਹ ਸਥਾਨ ਨਵੇ ਬਣੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਦੇ ਐਨ ਸਾਹਮਣੇ ਹੈ। ਸਾਡਾ ਘਰ ਵੀ ਹਸਪਤਾਲ ਵਾਲੀ ਥਾਂ ਤੇ ਹੁੰਦਾ ਸੀ। ਅਜਿਹੇ ਬਹੁਤ ਸਾਰੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਦੇ ਰਿਹਾਇਸ਼ੀ ਕਵਾਰਟਰਜ਼ ਢਾਹ ਕੇ, ਉਸ ਥਾਂ ਤੇ ਇਸ ਹਸਪਤਾਲ ਦੀ ਉਸਾਰੀ ਕੀਤੀ ਗਈ ਸੀ। ਉਸ ਜਲਸੇ ਦੀ ਸਟੇਜ ਉਪਰ ਦੋ ਵਜ਼ੀਰ ਵੀ ਸਜ ਰਹੇ ਸਨ। ਛੋਟਾ ਵਜ਼ੀਰ ਅਰਥਾਤ ਉਪ ਮੰਤਰੀ ਜੀ ਸਟੇਜ ਤੇ ਭਾਸ਼ਨ ਕਰ ਰਹੇ ਸਨ। ਵੱਡਾ ਵਜ਼ੀਰ ਅਰਥਾਤ ਪੂਰੇ ਮੰਤਰੀ ਜੀ ਸਟੇਜ ਉਪਰ ਬੈਠੇ ਹੋਏ ਸਨ। ਦੋਵੇਂ ਵਜ਼ੀਰ ਕੁਝ ਮਹੀਨੇ ਹੀ ਪਹਿਲਾਂ ਅਕਾਲੀ ਹੁੰਦੇ ਸਨ ਤੇ ਫਿਰ ਕੁਝ ਸਮੇ ਬਾਅਦ ਮੁੜ ਅਕਾਲੀ ਸਜ ਗਏ ਸਨ। ਆਪਣੇ ਭਾਸ਼ਨ ਵਿਚ ਇਕ ਗੱਲ ਤਾਂ ਛੋਟੇ ਵਜ਼ੀਰ ਜੀ ਨੇ ਇਹ ਆਖੀ, "ਅਕਾਲੀ ਜਿੰਨੇ ਮਰਜੀ ਆ ਜਾਣ। ਸਾਨੂੰ ਨਹੀਂ ਪਰਵਾਹ। ਅਸੀਂ ਜੇਹਲਾਂ ਵਿਚ ਗੋਭੀ ਬੜੀ ਬੀਜੀ ਹੋਈ ਆ।" ਦੂਜੀ ਗੱਲ ਉਹਨਾਂ ਨੇ ਇਹ ਆਖੀ: ਭਰਾਵੋ, ਇਹ ਜੇਹੜਾ ਪ੍ਰਕਾਹ ਹੋਂਹ ਆ ਨਾ, ਪ੍ਰਕਾਹ ਹੋਂਹ (ਸ. ਪ੍ਰਕਾਸ਼ ਸਿੰਘ ਮਜੀਠਾ); ਇਹ ਸਿਰਫ ਮਨਿਸ਼ਟਰ ਈ ਆ। ਮੈ ਨਾਲ਼ ਡਿਪਟੀ ਵੀ ਆਂ। ਇਹ ਸੁਣ ਕੇ ਜਲਸੇ ਵਿਚ ਹਾਜਰ ਲੋਕੀਂ ਖਿੜ ਖਿੜਾ ਕੇ ਹੱਸ ਪਏ।

ਏਥੋਂ ਤੱਕ ਕਿ ਸੱਜੇ ਕਮਿਊਨਿਸਟਾਂ ਦੀ ਅਖ਼ਬਾਰ 'ਨਵਾਂ ਜ਼ਮਾਨਾ' ਨੇ ਤਾਂ ਇਕ ਸਪੈਸ਼ਲ ਨੰਬਰ ਹੀ ਗਿੱਲ ਵਜ਼ਾਰਤ ਦੇ ਚੁਟਕਲਿਆਂ ਨਾਲ ਭਰਿਆ ਛਾਪ ਦਿਤਾ ਸੀ।

ਇਕ ਹੋਰ ਵਜ਼ੀਰ, ਜੋ ਪਿਛੋਂ ਜਾ ਕੇ ਬਹੁਤ ਉਚੇ ਅਹੁਦੇ ਤੱਕ ਵੀ ਪੁਜੇ, ਬਾਰੇ ਕਿਸੇ ਨੇ ਚੁਟਕਲਾ ਘੜਿਆ। ਜਦੋਂ ਉਹ ਪਹਿਲੀ ਵਾਰ ਵਜ਼ੀਰ ਬਣ ਕੇ ਪਟਿਆਲੇ ਵਜ਼ੀਰੀ ਵਾਲੀ ਕੋਠੀ ਵਿਚ, ਸਮੇਤ ਪਰਵਾਰ ਪਿੰਡੋਂ ਪਧਾਰੇ ਤਾਂ ਜਵਾਕ ਟੌਇਲਟ ਨਾ ਜਾਣ। ਆਖਣ, "ਬੀਬੀ, ਓਥੇ ਤਾਂ ਚੁਲ੍ਹੇ ਜਿਹੇ ਬਣੇ ਹੋਏ ਨੇ!" ਇਹ ਸਾਰਾ ਕੁਝ ਜਾਨਣ ਤੇ ਖ਼ੁਦ ਨੂੰ 'ਤੀਸਮਾਰ' ਖਾਂ ਸਮਝਣ ਦੇ ਬਾਵਜੂਦ ਵੀ, ਮੇਰੀ ਆਪਣੀ ਸਿਆਣਪ ਸੁਣ ਲਓ: ੯ ਮਾਰਚ ੧੯੬੭ ਨੂੰ ਪੰਜਾਬ ਦੀ ਪਹਿਲੀ ਗ਼ੈਰ ਕਾਂਗਰਸੀ ਵਜ਼ਾਰਤ ਦੇ, ਰਾਜ ਭਵਨ ਚੰਡੀਗੜ੍ਹ ਵਿਚੋਂ, ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ, ਸਹੁੰ ਚੁੱਕਣ ਉਪ੍ਰੰਤ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸੰਤ ਫ਼ਤਿਹ ਸਿੰਘ ਜੀ ਦੀ ਅਗਵਾਈ ਹੇਠ, ਸਾਰੀ ਵਜ਼ਾਰਤ ਅੰਮ੍ਰਿਤਸਰ ਵਿਚ ਸ਼ਰਧਾ ਦੇ ਫੁੱਲ ਭੇਟ ਕਰਨ ਆਈ। ਪ੍ਰਧਾਨ ਜੀ ਦਾ ਪੀ.ਏ. ਹੋਣ ਕਾਰਨ ਮੈ ਵੀ ਨਾਲ ਹੀ ਸੀ। ਸ੍ਰੀ ਦਰਬਾਰ ਸਾਹਿਬ ਤੇ ਹੋਰ ਮਹੱਤਵਪੂਰਣ ਸਥਾਨਾਂ ਦੀ ਯਾਤਰਾ ਪਿਛੋਂ ਸਾਰਾ ਕਾਫ਼ਲਾ ਸਰਕਟ ਹਾਊਸ ਵਿਚ ਵਿਸ਼ਰਾਮ ਲਈ ਰੁਕਿਆ। ਮੈ ਮੁਖ ਮੰਤਰੀ ਜੀ ਦੇ ਪੀ.ਏ. ਸ. ਅਮਰਜੀਤ ਸਿੰਘ ਵਾਲੀਆ ਜੀ, ਜੋ ਬਾਅਦ ਵਿਚ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਵੀ ਰਹੇ, ਨੂੰ ਬਾਥਰੂਮ ਬਾਰੇ ਪੁੱਛਿਆ ਤਾਂ ਉਹਨਾਂ ਨੇ ਇਕ ਦਰਵਾਜ਼ੇ ਵੱਲ ਇਸ਼ਾਰਾ ਕਰਕੇ ਦੱਸ ਦਿਤਾ। ਜਦੋਂ ਮੈ ਜਾ ਕੇ ਉਹ ਬੂਹਾ ਖੋਲ੍ਹਿਆ ਤਾਂ ਵੇਖ ਕੇ ਮੈਨੂੰ ਯਕੀਨ ਨਾ ਆਇਆ ਕਿ ਏਨੀ ਸਫਾਈ ਵਾਲਾ ਕਮਰਾ ਵੀ ਇਸ ਕੰਮ ਲਈ ਵਰਤਿਆ ਜਾਂਦਾ ਹੋਵੇਗਾ। ਹੋਰ ਵੀ ਹੈਰਾਨੀ ਕਿ ਓਥੇ 'ਚੁਲ੍ਹੇ ਜਿਹੇ' ਵੀ ਬਣੇ ਹੋਏ ਸਨ। ਮੇਰਾ ਉਸ ਕਮਰੇ ਨੂੰ ਵਰਤਣ ਦਾ ਹੌਸਲਾ ਨਾ ਪਿਆ ਤੇ ਓਹਨੀ ਪੈਰੀਂ ਹੀ ਮੈ ਮੁੜ ਆਇਆ। ਕਾਹਲ਼ੀ ਨਾਲ਼ ਮੁੜਦੇ ਉਪਰ ਫੇਰ ਵਾਲੀਆ ਜੀ ਦੀ ਦ੍ਰਿਸ਼ਟੀ ਪੈ ਗਈ ਤੇ ਕੁਝ ਸ਼ੱਕ ਜਿਹੇ ਨਾਲ਼ ਉਹਨਾਂ ਨੇ ਪੁਛਿਆ, "ਕੀ ਗੱਲ ਏਨੀ ਛੇਤੀ ਮੁੜ ਆਏ?" ਮੈ ਕਿਹਾ, "ਮੈਨੂੰ ਲਭਿਆ ਨਹੀ ਸਥਾਨ।" ਮੇਰੇ ਨਾਲ ਜਾ ਕੇ ਉਹਨਾਂ ਨੇ ਖ਼ੁਦ ਬੂਹਾ ਖੋਹਲ ਕੇ ਜਦੋਂ ਦੱਸਿਆ ਤਾਂ ਯਕੀਨ ਵੀ ਆਇਆ; ਆਪਣੀ ਅਕਲ ਤੇ ਸ਼ਰਮਿੰਦਗੀ ਵੀ ਆਈ; ਪਰ ਮੈ ਉਹਨਾਂ ਨੂੰ ਦੱਸਿਆ ਨਾ ਕਿ ਮੈ ਬੂਹਾ ਖੋਹਲ ਕੇ ਏਥੋਂ ਦੀ ਸਫਾਈ ਵੇਖ ਕੇ ਮੁੜ ਗਿਆ ਸਾਂ।

ਦੂਜੀ ਗੱਲ ਇਹ ਅਪ੍ਰੈਲ ੧੯੭੮ ਦੀ ਹੈ। ਅਮ੍ਰੀਕਾ ਦੀ ਰਾਜਧਾਨੀ, ਵਾਸ਼ਿੰਗਟਨ ਡੀ.ਸੀ. ਦੇ ਬੱਸ ਅੱਡੇ ਤੇ ਮੈ ਨਿਊ ਯਾਰਕ ਦੀ ਬੱਸ ਫੜਨ ਵਾਸਤੇ ਖਲੋਤਾ ਸਾਂ। ਲੋੜ ਪਈ ਬਾਥਰੂਮ ਜਾਣ ਦੀ। ਕਿਸੇ ਦੇ ਦੱਸਣ ਅਨੁਸਾਰ ਜਦੋਂ ਮੈਂ ਪੌੜੀਆਂ ਉਤਰ ਕੇ ਥੱਲੇ ਗਿਆ ਤਾਂ ਉਸ ਸਥਾਨ ਦੀ ਚਮਕ ਦਮਕ ਅੱਖਾਂ ਚੁੰਧਿਆਉਣ ਵਾਲੀ ਵੇਖੀ। ਫਿਰ ਉਤੋਂ ਸਿਤਮ ਇਹ ਕਿ ਪ੍ਰਵੇਸ਼ ਦੁਆਰ ਦੇ ਮੱਥੇ ਉਪਰ 'ਰੈਸਟਰੂਮ' ਲਿਖਿਆ ਹੋਇਆ ਪੜ੍ਹ ਕੇ, ਆਪਣੀ 'ਅਕਲ' ਵਰਤ ਕੇ ਵਾਪਸ ਮੁੜ ਆਇਆ। ਵਿਚਾਰ ਵਿਚ ਆਇਆ ਕਿ ਇਹ ਤਾਂ ਕੋਈ ਆਰਾਮ ਕਰਨ ਵਾਲ਼ਾ ਥਾਂ ਹੋਵੇਗਾ, ਇਸ ਕਾਰਜ ਵਾਲ਼ਾ ਨਹੀ। ਇਸ ਗੱਲ ਦੀ ਸਮਝ ਹੀ ਨਹੀਂ ਸੀ ਉਸ ਸਮੇ ਕਿ ਅਮ੍ਰੀਕਾ ਵਿਚ ਇਸ ਸਥਾਨ ਨੂੰ 'ਟੋਇਲੈਟ' (Toilet) ਜਾਂ 'ਡਬਲਿਊ. ਸੀ.' (W. C.) ਨਹੀ ਬਲਕਿ 'ਰੈਸਟਰੂਮ' (Restroom) ਹੀ ਆਖਿਆ ਜਾਂਦਾ ਹੈ; ਜੋ ਬਾਅਦ ਵਿਚ ਟੋਰਾਂਟੋ ਜਾ ਕੇ ਪਤਾ ਲੱਗਾ, ਤੇ ਨਾਲ ਹੀ ਇਹ ਵੀ ਪਤਾ ਲੱਗਾ ਕਿ ਕੈਨੇਡਾ ਵਿਚ ਇਸ ਸਥਾਨ ਨੂੰ 'ਵਾਸ਼ਰੂਮ' (Washroom) ਆਖਦੇ ਨੇ। ਆਪਣੀ ਇਸ ਪੜ੍ਹਾਈ ਤੇ ਸਮਝਦਾਰੀ ਦੀ ਕਿਰਪਾ ਸਦਕਾ ਇਹ 'ਕਾਰਜ' ਮੈਨੂੰ ਨਿਊ ਯਾਰਕ ਆ ਕੇ ਹੀ ਕਰਨਾ ਪਿਆ।

ਲਓ, ਇਹ ਵੀ ਸੁਣ ਲਓ ਲੱਗਦੇ ਹੱਥ: ਕੁਝ ਸਾਲਾਂ ਦੀ ਗੱਲ ਹੈ: ਵਿਚਾਰ ਬਣਿਆ ਕਿ ਦੱਖਣੀ ਅਰਧ ਗੋਲੇ (Southern Hemesphere) ਦਾ ਸਭ ਤੋਂ ਵੱਡਾ ਚਿੜੀਆ ਘਰ, ਡਬੋ (Dabbo) ਜਾ ਕੇ ਵੇਖ ਆਵਾਂ। ਵੇਹਲਾ ਹੀ ਸਾਂ ਆਮ ਵਾਂਗ। ਜਿਸ ਕਿਸੇ ਵੀ ਸੱਜਣ ਨੂੰ ਮੇਰੇ ਇਸ 'ਪਲਾਨ' ਦਾ ਪਤਾ ਲੱਗਾ, ਮਖੌਲ ਵਿਚ ਏਹੀ ਬੋਲਿਆ, "ਵੇਖੀਂ ਕਿਤੇ ਤੈਨੂੰ ਵੀ ਓਥੇ ਹੀ ਨਾ ਰੱਖ ਲੈਣ!" ਇਕ ਬੀਬੀ ਨੇ ਤਾਂ ਇਹ ਗੱਲ ਵੀ ਧੁਮਾ ਦਿਤੀ, "ਗਿਆਨੀ ਜੀ ਨੂੰ ਤਾਂ ਡੱਬੋ ਜ਼ੂ ਵਿਚ ਜੌਬ ਮਿਲ ਗਈ ਹੈ।" ਵਾਪਸੀ ਤੇ ਇਕ ਬਹੁਤੇ ਹੀ ਸੁਹਿਰਦ ਸੱਜਣ ਨੇ ਪੁੱਛ ਲਿਆ, ਕੀ ਗੱਲ ਓਥੇ ਰੱਖਿਆ ਨਹੀਂ ਤੈਨੂੰ ਕਿਸੇ ਨੇ!" "ਨੋ ਵੇਕੈਂਸੀ ਦਾ ਸਾਈਨ ਹੀ ਦਿਸਿਆ ਸੀ ਮੈਨੂੰ ਤਾਂ ਓਥੇ!" ਜਵਾਬ ਸੀ ਮੇਰਾ ਓਸੇ ਹੀ ਟੋਨ ਵਿਚ। ਓਥੇ ਵਿਸ਼ਾਲ ਜ਼ੂ ਵੇਖਣ ਲਈ ਲਏ ਗਏ ਕਿਰਾਏ ਦੇ ਸਾਈਕਲ ਨਾਲ ਮੇਰਾ ਜੋ 'ਯੁਧ' ਹੋਇਆ ਤੇ ਬਾਕੀ ਗੱਲਾਂ ਦਾ ਜ਼ਿਕਰ ਕਿਤੇ ਫੇਰ ਸਹੀ।

ਹੁਣ ਗੱਡੀ ਦੀ ਗੱਲ ਵੀ ਸੁਣ ਲਵੋ: ਕਿਸੇ ਸੁਹਿਰਦ ਸੱਜਣ ਦੀ ਕਿਰਪਾ ਨਾਲ ਮੈਨੂੰ ਫ਼ਸਟ ਕਲਾਸ ਦਾ ਪਾਸ ਮਿਲ ਗਿਆ। ਸੀਟ ਬੁੱਕ ਕਰਾ ਕੇ ਜਦੋਂ ਮੈ ਇਕ ਨੰਬਰ ਵਾਲੇ ਡੱਬੇ ਵਿਚ ਇਕ ਨੰਬਰ ਸੀਟ ਤੇ ਗਿਆ ਤਾਂ ਓਥੇ ਏਨਾ ਵਧੀਆ ਇੰਤਜ਼ਾਮ ਵੇਖ ਕੇ ਸ਼ੱਕ ਪਿਆ ਕਿ ਇਹ ਸੀਟ ਮੇਰੀ ਨਹੀ ਹੋ ਸਕਦੀ। ਪਹਿਲਾਂ ਵੀ ਕਈ ਵਾਰੀ ਫ਼ਸਟ ਕਲਾਸ ਵਿਚ ਸਫ਼ਰ ਕੀਤਾ ਸੀ ਤਾਂ ਇਉਂ ਹੀ ਅਨੁਭਵ ਹੋਇਆ ਸੀ ਕਿ ਇਕਾਨਮੀ ਕਲਾਸ ਤੇ ਫ਼ਸਟ ਕਲਾਸ ਵਿਚ ਕੋਈ ਬਹੁਤਾ ਫ਼ਰਕ ਨਹੀ ਹੁੰਦਾ ਪਰ ਏਥੇ ਤਾਂ ਰੰਗ ਢੰਗ ਹੀ ਹੋਰ ਦੇ ਹੋਰ ਸਨ। ਆਹਮੋ ਸਾਹਮਣੇ ਦੋ ਗੱਦੇ ਸਨ ਜਿਨ੍ਹਾਂ ਉਪਰ ਤਿੰਨ ਤਿੰਨ ਸਵਾਰੀਆਂ ਆਰਾਮ ਨਾਲ ਬੈਠ ਸੱਕਣ। ਨਾਲ ਕੱਪੜੇ ਟੰਗਣ ਦੀ ਅਲਮਾਰੀ, ਬਾਥਰੂਮ, ਸ਼ਾਵਰ ਤੇ ਹੋਰ ਹੁਣ ਯਾਦ ਨਹੀ ਰਿਹਾ ਕਿੰਨਾ ਕੁਝ! ਦੋ ਚਾਰ ਚੱਕਰ ਗੱਡੀ ਵਿਚ ਹੀ ਲਾਏ ਕਿ ਕੋਈ ਕਰਮਚਾਰੀ ਮਿਲ ਜਾਵੇ ਤਾਂ ਉਸ ਨੂੰ ਪੁੱਛ ਕੇ ਤਸੱਲੀ ਕਰਾਂ ਕਿ ਮੇਰੀ ਸਹੀ ਸੀਟ ਕੇਹੜੀ ਹੈ! ਪਰ ਕੋਈ ਵੀ ਜਦੋਂ ਨਾ ਮਿਲਿਆ ਤਾਂ ਇਹ ਸੋਚ ਕੇ ਬੈਠ ਗਿਆ ਕਿ ਜਦੋਂ ਕਿਸੇ ਨੇ ਆ ਕੇ ਪੁੱਛਿਆ ਤਾਂ ਆਪਣੀ ਸਥਿਤੀ ਬਿਆਨ ਕਰ ਦਿਆਂਗਾ ਤੇ ਕਹਿ ਦਿਆਂਗਾ,

"ਭਾਈ ਜਿਥੇ ਥਾਂ ਹੈ, ਦੱਸ ਦੇ; ਮੈ ਓਥੇ ਚਲਾ ਜਾਂਦਾ ਹਾਂ।" ਪਰ ਰਸਤੇ ਵਿਚ ਨਾ ਕੋਈ ਕਰਮਚਾਰੀ ਆਇਆ ਤੇ ਨਾ ਹੀ ਕਿਸੇ ਨੇ ਮੈਨੂੰ ਉਠਾਇਆ। ਇਕ ਸਟੇਸ਼ਨ ਤੋਂ ਇਕ ਆਸਟ੍ਰੇਲੀਅਨ ਬੀਬੀ ਬੱਚੇ ਸਮੇਤ ਸਵਾਰ ਹੋਈ ਤੇ ਉਸ ਦੀ ਬੱਚੇ ਸਮੇਤ ਸਹੂਲਤ ਨੂੰ ਮੁਖ ਰੱਖਦਿਆਂ ਹੋਇਆਂ ਮੈ ਸਾਰਾ ਕੇਬਨ ਉਸ ਲਈ ਛੱਡ ਕੇ ਆਪ ਨਾਲ ਵਾਲੇ ਕੇਬਨ ਵਿਚ ਚਲਾ ਗਿਆ।

ਕਈ ਸਾਲਾਂ ਪਿਛੋਂ, ਕਿਸੇ ਜਾਣਕਾਰ ਸੱਜਣ ਦੇ ਦਸਣ ਤੇ ਪਤਾ ਲੱਗਾ ਕਿ ਪਹਿਲੇ ਡੱਬੇ ਦੀ ਫਸਟ ਕਲਾਸ ਏਸੇ ਤਰ੍ਹਾਂ ਦੀ ਹੀ, ਸਪੈਸ਼ਲ ਕਿਸਮ ਦੀ ਹੁੰਦੀ ਹੈ।

ਇਹ ਵੀ ਦੱਸ ਹੀ ਜਾਵਾਂ ਲੱਗਦੇ ਹੱਥ: ਫਰਵਰੀ ੧੯੯੭ ਵਿਚ, ਮਲਾਵੀ ਦੀ ਰਾਜਧਾਨੀ ਲਿਲੌਂਗਵੇ (Lilongwe) ਤੋਂ ਬੱਸ ਰਾਹੀਂ ਦੂਜੇ ਸ਼ਹਿਰ ਬਲੈਂਟਾਇਰ (Blantyre) ਨੂੰ ਜਾ ਰਿਹਾ ਸਾਂ ਤੇ ਬੱਸ ਵਿਚ ਕੋਕ ਵਗੈਰਾ ਵਰਤਾਇਆ ਜਾ ਰਿਹਾ ਸੀ। ਕੁਝ ਕਾਰਨਾਂ ਕਰਕੇ ਮੈ ਨਾ ਲਿਆ ਤੇ ਮੁਖ ਕਾਰਨ ਏਹੀ ਸੀ ਕਿ ਬਿਨਾ ਲੋੜ ਤੋਂ ਪੈਸੇ ਕਿਉਂ ਖ਼ਰਚੇ ਜਾਣ! ਲਿੰਬੀ ਵਿਚਲੇ ਸੱਜਣਾਂ ਤੋਂ ਪਤਾ ਲੱਗਾ ਕਿ ਇਹ ਤਾਂ ਮੁਫ਼ਤ ਹੀ ਵਰਤਾਏ ਜਾਂਦੇ ਹਨ ਜਹਾਜ ਵਾਂਗ। ਵਾਪਸ ਮੁੜਦਿਆਂ ਜਦੋਂ ਫੇਰ ਡਰਿੰਕ ਤੇ ਚਿਪਸ ਵਰਤੇ ਤਾਂ ਮੈ ਕੋਕ ਤਾਂ ਨਾ ਲਿਆ ਤੇ ਚਿਪਸ ਲੈ ਲਏ। ਜਦੋਂ ਖਾ ਚੁਕਿਆ ਤਾਂ ਵਰਤਾਵੇ ਨੇ ਦਸ ਕਵਾਚੇ (ਮਲਾਵੀ ਦੀ ਕਰੰਸੀ) ਮੰਗ ਲਏ। ਮੈ ਆਖਿਆ, "ਇਹ ਮੁਫ਼ਤ ਨਹੀ?" ਤਾਂ ਕਹਿੰਦਾ, "ਡਰਿੰਕ ਮੁਫ਼ਤ ਹੈ ਪਰ ਚਿਪਸ ਨਹੀ; ਇਹਨਾਂ ਦੇ ਪੈਸੇ ਲੱਗਦੇ ਹਨ।"

ਇਹ ਸਭ ਕੁਝ ਜਾਣਦਿਆਂ ਹੋਇਆ ਵੀ ਮੇਰੀ ੨੦੦੪ ਵਿਚਲੀ ਯੂਰਪ ਦੀ ਯਾਤਰਾ ਸਮੇ ਮੇਰੇ ਨਾਲ਼ ਦੋ ਵਾਰ ਵਾਪਰ ਗਿਆ। ਪਹਿਲਾਂ ਨਾਰਵੇ ਦੇਸ਼ ਵਿਚ ਵਾਕਿਆ ਉਤਰੀ ਧਰੁਵ ਵਾਲ਼ੇ ਸ਼ਹਿਰ ਬੋਦੋ ਤੋਂ ਰਾਜਧਾਨੀ ਓਸਲੋ ਤੱਕ ਦੇ ਹਵਾਈ ਜਹਾਜ ਦੇ ਸਫ਼ਰ ਸਮੇ, ਜਹਾਜ ਵਿਚ ਮੁਫ਼ਤ ਜਲ ਪਾਣੀ ਮਿਲ਼ਨ ਦੀ ਆਸ ਤੇ ਭੁੱਖਾ ਹੀ ਜਹਾਜੇ ਚੜ੍ਹ ਗਿਆ ਪਰ ਜਹਾਜ ਦੇ ਵਿਚ ਜਾ ਕੇ ਪਤਾ ਲਗਾ ਕਿ ਮੇਰੀ ਟਿਕਟ ਤਾਂ ਸਸਤੀ ਹੈ ਤੇ ਇਸ ਲਈ ਮੈ ਇਸ 'ਸੇਵਾ' ਦਾ ਅਧਿਕਾਰੀ ਨਹੀ ਹਾਂ। ਆਪਣੇ ਭੁਲੱਕੜ ਸੁਭਾ ਕਾਰਨ ਪੈਰਿਸ ਤੋਂ ਸਪੇਨ ਦੇ ਸ਼ਹਿਰ ਬਾਰਸੀਲੋਨਾ ਤੱਕ ਦੀ ਯਾਤਰਾ ਸਮੇ ਵੀ ਮੇਰੇ ਨਾਲ਼ ਏਹੀ ਕੁਝ ਹੋਇਆ। ਸਵੇਰ ਤੋਂ ਖਾਲੀ ਢਿਡ ਹੀ ਰਿਹਾ ਤੇ ਬਾਰਸੀਲੋਨਾ ਸ਼ਹਿਰ ਅੱਪੜ ਕੇ ਪਹਿਲਾਂ ਛੇਤੀ ਨਾਲ਼ ਬੇਕਰੀ ਤੋਂ ਕੁਝ ਲੈ ਕੇ ਮੂੰਹ ਵਿਚ ਪਾਇਆ ਤੇ ਫਿਰ ਹੀ ਓਥੋਂ ਚੁੱਕਣ ਵਾਸਤੇ ਇਕ ਸੱਜਣ ਪੁਰਸ਼ ਨੂੰ ਫੋਨ ਕੀਤਾ।

ਕੁਝ ਹੀ ਸਮਾ ਪਹਿਲਾਂ ਦੀ ਗੱਲ ਹੈ ਕਿ ਸਿਡਨੀ ਹਵਾਈ ਅੱਡੇ ਤੋਂ ਮੈਲਬਰਨ ਨੂੰ ਜਹਾਜ ਰਾਹੀਂ ਜਾਣਾ ਸੀ। ਮੋਢੇ ਦਾ ਬੈਗ ਜਦੋਂ ਮਸ਼ੀਨ ਵਿਚਦੀ ਲੰਘਾਉਣ ਲਈ ਬਣੇ ਸਥਾਨ ਤੇ ਰੱਖਿਆ ਤਾਂ ਡਿਊਟੀ ਵਾਲੀ ਬੀਬੀ ਨੇ ਪੁੱਛਿਆ, "ਬੈਗ ਵਿਚ ਲੈਪਟੌਪ ਤਾਂ ਨਹੀ?" ਮੇਰੇ ਨਾਂਹ ਕਰਨ ਤੇ ਫਿਰ ਆਖਿਆ, "ਤੇ ਕੈਮਰਾ? ਮੋਬਾਇਲ?" ਮੈ ਆਖਿਆ, "ਬੀਬੀ, ਤੂੰ ਕੈਮਰਿਆਂ, ਮੋਬਾਇਲਾਂ ਤੇ ਲੈਪਟੌਪਾਂ ਦੀਆਂ ਗੱਲਾਂ ਪਈ ਕਰਦੀ ਏਂ; ਮੇਰੇ ਕੋਲ਼ ਤਾਂ ਘੜੀ ਵੀ ਨਹੀ। ਏਥੋਂ ਤੱਕ ਕਿ ਪੈਨ ਵੀ ਮੇਰੇ ਕੋਲ਼ ਨਹੀ!" ਮੇਰੀਆਂ ਇਹ ਗੱਲਾਂ ਸੁਣ ਕੇ ਕੁਝ ਵਿਅੰਗ ਜਿਹੇ ਨਾਲ਼ ਆਖਣ ਲੱਗੀ, "ਕੀ ਤੂੰ ਇਕੀਵੀਂ ਸਦੀ ਵਿਚ ਰਹਿੰਦਾ ਏਂ?" "ਕੀ ਬੀਬੀ ਤੂੰ ਵੇਖ ਨਹੀ ਸਕਦੀ ਮੇਰੇ ਚੇਹਰੇ ਤੋਂ ਕਿ ਮੈਂ ਸਮਾ ਵਿਹਾ ਚੁੱਕੀ ਸ਼ਖ਼ਸੀਅਤ, ਅਰਥਾਤ ਪਿਛਲੀ ਸਦੀ ਵਿਚ ਵਿਚਰਨ ਵਾਲ਼ਾ ਜੀਵ ਹਾਂ!" ਉਸ ਨੇ ਵੀ ਮੁਸਕਰਾ ਦਿਤਾ ਤੇ ਮੈ ਵੀ ਅਰਧ ਮੁਸਕਰਾਹਟ ਜਿਹੀ ਵਿਚ ਬੈਗ ਚੁੱਕ ਕੇ ਜਹਾਜੇ ਚੜ੍ਹਨ ਲਈ ਤੇਜ ਤੇਜ ਹੋ ਲਿਆ।

ਮੈਨੂੰ ਜਾਨਣ ਵਾਲ਼ੇ ਜਾਣਦੇ ਹੀ ਹਨ ਕਿ ਇਹਨਾਂ ਪੱਛਮੀ ਲੋਕਾਂ ਦੇ ਸਮਾਜ ਵਿਚ ਚਾਰ ਕੁ ਦਹਾਕਿਆਂ ਤੋਂ ਵਿਚਰ ਰਿਹਾ ਹੋਣ ਕਰਕੇ, ਟੁੱਟੀ ਫੁੱਟੀ ਅੰਗ੍ਰੇਜ਼ੀ ਨਾਲ ਮੈ ਡੰਗ ਸਾਰ ਹੀ ਲੈਂਦਾ ਹਾਂ ਤੇ ਇਹੋ ਜਿਹੀਆਂ ਸਾਰੀਆਂ ਵਾਰਤਾਵਾਂ ਅੰਗ੍ਰੇਜ਼ੀ ਵਿਚ ਹੀ ਹੁੰਦੀਆਂ ਹਨ।

## ਭੇਡਾਂ ਵਿਚੋਂ ਊਠ ਦੀ ਪਛਾਣ

*ਇਕ ਦਿਨ ਹਫ਼ਤਾਵਾਰੀ ਦੀਵਾਨ ਦੀ ਸਮਾਪਤੀ ਤੇ ਲੰਗਰ ਹਾਲ ਵਿਚ ਦੋ ਸਿਆਣਿਆਂ ਦੀ ਆਪਸ ਵਿਚ ਹੋਈ ਗੁਫ਼ਤਗੂ ਨੂੰ ਇਸ ਤਰ੍ਹਾਂ ਸੁਣਿਆ ਗਿਆ:*

*ਇਕ ਚਿੱਟੀ ਦਾਹੜੀ ਵਾਲ਼ਾ ਖ਼ੁਦ ਨੂੰ 'ਤੀਸਮਾਰ ਖ਼ਾਂ' ਸਮਝਣ ਵਾਲ਼ਾ ਪੁਰਸ਼ ਦੂਜੇ ਚਿੱਟ ਦਾਹੜੀਏ ਸੂਝਵਾਨ ਸੱਜਣ ਨੂੰ ਇਸ ਤਰ੍ਹਾਂ ਭੇਦ ਭਰੇ ਢੰਗ ਨਾਲ਼ ਪੁਛਦਾ ਹੈ ਜਿਵੇਂ ਕਿ ਕੋਈ ਬਹੁਤ ਹੀ ਭੇਤ ਵਾਲ਼ੀ ਗੱਲ ਜਾਨਣੀ ਚਾਹੁੰਦਾ ਹੋਵੇ।*

ਚੇਤਨ ਸਿੰਘ: ਸ. ਸੱਜਣ ਸਿੰਘ ਜੀ, ਐਤਕਾਂ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਕੇਹੜੀ ਪਾਰਟੀ ਜਿਤੂ?

ਸੱਜਣ ਸਿੰਘ: ਤੂੰ ਕਿਉਂ ਪੁੱਛਦਾਂ ਭਾਈ?

ਚੇਤਨ ਸਿੰਘ: (ਕੁਝ ਹੋਰ ਨੇੜੇ ਹੁੰਦਿਆਂ. ਭੇਦ ਭਰੇ ਲਹਿਜ਼ੇ ਵਿਚ) ਮੈ ਤੁਹਾਨੂੰ ਸਿਆਣਾ ਸਮਝ ਕੇ ਇਸ ਲਈ ਪੁੱਛਦਾਂ ਕਿ ਤਜਰਬੇਕਾਰ ਬੰਦੇ ਹੋਣ ਕਰਕੇ ਤੁਸੀਂ ਅੰਦਾਜ਼ਾ ਲਾ ਕੇ ਸਹੀ ਪੁਜ਼ੀਸ਼ਨ ਦੱਸ ਸਕਦੇ ਹੋ ਕਿ ਕੇਹੜੀ ਪਾਰਟੀ ਜਿੱਤੇਗੀ!

ਸੱਜਣ ਸਿੰਘ: ਪਰ ਫਿਰ ਵੀ ਪਤਾ ਤਾਂ ਲੱਗੇ ਕਿ ਤੂੰ ਇਹ ਪੁੱਛਦਾ ਕਿਉਂ ਏਂ?

ਚੇਤਨ ਸਿੰਘ: ਮੈ ਇਸ ਲਈ ਪੁੱਛਦਾਂ ਕਿ ਜੇਹੜੀ ਪਾਰਟੀ ਨੇ ਜਿੱਤਣਾ ਹੋਵੇ ਮੈਂ ਉਸ ਨਾਲ਼ ਸ਼ਾਮਲ ਹੋ ਜਾਵਾਂ।

ਸੱਜਣ ਸਿੰਘ: ਵੇਖੋ ਜੀ, ਸ. ਚੇਤਨ ਸਿੰਘ ਜੀ, ਮੇਰਾ ਤੇ ਲੰਮਾ ਤਜਰਬਾ ਦੱਸਦਾ ਏ ਕਿ ਜਿਸ ਪਾਰਟੀ ਨੂੰ ਲੋਕਾਂ ਨੇ ਵੋਟਾਂ ਵਧ ਪਾ ਦਿਤੀਆਂ ਉਸ ਨੇ ਤਾਂ ਜਿੱਤ ਜਾਣਾ ਏਂ ਤੇ ਜਿਸ ਨੂੰ ਓਨੀਆਂ ਵੋਟਾਂ ਲੋਕਾਂ ਨੇ ਨਾ ਪਾਈਆਂ ਉਸ ਨੇ ਨਹੀਂ ਜਿੱਤਣਾ; ਇਹ ਬੜੀ ਸਿਧੀ ਜਿਹੀ ਗੱਲ ਏ!

ਚੇਤਨ ਸਿੰਘ: ਵਾਹ ਜੀ ਵਾਹ! ਕਿੰਨੀ ਭੇਤ ਤੇ ਪਤੇ ਵਾਲ਼ੀ ਗਲ ਦੱਸੀ ਏ! ਮੇਰਾ ਵੀ ਖਿਆਲ ਏ ਕਿ ਇਸ ਤਰ੍ਹਾਂ ਹੀ ਹੋਣਾ ਏ। ਲੋਕਾਂ ਤੋਂ ਵੀ ਸੁਣਿਆ ਸੀ ਤੇ ਮੇਰਾ ਖ਼ੁਦ ਦਾ ਵੀ ਤਜਰਬਾ ਸੀ ਕਿ ਭਈ ਤੁਸੀਂ ਬਹੁਤ ਸਿਆਣੇ ਬੰਦੇ ਓ। ਵਾਕਿਆ ਈ ਅੱਜ ਸਾਬਤ ਕਰ ਦਿਤਾ ਕਿ ਤੁਸੀਂ ਬਹੁਤ ਹੀ ਸਿਆਣੇ ਹੋ।

*ਚੇਤਨ ਸਿੰਘ ਲਾਗੇ ਚਾਗੇ ਦੇ ਹੋਰ ਵੀ ਕੁਝ ਸੱਜਣਾਂ ਨੂੰ ਸਦ ਕੇ ਇਸ ਗੁਝੇ ਭੇਤ ਨੂੰ ਸਾਂਝਾ ਕਰਨ ਲਈ, ਆਪਣੀ ਦੋਹਾਂ ਦੀ ਗੁਫ਼ਤਗੂ ਸੁਣਾਉਂਦਿਆਂ ਹੋਇਆਂ ਆਖਣ ਲੱਗਾ:*

ਚੇਤਨ ਸਿੰਘ: ਵੇਖੋ ਜੀ, ਮੈ ਸ. ਸੱਜਣ ਸਿੰਘ ਜੀ ਨੂੰ ਇਹ ਪੁੱਛਿਆ ਕਿ ਇਸ ਵਾਰੀ ਗੁਰਦੁਆਰਾ ਕਮੇਟੀ ਉਪਰ ਕਾਬਜ਼ ਹੋਣ ਲਈ ਲੜੀ ਜਾ ਰਹੀ ਲੜਾਈ ਵਿਚ ਕੇਹੜੀ ਪਾਰਟੀ ਜੇਤੂ ਹੋਊ ਤਾਂ ਇਹਨਾਂ ਨੇ ਮੈਨੂੰ ਅਸਲੀ ਪਤੇ ਦੀ ਗੱਲ ਦੱਸੀ ਆ। ਇਹ ਬਹੁਤ ਹੀ ਸਿਆਣੇ ਸੱਜਣ ਨੇ। ਇਕ ਵਾਰੀਂ ਪਹਿਲਾਂ ਵੀ ਇਹ ਆਪਣੀ ਸਿਆਣਪ ਦਾ ਸਬੂਤ ਦੇ ਚੁੱਕੇ ਹਨ ਤੇ ਮੈ ਪਹਿਲਾਂ ਤੋਂ ਹੀ ਇਹਨਾਂ ਦੀ ਸਿਆਣਪ ਦਾ ਕਾਇਲ ਹੋਣ ਕਰਕੇ ਹੀ ਇਹਨਾਂ ਨੂੰ ਇਹ ਭੇਤ ਦੀ ਗੱਲ ਪੁੱਛੀ ਸੀ।

ਭਜਨ ਸਿੰਘ: ਪਹਿਲਾਂ ਕੇਹੜੀ ਸਿਆਣਪ ਵਾਲ਼ੀ ਖਾਸ ਗੱਲ ਇਹਨਾਂ ਨੇ ਕੀਤੀ ਸੀ?

ਚੇਤਨ ਸਿੰਘ: ਉਹ ਜੀ, ਇਹ ਚਿਰਾਂ ਦੀ ਗੱਲ ਏ। ਤੁਸੀਂ ਜਾਣਦੇ ਈ ਓ ਕਿ ਅਸੀਂ ਦੋਹਵੇਂ ਪਟਿਆਲੇ ਇਕੱਠੇ ਹੁੰਦੇ ਸਾਂ। ਇਕ ਦਿਨ ਸੜਕੇ ਸੜਕ ਭੇਡਾਂ ਦਾ ਇੱਜੜ ਜਾ ਰਿਹਾ ਸੀ। ਅਸੀਂ ਦੋਹਵੇ ਬਾਹਰ ਸੜਕ ਦੇ ਕਿਨਾਰੇ ਉਪਰ ਖੜ੍ਹੇ ਐਵੇਂ ਵੇਹਲੀਆਂ ਗੱਪਾਂ ਮਾਰ ਰਹੇ ਸਾਂ। ਸਾਡੀ ਦੋਹਾਂ ਦੀ ਨਿਗਾਹ ਉਸ ਜਾ ਰਹੇ ਭੇਡਾਂ ਦੇ ਇੱਜੜ ਉਪਰ ਪਈ। ਅਸੀਂ ਵੇਖਿਆ ਕਿ ਉਹਨਾਂ ਭੇਡਾਂ ਦੇ ਵਿਚ ਇਕ ਵੱਡ ਆਕਾਰੀ ਜਾਨਵਰ ਵੀ ਤੁਰਿਆ ਜਾ ਰਿਹਾ ਸੀ। ਇਹਨਾਂ ਨੇ ਫੱਟ ਪਛਾਣ ਲਿਆ ਕਿ ਅਹੁ ਜੇਹੜਾ ਲਮਢੀਂਗ ਜਿਹਾ ਜਾਨਵਰ ਹੈ ਨਾ, ਉਹ ਊਠ ਹੈ। ਮੈਨੂੰ ਬੜੀ ਹੈਰਾਨੀ ਹੋਈ ਇਸ ਗੱਲ ਦੀ ਕਿ ਭੂਰੇ ਰੰਗ ਦਾ ਊਠ, ਤੇ ਭੂਰੇ ਰੰਗ ਦੀਆਂ ਹੀ ਭੇਡਾਂ। ਦੋ ਦੋ ਕੰਨ ਵੀ ਦੋਹਾਂ ਦੇ ਹੀ। ਚਾਰ ਚਾਰ ਲੱਤਾਂ ਤੇ ਇਕ ਇਕ ਪੂਛ ਵੀ ਦੋਹਾਂ ਦੀ; ਪਰ ਇਹਨਾਂ ਨੇ ਭੋਰਾ ਢਿੱਲ ਨਹੀ ਲਾਈ ਤੇ ਇਕ ਦਮ ਪਛਾਣ ਕੇ ਮੈਨੂੰ ਦੱਸ ਦਿਤਾ, “ਅਹੁ ਊਠ ਵਾ।“ ਸਰੋਤੇ ਵਾਰੇ ਵਾਰੇ ਜਾਣ ਦੋਹਾਂ 'ਸਿਆਣਿਆਂ' ਦੀ ਸੂਝ ਤੋਂ, ਉਹਨਾਂ ਦੀ ਰਸਨਾ ਤੋਂ ਅਜਿਹੀ ਗੁਫ਼ਤਗੂ ਸੁਣ ਕੇ।

## ਸਾਧੂ ਬੋਲੇ ਸਹਿਜ ਸੁਭਾਇ

ਪਿਛਲੇਰੀ ਸਦੀ ਵਿਚ ਇਕ ਨਾਨਕ ਪੰਥੀ ਵਿਦਵਾਨ ਸਿੰਧੀ ਸਾਧੂ, ਟੀ.ਐਸ. ਵਾਸਵਾਨੀ ਜੀ ਹੋਏ ਹਨ ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਦੇ ਨਾਲ਼ ਨਾਲ਼, ਕੁਝ ਬਾਣੀਆਂ ਦੇ ਟੀਕੇ ਵੀ ਕੀਤੇ ਹਨ। ਸਾਧੂਆਂ ਦੇ ਸੁਭਾ ਅਨੁਸਾਰ, ਸਹਿਜ ਸੁਭਾ ਹੀ ਭ੍ਰਮਣ ਕਰਦਿਆਂ, ਇਕ ਦਿਨ ਆਪਣੀ ਯਾਤਰਾ ਦੌਰਾਨ ਸੰਤ ਜੀ ਨੂੰ ਵਿਚਾਰ ਆਈ, "ਲੌਢਾ ਪਹਿਰ ਤਾਂ ਹੋ ਹੀ ਗਿਆ ਹੈ; ਚਲੋ ਅੱਜ ਦੀ ਰਾਤ ਇਸ ਨਗਰ ਵਿਚ ਹੀ ਕੱਟ ਲੈਂਦੇ ਹਾਂ।” ਗੱਲ ਵੀ ਠੀਕ ਸੀ ਸੰਤ ਜੀ ਦੀ। ਅੱਗੇ ਕੇਹੜੀ ਘਰ ਵਿਚ ਚੂੜੇ ਵਾਲ਼ੀ ਪਰਾਉਂਠੇ ਬਣਾ ਕੇ ਉਡੀਕ ਰਹੀ ਸੀ ਕਿ ਘਰ ਪਹੁੰਚਣਾ ਜ਼ਰੂਰੀ ਸੀ ਕਿਉਂਕਿ ਵਹੁਟੀ ਨੇ ਓਨਾ ਚਿਰ ਆਪ ਰੋਟੀ ਨਹੀਂ ਸੀ ਖਾਣੀ ਜਿੰਨਾ ਚਿਰ 'ਪਤੀ ਪਰਮੇਸ਼ਰ' ਨੂੰ ਪਹਿਲਾਂ ਨਾ ਛਕਾ ਲਵੇ। ਰਾਤ ਹੀ ਕੱਟਣੀ ਸੀ ਸੰਤ ਜੀ ਨੇ! ਏਥੇ ਕੀ ਤੇ ਓਥੇ ਕੀ!

ਸ਼ਹਿਰ ਸੀ ਇਹ ਮੌਜੂਦਾ ਪਾਕਿਸਤਾਨ ਦੇ ਸੂਬੇ ਸਿੰਧ ਦਾ ਹੈਦਰਾਬਾਦ। ਸੰਤ ਜੀ ਨੇ ਇਕ ਦੁਕਾਨਦਾਰ ਨੂੰ ਧਰਮਸਾਲਾ ਦਾ ਰਾਹ ਪੁੱਛਿਆ। ਧਰਮਸਾਲਾ ਦਾ ਰਾਹ ਹੀ ਪੁਛਣਾ ਸੀ ਸੰਤ ਜੀ ਨੇ; ਹੋਰ ਸੰਤ ਕੇਹੜੇ 'ਓਬਰਾਇ ਸ਼ੇਰਟਨ' ਵਿਚ ਠਹਿਰਿਆ ਕਰਦੇ ਨੇ! ਜਦੋਂ ਸੁਝਾਏ ਗਏ ਰਾਹ 'ਤੇ ਤੁਰਦਿਆਂ ਸੰਤ ਜੀ ਧਰਮਸਾਲਾ ਦੇ ਦਰਵਾਜ਼ੇ 'ਤੇ ਪੁੱਜ ਗਏ ਤਾਂ ਅਗੋਂ ਬੂਹੇ 'ਤੇ ਹੀ ਧਰਮਸਾਲਾ ਦੇ ਮਹੰਤ ਜੀ ਮਿਲ਼ ਗਏ। ਪਹਿਲਾਂ ਤਾਂ ਸਾਧਾਂ ਵਾਲ਼ਾ ਲਿਬਾਸ ਵੇਖ ਕੇ ਮਹੰਤ ਜੀ ਅੰਦਰੋਂ ਹਿੱਲ ਜਿਹੇ ਗਏ ਕਿ ਸ਼ਾਇਦ ਇਹ ਨਵਾਂ ਸਾਧ ਉਹਨਾਂ ਦੇ 'ਏਕਾਧਿਕਾਰ' ਨੂੰ ਚੁਣੌਤੀ ਦੇਣ ਵਾਲ਼ਾ ਨਾ ਹੋਵੇ! ਫ਼ਿਕਰਮੰਦ ਹੋਏ ਮਹੰਤ ਜੀ ਨੇ ਇਸ ਨਵੀਂ ਆ ਰਹੀ 'ਬਲ਼ਾ' ਤੋਂ ਖਹਿੜਾ ਛੁਡਾ ਲੈਣ ਲਈ ਪਹਿਲਾਂ ਹੀ ਲੰਗੋਟੀ ਕੱਸ ਲਈ। ਭਾਵ ਮਨੋ ਮਨੀ ਇਹਨਾਂ ਨੂੰ ਟਰਕਾਉਣ ਲਈ ਤਿਆਰ ਹੋ ਗਏ। ਜਦੋਂ ਸੰਤ ਜੀ ਨੇ ਰਾਤ ਕੱਟਣ ਲਈ ਮਹੰਤ ਜੀ ਨੂੰ ਬੇਨਤੀ ਕੀਤੀ ਤਾਂ ਸੰਤ ਜੀ ਨੇ ਬੜੇ ਰੁੱਖੇ ਜਿਹੇ ਲਫ਼ਜ਼ਾਂ ਵਿਚ ਕਿਹਾ ਕਿ ਰਾਤ ਰਹਿਣ ਲਈ ਧਰਮਸਾਲ਼ਾ ਵਿਚ ਕੋਈ ਪ੍ਰਬੰਧ ਨਹੀਂ ਹੈ। ਸੰਤ ਜੀ ਦੇ ਮੁੜਦਿਆਂ ਦੇ ਕੰਨੀ ਮਹੰਤ ਜੀ ਦੇ ਬੁੜਬੁੜਾਂਦੇ 'ਸ਼ੁਭ ਬਚਨ' ਵੀ ਪੈ ਗਏ, "ਮੂੰਹ ਚੁੱਕ ਕੇ ਤੁਰੀ ਆਉਂਦੇ ਨੇ; ਜਿਵੇਂ ਅੱਗੇ ਮਾਸੀ ਬੈਠੀ ਹੁੰਦੀ ਹੈ।" ਬਿਨਾ ਕੁਝ ਬੋਲਿਆਂ ਸੰਤ ਜੀ ਚੁਪ ਕੀਤੇ ਵਾਪਸ ਓਸੇ ਰਾਹ ਮੁੜ ਆਏ। ਸੰਤ ਜੀ ਦੇ ਵਾਪਸ ਮੁੜਦਿਆਂ 'ਤੇ ਨਿਗਾਹ ਓਸੇ ਦੁਕਾਨਦਾਰ ਦੀ ਪੈ ਗਈ। ਇਹ ਜਾਣ ਕੇ ਕਿ ਸ਼ਾਇਦ ਧਰਮਸਾਲਾ ਸੰਤ ਜੀ ਨੂੰ ਨਹੀਂ

ਥਿਆਈ; ਪੁਛਿਆ, "ਲਭੀ ਨਹੀਂ ਸੰਤ ਜੀ ਧਰਮਸਾਲਾ?" "ਧਰਮ ਧੁਰਮ ਤੇ ਕੋਈ ਨਹੀਂ ਸੀ ਓਥੇ; ਹਾਂ ਇਕ ਸਾਲ਼ਾ ਬੈਠਾ ਸੀ" ਤੁਰੇ ਜਾਂਦਿਆਂ ਸਹਿਜ ਸੁਭਾ ਉਤਰ ਸੀ ਸੰਤ ਜੀ ਦਾ।

ਅਜਿਹਾ ਤਜਰਬਾ ਦੇਸਾਂ ਪਰਦੇਸਾਂ ਵਿਚ ਵਿਚਰਦਿਆਂ ਮਹਾਨ ਮਾਲੀ ਦੇ ਸਾਜੇ, "ਦੁਨੀ ਸੁਹਾਵਾ ਬਾਗ" ਦੇ ਦਰਸ਼ਨ ਦੀਦਾਰੇ ਕਰਦਿਆਂ, ਗੁਰਦੁਆਰਾ ਸਾਹਿਬਾਨ ਵਿਚ ਹੀ ਰੈਣ ਬਸੇਰੇ ਲਈ ਠਾਹਰ ਲਭੀਦੀ ਹੈ। ਜੇ "ਮੁੱਲਾਂ ਦੀ ਦੌੜ ਮਸੀਤ ਤੱਕ" ਹੀ ਹੁੰਦੀ ਹੈ ਤਾਂ ਫੇਰ "ਗਿਆਨੀ ਦੀ ਦੌੜ ਗੁਰਦੁਆਰੇ ਤੱਕ" ਤੋਂ ਅੱਗੇਰੇ ਕਿਵੇਂ ਹੋ ਸਕਦੀ ਹੈ! ਇਸ ਲਈ ਹੋਰ ਕਿਸੇ ਥਾਂ ਤਾਂ ਰਾਤ ਕੱਟਣ ਦੀ ਮਜਬੂਰੀ ਹੀ ਹੈ ਜਿਥੇ ਗੁਰਦੁਆਰੇ ਵਿਚ "ਸੰਤ ਧਰਮਸਾਲੀਐ" ਦੀ ਕਿਰਪਾ ਸਦਕਾ ਰਾਤ ਰਹਿਣ ਲਈ ਥਾਂ ਨਾ ਮਿਲ਼ੇ। ਆਪਣੀਆਂ ਸੰਸਾਰਕ ਯਾਤਰਾਵਾਂ ਦੌਰਾਨ ਜਿਥੇ ਦੁਨੀਆਂ ਭਰ ਵਿਚ ਗੁਰਦੁਆਰਾ ਸਾਹਿਬਾਨ ਦੇ ਬਹੁਤੇ ਗ੍ਰੰਥੀ ਸਿੰਘਾਂ ਪਾਸੋਂ ਯੋਗ ਆਦਰ ਤੇ ਸਹਿਯੋਗ ਪ੍ਰਾਪਤ ਹੁੰਦਾ ਰਿਹਾ ਹੈ, ਓਥੇ ਕੁਝ ਕੁ ਥਾਂਵਾਂ ਦੇ ਗ੍ਰੰਥੀ ਸਿੰਘਾਂ ਵੱਲੋਂ ਸੰਤ ਵਾਸਵਾਨੀ ਜੀ ਵਰਗਾ 'ਸਤਿਕਾਰ' ਵੀ ਪ੍ਰਾਪਤ ਹੋ ਜਾਂਦਾ ਰਿਹਾ ਹੈ ਕਦੀ ਕਦੀ। ਖ਼ਾਸ ਕਰਕੇ ਉਹਨਾਂ ਸਥਾਨਾਂ ਉਪਰ ਜਿਥੇ ਅਯੋਗ ਤੇ ਅਨਕੁਆਲੀਫ਼ਾਈਡ ਵਿਅਕਤੀ ਗ੍ਰੰਥੀ ਸਿੰਘਾਂ ਦੇ ਰੂਪ ਵਿਚ ਬਿਰਾਜਮਾਨ ਹੁੰਦੇ ਹਨ। ਉਹ ਵੀ ਸੱਚੇ ਹਨ ਕਿ ਉਹ ਵੀ ਤੇ ਕਿਸੇ ਭਲੇ ਪੁਰਸ਼ ਦੇ ਟਿਕਾਣਾ ਦੇਣ ਕਰਕੇ ਹੀ, ਉਸ ਦੀਆਂ ਜੜ੍ਹਾਂ ਵਢ ਕੇ, ਕਾਬਜ਼ ਹੋਏ ਹੁੰਦੇ ਹਨ ਤੇ ਹੁਣ ਉਹ ਇਸ ਗੱਲੋਂ ਪੂਰੀ ਤਰ੍ਹਾਂ ਸਾਵਧਾਨ ਰਹਿੰਦੇ ਹਨ ਕਿ ਉਹਨਾਂ ਵਾਂਗ ਕੋਈ ਹੋਰ 'ਸੱਜਣ' ਉਹਨਾਂ ਖ਼ੁਦ 'ਤੇ ਨਾ ਅਜਿਹੀ 'ਕਿਰਪਾ' ਕਰ ਜਾਵੇ ਜੇਹੜੀ ਉਹਨਾਂ ਨੇ ਕਿਸੇ ਹੋਰ 'ਤੇ ਕਰਕੇ ਇਹ ਸਥਾਨ ਕਬਜ਼ੇ ਵਿਚ ਕੀਤਾ ਹੁੰਦਾ ਹੈ। ਕਸੂਰ ਪੂਰਾ ਉਹਨਾਂ ਦਾ ਵੀ ਨਹੀ; ਚੋਰ ਨੂੰ ਆਪਣਾ ਪਾਲ਼ਾ ਹੀ ਮਾਰਦਾ ਹੈ।

ਚੱਲਦੇ ਪ੍ਰਸੰਗ ਵਿਚ : ਕੁਝ ਦਹਾਕੇ ਪਹਿਲਾਂ, ਮੈ ਅਮ੍ਰੀਕਾ ਵਿਚ ਇਕ ਗੁਰਦੁਆਰਾ ਸਾਹਿਬ ਵਿਖੇ ਸਜੇ ਦੀਵਾਨ ਵਿਚ, ਇਹ ਸੰਤ ਜੀ ਵਾਲ਼ੀ ਸਾਖੀ ਸੁਣਾ ਦਿੱਤੀ। ਦੀਵਾਨ ਉਪ੍ਰੰਤ ਲੰਗਰ ਛਕਦਿਆਂ ਪ੍ਰਧਾਨ ਜੀ ਕਹਿਣ ਲੱਗੇ, "ਤੈਂ ਗਿਆਨੀ ਇਹ ਗੱਲ ਮੇਰੇ 'ਤੇ ਲਾਈ ਆ!" "ਲਾਈ ਤਾਂ ਮੈ ਕਿਸੇ 'ਤੇ ਨਹੀਂ ਪ੍ਰਧਾਨ ਸਾਹਿਬ!" ਮੈ ਉਤਰ ਵਿਚ ਉਚਰਿਆ; "ਪਰ ਜੇਕਰ ਤੁਹਾਡੇ ਮੇਚ ਆਉਂਦੀ ਏ ਤਾਂ ਤੁਸੀ ਰੱਖ ਲਓ; ਆਪਾਂ ਕੇਹੜਾ ਝਗੜਾ ਕਰਨਾ!" ਲਾਗੋਂ ਇਕ ਸ੍ਰੋਤੇ ਦੇ ਮੂੰਹੋਂ ਨਿਕਲ਼ ਗਿਆ, "ਲਓ ਕਰ ਲਓ ਘਿਓ ਨੂੰ ਘੜਾ!"

# ਗੱਲ ਕਵਿਤਾ ਦੀ

ਪੰਜਾਬ ਦੇ ਅਲਬੇਲੇ ਕਵੀ ਪ੍ਰੋਫ਼ੈਸਰ ਪੂਰਨ ਸਿੰਘ ਦੇ ਸ਼ਬਦਾਂ ਵਿਚ, "ਪਿਆਰ ਵਿਚ ਮੋਏ ਬੰਦਿਆਂ ਦੇ ਬੋਲ ਹੀ ਕਵਿਤਾ ਹਨ" ਅਨੁਸਾਰ ਸ਼ਾਇਦ ਪਿਆਰ ਦੇ ਹੁਲਾਰੇ ਵਿਹੂਣਾ ਵਿਦਵਾਨ ਕਵਿਤਾ ਨਾ ਹੀ ਰਚ ਸਕਦਾ ਹੋਵੇ। ਫਿਰ, "ਦਰਦ ਵਿਛੋੜੇ ਦਾ ਹਾਲ, ਨੀ ਮੈਂ ਕੈ ਨੂੰ ਆਖਾਂ!" ਦੇ ਬੋਲਾਂ ਰਾਹੀਂ ਇਹ ਮਨੁਖੀ ਦਿਲ ਦੀ ਹੂਕ ਹੀ ਹੈ ਜੋ ਕਵਿਤਾ ਦੇ ਰੂਪ ਨੂੰ ਸ਼ਬਦੀ ਜਾਮੇ ਵਿਚ ਪ੍ਰਗਟਾਉਂਦੀ ਹੈ। ਕਿਸੇ ਹਾਸਰਸੀ ਵਿਦਵਾਨ ਨੇ ਇਸ ਨੂੰ ਇਉਂ ਵੀ ਬਿਆਨਿਆ ਹੈ, "ਅਸਫਲ ਪਿਆਰ ਕਵਿਤਾ ਪੈਦਾ ਕਰਦਾ ਹੈ ਤੇ ਸਫਲ ਪਿਆਰ ਬੱਚੇ। ਇਹ ਕਿਸੇ ਪਾਸੋਂ ਸਿੱਖਿਆ ਜਾ ਸਕਣ ਵਾਲ਼ਾ ਹੁਨਰ ਨਹੀ। ਹਲ਼ ਜਾਂ ਤੇਸੇ ਵਰਗੇ ਸੰਦਾਂ ਨਾਲ਼ ਵੀ ਕਵਿਤਾ ਨਹੀ ਘੜੀ ਜਾ ਸਕਦੀ। ਇਹ ਤਾਂ ਜਨਮ ਸਾਖੀ ਅਨੁਸਾਰ, "ਛੇੜ ਮਰਦਾਨਿਆ ਰਬਾਬ, ਬਾਣੀ ਆਈ ਊ!" ਆਖ ਕੇ, "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ॥" ਉਚਾਰ ਕੇ, ਦੁਨਿਆਵੀ ਪ੍ਰਾਪਤੀਆਂ ਦੀ ਚਕਾ ਚੌਂਧ ਵਿਚ ਅਵੇਸਲੀ ਹੋਈ ਪਈ ਮਨੁਖਤਾ ਨੂੰ ਸਾਵਧਾਨ ਕਰਨ ਦਾ ਉਤਮ ਵਸੀਲਾ ਹੈ।

ਕਵਿਤਾ ਮਨੁਖ ਦੀ ਆਰੰਭਤਾ ਦੇ ਕਾਲ਼ ਤੋਂ ਕਿਸੇ ਨਾ ਕਿਸੇ ਰੂਪ ਵਿਚ ਰਚੀ ਜਾਂਦੀ ਰਹੀ ਹੈ। ਵਾਰਤਕ ਤਾਂ ਬਹੁਤ ਪਿਛਲੇ ਸਮੇ ਦੀ ਰਚਨਾ ਹੈ। ਦੁਨੀਆ ਦੀ ਸਭ ਤੋਂ ਪੁਰਾਣੀ ਵਜੂਦ ਵਿਚ ਆਈ ਪੁਸਤਕ 'ਰਿਗ ਵੇਦ' ਤੋਂ ਲੈ ਕੇ ਸਾਰਾ ਹੀ ਪੁਰਾਤਨ ਸਾਹਿਤ ਕਵਿਤਾ ਵਿਚ ਹੀ ਰਚਿਆ ਗਿਆ। ਸਤਿਗੁਰੂ ਨਾਨਕ ਪਾਤਿਸ਼ਾਹ ਤੋਂ ਲੈ ਕੇ ਭਾਈ ਵੀਰ ਸਿੰਘ ਜੀ ਤੱਕ, ਸਿੱਖ ਸਾਹਿਤ ਸਾਰੇ ਦਾ ਸਾਰਾ ਹੀ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦਸਮ ਗ੍ਰੰਥ, ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼ ਦੋਵੇਂ, ਗੁਰ ਬਿਲਾਸ ਦੋਵੇਂ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ਼ ਜੀ, ਰਹਿਤਨਾਮੇ, ਪਰਚੀਆਂ, ਬੰਸਾਵਲੀਨਾਮੇ ਆਦਿ ਜੋ ਵੀ ਪ੍ਰਾਚੀਨ ਸਿੱਖ ਸਾਹਿਤ ਹੈ, ਸਾਰਾ ਕਵਿਤਾ ਵਿਚ ਹੀ ਹੈ।

ਜਿਥੇ ਵਾਰਤਕ ਮਸਤਕ ਨੂੰ ਕੁਰੇਦਦੀ ਹੈ ਓਥੇ ਕਵਿਤਾ ਸਿਧੀ ਹਿਰਦੇ ਦੀਆਂ ਤਰਬਾਂ ਨੂੰ ਟੁੰਬਦੀ ਹੈ। ਵਾਰਤਕ ਜ਼ਬਾਨੀ ਯਾਦ ਰੱਖਣੀ ਤਕਰੀਬਨ ਅਸੰਭਵ ਦੇ ਨੇੜੇ ਜਾਪਦੀ ਹੈ ਪਰ ਕਵਿਤਾ ਨੂੰ ਯਾਦ ਰੱਖਣਾ ਮੁਕਾਬਲਤਨ ਕਿਤੇ ਸੁਖਾਲ਼ਾ ਹੈ। ਸਪਤ ਸਿੰਧੂ ਦੀ ਧਰਤੀ ਤੇ ਵਹਿ ਰਹੀਆਂ, ਅਠਖੇਲੀਆਂ ਕਰਦੀਆਂ ਨਦੀਆਂ ਦੇ ਪਵਿਤਰ ਕਿਨਾਰਿਆਂ ਉਪਰ ਬੈਠ ਕੇ, ਸਦੀਆਂ ਤੱਕ ਪੁਰਾਤਨ ਰਿਸ਼ੀਆਂ ਦੁਆਰਾ ਰਚਿਆ ਗਿਆ ਸਾਹਿਤ ਜ਼ਬਾਨੀ ਹੀ ਤੁਰਿਆ ਆ ਰਿਹਾ ਸੀ ਜਿਸ ਨੂੰ ਮਹਾਂ ਰਿਸ਼ੀ ਵਿਆਸ ਜੀ ਨੇ ਕਿਤਾਬੀ ਰੂਪ ਦਿਤਾ। ਫਿਰ ਸੰਤਾਂ, ਭਗਤਾਂ, ਗੁਰੂਆਂ, ਪੀਰਾਂ, ਫ਼ਕੀਰਾਂ, ਸੂਫ਼ੀਆਂ ਦੁਆਰਾ ਰਚਿਆ ਗਿਆ ਸਾਹਿਤ ਵੀ ਖਾਸਾ ਸਮਾ ਮੌਖਿਕ ਹੀ ਰਿਹਾ। ਵਾਰਤਕ ਵਿਚ ਅਜਿਹਾ ਹੋ ਸਕਣਾ ਸੰਭਵ ਨਹੀ ਸੀ। ਏਥੋਂ ਤੱਕ ਕਿ ਪੁਰਾਤਨ ਸੰਗੀਤਕ ਗ੍ਰੰਥਾਂ ਦੇ ਸ਼ਾਸਤਰੀ ਗਿਆਨ ਨੂੰ ਵੀ ਸਲੋਕਾਂ ਰਾਹੀਂ ਹੀ ਦਰਸਾਇਆ ਗਿਆ ਹੈ। ਹਕੀਮੀ ਦੇ ਗ੍ਰੰਥ ਵੀ ਕਵਿਤਾ ਵਿਚ ਹੀ ਰਚੇ ਜਾਂਦੇ ਸਨ।

ਛੰਦਾ ਬੰਦੀ ਕਵਿਤਾ ਦਾ ਬਾਹਰੀ ਰੂਪ ਹੈ; ਖਿਆਲਾਂ ਦੀ ਉਡਾਰੀ ਇਸ ਦੀ ਅਸਲੀਅਤ ਹੈ। ਚੰਗੇ ਸਰੀਰ ਨੂੰ ਜਿਵੇਂ ਢੁਕਵੇਂ, ਫੱਬਵੇਂ ਬਸਤਰਾਂ ਦੀ ਲੋੜ ਹੈ ਏਸੇ ਤਰ੍ਹਾਂ ਚੰਗੀ ਕਵਿਤਾ ਨੂੰ ਵੀ ਛੰਦਾ ਬੰਦੀ ਦੇ ਪਹਿਰਾਵੇ ਦੀ ਲੋੜ ਹੈ। ਇਸ ਦਾ ਮਤਲਬ ਇਹ ਨਹੀ ਕਿ ਤੋਲ ਤੁਕਾਂਤ ਰਹਿਤ ਕਵਿਤਾ ਹੋ ਹੀ ਨਹੀ ਸਕਦੀ ਤੇ ਕੇਵਲ ਤੋਲ ਤੁਕਾਂਤ ਹੀ ਕਵਿਤਾ ਹੋ ਸਕਦੀ ਹੈ। ਇਹ ਬਿਰਹੁੰ ਦੇ ਤੀਰਾਂ ਵਿੰਨ੍ਹੇ ਮਨ ਵਿਚੋਂ ਉਪਜੇ ਆਪ ਮੁਹਾਰੇ ਬੋਲ ਹਨ ਜੋ ਕਵਿਤਾ ਦੇ ਰੂਪ ਵਿਚ ਬੁਲ੍ਹਾਂ ਵਿਚੋਂ ਡੁਲ੍ਹ ਪੈਂਦੇ ਹਨ ਤੇ ਪ੍ਰੇਮ ਕੁੱਠੀ ਮੁਟਿਆਰ ਆਖ ਉਠਦੀ ਹੈ:

*ਨਿਤ ਨਵੀਆਂ ਮੈ ਜੋੜਾਂ ਬੋਲੀਆਂ ਬਹਿ ਕੇ ਉਤੇ ਬਨੇਰੇ।*
*ਆਪ ਮੁਹਾਰੇ ਬੋਲ ਨਿਕਲਣ ਵੱਸ ਨਹੀ ਕੁਝ ਮੇਰੇ।*

ਉਚ ਖਿਆਲ ਵਿਹੂਣੀ ਪਰ ਤੋਲ ਤੁਕਾਂਤ ਵਿਚ ਪੂਰੀ ਕਵਿਤਾ ਇਸ ਤਰ੍ਹਾਂ ਦੀ ਵੀ ਹੋ ਸਕਦੀ ਹੈ:

*ਕੱਸੀ ਉਤੇ ਬੈਠ ਕੇ ਕਬਿਤ ਜੋੜਦਾ।*
*ਰੱਬ ਦੀਆਂ ਲਿਖੀਆਂ ਨੂੰ ਕੌਣ ਮੋੜਦਾ।*
*ਬੀਜਿਆ ਸੀ ਤਾਰਾਮੀਰਾ ਖਾ ਗਈ ਹਰਨੀ।*
*ਪੁੱਟ ਕੇ ਗਵਾ ਗਈ ਗੰਗੋ ਬਾਜੀਗਰਨੀ।*
*ਚੁੱਕ ਲਿਆ ਮਾਈ ਦੁਧ ਵਾਲ਼ੀ ਕਾਹੜਨੀ।*
*ਅਸਾਂ ਕੇਹੜੀ ਦੁਧ ਦੀ ਲਟੈਣ ਚਾਹੜਨੀ।*
*ਛੱਪੜ ਕੰਢੇ ਬਹਿ ਕੇ ਅਸਾਂ ਡੱਡੂ ਮਾਰਿਆ।*
*ਧੰਨ ਬਾਬਾ ਧਿਆਨਾ ਜੀਹਨੇ ਕੰਮ ਸਾਰਿਆ।*

ਤੋਲ ਤਾਂ ਪੂਰਾ ਹੈ ਇਸ ਕਵਿਤਾ ਵਿਚ ਪਰ ਲਭਦਾ ਕੀ ਹੈ ਇਸ ਵਿਚੋਂ?

ਦੂਜੇ ਪਾਸੇ ਵੇਖੋ:

*ਖਗ ਖੰਡ ਬਿਹੰਡੰ, ਖਲ ਦਲ ਖੰਡੰ, ਅਤਿ ਰਣ ਮੰਡੰ, ਬਰ ਬੰਡੰ॥*
*ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨ ਪ੍ਰਭੰ॥*
*ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ, ਅਸ ਸਰਣੰ॥*
*ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ, ਮਮ ਪ੍ਰਤਿਪਾਰਣ, ਜੈ ਤੇਗੰ॥*

*(ਦਸਮ ਗ੍ਰੰਥ)*

ਫਿਰ ਜੇ ਕੋਈ ਪ੍ਰੋ. ਪੂਰਨ ਸਿੰਘ ਦੀ ਰੀਸ ਕਰਕੇ ਅਜਿਹੀ ਕਵਿਤਾ ਲਿਖਣ ਦਾ ਯਤਨ ਕਰੇ ਤਾਂ ਉਸ ਨੂੰ ਅਸੀਂ ਕਿੰਨਾ ਕੁ ਉਚੇਰੀ ਸੋਚ ਵਾਲ਼ਾ ਕਵੀ ਸਵੀਕਾਰਾਂਗੇ:

*ਸੜਕੇ ਸੜਕੇ ਜਾਂਦੀਓ ਕੁੜੀਓ*
*ਤੁਹਾਡੇ ਪਤਲੇ ਪਤਲੇ ਕੱਪੜੇ*
*ਛਣੁਣ ਦੀਆਂ ਚੁੰਨੀਆਂ*
*ਮੀਹ ਵਰ੍ਹਦਾ ਏ*
*ਹਵਾ ਵਗਦੀ ਏ*
*ਤੁਹਾਨੂੰ ਪਾਲ਼ਾ ਨਹੀ ਲਗਦਾ*
*ਭੱਜ ਜਾਓ ਘਰਾਂ ਨੂੰ।*

*ਜਦੋਂ ਕਿ ਪ੍ਰੋਫ਼ੈਸਰ ਦੇ ਬੋਲ ਇਉਂ ਹਨ:*

*ਇਹ ਬੇਪਰਵਾਹ ਜਵਾਨ ਪੰਜਾਬ ਦੇ*
*ਮੌਤ ਨੂੰ ਮਖ਼ੌਲਾਂ ਕਰਨ*
*ਪਿਆਰ ਨਾਲ਼ ਇਹ ਕਰਨ ਗੁਲਾਮੀ*
*ਪਰ ਟੈਂ ਨਾ ਮੰਨਣ ਕਿਸੇ ਦੀ*
*ਖਲੋ ਜਾਣ ਡਾਂਗ ਮੋਢੇ ਉਤੇ ਉਲਾਰ ਕੇ*
*ਧੁਰਾਂ ਥੀਂ ਆਜ਼ਾਦ ਕੀਤੇ*
*ਇਹ ਸਤਿਗੁਰ ਦੇ ਬੰਦੇ।*

ਜੇਕਰ ਖੁਲ੍ਹੀ ਕਵਿਤਾ ਦਾ ਆਦਰਸ਼ਕ ਰੂਪ ਵੇਖਣਾ ਹੋਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਇਸ ਦੇ ਵੀ ਦਰਸ਼ਨ ਕੀਤੇ ਜਾ ਸਕਦੇ ਹਨ। ਕਰੋ ਦਰਸ਼ਨ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਰਾਗ ਆਸਾ ਵਿਚ ਉਚਾਰੇ ਗਏ ਇਸ ਸ਼ਬਦ ਦੇ:

*ਭ੍ਰਮ ਮਹਿ ਸੋਈ ਸਗਲ ਧੰਧ ਅੰਧ॥ ਕੋਊ ਜਾਗੈ ਹਰਿ ਜਨੁ॥੧॥*
*ਮਹਾ ਮੋਹਨੀ ਮਗਨ ਪ੍ਰਿਅ ਪ੍ਰੀਤਿ ਪ੍ਰਾਨ॥ ਕੋਊ ਤਿਆਗੈ ਵਿਰਲਾ॥੨॥*
*ਚਰਨ ਕਮਲ ਆਨੂਪ ਹਰਿ ਸੰਤ ਮੰਤ॥ ਕੋਊ ਲਾਗੈ ਸਾਧੂ॥੩॥*
*ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ॥*
*ਵਡਭਾਗੇ ਕਿਰਪਾ॥੪॥੧॥੩੯॥ (ਪੰਨਾ ੩੮੦)*

ਮੇਰੇ ਖਿਆਲ ਵਿਚ ਕਵਿਤਾ ਕੋਈ ਸਿੱਖੀ ਜਾਣ ਵਾਲ਼ੀ ਵਸਤੂ ਨਾ ਹੋ ਕੇ ਕੋਈ 'ਉਤਰਨ' ਵਾਲ਼ੀ ਸ਼ੈ ਜਾਪਦੀ ਹੈ। ਹਾਂ, ਜੇ ਮੁਢਲੇ ਤੌਰ ਤੇ ਕਾਦਰ ਦੀ ਕੁਦਰਤ ਵੱਲੋਂ ਕਿਸੇ ਵਿਅਕਤੀ ਨੂੰ ਇਸ ਇਲਾਹੀ ਦਾਤ ਦਾ ਗੱਫਾ ਪ੍ਰਾਪਤ ਹੋਇਆ ਹੋਵੇ ਤਾਂ ਫਿਰ ਉਹ ਕਿਸੇ ਕਾਬਲ ਉਸਤਾਦ ਪਾਸੋਂ ਇਸ ਦੀ ਹੁਨਰੀ ਸਿਖਿਆ ਲੈ ਕੇ, ਆਪਣੇ ਇਸ ਹੁਨਰ ਨੂੰ ਵਧੇਰੇ ਚਮਕਾ ਸਕਣ ਦੇ ਯੋਗ ਹੋ ਸਕਦਾ ਹੈ। ਜਦੋਂ ਗੁਰੂ ਨਾਨਕ ਪਾਤਿਸ਼ਾਹ ਆਖਦੇ ਨੇ, "ਮਰਦਾਨਿਆ, ਛੇੜ ਰਬਾਬ, ਬਾਣੀ ਆਈ ਊ!" ਤਾਂ ਉਸ ਕਿਸੇ ਅਗੰਮੀ ਖਿਣ ਵਿਚ ਬਾਬਾ ਨਾਨਕ ਉਪਰ ਹੋਇਆ ਰੱਬੀ 'ਹੁਕਮ' ਉਹਨਾਂ ਦੀ ਰਸਨਾ ਦੁਆਰਾ, ਉਚਾਰਿਆ ਜਾ ਕੇ, ਭਾਈ ਮਰਦਾਨੇ ਦੇ ਰਬਾਬ ਦੀ ਤਾਰ ਦੀ ਸਹਾਇਤਾ ਨਾਲ਼ ਪਰਗਟ ਹੋ ਕੇ, ਇਸ ਸੰਸਾਰ ਦੇ ਜੀਵਾਂ ਦੀਆਂ ਤਪਦੀਆਂ ਰੂਹਾਂ ਨੂੰ ਸਰਸ਼ਾਰ ਕਰ ਦਿੰਦਾ ਹੈ। ਅਜਿਹੇ ਪ੍ਰੇਮ ਦੇ ਤੀਰਾਂ ਨਾਲ਼ ਵਿਧੇ ਬਚਨ ਸੁਣ ਕੇ ਸੱਜਣ ਵਰਗੇ ਸਹੀ ਸੱਜਣ ਤੇ ਕੌਡੇ ਵਰਗੇ ਸਹੀ ਮਨੁਖ ਬਣ ਜਾਂਦੇ ਨੇ। ਫਿਰ ਤਿਲੰਗ ਰਾਗ ਅੰਦਰ, ਭਾਈ ਲਾਲੋ ਜੀ ਨੂੰ ਸੰਬੋਧਨ ਕਰਦੇ ਹੋਏ ਬਾਬਾ ਜੀ ਆਪ ਹੀ ਤਾਂ ਆਖਦੇ ਨੇ:

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥ (੭੨੨)*

ਪੰਚਮ ਪਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਭਾਵ ਨੂੰ ਇਉਂ ਵੀ ਸਪੱਸ਼ਟਾਇਆ ਹੈ:

*ਹਉ ਆਪਹੁੰ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥ (੭੬੩)*

## ਪਰਲੋਕਵਾਸੀ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਨਿਜੀ ਵਫ਼ਾਦਾਰ ਪੰਜ ਸਿੱਖਾਂ ਦਾ ਸਨਮਾਨ

ਹੈਰਾਨੀ ਹੋਵੇਗੀ ਪਾਠਕਾਂ ਨੂੰ ਉਪ੍ਰੋਕਤ ਅਜੀਬ ਜਿਹਾ ਸਿਰਲੇਖ ਪੜ੍ਹ ਕੇ। ਬਹੁਤੇ ਪਾਠਕ ਸ਼ਾਇਦ ਜਾਣੂ ਵੀ ਹੋਣ ਇਸ ਜਾਣਕਾਰੀ ਤੋਂ ਜੋ ਮੈ ਅੱਗੇ ਜਾ ਕੇ ਲਿਖ ਰਿਹਾ ਹਾਂ ਕਿਉਂਕਿ ਇਹ ਕੁਝ ਸਾਡੀ ਹਯਾਤੀ ਵਿਚ ਹੀ ਵਾਪਰਿਆ ਹੈ।

੧੯੭੧ ਵਿਚ ਬੰਗਲਾ ਦੇਸ਼ ਦੀ ਕਾਇਮੀ ਪਾਕਿਸਤਾਨ ਨੂੰ ਹਰਾ ਕੇ ਜੋ ਕੀਤੀ ਸੀ ਉਸ ਨੂੰ ਬਹਾਨਾ ਬਣਾ ਕੇ, ਲੋਕ ਸਭਾ ਦੀਆਂ ਚੋਣਾਂ ਜਿਤ ਲਈਆਂ। ਲੋਕਾਂ ਦੀ ਹਾਲਤ ਨਾ ਬਦਲ ਸਕਣ ਕਾਰਨ, ਲੋਕ ਕਾਂਗਰਸ ਸਰਕਾਰ ਤੋਂ ਬਦਜ਼ਨ ਹੋ ਚੁਕੇ ਸਨ ਤੇ ਲੋਕ ਨਾਇਕ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਿਚ ਰੋਹ ਦਾ ਪ੍ਰਗਟਾਵਾ ਕਰ ਰਹੇ ਸਨ। ਓਧਰੋਂ ਅਲਾਬਾਦ ਹਾਈ ਕੋਰਟ ਨੇ ਇੰਦਰਾ ਗਾਂਧੀ ਦੀ ਲੋਕ ਸਭਾ ਦੀ ਚੋਣ ਨੂੰ ਨਾਜਾਇਜ਼ ਕਰਾਰ ਦੇ ਕੇ ਉਸ ਦੀ ਬਿਪਤਾ ਵਿਚ ਵਾਧਾ ਕਰ ਦਿਤਾ। ਇਸ ਸਾਰੇ ਝਮੇਲੇ ਤੋਂ ਬਚਣ ਲਈ ਇੰਦਰਾ ਨੇ ਦੇਸ਼ ਵਿਚ ਐਮਰਜੈਂਸੀ ਲਾ ਦਿਤੀ।

ਵਿਰੋਧੀ ਪਾਰਟੀਆਂ ਦੇ ਲੀਡਰ, ਸਮੇਤ ਕੁਝ ਬਾਗ਼ੀ ਸੁਰ ਰੱਖਣ ਵਾਲੇ ਕਾਂਗਰਸੀਆਂ ਦੇ, ਫੜ ਫੜ ਜੇਹਲਾਂ ਵਿਚ ਤੁੰਨਣੇ ਸ਼ੁਰੂ ਕਰ ਦਿਤੇ ਪਰ ਅਕਾਲੀਆਂ ਨੂੰ ਕੁਝ ਨਾ ਆਖਿਆ ਸਗੋਂ ਪ੍ਰੈਸ ਵਿਚ 'ਸਮਝੌਤੇ' ਦੀਆਂ ਖ਼ਬਰਾਂ ਉਡਾਉਣੀਆਂ ਸ਼ੁਰੂ ਕਰ ਦਿਤੀਆਂ। ਗੁਪਤ ਮੁਲਾਕਾਤਾਂ ਵੀ ਸੰਜੇ ਗਾਂਧੀ ਅਤੇ ਅਕਾਲੀ ਲੀਡਰਾਂ ਵਿਚਕਾਰ ਹੋਣ ਦੀਆਂ ਆਵਾਈਆਂ ਪ੍ਰੈਸ ਵਿਚ ਉਛਾਲ਼ੀਆਂ ਗਈਆਂ । ਪੇਸ਼ਕਸ਼ਾਂ: ਪੰਜਾਬ ਵਿਚ ਤੁਸੀਂ ਵੱਡੇ ਤੇ ਅਸੀਂ ਛੋਟੇ, ਹਿੰਦ ਵਿਚ ਅਸੀਂ ਵੱਡੇ ਤੇ ਤੁਸੀਂ ਛੋਟੇ ਭਰਾ। ਪੰਜਾਬ ਦੀ ਸਰਕਾਰ ਅਧੋ ਅਧ, ਗਵਾਂਢੀ ਸੂਬਿਆਂ ਵਿਚ ਪੰਜਾਬੀ, ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕਿਆਂ ਦੀ ਸਮੱਸਿਆ ਆਦਿ ਮਸਲਿਆਂ ਦਾ ਹੱਲ ਤੁਹਾਡੀ ਤਸੱਲੀ ਅਨੁਸਾਰ ਕਰ ਦਿਤਾ ਜਾਵੇਗਾ ਆਦਿ…

ਇਸ ਦੌਰਾਨ ਅੰਮ੍ਰਿਤਸਰ ਜੇਹਲੋਂ, ਉਸ ਸਮੇ ਦੇ ਉਘੇ ਜਨਸੰਘੀ ਆਗੂ, ਪੰਡਤ ਯੱਗ ਦੱਤ ਸ਼ਰਮਾ ਦੀ ਚਿਠੀ ਤੇ ਤਰਲੇ ਮਿਨਤਾਂ, ਸ. ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਨਾਂ ਪੁਜਣੇ ਸ਼ੁਰੂ ਹੋ ਗਏ। ਗੁਰੂ ਤੇਗ ਬਹਾਦਰ ਜੀ ਦਾ ਵਾਸਤਾ ਪਾ ਕੇ ਆਖਿਆ ਗਿਆ ਕਿ ਉਹਨਾਂ ਵਾਂਗ ਸਾਡੀ ਬਹੁੜੀ ਕਰੋ। ਅਕਾਲੀਆਂ ਨੇ ਆਪਣੀ ਆਦਤ ਮੁਤਾਬਕ, ਅਜਿਹੇ ਹਾਲਾਤ ਵਿਚ ਐਮਰਜੈਂਸੀ ਦੇ ਖ਼ਿਲਾਫ਼ ਮੋਰਚਾ ਸ਼ੁਰੂ ਕਰ ਦਿਤਾ। ਉਸ ਸਮੇ ਜਦੋਂ ਕਿ ਚਾਰੇ ਪਾਸੇ ਇੰਦਰਾ ਦੀ ਤੂਤੀ ਬੋਲਦੀ ਸੀ ਤੇ ਸੰਜੇ ਗਾਂਧੀ ਹਿੰਦੁਸਤਾਨ ਦਾ ਬੇਤਾਜ ਬਾਦਸ਼ਾਹ ਬਣ ਚੁਕਿਆ ਸੀ, ਅਕਾਲੀਆਂ ਨੇ ਸਾਰੇ ਦੇਸ਼ ਵਿਚ ਸਹੀ ਲੋਕਰਾਜ ਦੀ ਸਥਾਪਤੀ ਤੇ ਸਲਾਮਤੀ ਹਿਤ ਸ਼ਾਂਤਮਈ ਮੋਰਚਾ ੧੯ ਮਹੀਨੇ ਜਾਰੀ ਰਖਿਆ। ਪੰਝੀ ਹਜ਼ਾਰ ਦੇ ਕਰੀਬ ਅਕਾਲੀ ਜੇਹਲਾਂ ਵਿਚ ਸਨ ਜਦੋਂ ਇੰਦਰਾ ਨੇ ਐਮਰਜੈਂਸੀ ਉਠਾ ਕੇ ਚੋਣਾਂ ਦਾ ਐਲਾਨ ਕਰ ਦਿਤਾ। ਇਹ ਇਕ ਵੱਖਰਾ ਤੇ ਵਿਸ਼ਾਲ ਵਿਸ਼ਾ ਹੈ ਕਿ ਅਕਾਲੀਆਂ ਦੇ ਇਸ ਐਮਰਜੈਂਸੀ

ਵਿਰੋਧੀ ਮੋਰਚੇ ਤੋਂ ਖ਼ਫ਼ਾ ਹੋ ਕੇ, ਇੰਦਰਾ ਗਾਂਧੀ ਨੇ ਅਕਾਲੀਆਂ ਨੂੰ 'ਸਬਕ ਸਿਖਾਉਣ' ਲਈ ਦਿਲ ਵਿਚ ਪੱਕੀ ਠਾਣ ਲਈ ਤੇ ਨਤੀਜੇ ਵਜੋਂ ੧੯੮੪ ਦੀਆਂ ਦੁਰਘਟਨਾਵਾਂ ਘਟੀਆਂ। ਇਸ ਤਰ੍ਹਾਂ ਨਾ ਕੇਵਲ ਇਕੱਲੇ ਅਕਾਲੀ ਹੀ ਸਬਕ ਸਿੱਖੇ ਬਲਕਿ ਸਾਰੀ ਸਿੱਖ ਕੌਮ ਹੀ, ਇਸ ਬਦਲਾ ਲਊ ਕੋਝੀ ਕਾਰਵਾਈ ਸਦਕਾ 'ਸਬਕ' ਸਿੱਖ ਗਈ।

ਤਿਹਾੜ ਜੇਹਲ ਵਿਚ, ਜਿਥੇ ਕਿ ਬਹੁਤ ਸਾਰੇ ਆਗੂ, ਸਣੇ ਅਕਾਲੀਆਂ ਦੇ, ਬੰਦ ਕੀਤੇ ਹੋਏ ਸਨ, ਸ. ਆਤਮਾ ਸਿੰਘ ਵਰਗੇ ਪ੍ਰੌੜ੍ਹ ਅਕਾਲੀਆਂ ਦੇ ਉਦਮ ਨਾਲ਼ ਵੱਖ ਵੱਖ ਟੋਲਿਆਂ ਵਿਚ ਵੰਡੇ ਹੋਏ ਟੁੱਟ-ਪੁੰਜੀਏ ਲੀਡਰਾਂ ਨੇ, ਇੱਕਠੇ ਹੋ ਕੇ 'ਜਨਤਾ ਪਾਰਟੀ' ਕਾਇਮ ਕੀਤੀ ਤੇ ਇਸ ਦੇ ਪਲੇਟਫਾਰਮ ਤੇ ਇਕੱਠੇ ਹੋ ਕੇ ਇਲੈਕਸ਼ਨ ਲੜੀ ਤੇ ਕਾਂਗਰਸ ਪਾਰਟੀ ਦੀ ਫੱਟੀ ਪੋਚ ਕੇ ਰੱਖ ਦਿਤੀ। ਏਥੋਂ ਤੱਕ ਕਿ ਦੋਵੇਂ ਮਾਂ ਪੁੱਤ ਵੀ ਸੰਸਦ ਵਿਚ ਨਾ ਪੁਜ ਸਕੇ।

ਜਨਤਾ ਪਾਰਟੀ, ਜੋ ਕਿ ਜਨਸੰਘ, ਜ਼ੀਰੋ ਕਾਂਗਰਸ, ਕਈ ਸੋਸ਼ਲਿਸਟ ਪਾਰਟੀਆਂ, ਲੋਕ ਦਲ, ਜ਼ਿਮੀਦਾਰਾ ਯੂਨੀਅਨ, ਬੰਗਲਾ ਕਾਂਗਰਸ, ਉੜੀਆ ਕਾਂਗਰਸ, ਜਗਜੀਵਨ ਰਾਮ ਦੀ ਕਾਂਗਰਸ, ਆਦਿ ਕਈ ਪਾਰਟੀਆਂ ਰਲ਼ ਕੇ, ਵਜੂਦ ਵਿਚ ਆਈ ਸੀ, ਦੀ, ਮੁਰਾਰ ਜੀ ਡਿਸਾਈ ਦੀ ਅਗਵਾਈ ਹੇਠ ਸਰਕਾਰ ਬਣੀ। ੧੯੭੯ ਦੀਆਂ ਗਰਮੀਆਂ ਵਿਚ, ਇੰਦਰਾ ਗਾਂਧੀ ਨੇ ਚੌਧਰੀ ਚਰਨ ਸਿੰਘ ਨੂੰ ਅੱਗੇ ਲਾ ਕੇ ਡਿਸਾਈ ਨੂੰ ਧੋਬੀ ਪਟੜਾ ਮਾਰ ਕੇ, ਜਨਤਾ ਪਾਰਟੀ ਦੀ ਸਰਕਾਰ ਨੂੰ, ਦੋ ਢਾਈ ਸਾਲਾਂ ਵਿਚ ਹੀ ਮੂਧੇ ਮੂੰਹ ਮਾਰਿਆ। ੧੯੮੦ ਵਿਚ ਦੋਬਾਰਾ ਚੋਣਾਂ ਕਰਵਾ ਕੇ ਇੰਦਰਾ ਗਾਂਧੀ ਮੁੜ ਪ੍ਰਧਾਨ ਮੰਤਰੀ ਬਣ ਬੈਠੀ।

ਇਸ ਸਾਰੇ ਸਮੇ ਦੌਰਾਨ ਪੰਜ ਸਿੱਖਾਂ ਨੇ ਇੰਦਰਾ ਦਾ ਪੂਰਾ ਸਾਥ ਨਿਭਾਇਆ। ਉਹ ਪੰਜ ਸਨ: ਗਿਆਨੀ ਜ਼ੈਲ ਸਿੰਘ, ਸ. ਦਰਬਾਰਾ ਸਿੰਘ. ਸ. ਬੂਟਾ ਸਿੰਘ, ਸ. ਖ਼ੁਸ਼ਵੰਤ ਸਿੰਘ ਅਤੇ ਐਮਰਜੈਂਸੀ ਡਿਕਲੇਅਰ ਹੋਣ ਉਪ੍ਰੰਤ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਦਿੱਲੀ ਦੇ ਸਿੱਖ ਲੀਡਰ, ਜ. ਸੰਤੋਖ ਸਿੰਘ ਨੇ ਵੀ ਸਾਥੀਆਂ ਸਣੇ ਇੰਦਰਾ ਦੇ ਦਰਵਾਜੇ ਤੇ 'ਇੰਦਰਾ ਗਾਂਧੀ ਜ਼ਿੰਦਾਬਾਦ' ਜਾ ਉਚਾਰੀ।

ਗੱਦੀ ਤੇ ਕਬਜ਼ਾ ਕਰਨ ਪਿਛੋਂ ਹੁਣ ਆਇਆ ਸਮਾ ਇੰਦਰਾ ਵੱਲੋਂ ਆਪਣੇ ਉਹਨਾਂ ਹਿਮਾਇਤੀਆਂ ਨੂੰ ਬਖ਼ਸ਼ਿਸ਼ਾਂ ਕਰਨ ਦਾ ਜਿਨ੍ਹਾਂ ਨੇ ਔਖੇ ਦਿਨਾਂ ਵਿਚ ਵੀ ਉਸ ਦਾ ਸਾਥ ਨਹੀ ਸੀ ਛੱਡਿਆ। ਹੋਰਨਾਂ ਦਾ ਜ਼ਿਕਰ ਨਾ ਕਰਕੇ ਏਥੇ ਸਿਰਫ ਮੁਖੀ ਪੰਜ ਸਿੱਖਾਂ ਦਾ ਹੀ ਜ਼ਿਕਰ ਕੀਤਾ ਜਾਵੇਗਾ ਜਿਨ੍ਹਾਂ ਨੂੰ ਬੀਬੀ ਨੇ ਉਹਨਾਂ ਦੀ ਵਫ਼ਾਦਾਰੀ ਦਾ ਇਨਾਮ ਦਿਤਾ। ਪਾਰਲੀਮੈਂਟ ਦੀਆਂ ਚੋਣਾਂ ਜਿਤ ਕੇ ਪਹਿਲੇ ਮੰਤਰੀ ਮੰਡਲ ਵਿਚ, ਗਿਆਨੀ ਜ਼ੈਲ ਸਿੰਘ ਨੂੰ ਗ੍ਰਿਹ ਮੰਤਰੀ ਅਤੇ ਸ. ਬੂਟਾ ਸਿੰਘ ਨੂੰ ਮੰਤਰੀ ਬਣਾਇਆ ਗਿਆ। ਫੇਰ ਧਾਰਾ ੩੫੬ ਦੀ ਦੁਰਵਰਤੋਂ ਕਰਦਿਆਂ, ਬਹੁਮਤ ਹੋਣ ਦੇ ਬਾਵਜੂਦ ਵੀ, ਪੰਜਾਬ ਦੀ ਅਕਾਲੀ-ਜਨਤਾ ਸਰਕਾਰ ਨੂੰ ਭੰਗ ਕਰਕੇ ਚੋਣਾਂ ਕਰਵਾਈਆਂ ਜਿਸ ਵਿਚ ਜਿਤ ਹੋਣ ਉਪ੍ਰੰਤ ਕਾਂਗਰਸੀ ਸਰਕਾਰ ਬਣੀ ਤੇ ਮੁਖ ਮੰਤਰੀ ਦਾ ਪਦ ਦੇ ਕੇ, ਸ. ਦਰਬਾਰਾ ਸਿੰਘ ਨੂੰ ਨਿਵਾਜਿਆ ਗਿਆ। ਸ. ਖ਼ੁਸ਼ਵੰਤ ਸਿੰਘ ਨੂੰ ਰਾਜ ਸਭਾ ਦੀ ਮੈਬਰੀ ਤੇ ਕੋਈ ਹੋਰ ਲਾਰਾ ਲਾ ਕੇ ਵਰਚਾ ਲਿਆ ਗਿਆ।

ਹੁਣ ਪੰਜਵਾਂ ਰਹਿ ਗਿਆ ਜਥੇਦਾਰ ਸੰਤੋਖ ਸਿੰਘ। ਯਾਦ ਰਹੇ ਕਿ ਜ. ਸੰਤੋਖ ਸਿੰਘ ਜੀ ਬਹੁਤ ਸਮਾ ਦਿੱਲੀ ਗੁਰਦੁਆਰਿਆਂ ਤੇ ਕਾਬਜ ਰਹੇ ਸਨ ਜਿਨ੍ਹਾਂ ਨੂੰ ਓਥੋਂ ਖਦੇੜਨ ਦਾ ਕਾਰਜ, ਇੰਦਰਾ ਗਾਂਧੀ ਨੇ ਸਰਦਾਰਨੀ ਨਿਰਲੇਪ ਕੌਰ ਨੂੰ ਮੋਹਰੇ ਲਾ ਕੇ, ੧੯੭੧ ਵਿਚ ਪੂਰਾ ਕੀਤਾ ਸੀ। ਅਕਾਲੀਆਂ ਦੇ ਮੋਰਚੇ ਕਾਰਨ ਫੇਰ ਸਰਕਾਰ ਨੂੰ ਦਿੱਲੀ ਗੁਰਦੁਆਰਾ ਐਕਟ ਬਣਾਉਣ ਲਈ ਮਜਬੂਰ ਹੋਣਾ ਪਿਆ। ਪਰ ਇਹ ਯਕੀਨੀ ਬਣਾਉਣ ਲਈ ਕਿ ਜਥੇਦਾਰ ਜੀ ਫੇਰ ਨਾ ਗੁਰਦੁਆਰਾ ਪ੍ਰਬੰਧ ਤੇ ਕਾਬਜ ਹੋ ਜਾਣ, ਐਕਟ ਵਿਚ ਘਟੋ ਘਟ ਵਿਦਿਅਕ ਯੋਗਤਾ ਦੀ ਇਕ ਮੱਦ ਰੱਖਵਾ ਲਈ ਤਾਂ ਕਿ ਉਹ ਕਾਨੂੰਨੀ ਤੌਰ ਤੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ, ਸਕੱਤਰ ਆਦਿ ਨਾ ਬਣ ਸਕਣ। ਜਥੇਦਾਰ ਜੀ ਦੀ ਸਕੂਲੀ ਵਿਦਿਆ ਸ਼ਾਇਦ ਨਾਂਹ ਦੇ ਬਰਾਬਰ ਹੀ ਸੀ ਜਦੋਂ ਕਿ ਐਕਟ ਅਨੁਸਾਰ ਘਟੋ ਘਟ ਦਸਵੀਂ ਜਾਂ ਗਿਆਨੀ ਪਾਸ ਹੋਣਾ ਲਾਜ਼ਮੀ ਕਰ ਦਿਤਾ। ਉਸ ਐਕਟ ਅਧੀਨ ਹੁੰਦੀਆਂ ਚੋਣਾਂ ਰਾਹੀਂ ਮੈਬਰ ਤਾਂ ਜਥੇਦਾਰ ਜੀ ਚੁਣੇ ਜਾਂਦੇ ਰਹੇ ਤੇ ਅਕਾਲੀ ਦਲ ਵਿਚ ਜੋਰ ਹੋਣ ਕਰਕੇ ਪੰਥਕ ਪਾਰਟੀ ਦੇ ਲੀਡਰ ਵੀ ਬਣ ਜਾਂਦੇ ਰਹੇ ਪਰ ਪ੍ਰਧਾਨ, ਸਕੱਤਰ ਆਦਿ ਦੇ ਅਹੁਦਿਆਂ ਨੂੰ ਪ੍ਰਾਪਤ ਨਹੀ ਸਨ ਕਰ ਸਕਦੇ। ਹੁਣ ਇੰਦਰਾ ਦਾ ਰਾਜ ਸੀ ਤੇ ਉਹ ਆਪਣੇ ਵਫ਼ਾਦਾਰ ਦੀ ਇਛਾ ਅਨੁਸਾਰ ਉਸ ਨੂੰ ਕਮੇਟੀ ਦੀ ਪ੍ਰਧਾਨਗੀ ਦੇਣਾ ਚਾਹੁੰਦੀ ਸੀ। ਇਸ ਲਈ ਉਸ ਨੇ ਆ ਰਹੀ ਅਹੁਦੇਦਾਰਾਂ ਦੀ ਚੋਣ ਰੋਕ ਕੇ, ਰਾਸ਼ਟਰਪਤੀ ਤੋਂ ਆਰਡੀਨੈਸ ਜਾਰੀ ਕਰਵਾ ਕੇ, ਉਸ ਆਰਡੀਨੈਸ ਰਾਹੀਂ, ਦਿੱਲੀ ਗੁਰਦਆਰਾ ਐਕਟ ਵਿਚ ਆਪੇ ਰਖਵਾਈ ਵਿਦਿਅਕ ਯੋਗਤਾ ਵਾਲ਼ੀ ਕਲਾਜ਼ ਨੂੰ ਹਟਵਾ ਕੇ, ਚੋਣ ਕਰਵਾਈ ਤੇ ਜਥੇਦਾਰ ਜੀ ਨੂੰ ਪ੍ਰਧਾਨ ਬਣਵਾਇਆ।

ਇਸ ਤਰ੍ਹਾਂ ਬੀਬੀ ਨੇ ਆਪਣੇ ਵਫ਼ਾਦਾਰ ਸਿੱਖਾਂ ਵੱਲੋਂ ਨਿਜੀ ਤੌਰ ਤੇ ਕੀਤੀ ਗਈ ਸੇਵਾ ਦਾ ਇਵਜ਼ਾਨਾ ਉਹਨਾਂ ਨੂੰ ਅਹੁਦਿਆਂ ਨਾਲ਼ ਨਿਵਾਜ ਕੇ ਦਿਤਾ।

## ਦੋ ਦਿਲਚਸਪ ਦ੍ਰਿਸ਼

ਕੁਝ ਸਾਲ ਦੀ ਗੱਲ ਹੈ ਕਿ ਪਰਦੇਸਾਂ ਵਿਚੋਂ ਇਕ ਦੇਸ ਦੀ ਧਾਰਮਿਕ ਸੰਸਥਾ ਵਿਚ ਵਰਤਿਆ ਇਕ ਵਾਕਿਆ ਵੇਖ ਕੇ, ਮੈਨੂੰ ੪੦ ਸਾਲ ਪਹਿਲਾਂ ਦਾ ਇਕ ਵਾਕਿਆ ਯਾਦ ਆ ਗਿਆ। ਉਹ ਬਾਅਦ ਵਿਚ ਦੱਸੂੰਗਾ ਪਹਿਲਾਂ ਇਹ ਹੀ ਸੁਣ ਲਵੋ।

ਇਕ ਮਹੱਤਵਪੂਰਣ ਦੇਸ਼ ਦੀ ਸਭ ਤੋਂ ਵਡੀ ਧਾਰਮਿਕ ਸੰਸਥਾ ਦੀਆਂ ਸਾਲਾਨਾ ਚੋਣਾਂ ਸਨ। ਦੋਵੇਂ ਧਿਰਾਂ ਤਨ, ਮਨ, ਧਨ ਨਾਲ਼ ਆਹਮੋ ਸਾਹਮਣੇ ਡਟੀਆਂ ਹੋਈਆਂ ਸਨ। ਤਿੰਨਾਂ ਵਿਚੋਂ ਦੋ ਗਰੁੱਪ ਰਲ਼ ਕੇ ਇਕ ਪਾਸੇ ਹੋ ਗਏ ਤੇ ਇਕ ਗਰੁਪ ਇਕ ਪਾਸੇ। ਇਉਂ ਮੇਰੇ ਵਰਗੇ ਆਮ ਬੰਦੇ ਦੀ ਸੋਚ ਸੀ ਕਿ ਜਿਸ ਪਾਸੇ ਦੋ ਗਰੁਪ ਹੋ ਗਏ ਹਨ ਉਹ ਪਾਸਾ ਭਾਰਾ ਹੋ ਜਾਵੇਗਾ। ਦੋਹਾਂ ਧਿਰਾਂ ਵੱਲੋਂ ਸਭ ਕੁਝ ਦਾ ਤੇ ਲਾ ਦਿਤਾ ਗਿਆ। ਗੁਰਦੁਆਰੇ ਦੀ ਸੇਵਾ ਸੰਭਾਲ ਉਪਰ ਕਬਜ਼ਾ ਕਰਨ ਲਈ ਲੜਾਈ ਸ਼ੁਰੂ ਹੋ ਗਈ। ਲੜਾਈ ਚਾਹੇ ਸ਼ਸਤਰਾਂ ਨਾਲ਼ ਲੜੀ ਜਾਵੇ ਤੇ ਚਾਹੇ ਪਰਚੀਆਂ ਨਾਲ਼, ਹੈ ਤਾਂ ਲੜਾਈ ਹੀ। ਸਿਆਣੇ ਆਖਦੇ ਨੇ ਕਿ ਜਾਰੀ (ਯਾਰੀ ਨਹੀ) ਤੇ ਲੜਾਈ ਵਿਚ ਹਰ ਹਥਿਆਰ ਵਰਤ ਲੈਣਾ ਜਾਇਜ ਹੀ ਸਮਝਿਆ ਜਾਂਦਾ ਹੈ। ਲੜਾਈ ਵਿਚ ਸਭ ਤੋਂ ਪਹਿਲੀ ਮੌਤ ਸੱਚ ਦੀ ਹੀ ਹੁੰਦੀ ਹੈ। ਇਹ ਲੜਾਈ ਕਾਹਦੇ ਲਈ ਸੀ? ਇਕ ਗਰੁਪ ਵੱਲੋਂ ਦੂਜੇ ਗਰੁਪ ਪਾਸੋਂ ਗੁਰਦੁਆਰੇ ਦੀ ਸੇਵਾ ਖੋਹਣ ਲਈ। ਕਾਬਜ ਗਰੁਪ ਸਾਰੇ ਵਸੀਲੇ ਵਰਤ ਕੇ ਆਪਣਾ ਕਬਜਾ ਕਾਇਮ ਰੱਖਣ ਲਈ ਤਿਆਰ ਬਰ ਤਿਆਰ ਸੀ। ਸੋ ਹਾਲਤ, "ਦੋਹੀਂ ਦਲੀਂ ਮੁਕਾਬਲਾ, ਰਣ ਮਚਿਆ ਭਾਰੀ॥" ਵਾਲ਼ੀ ਹੋ ਗਈ। ਵੈਸੇ ਹਰੇਕ ਲੜਾਈ ਵਿਚ ਹਰੇਕ ਗਰੁਪ ਖ਼ੁਦ ਨੂੰ ਸਹੀ ਤੇ ਦੂਜੇ ਨੂੰ ਗ਼ਲਤ ਆਖਦਾ ਹੀ ਹੈ; ਇਹ ਕੋਈ ਨਵੀ ਗੱਲ ਨਹੀ। ਲੜਾਈ ਹੁੰਦੀ ਹੀ ਓਦੋਂ ਹੈ ਜਦੋਂ ਦੋਵੇਂ ਧਿਰਾਂ ਖ਼ੁਦ ਨੂੰ ਸਹੀ ਤੇ ਦੂਸਰੇ ਨੂੰ ਗ਼ਲਤ ਸਮਝਦੀਆਂ ਹੋਣ; ਤੇ ਨਾਲ਼ ਇਹ ਵੀ ਸਮਝਦੀਆਂ ਹੋਣ ਕਿ ਉਹਨਾਂ ਦੀ ਜਿੱਤ ਯਕੀਨੀ ਹੈ। ਹਾਰਨ ਵਾਲੀ ਲੜਾਈ ਲੜ ਕੇ ਖ਼ੁਸ਼ੀ ਨਾਲ਼ 'ਸ਼ਹੀਦ' ਕੋਈ ਵਿਰਲਾ ਹੀ ਬਣਨਾ ਚਾਹੁੰਦਾ ਹੈ। ਭਾਵੇਂ ਹਾਰ ਜਾਣ ਤੋਂ ਪਿਛੋਂ ਹਰ ਹਾਰਨ ਵਾਲਾ ਖ਼ੁਦ ਨੂੰ ਸੱਚਾ ਸ਼ਹੀਦ ਸਮਝਦਾ ਹੈ ਤੇ ਜੇਤੂ ਨੂੰ ਹੇਰਾ ਫੇਰੀ ਨਾਲ਼ ਜਿੱਤ ਜਾਣ ਵਾਲਾ। ਖ਼ੁਦ ਨੂੰ ਸਹੀ ਸਮਝ ਕੇ ਦੂਜਿਆਂ ਨੂੰ ਸਮਝਾਉਣ ਵਾਲ਼ਾ ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਦੇ ਯਤਨ ਵਿਚ ਚਾਹੇ ਕੁਝ ਵੀ ਆਖੀ ਜਾਵੇ ਪਰ ਇਹ ਗੱਲ ਤਾਂ ਪ੍ਰਤੱਖ ਹੈ:

*ਜਿਸ ਹਥਿ ਜੋਰ ਕਰਿ ਵੇਖੈ ਸੋਇ॥ (ਜਪੁ ਜੀ)*

ਮੇਰੇ ਵੇਖਦਿਆਂ ਹੀ ਵੇਖਦਿਆਂ ਇਹ ਸੰਸਥਾ 'ਕੁਝ ਵੀ ਨਾ' ਤੋਂ ਏਥੇ ਤੱਕ, ਗੁਰੂ ਦੀ ਕਿਰਪਾ ਤੇ ਗੁਰੂ ਦੀਆਂ ਸੰਗਤਾਂ ਵੱਲੋਂ ਕੀਤੀ ਗਈ ਤਨ, ਮਨ, ਧਨ ਦੀ ਸੇਵਾ ਨਾਲ਼ ਪਹੁੰਚੀ ਹੈ। ਹੁਣ ਏਥੇ ਲੜਾਈ ਏਥੋਂ ਦੇ ਵਸੀਲਿਆਂ ਨੂੰ ਆਪਣੇ ਕਬਜ਼ੇ ਵਿਚ ਕਰਕੇ, ਆਪਣੇ ਲਾਭ ਹਿਤ ਵਰਤਣ ਲਈ ਹੈ। ਇਹ ਕੋਈ ਨਵੀ ਗੱਲ ਨਹੀ; ਸਾਰੇ ਥਾਂ ਏਹੋ ਹੀ ਹਾਲ ਹੈ। "ਜਿਹੋ ਜਿਹਾ ਗੰਡੀਵਿੰਡ ਓਹੋ ਜਿਹਾ ਅਗਲਾ ਪਿੰਡ।" ਜੋ ਡਾਂਗ ਸੋਟਾ ਅੰਮ੍ਰਿਤਸਰ ਵਿਚ ਚੱਲਦਾ ਹੈ ਓਹੋ ਜਿਹਾ ਗਤਕਾ ਹੀ ਲੰਡਨ ਵਿਚ ਖੇਡਿਆ ਜਾਂਦਾ ਹੈ। ਜੋ ਨਿਯੂ ਯਾਰਕ ਵਿਚ ਦੌਰੀ ਕੂੰਡਾ ਖੜਕਦਾ ਹੈ ਓਹੋ ਜਿਹਾ ਗਾਹਲੀ ਗਲੋਚ ਹੀ ਵੈਨਕੂਵਰ ਵਿਚ ਹੁੰਦਾ ਹੈ। ਲਾਸ ਏਂਜਲਸ, ਔਕਲੈਂਡ, ਸਿਡਨੀ ਆਦਿ ਵਿਚ ਕੋਈ ਹੋਰ ਰੱਬ ਨਹੀ ਹੈ। ਇਹਨਾਂ ਥਾਵਾਂ ਤੇ ਵੀ ਗੁਰਦੁਆਰਿਆਂ ਵਿਚ ਸਿੱਖ ਆਪਣੀ 'ਬਹਾਦਰੀ' ਦਾ ਪ੍ਰਗਟਾਵਾ ਕਰਨ ਵਿਚ ਕੋਈ ਕਸਰ ਨਹੀ ਛੱਡਦੇ।

ਖ਼ੈਰ, ਗੁਰੂ ਕੀ ਗੋਲਕ ਦੀ ਮਾਇਆ ਖ਼ਰਚ ਕੇ, ਬਾਹਰੋਂ ਗੋਰੇ ਕਰਾਏ ਤੇ ਲਿਆ ਕੇ, ਉਹਨਾਂ ਦੀ ਹਾਜਰੀ ਵਿਚ ਵੋਟਾਂ ਦਾ ਕੰਮ ਸੁੱਖੀਂ ਸਾਂਦੀਂ ਭੁਗਤ ਗਿਆ। ਗੁਰਦੁਆਰਾ ਕਮੇਟੀਆਂ ਦੀਆਂ ਚੋਣਾਂ ਕਰਵਾਉਣ ਲਈ ਬਾਹਰੋਂ ਮੋਟੀਆਂ ਫੀਸਾਂ ਭਰ ਕੇ ਬੰਦੇ ਇਸ ਲਈ ਮੰਗਵਾਉਣੇ ਪੈਂਦੇ ਹਨ ਕਿ ਐਸਾ ਸਿੱਖ ਤਾਂ ਹੁਣ ਕੋਈ ਰਹਿ ਹੀ ਨਹੀ ਗਿਆ ਜਾਪਦਾ ਜਿਸ ਉਪਰ ਇਤਬਾਰ ਕੀਤਾ ਜਾ ਸਕੇ ਕਿ ਉਹ ਸੱਚ ਨੂੰ ਸੱਚ ਆਖ ਸਕਦਾ ਹੈ। ਅੰਗ੍ਰੇਜ਼ੀ ਰਾਜ ਸਮੇ ਦੱਸਦੇ ਆ ਕਿ ਕਦੀ ਸਮਾ ਹੁੰਦਾ ਸੀ ਕਿ ਅਦਾਲਤ ਵਿਚ ਇਕ ਸਿੱਖ ਦੀ ਗਵਾਹੀ ਤੋਂ ਪਿੱਛੋਂ ਕਿਸੇ ਹੋਰ ਸਬੂਤ ਦੀ ਲੋੜ ਨਹੀ ਸੀ ਸਮਝੀ ਜਾਂਦੀ। ਇਹ ਵੀ ਇਤਿਹਾਸਕਾਰ ਦੱਸਦੇ ਨੇ ਕਿ ਅਦਾਲਤ ਵਿਚ ਇਕ ਸਾਧਾਰਨ ਸਿੱਖ ਦੇ ਦਿਤੇ ਬਿਆਨ ਤੋਂ ਜ਼ਿਲਾ ਮੈਜਿਸਟ੍ਰੇਟ, ਮਿਸਟਰ ਮੈਕਾਲਫ਼, ਏਨਾ ਪ੍ਰਭਾਵਤ ਹੋਇਆ ਕਿ ਉਹ ਏਡੀ ਵੱਡੀ ਨੌਕਰੀ ਨੂੰ ਤਿਆਗ ਕੇ ਸਿੱਖਾਂ ਬਾਰੇ ਖੋਜ ਕਰਨ ਲੱਗ ਪਿਆ ਤੇ ਅੰਗ੍ਰੇਜ਼ੀ ਭਾਸ਼ਾ ਵਿਚ ਇਕ ਵਡੇ ਗ੍ਰੰਥ 'ਸਿੱਖ ਰਿਲੀਜਨ' ਦੀ ਰਚਨਾ ਕੀਤੀ। ਅੰਤ ਉਸ ਦੀ ਮੌਤ ਵੀ ਸਿੱਖ ਦੇ ਰੂਪ ਵਿਚ ਹੀ ਲੰਡਨ ਵਿਚ ਹੋਈ। ਸੁਣਿਆ ਹੈ ਕਿ ਆਪਣੇ ਜੀਵਨ ਦੇ ਅੰਤਲੇ ਦਿਨ ਵੀ ਉਸ ਨੇ ਨਿਤਨੇਮ ਅਨੁਸਾਰ ਅੰਮ੍ਰਿਤ ਵੇਲ਼ੇ ਜਪੁ ਜੀ ਸਾਹਿਬ ਦਾ ਪਾਠ ਕੀਤਾ ਸੀ।

ਸੱਚ ਬੋਲਣਾ ਕੋਈ ਸੌਖਾ ਕਾਰਜ ਨਹੀ। ਕਿਸੇ ਵਿਚਾਰਵਾਨ ਵਿਅਕਤੀ ਦਾ ਵਿਚਾਰ ਹੈ ਕਿ ਸੱਚ ਜਾਂ ਤੇ ਕੋਈ ਪਾਗਲ ਬੋਲ ਸਕਦਾ ਹੈ ਤੇ ਜਾਂ ਬ੍ਰਹਮ ਗਿਆਨੀ। ਪਾਗਲ ਤਾਂ ਸਿੱਖ ਹੈਨ ਨਹੀ ਤੇ ਬ੍ਰਹਮ ਗਿਆਨੀ ਕਿਥੋਂ ਲਭ ਕੇ ਲਿਆਈਏ! ਫਿਰ ਇਹ ਫੈਸਲਾ ਕੌਣ ਕਰੂ ਕਿ ਕੌਣ ਬ੍ਰਹਮ ਗਿਆਨੀ ਹੈ ਤੇ ਕੌਣ ਨਹੀ! ਸਿੱਖ ਤਾਂ ਦੂਸਰੇ ਸਿੱਖ ਨੂੰ ਆਪਣੇ ਬਰਾਬਰ ਦਾ ਸਿੱਖ ਵੀ ਸਮਝਣ ਲਈ ਤਿਆਰ ਨਹੀ ਤੇ ਫਿਰ ਕੇਹੜਾ ਸਿੱਖ ਦੂਜੇ ਸਿੱਖ ਨੂੰ ਬ੍ਰਹਮ ਗਿਆਨੀ ਮੰਨ ਲਵੇਗਾ! ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦਾ ਫੁਰਮਾਨ ਵੀ ਹੈ:

*ਏਵਡ ਊਚਾ ਹੋਵੈ ਕੋਇ॥*
*ਤਿਸ ਊਚੇ ਕਉ ਜਾਣੈ ਸੋਇ॥ (ਜਪੁ ਜੀ)*

ਅਰਥਾਤ ਕੋਈ ਖ਼ੁਦ ਬ੍ਰਹਮ ਗਿਆਨੀ ਹੋਊ ਤਾਂ ਹੀ ਉਹ ਜਾਣ ਸਕੂ ਕਿ ਕੇਹੜਾ ਉਸ ਤੋਂ ਬਿਨਾ ਹੋਰ ਬ੍ਰਹਮ ਗਿਆਨੀ ਹੈ!

ਮੁੱਕਦੀ ਗੱਲ ਕਿ ਦੋਹਾਂ ਧਿਰਾਂ ਦੇ ਤਕਰੀਬਨ ਅਧੋ ਅਧ ਬੰਦੇ ਜਿੱਤ ਗਏ। ਜੇਕਰ ਇਸ ਇਲੈਕਸ਼ਨ ਨੂੰ ਮੰਨ ਲਿਆ ਜਾਵੇ ਤਾਂ ਕੁਝ ਤਕਨੀਕੀ ਕਾਰਨਾਂ ਕਰਕੇ, ਗੁਰੂ ਘਰ ਦੇ ਦੋਹਾਂ ਮਹੱਤਵਪੂਰਣ ਵਸੀਲਿਆਂ, ਮਾਈਕ ਤੇ ਮਾਇਆ, ਉਪਰ ਕਬਜ਼ਾ ਪਹਿਲੇ ਧੜੇ ਦਾ ਹੀ ਰਹਿ ਜਾਂਦਾ ਹੈ। ਰੌਲਾ ਰੱਪਾ ਜਿਹਾ ਪੈ ਗਿਆ। ਇਕ ਗਰੁਪ ਕਹਿੰਦਾ ਹੈ ਕਿ ਇਲੈਕਸ਼ਨ ਹੋ ਗਈ ਹੈ ਤੇ ਇਸ ਨੂੰ ਮੰਨੋ। ਦੂਜਾ ਕਹਿੰਦਾ ਹੈ ਕਿ ਗਿਣਤੀ ਸਹੀ ਨਹੀ ਹੋਈ, ਦੁਬਾਰਾ ਵੋਟਾਂ ਗਿਣੋ। ਮੇਰੀ

ਅਧ-ਪੜ੍ਹ ਜਿਹੀ ਖੋਪਰੀ ਵਿਚ ਇਹ ਗੱਲ ਨਹੀ ਘੁਸੜਦੀ ਕਿ ਭਈ ਵੋਟਾਂ ਪਾਉਣ ਵਾਲੇ ਵੀ ਯੂਨੀਵਰਸਿਟੀ ਦੇ ਡਿਗਰੀਧਾਰੀ ਤੇ ਗਿਣਨ ਵਾਲ਼ੇ ਵੀ। ਵੋਟਾਂ ਵੀ ਕੁੱਲ ਹਜਾਰ ਕੁ ਦੇ ਕਰੀਬ। ਫਿਰ ਗਿਣਨ ਵਿਚ ਭੁਲੇਖਾ ਕਿਵੇਂ ਲੱਗਦਾ ਹੈ। ਹਾਂ, ਜੇਕਰ ਜਾਣ ਬੁਝ ਕੇ ਕੋਈ ਗ਼ਲਤੀ ਨਹੀ ਹੋਈ ਤਾਂ ਐਸਾ ਭੁਲੇਖਾ ਪੈ ਸਕਣ ਦੀ ਗੁੰਜਾਇਸ਼ ਨਹੀ ਹੋਣੀ ਚਾਹੀਦੀ। ਦੋਬਾਰਾ ਵੋਟਾਂ ਗਿਣਨ ਨਾਲ਼ ਜੇਕਰ ਝਗੜਾ ਮੁੱਕਦਾ ਹੋਵੇ ਤਾਂ ਮੇਰੀ ਸਮਝ ਅਨੁਸਾਰ ਇਹ ਸੌਦਾ ਕੋਈ ਬਹੁਤਾ ਮਹਿੰਗਾ ਨਹੀ ਸਮਝਿਆ ਜਾਣਾ ਚਾਹੀਦਾ।

ਦੋ ਕੁ ਹਫਤੇ ਠਹਿਰ ਕੇ ਇਸ ਚੋਣ ਦੇ ਨਤੀਜੇ ਦਾ ਐਲਾਨ ਕਰਨ ਲਈ ਆਮ ਮੈਬਰਾਂ ਦੀ ਸਭਾ ਗੁਰਦੁਆਰੇ ਵਿਚ ਬੁਲਾਈ ਗਈ। ਬਿਨਾ ਲੋੜ ਦੇ ਸਾਰਾ ਤਮਾਸ਼ਾ ਆਪਣੀ ਅੱਖੀਂ ਵੇਖਣ ਦੀ ਉਤਸੁਕਤਾ ਵੱਸ ਮੈ ਵੀ ਮੀਟਿੰਗ ਵਿਚ ਜਾ ਬੈਠਾ। ਮਹਾਰਾਜ ਦਾ ਗੁਰੂ ਘਰ ਵਿਚ ਪ੍ਰਕਾਸ਼ ਸੀ। ਪੁਰਾਣੇ ਤੇ ਨਵੇ ਬਹੁਤ ਸਾਰੇ ਆਗੂ ਸੱਜਣ ਸਜੇ ਹੋਏ ਸਨ। ਸੁਰੱਖਿਆ ਵਾਸਤੇ ਗੁਰੂ ਕੀ ਗੋਲਕ ਵਿਚੋਂ ਸੱਬਰਕੱਤੀ ਮਾਇਆ ਖ਼ਰਚ ਕੇ, ਨਾਨ ਸਿੱਖ ਸੈਕਿਉਰਟੀ ਵਾਲ਼ੇ ਵੀ ਸੱਦੇ ਹੋਏ ਸਨ। ਸ਼ਾਇਦ ਗੁਰਦੁਆਰੇ ਦੇ ਪ੍ਰਬੰਧਕਾਂ ਵਿਚ ਹੁਣ ਇਹ ਸ਼ਕਤੀ ਨਾ ਰਹੀ ਹੋਵੇ ਕਿ ਉਹ ਦੂਸਰੇ ਧੜੇ ਦੇ ਸਿੱਖਾਂ ਕੋਲ਼ੋਂ ਗੁਰਦੁਆਰੇ ਦੇ ਦਰਬਾਰ ਹਾਲ ਅੰਦਰ ਕਿਸੇ ਸੰਭਾਵੀ ਗੜਬੜ ਨੂੰ ਰੋਕ ਸਕਦੇ ਹੋਣ! ਹਾਂ, ਇਕ ਬਦਮਜ਼ਗੀ ਹੁੰਦੀ ਹੁੰਦੀ ਰੁਕ ਗਈ। ਉਹ ਇਹ ਕਿ ਜਦੋਂ ਇਜਲਾਸ ਵਿਚ ਸ਼ਮੂਲੀਅਤ ਲਈ ਮੈਂਬਰ ਗੁਰਦੁਆਰਾ ਹਾਲ ਵਿਚ ਪ੍ਰਵੇਸ਼ ਕਰ ਰਹੇ ਸਨ ਤਾਂ ਇਕ ਗੁਰਸਿੱਖ ਨੌਜਵਾਨ, ਜੋ ਕਿ ਮੈਂਬਰ ਨਹੀ ਸੀ, ਮੱਥਾ ਟੇਕਣ ਵਾਸਤੇ ਹਾਲ ਅੰਦਰ ਦਾਖ਼ਲ ਹੋਣ ਲਈ ਅੜ ਗਿਆ। ਉਸ ਦਾ ਇਹ ਹੱਕ ਵੀ ਸੀ; ਪਰ ਸੈਕਿਉਰਟੀ ਵਾਲ਼ੇ, ਪ੍ਰਬੰਧਕਾਂ ਵੱਲੋਂ ਮਿਲ਼ੀ ਹੋਈ ਹਿਦਾਇਤ ਅਨੁਸਾਰ, ਮੈਂਬਰ ਨਾ ਹੋਣ ਕਰਕੇ, ਉਸ ਨੂੰ ਅੰਦਰ ਨਹੀ ਸਨ ਵੜਨ ਦੇ ਰਹੇ। ਉਸ ਨੌਜਵਾਨ ਸਿੰਘ ਨੇ ਉਚੀ ਆਵਾਜ਼ ਵਿਚ ਪ੍ਰੋਟੈਸਟ ਕੀਤਾ। ਅਖੀਰ ਸੈਕਿਉਰਟੀ ਵਾਲ਼ਿਆਂ ਨੇ ਆਪਣੇ ਘੇਰੇ ਅੰਦਰ ਰੱਖ ਕੇ, ਦਰਵਾਜ਼ੇ ਦੇ ਨੇੜੇ ਹੀ ਉਸ ਨੂੰ ਮੱਥਾ ਟਿਕਾ ਕੇ ਬਾਹਰ ਤੋਰ ਦਿਤਾ। ਇਸ ਤਰ੍ਹਾਂ ਇਹ ਹੱਥੋ ਪਾਈ ਹੁੰਦੀ ਹੁੰਦੀ ਰੁਕ ਗਈ। ਵਿਚਾਰਨ ਵਾਲੀ ਬਾਤ ਹੈ ਕਿ ਹਾਲਾਤ ਚਾਹੇ ਕੁਝ ਵੀ ਹੋਣ, ਇਕ ਸਿੱਖ ਨੂੰ ਗੁਰਦੁਆਰਾ ਸਾਹਿਬ ਵਿਚ ਮੱਥਾ ਟੇਕਣ ਤੋਂ, ਨਾਨ ਸਿੱਖ ਵਰਦੀਧਾਰੀ ਰੋਕਣ ਤਾਂ ਹੈਰਾਨੀ ਵਾਲ਼ੀ ਗੱਲ ਤਾਂ ਹੋਣੀ ਹੀ ਹੋਈ।

ਇਹ ਵੀ ਸਿੱਖਾਂ ਵਾਸਤੇ ਇਕ ਸ਼ੁਭ ਸੰਕੇਤ ਹੀ ਸਮਝਿਆ ਜਾਣਾ ਚਾਹੀਦਾ ਹੈ ਕਿ ਉਹ ਹੁਣ ਗੁਰਦੁਆਰਿਆਂ ਅੰਦਰ ਖ਼ੁਦ 'ਤਲਵਾਰਬਾਜ਼ੀ' ਕਰਨ ਦੀ ਬਜਾਇ ਸਗੋਂ ਇਸ ਨੂੰ ਰੋਕਣ ਲਈ, ਗੋਰਿਆਂ ਨੂੰ ਹਾਇਰ ਕਰਕੇ ਲਿਆਉਂਦੇ ਹਨ। ਚਲੋ, ਇਸ ਬਹਾਨੇ ਸਿੱਖਾਂ ਅੰਦਰ ਲੜਨ ਭਿੜਨ ਦੀ ਆਦਤ ਤਾਂ ਕੁਝ ਠੰਡੀ ਪਈ! ਇਹ ਹਾਲਤ ਵੀ ਸਾਡੇ ਵਾਸਤੇ ਕੁਝ ਫ਼ਖ਼ਰ ਕਰਨ ਵਾਲ਼ੀ ਹੋ ਗਈ ਸਮਝੀ ਜਾਣੀ ਚਾਹੀਦੀ ਹੈ; ਨਹੀ ਤਾਂ ਗਿਆਨੀ ਗਿਆਨ ਸਿੰਘ ਜੀ ਨੇ ਤਾਂ ਲ਼ਿਖ ਦਿਤਾ ਸੀ:

*ਜਾਤ ਗੋਤ ਸਿੰਘਨ ਕੀ ਦੰਗਾ॥*
*ਦੰਗਾ ਹੀ ਇਨ ਗੁਰ ਤੇ ਮੰਗਾ॥*
*ਅੰਨ ਨਾ ਪਚੈ ਕੀਏ ਬਿਨ ਦੰਗਾ॥*

ਵੈਸੇ ਇਕ ਵਿਚਾਰ ਜਰੂਰ ਮੁੜ ਮੁੜ ਆਉਣੋ ਨਹੀ ਰੁਕਦੀ ਕਿ ਨਿਰੋਲ ਸਿੱਖਾਂ ਦੇ ਪ੍ਰਬੰਧ ਵਾਲੀ ਧਾਰਮਿਕ ਸੰਸਥਾ ਦਾ ਪ੍ਰਬੰਧ ਚਲਾਉਣ, ਇਲੈਕਸ਼ਨ ਕਰਵਾਉਣ, ਉਹਨਾਂ ਦੀ ਅਨਾਊਂਸਮੈਂਟ ਕਰਵਾਉਣ ਲਈ ਤਾਂ ਸਾਨੂੰ ਸਿੱਖਾਂ ਵਿਚੋਂ ਕੋਈ ਇਤਬਾਰਯੋਗ ਵਿਅਕਤੀ ਲਭਦਾ ਨਹੀ ਤੇ ਜੇਕਰ ਕਿਤੇ ਮੇਰੇ ਜੀਂਦੇ ਰਹਿਣ ਦੇ ਸਮੇ ਦੌਰਾਨ ਹੀ ਸਿੱਖਾਂ ਦਾ ਧਰਤੀ ਦੇ ਕਿਸੇ ਖਿੱਤੇ ਉਪਰ ਆਪਣਾ ਰਾਜ ਹੋ ਗਿਆ ਤਾਂ ਫਿਰ ਉਸ ਦਾ ਪ੍ਰਬੰਧ ਚਲਾਉਣ ਲਈ ਆਪਾਂ ਕਿਸ ਥਾਂ ਤੋਂ ਯੋਗ ਵਿਅਕਤੀਆਂ ਦਾ ਪ੍ਰਬੰਧ ਕਰਾਂਗੇ! ਹਾਂ, ਕੋਈ ਸਿਆਣਾ ਸੱਜਣ ਆਖ ਸਕਦਾ ਹੈ ਕਿ ਜਿਵੇਂ ਹੁਣ ਹੁੰਦਾ ਹੈ ਓਵੇਂ ਓਦੋਂ ਵੀ ਹੋ ਜਾਇਆ ਕਰੂ; ਹੁਣੇ ਹੀ ਇਸ ਬਾਰੇ ਵਾਧੂ ਫਿਕਰ ਕਰਨ ਦੀ ਕੀ ਲੋੜ ਹੈ!

ਏਥੇ ਦਿਤੀ ਗਈ ਜਾਣਕਾਰੀ ਬਾਰੇ ਇਕ ਧੜੇ ਦੇ ਆਗੂ ਸੱਜਣ ਨੇ ਮੇਰੇ ਤੇ ਭਾਰੀ ਇਤਰਾਜ਼ ਪਰਗਟ ਕੀਤਾ ਸੀ ਅਤੇ ਜਾਭਾਂ ਦੇ ਭੇੜ ਰਾਹੀਂ ਉਸ ਨੇ ਮੇਰੀ ਲਾਹ ਪਾਹ ਵੀ ਵਾਹਵਾ ਕੀਤੀ ਸੀ। ਮੇਰੇ ਉਪਰ ਗੁਰਦੁਆਰਾ ਸਾਹਿਬ ਦੀ ਸਟੇਜ ਉਪਰ ਬੋਲਣ ਤੇ ਵੀ ਪਾਬੰਦੀ ਲਾ ਦਿਤੀ ਗਈ ਸੀ। ਖ਼ੈਰ, ਅਜਿਹੀਆਂ ਪਾਬੰਦੀਆਂ ਕਿੰਨੀ ਵਾਰੀਂ ਤੇ ਕਿੰਨੇ ਸਥਾਨਾਂ ਤੋਂ ਮੇਰੇ ਤੇ ਲੱਗਦੀਆਂ ਤੇ ਲਹਿੰਦੀਆਂ ਰਹਿੰਦੀਆਂ ਹਨ, ਹੁਣ ਇਹਨਾਂ ਦੀ ਗਿਣਤੀ ਕਰਨੀ ਵੀ ਸੌਖੀ ਨਹੀ। ਇਹ ਜਾਣ ਕੇ ਕਿ ਮੇਰੇ ਸ਼ਬਦਾਂ ਕਰਕੇ ਜੇ ਕਿਸੇ ਵਿਅਕਤੀ ਦਾ ਦਿਲ ਦੁਖਦਾ ਹੋਵੇ ਤਾਂ ਉਹ ਸ਼ਬਦ ਮੈਨੂੰ ਨਹੀ ਲਿਖਣੇ ਤੇ ਬੋਲਣੇ ਚਾਹੀਦੇ। ਇਸ ਲਈ ਇਹ ਜਾਣਕਾਰੀ ਹਟਾ ਦਿਤੀ ਹੈ ਤਾਂ ਕਿ ਪਛਾਣ ਨਾ ਹੋ ਸਕੇ ਕਿ ਇਹ ਵਾਕਿਆ ਕਦੋਂ ਤੇ ਕਿਥੇ ਹੋਇਆ, ਸਮਾ ਤੇ ਸਥਾਨ ਵੀ ਗੁਪਤ ਕਰ ਦਿਤਾ ਗਿਆ ਹੈ।

ਇਕ ਪ੍ਰਮੁਖ ਸੱਜਣ ਨੇ ਇਲੈਕਸ਼ਨ ਦਾ ਰੀਜ਼ਲਟ ਪੜ੍ਹ ਕੇ ਸੁਣਾਇਆ ਤੇ ਹਾਲੋਂ ਬਾਹਰ ਨਿਕਲ਼ ਗਏ। ਪਿੱਛੋਂ ਨੰਬਰ ਦੋ ਨੇ ਨੰਬਰ ਇਕ ਵਾਲ਼ੀ ਥਾਂ ਸਾਂਭ ਕੇ ਮੀਟਿੰਗ ਜਾਰੀ ਰੱਖੀ ਤੇ ਪਹਿਲੇ ਵਾਲ਼ੇ ਦੀਆਂ ਸਾਰੀਆਂ ਗੱਲਾਂ ਨੂੰ ਰੱਦ ਕਰ ਦਿਤਾ।

ਇਹ ਸਾਰਾ ਨਜ਼ਾਰਾ ਵੇਖ ਕੇ ਮੈਨੂੰ ੧੯੬੮ ਦੇ ਮਾਰਚ ਮਹੀਨੇ ਦੀ ਅਠਾਰਾਂ ਤਰੀਕ ਦਾ ਸੀਨ ਯਾਦ ਆ ਗਿਆ। ਗੱਲ ਇਹ ਇਉਂ ਹੋਈ: ੧੯੬੭ ਦੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿਚ, ਕਾਂਗਰਸ ਪੰਜਾਬ ਵਿਚ ਪਹਿਲੀ ਵਾਰ ਪੂਰਨ ਬਹੁਸੰਮਤੀ ਨਾ ਲੈ ਸਕੀ ਤੇ ੧੦੪ ਵਿਚੋਂ ਉਸ ਦੇ ਅਠਤਾਲ਼ੀ ਹੀ ਜਿਤੇ। ਖਿਚ ਧੂਹ ਕੇ ਉਹ ਦੋ ਦੂਜਿਆਂ ਦੇ ਆਪਣੇ ਵਿਚ ਸ਼ਾਮਲ ਕਰਨ ਵਿਚ ਕਾਮਯਾਬ ਹੋ ਕੇ ਵੀ, ਮਸਾਂ ਪੰਜਾਹ ਤੱਕ ਪਹੁੰਚ ਸਕੀ। ਤਿੰਨ ਫਿਰ ਵੀ ਘੱਟ

ਰਹਿ ਗਏ। ਪੰਜਾਹ ਵਾਲ਼ੇ ਵੇਂਹਦੇ ਰਹਿ ਗਏ ਤੇ ੨੩ ਵਾਲੇ ਅਕਾਲੀ ਸਰਕਾਰ ਬਣਾ ਗਏ ਤੇ ਜਸਟਿਸ ਗੁਰਨਾਮ ਸਿੰਘ ਨੇ ੯ ਮਾਰਚ ਨੂੰ ਮੁਖ ਮੰਤਰੀ ਪਦ ਦੀ ਸਹੁੰ ਚੁੱਕ ਲਈ।

ਹੁਣ ਚੁਣਨਾ ਸੀ ਸਪੀਕਰ। ਮਹਾਂਰਾਜਾ ਪਟਿਆਲਾ, ਯਾਦਵਿੰਦਰ ਸਿਘ ਜੀ, ਰੋਮ ਤੋਂ ਐਂਬੈਸਡਰੀ ਛੱਡ ਕੇ ਆਏ ਸਨ ਪੰਜਾਬ ਦੇ ਮੁਖ ਮੰਤਰੀ ਬਣਨ ਲਈ, ਪਰ ਬਣ ਨਾ ਸਕੇ। ਫਿਰ ਉਹਨਾਂ ਨੇ ਯਤਨ ਕੀਤਾ ਕਿ ਉਹਨਾਂ ਨੂੰ ਸਰਬ ਸੰਮਤੀ ਨਾਲ਼ ਸਪੀਕਰ ਹੀ ਚੁਣ ਲਿਆ ਜਾਵੇ। ਉਹ ਵੀ ਗੱਲ ਨਾ ਬਣੀ। ਡਾ. ਭਗਤ ਸਿੰਘ ਵੀ ਇਸ ਗੱਦੀ ਦੇ ਚਾਹਵਾਨ ਸਨ ਤੇ ਉਹਨਾਂ ਨੇ ਮੈਨੂੰ ਆਖਿਆ ਵੀ ਕਿ ਮੈਂ ਸੰਤ ਜੀ ਨੂੰ ਇਸ ਬਾਰੇ ਆਖਾਂ। ਡਾ. ਜਗਜੀਤ ਸਿੰਘ ਵੀ ਕੇਵਲ ਚਾਹਵਾਨ ਹੀ ਨਹੀ ਸਨ ਬਲਕਿ ਉਹਨਾਂ ਨੇ ਕਾਂਗਰਸ ਦੀ ਸਹਾਇਤਾ ਨਾਲ਼ ਸਪੀਕਰ ਦੀ ਚੋਣ ਲੜੀ ਵੀ ਤੇ ਹਾਰੇ ਵੀ। ਫਿਰ ਦੂਜੇ ਪਾਸਿਉਂ ਡਿਪਟੀ ਸਪੀਕਰੀ ਤੇ ਹੀ ਮੰਨ ਗਏ ਜੋ ਕਿ ਉਹਨਾਂ ਨੂੰ ਪਹਿਲਾਂ ਹੀ ਮਿਲ਼ ਰਹੀ ਸੀ।। ਸਪੀਕਰ ਦੀ ਕੁਰਸੀ ਤੇ, ਚੋਣ ਜਿੱਤ ਕੇ, ਸ. ਜੋਗਿੰਦਰ ਸਿੰਘ ਮਾਨ ਜੀ ਬਿਰਾਜਮਾਨ ਹੋ ਗਏ। ਕੁਝ ਕੁ ਮਹੀਨੇ ਇਹ ਗੰਢ ਤੁੱਪ ਕਰਕੇ ਸਰਕਾਰ ਚੱਲਦੀ ਰਹੀ। ਅਖੀਰ ਕਾਂਗਰਸ ਦੀ ਸਕੀਮ ਕਾਮਯਾਬ ਹੋ ਗਈ ਤੇ ਉਸ ਨੇ ਸ. ਲਛਮਣ ਸਿੰਘ ਗਿੱਲ ਨੂੰ ਅੱਗੇ ਲਾ ਕੇ, ਗੁਰਨਾਮ ਸਿੰਘ ਸਰਕਾਰ ਤੁੜਵਾ ਦਿਤੀ। ੨੨ ਨਵੰਬਰ ੧੯੬੭ ਨੂੰ ਗਿੱਲ ਸਰਕਰ ਨੇ ਸਹੁੰ ਚੁੱਕ ਲਈ। ਓਸੇ ਦਿਨ ਹੀ ਸਿੱਖਾਂ ਦੇ ਸਭ ਤੋਂ ਲੰਮਾ ਸਮਾ ਲੀਡਰ ਰਹਿਣ ਵਾਲ਼ੇ, ਮਾਸਟਰ ਤਾਰਾ ਸਿੰਘ ਜੀ, ਦਾ ਦੇਹਾਂਤ ਹੋ ਗਿਆ। ਜੱਜ ਦੀ ਸਰਕਾਰ ਤੁੜਵਾਉਣ ਤੇ ਗਿੱਲ ਦੀ ਸਰਕਾਰ ਬਣਾਉਣ ਵਿਚ ਡਾ. ਜਗਜੀਤ ਸਿੰਘ ਦਾ ਮੋਹਰੀ ਹਿੱਸਾ ਸੀ ਤੇ ਸਪੀਕਰ ਸ. ਜੋਗਿੰਦਰ ਸਿੰਘ ਮਾਨ ਜੀ ਦੀ ਚੁੱਪ ਸਹਿਮਤੀ ਵੀ ਸੀ। ਪਾਠਕਾਂ ਦੀ ਜਾਣਕਾਰੀ ਲਈ ਏਥੇ ਇਹ ਜਾਣਕਾਰੀ ਸ਼ਾਇਦ ਪ੍ਰਸੰਗੋਂ ਬਾਹਰੀ ਨਾ ਹੋਵੇ ਕਿ ਸਪੀਕਰੀ ਦੀ ਸ਼ਾਨ ਤਾਂ ਬਥੇਰੀ ਹੁੰਦੀ ਹੈ; ਮੁਖ ਮੰਤਰੀ ਵੀ ਸਿਰ ਝੁਕਾ ਕੇ ਤੇ ਆਗਿਆ ਲੈ ਕੇ ਹੀ ਹਾਲ ਅੰਦਰ ਬੋਲ ਸਕਦਾ ਹੈ ਪਰ 'ਖਾਣ ਪੀਣ' ਨੂੰ ਇਸ ਪਦਵੀ ਵਿਚ ਵਜ਼ੀਰਾਂ ਜਿੰਨਾ ਨਹੀ ਹੁੰਦਾ।

੧੮ ਮਾਰਚ ੧੯੬੮ ਨੂੰ ਪੰਜਾਬ ਅਸੈਂਬਲੀ ਦਾ ਬਜਟ ਸੈਸ਼ਨ ਸੀ। ਵਿਰੋਧੀਆਂ ਵੱਲੋਂ ਸਕੀਮ ਬਣਾਈ ਗਈ ਸੀ ਕਿ ਬਜਟ ਪਾਸ ਨਹੀ ਹੋਣ ਦੇਣਾ। ਉਸ ਸਮੇ ਤੱਕ ਸਪੀਕਰ ਦੀ ਹਮਦਰਦੀ ਵਿਰੋਧੀ ਪਾਰਟੀਆਂ ਨਾਲ਼ ਹੋ ਗਈ ਸੀ। ਅਸੈਂਬਲੀ ਦਾ ਸੈਸ਼ਨ ਬੈਠਦਿਆਂ ਹੀ ਸਪੀਕਰ ਅਨਿਸਚਤ ਸਮੇ ਲਈ ਸੈਸ਼ਨ ਉਠਾ ਕੇ ਆਪ ਵੀ ਉਠ ਗਿਆ। ਰੌਲ਼ਾ ਪੈ ਗਿਆ। ਡਿਪਟੀ ਸਪੀਕਰ ਸ. ਬਲਦੇਵ ਸਿੰਘ, ਜੋ ਕਿ ਅਕਾਲੀ ਟਿਕਟ ਤੇ ਜਿੱਤਿਆ ਸੀ, ਪਰ ਕਾਂਗਰਸ ਵਿਚ ਸ਼ਾਮਲ ਹੋ ਗਿਆ ਸੀ ਤੇ ਇਸ ਸਰਕਾਰ ਵਿਚ ਉਸ ਨੂੰ ਡਿਪਟੀ ਸਪੀਕਰ ਬਣਾ ਕੇ ਇਨਾਮ ਦਿਤਾ ਗਿਆ ਸੀ। ਵਜ਼ੀਰ ਉਸ ਨੂੰ ਬਣਾਇਆ ਨਹੀ ਸੀ ਜਾ ਸਕਦਾ ਕਿਉਂਕਿ ਦਿੱਲੀ ਬੈਠੀ ਕਾਂਗਰਸ ਹਾਈ ਕਮਾਨ ਦਾ ਫੈਸਲਾ ਸੀ ਕਿ ਉਹਨਾਂ ਨੇ ਵਜ਼ਾਰਤ ਵਿਚ ਖ਼ੁਦ ਸ਼ਾਮਲ ਨਹੀ ਹੋਣਾ ਤੇ ਸਾਰੇ ਗਿੱਲ ਨਾਲ਼ ਆਉਣ ਵਾਲ਼ਿਆਂ ਦੀ ਹੀ ਸਰਕਾਰ ਬਣਾਉਣੀ ਹੈ। ਗਿੱਲ ਸਮੇਤ ੧੭ ਐਮ.ਐਲ.ਏ. ਫਰੰਟ ਨਾਲ਼ੋਂ ਟੁੱਟ ਕੇ ਗਏ ਸਨ। ਉਹਨਾਂ ਵਿਚੋਂ ਤਿੰਨਾਂ ਨੂੰ ਛੱਡ ਕੇ ਬਾਕੀ ਸਾਰੇ ਵਜ਼ੀਰ ਬਣਾ ਦਿਤੇ ਗਏ। ਤਿੰਨ ਜੇਹੜੇ ਬਾਹਰ ਰੱਖੇ ਗਏ ਉਹਨਾਂ ਦੇ ਨਾਂ ਸਨ: ਟਿੱਕਾ ਜਗਤਾਰ ਸਿੰਘ, ਸ. ਸ਼ਿੰਗਾਰਾ ਸਿੰਘ ਤੇ ਚੌਧਰੀ ਸ਼ਿਵ ਚੰਦ। ਕਾਰਨ ਬਾਹਰ ਰੱਖਣ ਦਾ ਇਹ ਸੀ ਕਿ ਇਹ ਤਿੰਨੇ ਕਾਂਗਰਸ ਟਿਕਟ ਤੇ ਜਿੱਤ ਕੇ, ਜਦੋਂ ਉਸ ਦੀ ਸਰਕਾਰ ਨਾ ਬਣੀ, ਤਾਂ ਫਰੰਟ ਵਿਚ ਸ਼ਾਮਲ ਹੋ ਗਏ ਸਨ।

ਗਿੱਲ ਨੂੰ ਅਪੋਜ਼ੀਸ਼ਨ ਦੀ ਇਸ ਸਕੀਮ ਦਾ ਪਤਾ ਸੀ ਤੇ ਉਸ ਨੇ ਇਸ ਸਾਰੇ ਕੁਝ ਦਾ ਢੁਕਵੇਂ ਤਰੀਕੇ ਨਾਲ਼ ਸਾਹਮਣਾ ਕਰਨ ਲਈ ਪਹਿਲਾਂ ਹੀ ਤਿਆਰੀ ਕਰ ਰੱਖੀ ਸੀ। ਏਥੋਂ ਤੱਕ ਕਿ ਉਸ ਨੇ ਫ਼ਾਇਰ ਬਰਗੇਡ ਵਾਲ਼ੀਆਂ ਪਉੜੀਆਂ ਅਤੇ ਹੋਰ ਹਰ ਪ੍ਰਕਾਰ ਦੇ ਇਸ ਸਮੇ ਕੰਮ ਆ ਸਕਣ ਵਾਲ਼ੇ ਸਾਰੇ ਸਾਜੋ ਸਾਮਾਨ ਦੇ ਸਮੇਤ, ਹਾਲਾਤ ਨਾਲ਼ ਨਿਪਟਣ ਦੀ ਪੂਰੀ ਪੂਰੀ ਤਿਆਰੀ ਕੀਤੀ ਹੋਈ ਸੀ। ਹਰ ਹਾਲਤ ਨਾਲ਼ ਕਰੜੇ ਹੱਥੀਂ ਨਿਪਟਣ ਲਈ, ਸਰੀਰੋਂ ਤਕੜੇ ਤੇ ਮਾਰਖੋਰੇ, ਸਿਵਲ ਕੱਪੜਿਆਂ ਵਿਚ, ਪੁਲਸ ਅਫ਼ਸਰਾਂ ਦਾ ਪ੍ਰਬੰਧ ਵੀ ਪੂਰਾ ਪੂਰਾ ਕੀਤਾ ਹੋਇਆ ਸੀ। ਇਸ ਸਾਰੇ ਕੁਝ ਨੂੰ ਭਲੀ ਭਾਂਤ ਸਰੰਜਾਮ ਦੇਣ ਲਈ, ਉਸ ਸਮੇ ਪੰਜਾਬ ਦੇ ਪੁਲਸ ਮੁਖੀ, ਸ. ਭਗਵਾਨ ਸਿੰਘ ਦਾਨੇਵਾਲ਼ੀਆ, ਅਗਵਾਈ ਕਰ ਰਹੇ ਸਨ। ਸਪੀਕਰ ਦੇ ਉਠ ਕੇ ਬਾਹਰ ਜਾਂਦਿਆਂ ਹੀ, ਪਹਿਲਾਂ ਬਣੀ ਸਕੀਮ ਅਨੁਸਾਰ, ਡਿਪਟੀ ਸਪੀਕਰ, ਸਪੀਕਰ ਦੀ ਕੁਰਸੀ ਵੱਲ ਵਧਿਆ ਤਾਂ ਦੂਜੇ ਬੰਨਿਉਂ ਸਪੀਕਰ ਦੀ ਕੁਰਸੀ ਵੱਲ ਜਾਣ ਵਾਲ਼ੀਆਂ ਪਉੜੀਆਂ ਵਿਚ ਸ. ਅਮਰ ਸਿੰਘ ਦੁਸਾਂਝ ਤੇ ਕੁਝ ਹੋਰ ਸਾਥੀ ਖਲੋ ਗਏ। ਜੇਹੜਾ ਵੀ ਸਪੀਕਰ ਦੀ ਕੁਰਸੀ ਵੱਲ ਅੱਗੇ ਨੂੰ ਵਧੇ ਓਸੇ ਨੂੰ 'ਘਸੁੰਨ ਪ੍ਰਸ਼ਾਦ' ਛਕਾ ਕੇ ਪਉੜੀਆਂ ਤੋਂ ਥੱਲੇ ਸੁੱਟ ਦੇਣ। ਸ. ਅਮਰ ਸਿੰਘ ਦੁਸਾਂਝ ਸਰੀਰੋਂ ਵਾਹਵਾ ਤਕੜੇ ਸਨ।ਗਿੱਲ ਨੇ ਹਾਲਾਤ ਨੂੰ ਭਾਂਪ ਕੇ ਪਹਿਲਾਂ ਹੀ ਜੇਹੜੇ ਤਕੜੇ ਸਰੀਰਾਂ ਵਾਲ਼ੇ ਪੁਲਸੀਏ, ਸਾਦੇ ਕੱਪੜਿਆਂ ਵਿਚ, ਵਾਹਵਾ ਗਿਣਤੀ ਵਿਚ, ਢੁਕਵੇਂ ਥਾਂ ਤੇ ਖੜ੍ਹੇ ਕੀਤੇ ਹੋਏ ਸਨ; ਉਹ ਹੁਣ ਇਸ਼ਾਰਾ ਮਿਲ਼ਦਿਆਂ ਹੀ ਅਸੈਂਬਲੀ ਹਾਲ ਵਿਚ ਦਾਖਲ ਹੋ ਗਏ ਤੇ ਘਸੁੰਨ ਮੁੱਕੀ ਦੀ ਖੇਡ ਵਿਚ ਛੇਤੀ ਹੀ ਉਹਨਾਂ ਦਾ ਹੱਥ ਉਤੇ ਹੋ ਗਿਆ ਅਤੇ ਉਹਨਾਂ ਨੇ ਛੇਤੀ ਹੀ ਸਾਰੀ ਸਥਿਤੀ ਤੇ ਕਾਬੂ ਪਾ ਲਿਆ। ਇਹ ਤਮਾਸ਼ਾ ਐਵੇਂ ਕੁਝ ਕੁ ਪਲ ਹੀ ਚੱਲਿਆ।

ਅਗਲੇ ਦਿਨ ਪ੍ਰੈਸ ਵਿਚ ਛਪ ਗਿਆ ਕਿ ਡਿਪਟੀ ਸਪੀਕਰ ਦੀ ਪ੍ਰਧਾਨਗੀ ਹੇਠ ਚੱਲੇ ਸੈਸ਼ਨ ਵਿਚ ਬਜਟ ਪਾਸ ਹੋ ਗਿਆ ਹੈ। ਵਿਰੋਧੀ ਅਖ਼ਬਾਰਾਂ ਨੇ ਇਸ ਨੂੰ ਪੰਜਾਬ ਦੇ ਇਤਿਹਾਸ ਵਿਚ 'ਕਾਲ਼ਾ ਦਿਨ' ਕਰਾਰ ਦਿਤਾ।

ਸ਼ੁਕਰ ਹੈ ਕਿ ਏਥੇ ਉਸ ਇਤਿਹਾਸ ਦਾ ਹਿੰਸਕ ਹਿੱਸਾ ਨਹੀ ਦੁਹਰਾਇਆ ਗਿਆ। ਇਸ ਦਾ ਕੋਈ ਵੀ ਕਾਰਨ ਹੋ ਸਕਦਾ ਹੈ। ਜਾਂ ਇਕ ਤੋਂ ਵਧ ਕਾਰਨ ਵੀ ਹੋ ਸਕਦੇ ਹਨ। ਹੋ ਸਕਦਾ ਹੈ ਕਿ ਪੰਜਾਬ ਨਾਲੋਂ ਇਸ ਸ਼ਹਿਰ ਦੇ ਸਿੱਖ ਵਧ ਸਿਆਣੇ ਹੋਣ; ਜਾਂ ਫਿਰ ਇਹ ਵੀ ਹੋ ਸਕਦਾ ਹੈ ਗੁਰੂ ਕੀ ਗੋਲਕ ਵਿਚੋਂ ਪੈਸੇ ਖ਼ਰਚ ਕੇ ਲਿਆਂਦੇ, ਨਾਨ ਸਿੱਖ ਸੈਕਿਉਰਟੀ ਵਾਲ਼ਿਆਂ ਦੀ ਵਰਦੀ ਪਹਿਨੀ ਹਾਲ ਵਿਚ ਮੌਜੂਦਗੀ ਕਰਕੇ, ਇਹ ਟਾਲ਼ਾ ਹੋ ਗਿਆ ਹੋਵੇ। ਜਾਂ ਇਹਨਾਂ ਸਾਰਿਆਂ ਕਾਰਨਾਂ ਸਮੇਤ ਹੋਰ ਵੀ ਕੋਈ ਕਾਰਨ ਹੋ ਸਕਦੇ ਹਨ।

ਹਰ ਹਾਲਤ ਵਿਚ ਇਸ ਗੱਲ ਦੀ ਸ਼ਲਾਘਾ ਕਰਨੀ ਹੀ ਬਣਦੀ ਹੈ ਕਿ ਹਾਜਰ ਸੱਜਣਾਂ ਨੇ ਸਿਆਣਪ ਵਰਤੀ। ਕੁਝ ਸਿਆਣੇ ਬੰਦੇ ਵਕੀਲਾਂ, ਕਚਹਿਰੀਆਂ ਦਾ ਰਾਹ ਜ਼ਰੂਰ ਵਿਖਾਲ਼ ਰਹੇ ਹਨ; ਉਹ ਇਸ ਲਈ ਕਿ ਵਕੀਲਾਂ ਦੇ ਖ਼ਰਚੇ ਗੁਰੂ ਕੀ ਗੋਲਕ ਵਿਚੋਂ ਕੀਤੇ ਜਾ ਸਕਣ ਦੀ ਸੰਭਾਵਨਾ ਹੈ।

ਕੁਝ ਸੱਜਣਾਂ ਦਾ ਇਹ ਵੀ ਵਿਚਾਰ ਹੈ ਕਿ ਗੱਲ ਤਾਂ ਸਾਰੀ ਅਧੇ ਪੌਣੇ ਸਾਲ ਦੀ ਹੀ ਹੈ। ਹੁਣ ਝਗੜਾ ਮਿਟਾਉਣ ਲਈ ਏਸੇ ਚੋਣ ਨੂੰ ਹੀ ਸਹੀ ਮੰਨ ਲਿਆ ਜਾਵੇ ਤੇ ਹੋਰ 'ਕਾਂਵਾਂ-ਰੌਲ਼ੀ' ਤੋਂ ਗੁਰੇਜ਼ ਕੀਤਾ ਜਾਵੇ। ਗੱਲ ਤਾਂ ਇਹ ਸਿਆਣਪ ਵਾਲ਼ੀ ਹੈ। ਇਕ ਗੱਲ ਹੋਰ ਵੀ ਵਿਚਾਰਨ ਵਾਲ਼ੀ ਹੈ ਕਿ ਜੇਕਰ ਇਕ ਗਰੁਪ ਇਹ ਸ਼ੰਕਾ ਕਰਦਾ ਹੈ ਕਿ ਬਾਵਜੂਦ ਏਨਾ ਖ਼ਰਚ ਤੇ ਖੇਚਲ਼ ਕਰਨ, ਬਾਹਰੋਂ ਪੈਸੇ ਖ਼ਰਚ ਕੇ ਪ੍ਰਬੰਧ ਕਰਨ ਲਈ ਬੰਦੇ ਲਿਆਉਣ ਦੇ ਬਾਵਜੂਦ ਵੀ ਜੇ ਚੋਣ ਹੋਣ ਦੇ ਤਰੀਕੇ ਵਿਚ ਵਰਤੀ ਗਈ ਇਮਾਨਦਾਰੀ ਬਾਰੇ ਸ਼ੰਕੇ ਪੈਦਾ ਹੋ ਗਏ ਹਨ ਤਾਂ ਅਗਲੇ ਸਾਲ ਹੋਣ ਵਾਲ਼ੀ ਚੋਣ ਬਾਰੇ ਕੀ ਗਰੰਟੀ ਹੈ ਕਿ ਉਹ ਨਿਰਪੱਖ ਹੋ ਸਕੇਗੀ! ਇਸ ਲਈ ਇਸ ਗੱਲ ਦਾ ਪ੍ਰਬੰਧ ਜ਼ਰੂਰ ਹੋਣਾ ਚਾਹੀਦਾ ਹੈ ਕਿ ਜੇਹੜੇ ਊਣਤਾਈਆਂ ਬਾਰੇ ਸ਼ੰਕੇ ਇਸ ਸਮੇ ਪੈਦਾ ਹੋਏ ਹਨ ਉਹ ਅੱਗੇ ਤੋਂ ਨਾ ਹੋ ਸਕਣ। ਅਜਿਹੇ ਸ਼ੰਕਿਆਂ ਦੇ ਪੈਦਾ ਹੋ ਜਾਣ ਦਾ ਕਾਰਨ ਇਕ ਸੀਟ ਦੀਆਂ ਵੋਟਾਂ ਦੀ ਦੋਬਾਰਾ ਗਿਣਤੀ ਕਰਨ ਤੋਂ ਪਿਆ। ਪਹਿਲੀ ਗਿਣਤੀ ਵਿਚ ਤਿੰਨਾਂ ਹੀ ਉਮੀਦਵਾਰਾਂ ਦੀਆਂ ਵੋਟਾਂ ਇਕੋ ਜਿੰਨੀਆਂ ਨਿਕਲ਼ੀਆਂ। ਜਦੋਂ ਤਸੱਲੀ ਲਈ ਦੋਬਾਰਾ ਗਿਣਤੀ ਕੀਤੀ ਗਈ ਤਾਂ ਯਾਰਾਂ ਵੋਟਾਂ ਦੇ ਵਾਧੇ ਨਾਲ਼ ਇਕ ਉਮੀਦਵਾਰ ਨੂੰ ਜੇਤੂ ਕਰਾਰ ਦਿਤਾ ਗਿਆ। ਇਕ ਧਿਰ ਵੱਲੋਂ ਸ਼ੰਕਾ ਜ਼ਾਹਰ ਕੀਤਾ ਗਿਆ ਕਿ ਜੇਕਰ ਇਕ ਸੀਟ ਤੇ ਭੁਲੇਖਾ ਲੱਗ ਸਕਦਾ ਹੈ ਤਾਂ ਹੋਰਨਾਂ ਸੀਟਾਂ ਤੇ ਵੀ ਅਜਿਹਾ ਭੁਲੇਖਾ ਲੱਗ ਸਕਣ ਦੀ ਸੰਭਾਵਨਾ ਹੋ ਸਕਦੀ ਹੈ। ਇਸ ਲਈ ਵੋਟਾਂ ਦੋਬਾਰਾ ਗਿਣੀਆਂ ਜਾਣ। ਜੇਹੜੀ ਧਿਰ ਸਮਝਦੀ ਹੈ ਕਿ ਉਹ ਜਿੱਤ ਗਈ ਹੈ ਉਹ ਇਸ ਕਾਰਜ ਲਈ ਤਿਆਰ ਨਹੀ। "ਤੇਲ ਵੇਖੋ ਤੇ ਤੇਲ ਦੀ ਧਾਰ ਵੇਖੋ।" ਹੁਣ ਤਾਂ, "ਕੁੰਢੀਆਂ ਦੇ ਸਿੰਙ ਫਸ ਗਏ, ਹੁਣ ਨਿੱਤਰੂ ਵੜੇਵੇਂ ਖਾਣੀ।।"

*ਜੇਹਾ ਡਿਠਾ ਮੈ ਤੇਹੋ ਕਹਿਆ॥ (੯੨)*

## ਸਿੱਖ ਆਗੂਆਂ ਦੀਆਂ ਅਸਚਰਜ ਬੇਪਰਵਾਹੀਆਂ

*ਪ੍ਰੋ. ਸਾਹਿਬ ਸਿੰਘ ਜੀ ਹੋਰਾਂ ਦੀ ਜਬਾਨੀ, ਲਿਖਤ ਅਤੇ ਆਪਣੀ ਨਿਜੀ ਜਾਣਕਾਰੀ ਉਪਰ ਆਧਾਰਤ ਹੈ ਇਹ ਵਾਰਤਾ।*

ਵੈਸੇ ਤਾਂ ਸਿੱਖਾਂ ਦੀ ਬਾਕੀ ਦੁਨੀਆ ਵਾਲ਼ਿਆਂ ਨਾਲੋਂ ਹਰ ਬਾਤ ਹੀ ਨਿਰਾਲੀ ਹੁੰਦੀ ਹੈ ਪਰ ਕਈ ਵਾਰ ਤਾਂ ਬਹੁਤ ਹੀ ਘਾਟੇ ਵਾਲ਼ਾ ਸੌਦਾ ਵੀ ਇਹ ਕਰ ਲੈਂਦੇ ਹਨ। ਦੂਜਿਆਂ ਦੇ ਮਸਲੇ ਵਿਚ ਲੱਤ ਅੜਾ ਕੇ ਆਪਣਾ ਨੁਕਸਾਨ ਕਰਵਾ ਲੈਣਾ ਇਹਨਾਂ ਦੀ ਮੁਢ ਕਦੀਮੀ ਆਦਤ ਹੈ। ਸ਼ਾਇਦ ਏਸੇ ਕਰਕੇ ਹੀ ਕਿਸੇ ਨੇ ਇਹ ਝੂਠਾ ਚੁਟਕਲਾ ਘੜਿਆ ਹੋਵੇ:

ਕਿਸੇ ਨੇ ਪੁੱਛਿਆ: ਹਨੂੰਮਾਨ ਕੌਣ ਸੀ?

ਅੱਗੋਂ ਦੂਜੇ ਨੇ ਜਵਾਬ ਦਿਤਾ: ਹਨੂੰ ਉਸ ਦਾ ਨਾਂ ਸੀ ਤੇ ਮਾਨ ਗੋਤ ਦਾ ਗੁਰਾਂ ਦਾ ਜੱਟ ਸਿੱਖ ਸੀ।

ਪਹਿਲੇ ਦਾ ਹੈਰਾਨੀ ਭਰਿਆ ਸਵਾਲ ਸੀ: ਇਹ ਕਿਵੇਂ ਹੋ ਸਕਦਾ?

ਦੂਜੇ ਦਾ ਉਤਰ: ਕਿਸੇ ਦੀ ਤੀਵੀਂ ਕੋਈ ਕਢ ਕੇ ਲੈ ਗਿਆ। ਇਸ ਨੇ ਆਪਣੀ ਪੂਛ ਨੂੰ ਅੱਗ ਲਾ ਕੇ ਨਾ ਕਿਸੇ ਦਾ ਕੁਝ ਛੱਡਿਆ ਨਾ ਆਪਣਾ। ਦੱਸੋ, ਜੱਟ ਸਿੱਖ ਨਹੀ ਤੇ ਹੋਰ ਕੌਣ ਹੋ ਸਕਦਾ?

ਵੈਸੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਤਿੰਨ ਸਿੱਖਾਂ ਸਮੇਤ ਆਪਣੀ ਕੁਰਬਾਨੀ ਦੇ ਕੇ, ਸਿਖਾਇਆ ਵੀ ਇਹਨਾਂ ਨੂੰ ਏਹੀ ਹੈ। ਬਿਨਾ ਵਿਤਕਰੇ ਦੇ, ਹਰੇਕ ਦੁਖੀ ਦੀ ਸਹਾਇਤਾ ਕਰਨ ਲਈ ਆਪਾ ਵਾਰਨ ਲਈ ਤਿਆਰ ਹੀ ਨਹੀ ਹੋ ਜਾਂਦੇ ਬਲਕਿ ਆਪਾ ਵਾਰ ਵੀ ਦਿੰਦੇ ਹਨ। ਇਕ ਦੁਖੀ ਬ੍ਰਾਹਮਣ ਦੀ ਪਤਨੀ ਨੂੰ ਜ਼ਾਲਮ ਹਾਕਮ ਤੋਂ ਛੁਡਵਾਉਣ ਵਾਸਤੇ, ਕਸੂਰ ਵਰਗੇ ਅਤੀ ਮਜਬੂਤ, ਬਾਰਾਂ ਕਿਲ੍ਹਿਆਂ ਵਾਲ਼ੇ ਸ਼ਹਿਰ ਉਪਰ ਵੀ ਹਮਲਾ ਕਰਨਾ ਪਵੇ ਤਾਂ ਜਾਨ ਦੀ ਬਾਜੀ ਲਾ ਦੇਣੀ ਸਿੰਘਾਂ ਦਾ ਸਹਿਜ ਕਾਰਜ ਹੈ। ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਦਾ ਵੀ ਫੌਰੀ ਕਾਰਨ ਏਹੀ ਬਣਿਆ ਸੀ ਕਿ ਉਸ ਨੇ ਸਿੱਖਾਂ ਨੂੰ ਆਖ ਕੇ ਪੱਟੀ ਦੇ ਹਾਕਮ ਦੇ ਚੁੰਗਲ਼ ਵਿਚੋਂ, ਇਕ ਗਰੀਬ ਮੁਸਲਮਾਨ ਮਾਸ਼ੀ ਰਹੀਮ ਬਖ਼ਸ਼ ਦੀ ਪੁੱਤਰੀ ਛੁਡਵਾ ਦਿਤੀ ਸੀ। ਬੇਅੰਤ ਮਿਸਾਲਾਂ ਇਤਿਹਾਸ ਵਿਚੋਂ ਸਾਨੂੰ ਅਜਿਹੀਆਂ ਮਿਲ ਜਾਂਦੀਆਂ ਹਨ ਜਦੋਂ ਕਿ ਸਿੱਖਾਂ ਨੇ ਆਪਣਾ ਨਫ਼ਾ ਨੁਕਸਾਨ ਨਾ ਸੋਚਿਆ ਤੇ ਪਰਉਪਕਾਰ ਹਿਤ ਆਪਾ ਵਾਰਨ ਲਈ ਤਿਆਰ ਹੋ ਗਏ।

ਵਿੱਦਿਆ ਦੇ ਖੇਤਰ ਦੀ ਗੱਲ ਵੀ ਕਰ ਲਈਏ: ਉਨੀਵੀਂ ਸਦੀ ਦੇ ਅਖੀਰ ਜਿਹੇ ਵਿਚ ਸਿੱਖਾਂ ਨੇ ਵੀ ਸੋਚਿਆ ਕਿ ਸਾਡਾ ਇਕ ਆਪਣਾ ਕਾਲਜ ਹੋਣਾ ਚਾਹੀਦਾ ਹੈ। ਇਸ ਲਈ ਉਦਮ ਆਰੰਭੇ ਗਏ। ਉਸ ਸਮੇ ਸਰ ਦਿਆਲ ਸਿੰਘ ਮਜੀਠੀਏ ਨੇ ਸਿੱਖਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਧਨ ਨਾਲ਼ ਕਾਲਜ ਬਣਵਾ ਦਿੰਦਾ ਹੈ ਪਰ ਉਸ ਦਾ ਨਾਂ 'ਸਰ ਦਿਆਲ ਸਿੰਘ ਖ਼ਾਲਸਾ ਕਾਲਜ' ਰੱਖ ਲਵੋ। ਉਸ ਦੀ ਜਾਇਦਾਦ ਬਹੁਤ ਸੀ ਪਰ ਸੰਤਾਨ ਨਾ ਹੋਣ ਕਰਕੇ ਉਹ ਆਪਣੇ ਵਸੀਲਿਆਂ ਨੂੰ ਲੋਕ ਭਲਾਈ ਵਾਸਤੇ ਖ਼ਰਚ ਕਰਨਾ ਚਾਹੁੰਦਾ ਸੀ ਪਰ ਸਿੱਖ ਆਗੂਆਂ ਨੇ ਉਸ ਦੀ ਇਸ ਮੰਗ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ। ਉਸ ਸਮੇ ਦੇ ਸਿੱਖ ਆਗੂਆਂ ਦਾ ਵਿਚਾਰ ਸੀ

ਕਿ ਇਸ ਕੌਮੀ ਸੰਸਥਾ ਦੇ ਨਾਂ ਨਾਲ਼ ਕਿਸੇ ਇਕ ਵਿਅਕਤੀ ਦਾ ਨਾਂ ਨਹੀ ਜੋੜਿਆ ਜਾ ਸਕਦਾ। ਆਰੀਆ ਸਮਾਜੀਆਂ ਨੂੰ ਇਸ ਗੱਲ ਦੀ ਭਿਣਕ ਪੈ ਗਈ। ਉਹਨਾਂ ਨੇ ਆ ਵੇਖਿਆ ਨਾ ਤਾ; ਝੱਟ ਪੱਟ ਉਸ ਤੱਕ ਪਹੁੰਚ ਕਰਕੇ, ਉਸ ਦੇ ਧਨ ਨਾਲ਼, ਦਿਆਲ ਸਿੰਘ ਡੀ.ਏ.ਵੀ. ਕਾਲਜ, ਦਿਆਲ ਸਿੰਘ ਲਾਇਬ੍ਰੇਰੀ, ਟ੍ਰੀਬਿਊਨ ਆਦਿ ਵਰਗੇ ਅਦਾਰੇ ਕਾਇਮ ਕਰ ਲਏ। ਇਹ ਸਾਰੀਆਂ ਸੰਸਥਾਵਾਂ ਇਕ ਸਿੱਖ ਦੇ ਧਨ ਨਾਲ ਹੋਂਦ ਵਿਚ ਆਈਆਂ ਜਿਨ੍ਹਾਂ ਦੇ ਵਸੀਲਿਆਂ ਨੂੰ, ਪੰਜਾਬ ਵਿਚ ਸਿੱਖੀ, ਗੁਰਮੁਖੀ ਲਿੱਪੀ, ਪੰਜਾਬੀ ਬੋਲੀ ਅਤੇ ਪੰਜਾਬ ਦੇ ਹਿਤਾਂ ਦੇ ਵਿਰੁਧ ਅੱਜ ਤੱਕ ਵਰਤਿਆ ਜਾਂਦਾ ਹੈ। ਸਰ ਦਿਆਲ ਸਿੰਘ, ਮਜੀਠੀਆ ਘਰਾਣੇ ਦਾ ਇਕ ਰੁਕਨ ਸੀ ਜੇਹੜਾ ਘਰਾਣਾ ਮਹਾਰਾਜਾ ਰਣਜੀਤ ਸਿੰਘ ਦੇ ਸਮੇ ਤੋਂ ਪ੍ਰਸਿਧ ਸਰਦਾਰ ਘਰਾਣਾ ਰਿਹਾ ਹੈ। ਕਿਸੇ ਵਿਅਕਤੀ ਦੀ ਇਹ ਇੱਛਾ ਕਿ ਉਸ ਦੇ ਵਸੀਲੇ ਵਰਤਣ ਨਾਲ ਉਸ ਦਾ ਨਾਂ ਸੰਸਾਰ ਵਿਚ ਰਹਿ ਜਾਵੇ, ਕੋਈ ਏਨੀ ਮਾੜੀ ਗੱਲ ਵੀ ਨਹੀ। ਅਸੀਂ ਸਾਰੇ ਹੀ ਸਵਾਰਥੀ ਹਾਂ। ਕੋਈ ਵੀ ਕੰਮ ਕਰਨ ਪਿਛੇ ਸਾਡਾ ਕੋਈ ਨਾ ਕੋਈ ਸਵਾਰਥ ਛੁਪਿਆ ਹੁੰਦਾ ਹੈ। ਆਗੂਆਂ ਦੇ ਵਿਚਾਰਨ ਵਾਲ਼ੀ ਗੱਲ ਤਾਂ ਇਹ ਹੈ ਕਿ ਵਡੇਰਾ ਕੌਮੀ ਲਾਭ ਕਿਸ ਕਾਰਜ ਦੇ ਕਰਨ ਵਿਚ ਹੈ।

ਅਠਾਰਵੀਂ ਸਦੀ ਅਤੇ ੧੯੪੭ ਦੀਆਂ ਘਟਨਾਵਾਂ ਤਾਂ ਦੂਰ ਦੀਆਂ ਬਾਤਾਂ ਰਹਿ ਗਈਆਂ; ੧੯੭੫ ਵਿਚਲੇ ਐਮਰਜੈਂਸੀ ਦੇ ਦੌਰ ਸਮੇ ਵੀ ਇੰਦਰਾ ਨੇ ਬਾਕੀ ਪਾਰਟੀਆਂ ਦੇ ਆਗੂਆਂ ਨੂੰ ਤਾਂ ਫੜ ਕੇ ਸੀਖਾਂ ਦੇ ਅੰਦਰ ਤਾੜ ਦਿਤਾ ਸੀ ਪਰ ਅਕਾਲੀ ਆਗੂਆਂ ਨੂੰ ਕੁਝ ਨਹੀ ਸੀ ਆਖਿਆ; ਸਗੋਂ ਆਪਣੇ ਪੁੱਤਰ ਸੰਜੇ ਰਾਹੀਂ ਅਕਾਲੀਆਂ ਵੱਲ ਸੁਲਾਹ ਦਾ ਹੱਥ ਵਧਾਇਆ ਸੀ। ਸੰਜੇ ਨੇ ਏਥੋਂ ਤੱਕ ਵੀ, ਸੁਣਿਆ ਹੈ ਕਿ, ਅਕਾਲੀਆਂ ਨੂੰ ਆਖਿਆ ਸੀ ਕਿ ਪੰਜਾਬ ਵਿਚ ਤੁਸੀਂ ਵੱਡੇ ਭਰਾ ਤੇ ਅਸੀਂ ਛੋਟੇ; ਬਾਕੀ ਹਿੰਦੁਸਤਾਨ ਵਿਚ ਅਸੀਂ ਵੱਡੇ ਭਰਾ ਤੇ ਤੁਸੀਂ ਛੋਟੇ। ਆਓ ਰਲ਼ ਕੇ ਚੱਲੀਏ। ਇਹਨਾਂ ਗਿਰਗਿਟਾਂ ਨਾਲ ਰਲ ਕੇ ਤੁਸੀਂ ਆਪਣਾ ਝੁੱਗਾ ਨਾ ਚੌੜ ਕਰੋ। ਚੰਡੀਗੜ੍ਹ ਵੀ ਪੰਜਾਬ ਨੂੰ ਦੇ ਦਿਆਂਗੇ। ਆਲ ਇੰਡੀਆ ਗੁਰਦੁਆਰਾ ਐਕਟ ਵੀ ਬਣਾ ਦਿਆਂਗੇ। ਦਿੱਲੀ, ਹਿਮਾਚਲ ਅਤੇ ਹਰਿਆਣੇ ਵਿਚ ਪੰਜਾਬੀ ਬੋਲੀ ਨੂੰ ਦੂਜਾ ਦਰਜਾ ਵੀ ਦੇ ਦਿਆਂਗੇ। ਬੰਦਾ ਪੁੱਛੇ ਭਈ ਹੋਰ ਤੁਸੀਂ ਛਣਕਣਾ ਲੈਣਾ!

ਓਧਰੋਂ ਜੇਹਲ ਵਿਚੋਂ ਵੀਰ ਯੱਗ ਦੱਤ ਵਰਗੇ ਜਨਸੰਘੀ ਆਗੂ ਚਿੱਠੀਆਂ ਲਿਖ ਕੇ ਅਕਾਲੀ ਆਗੂਆਂ ਨੂੰ, ਗੁਰੂ ਤੇਗ ਬਹਾਦਰ ਸਾਹਿਬ ਵਾਂਗ ਬਹੁੜਨ ਲਈ ਦੁਹਾਈਆਂ ਪਾ ਰਹੇ ਸਨ। ਅਕਾਲੀਆਂ ਨੇ ਦੂਰ ਦਰਸ਼ਤਾ ਤੋਂ ਕੰਮ ਨਾ ਲੈ ਕੇ, ਇੰਦਰਾ ਸਰਕਾਰ ਨਾਲ ਟੱਕਰ ਲੈਣ ਦਾ ਫੈਸਲਾ ਕਰਕੇ, ਮੋਰਚਾ ਸੁਰੂ ਕਰ ਦਿਤਾ। ੧੯ ਮਹੀਨੇ ਮੋਰਚਾ ਓਦੋਂ ਤੱਕ ਚੱਲਦਾ ਰਿਹਾ ਜਦੋਂ ਤੱਕ ਇੰਦਰਾ ਨੇ ਐਮਰਜੈਂਸੀ ਚੁੱਕ ਕੇ ਚੋਣਾਂ ਦਾ ਐਲਾਨ ਨਹੀ ਕਰ ਦਿਤਾ। ਫਿਰ ਅਕਾਲੀਆਂ ਦੀ ਅਗਵਾਈ ਹੇਠ ਸਿੱਖਾਂ ਨੇ ਇੰਦਰਾ ਦੇ ਤਬਲੇ ਮੂਧੇ ਮਾਰਨ ਵਿਚ ਮੋਹਰੀ ਹਿੱਸਾ ਪਾਇਆ। ਅਰਥਾਤ ਚੋਣਾਂ ਵਿਚ ਉਸ ਦੀ ਤੇ ਉਸ ਦੇ ਪੁੱਤਰ ਸੰਜੇ ਦੀ ਫੱਟੀ ਪੋਚ ਕੇ ਰੱਖ ਦਿਤੀ। ਅਕਾਲੀਆਂ ਦੀ ਇਸ 'ਵਧੀਕੀ' ਤੋਂ ਇੰਦਰਾ ਨੇ ਗੁੱਸਾ ਖਾ ਕੇ, ਅਕਾਲੀਆਂ ਨੂੰ ਉਹਨਾਂ ਦੀ ਕੀਤੀ ਦਾ ਫਲ ਭੁਗਤਾਉਣ ਦਾ ਤਹੱਈਆ ਕਰ ਲਿਆ, ਜਿਸ ਦਾ ਨਤੀਜਾ ੧੯੮੪ ਦੀਆਂ ਦੁਰਘਟਨਾਵਾਂ ਦੇ ਕਰੂਪ ਵਿਚ ਨਿਕਲਿਆ। ਇਸ ਸਮੇ ਉਹਨਾਂ ਹੀ ਸੰਘੀ ਆਗੂਆਂ ਨੇ ਤੁਖਣਾ ਦੇ ਦੇ ਕੇ, ਇੰਦਰਾ ਪਾਸੋਂ ਸਿੱਖ ਕੌਮ ਉਪਰ ਹਮਲਾ ਕਰਵਾ ਕੇ, ਕੌਮ ਦਾ ਘਾਣ ਕਰਵਾਇਆ। ਬਾਬੇ ਬਾਜਪਾਈ ਨੇ, ਇਸ ਘੋਰ ਪਾਪ ਬਦਲੇ ਉਸ ਨੂੰ ਦੁਰਗਾ ਦਾ ਖ਼ਿਤਾਬ ਦਿਤਾ। ਉਸ ਨੇ ਇਹ ਵੀ ਆਖਿਆ ਕਿ ਇਹ ਕਦਮ ਇੰਦਰਾ ਨੂੰ ਛੇ ਮਹੀਨੇ ਪਹਿਲਾਂ ਚੁੱਕਣਾ ਚਾਹੀਦਾ ਸੀ। ਅਡਵਾਨੀ ਹੁਣ ਵੀ ਲਿਖਤੀ ਰੂਪ ਵਿਚ ਮੰਨਦਾ ਹੈ ਕਿ ਇੰਦਰਾ ਪਾਸੋਂ ਉਸ ਦੇ ਜੀਵਨ ਵਿਚਲੀ ਇਹ ਸਭ ਤੋਂ ਭਿਆਨਕ ਗ਼ਲਤੀ ਉਹਨਾਂ ਦੀ ਪਾਰਟੀ ਨੇ ਕਰਵਾਈ ਸੀ।

ਇਹ ਤਾਂ ਕੌਮੀ ਗ਼ਲਤੀਆਂ ਬਾਰੇ ਇਕ ਮਾੜਾ ਜਿਹਾ ਝਲਕਾਰਾ ਹੀ ਸੀ ਜੋ ਉਪਰ ਦਰਸਾਇਆ ਗਿਆ ਹੈ ਅਤੇ ਇਹ ਜਾਣਕਾਰਾਂ ਪਾਸੋਂ ਸੁਣੀਆਂ ਜਾਂ ਪੁਸਤਕਾਂ ਵਿਚੋਂ ਪੜ੍ਹੀ ਜਾਣਕਾਰੀ ਉਪਰ ਹੀ ਆਧਾਰਤ ਹਨ। ਹੁਣ ਏਥੇ ਇਕ ਹੋਰ, ਮੇਰੀ ਜਾਣਕਾਰੀ ਅਤੇ ਮੇਰੇ ਵੇਖਦਿਆਂ ਹੀ ਹੋਈ ਇਕ ਵਡੇਰੀ ਤੇ ਲੰਮੇਰੀ ਗ਼ਲਤੀ ਦਾ ਪ੍ਰਸੰਗ ਪਾਠਕਾਂ ਦੇ ਪੇਸ਼ ਹੈ:

ਆਪਣੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਪ੍ਰਿੰਸੀਪਲ ਵਾਲ਼ੀ ਸੇਵਾ ਸਮੇ, ਪ੍ਰੋ. ਸਾਹਿਬ ਸਿੰਘ ਜੀ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਆਕਰਣ ਅਨੁਸਾਰ, ਸੰਪੂਰਨ ਟੀਕਾ 'ਦਰਪਣ' ਦੇ ਨਾਂ ਹੇਠ ਮੁਕੰਮਲ ਕੀਤਾ। ਉਹਨਾਂ ਨੇ ਸ਼੍ਰੋਮਣੀ ਗੁ. ਪ੍ਰ. ਕਮੇਟੀ ਨੂੰ ਦਰਖਾਸਤ ਲਿਖ ਕੇ, ਇਹ ਟੀਕਾ ਛਾਪ ਲੈਣ ਲਈ ਬੇਨਤੀ ਕੀਤੀ ਤੇ ਨਾਲ ਹੀ ਇਸ ਦਾ ਕਾਰਨ ਇਹ ਦੱਸਿਆ, ਕਿਉਂਕਿ ਇਹ ਟੀਕਾ ਉਹਨਾਂ ਨੇ ਕਮੇਟੀ ਦੀ ਨੌਕਰੀ ਦੇ ਸਮੇ ਕੀਤਾ ਹੈ, ਇਸ ਲਈ ਇਸ ਉਪਰ ਪਹਿਲਾ ਹੱਕ ਕਮੇਟੀ ਦਾ ਬਣਦਾ ਹੈ। ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਵਿਚ ਇਹ ਦਰਖਾਸਤ ਪੇਸ਼ ਹੋਈ ਤੇ ਕਮੇਟੀ ਨੇ ਇਸ ਨੂੰ ਕਿਸੇ ਅਗਲੀ ਮੀਟਿੰਗ ਵਿਚ ਵਿਚਾਰਨ ਲਈ ਰੱਖ ਲਿਆ। ਇਸ ਦਰਖਾਸਤ ਨੂੰ ਪੜ੍ਹਨ ਅਤੇ ਇਸ ਬਾਰੇ ਹੋਏ ਫੈਸਲੇ ਵਾਲ਼ੇ ਮਤੇ ਨੂੰ ਵੀ, ਹੋਰਨਾਂ ਮਤਿਆਂ ਵਾਂਗ ਮੈ ਪੱਕੇ ਰਜਿਸਟਰ ਉਪਰ ਦਰਜ ਕੀਤਾ ਸੀ। ਇਸ ਲਈ ਮੈਨੂੰ ਇਸ ਵਾਕਿਆ ਦਾ ਪਤਾ ਹੈ। ਅੱਜ ਤੱਕ ਵੀ ਵਿਦਿਅਕ ਸੰਸਥਾਵਾਂ ਵਿੱਚ ਸਭ ਤੋਂ ਵਧ ਪ੍ਰਮਾਣੀਕ ਅਤੇ ਗੁਰਬਾਣੀ ਗਿਆਨ ਦਾ ਹਵਾਲਾ ਦੇਣ ਲਈ ਵਿਦਵਾਨਾਂ ਵਾਸਤੇ, ਗੁਰਬਾਣੀ ਦਾ ਟੀਕਾ ਜੋ ਲਿਖਿਆ ਗਿਆ, ਉਹ ਪ੍ਰੋ. ਸਾਹਿਬ ਸਿੰਘ ਜੀ ਦਾ ਹੀ ਹੈ। ਇਸ ਟੀਕੇ ਦੇ ਵਜੂਦ ਵਿਚ ਆਉਣ ਦਾ ਪ੍ਰਸੰਗ ਇਉਂ ਹੈ:

ਇਕ ਗਰੀਬ ਹਟਵਾਣੀਏ ਹਿੰਦੂ ਖੱਤਰੀ ਦੇ ਘਰ ਪੈਦਾ ਹੋਣ ਵਾਲ਼ਾ ਮਾੜਚੂ ਜਿਹਾ ਬੱਚਾ, ਸਿੰਘ ਸਜ ਜਾਂਦਾ ਹੈ। ਉਸ ਦੇ ਸਿੰਘ ਸਜ ਜਾਣ ਦੀ ਪ੍ਰੇਰਨਾ ਪਿੱਛੇ ਫੌਜੀ ਸਿੰਘਾਂ ਦੀ ਸਜ ਧਜ ਵਾਲ਼ੀ ਵਰਦੀ ਦਾ ਵੀ ਹਿੱਸਾ ਸੀ। ਮੁਢਲੇ ਸਕੂਲੀ ਸਮੇ ਉਸ ਦੀ ਪੜ੍ਹਨ ਸਬੰਧੀ ਹੌਸਲਾ ਅਫ਼ਜ਼ਾਈ ਇਕ ਮੁਸਲਮਾਨ ਉਸਤਾਦ ਨੇ ਕੀਤੀ। ਉਸ ਦੀ ਕਾਲਜ ਦੀ ਪੜ੍ਹਾਈ, ਸਿੰਘ ਸਜ ਜਾਣ ਦੇ ਬਾਵਜੂਦ ਵੀ, ਇਕ

ਹਿੰਦੂ ਬ੍ਰਾਹਮਣ ਪ੍ਰੋਫ਼ੈਸਰ ਦੀ ਸਹਾਇਤਾ ਨਾਲ਼ ਸਿਰੇ ਲੱਗਦੀ ਹੈ। ਸ਼੍ਰੋਮਣੀ ਕਮੇਟੀ ਸਮੇਤ ਕੁਝ ਵਿਦਿਅਕ ਅਦਾਰਿਆਂ ਅੰਦਰ ਨੌਕਰੀ ਕਰਦਾ ਹੋਇਆ ਅਖੀਰ, ੧੯੫੧ ਵਿਚ ਖ਼ਾਲਸਾ ਕਾਲਜੋਂ ਸੇਵਾ ਮੁਕਤ ਹੋ ਜਾਂਦਾ ਹੈ ਤਾਂ ਰੈਣ ਬਸੇਰੇ ਲਈ ਪਰਵਾਰ ਵਾਸਤੇ ਸਿਰ ਦੀ ਛੱਤ ਲਭਣ ਦਾ ਫਿਕਰ ਪੈ ਜਾਂਦਾ ਹੈ। ਇਕ ਕੱਟੜ ਕਮਿਊਨਿਸਟ ਵਿਚਾਰਧਾਰਾ ਵਾਲ਼ੇ ਸਾਥੀ, ਪ੍ਰੋ. ਵਰਿਆਮ ਸਿੰਘ ਦੀ ਸਿਫ਼ਾਰਸ਼ ਨਾਲ, ਉਸ ਨੂੰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਖਾਲੀ ਪਈ ਕੋਠੀ ਕਰਾਏ ਤੇ ਮੰਗਣ ਗਏ ਨੂੰ, ਇਕ ਅਕਾਲੀ ਆਗੂ, ਮਾਸਟਰ ਤਾਰਾ ਸਿੰਘ ਜੀ ਨੇ ਆਖਿਆ, "ਮਿਸ਼ਨਰੀ ਕਾਲਜ ਖੋਹਲ ਦਿਓ ਤੇ ਸਾਬ ਸੋਂਹ ਨੂੰ ਇਸ ਦਾ ਪ੍ਰਿੰਸੀਪਲ ਲਾ ਦਿਓ।" ਪਰ ਰਿਹਾਇਸ਼ ਲਈ ਉਹ ਕੋਠੀ ਸ਼੍ਰੋਮਣੀ ਕਮੇਟੀ ਦੇ ਕਾਂਗਰਸੀ ਪ੍ਰਧਾਨ, ਹੈਡ ਮਾਸਟਰ ਨਾਹਰ ਸਿੰਘ ਰਾਹੀਂ ਮਿਲ਼ੀ।

ਕਾਲਜ ਖੋਹਲ ਕੇ ਪ੍ਰਿੰਸੀਪਲ, ਪ੍ਰੋ. ਸਾਹਿਬ ਸਿੰਘ ਜੀ ਨੂੰ, ਮਿਸ਼ਨਰੀ ਕਾਲਜ ਦੇ ਇਕ ਰਹਿ ਚੁੱਕੇ ਪੁਰਾਣੇ ਵਿਦਿਆਰਥੀ ਅਤੇ ਉਸ ਸਮੇ ਅਕਾਲੀ ਤੋਂ ਕਾਂਗਰਸੀ ਬਣ ਕੇ, ਪੰਜਾਬ ਸਰਕਾਰ ਦੇ ਵਜੀਰ ਰਹਿ ਚੁੱਕੇ, ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ, ਸ. ਈਸ਼ਰ ਸਿੰਘ ਮਝੈਲ਼, ਦੀ ਪ੍ਰਧਾਨਗੀ ਵੇਲੇ, ਕਾਲਜ ਖੋਹਲ ਕੇ ਲਾਇਆ ਗਿਆ। ਇਸ ਨੌਕਰੀ ਦੌਰਾਨ ਹੀ ਉਹਨਾਂ ਦੁਆਰਾ ਵਿਆਕਰਣ ਮੁਤਾਬਿਕ, ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਲਿਖਿਆ ਗਿਆ। ਟੀਕੇ ਦੀ ਸੰਪੂਰਨਤਾ ਉਪ੍ਰੰਤ, ੧੯੬੧ ਦੇ ਸ਼ੁਰੂ ਵਿਚ ਸ਼੍ਰੋਮਣੀ ਕਮੇਟੀ ਨੂੰ, ਪ੍ਰੋਫ਼ੈਸਰ ਸਾਹਿਬ ਜੀ ਲਿਖਦੇ ਹਨ ਕਿ ਇਸ ਟੀਕੇ ਨੂੰ ਛਾਪਣ ਦੀ ਪਹਿਲ ਉਸ ਦੀ ਹੈ; ਇਸ ਲਈ ਕਮੇਟੀ ਇਸ ਨੂੰ ਛਾਪ ਲਵੇ ਪਰ ਕਮੇਟੀ ਵਾਲ਼ੇ ਨਾਂਹ ਕਰ ਦਿੰਦੇ ਹਨ। ਫਿਰ ਓਹੋ ਕਮਿਊਨਿਸਟ ਮਿੱਤਰ, ਪ੍ਰੋ ਵਰਿਆਮ ਸਿੰਘ, ਹੀ ਕੰਮ ਆਉਂਦਾ ਹੈ ਤੇ ਉਹ ਜਲੰਧਰ ਦੇ 'ਰਾਜ ਪਬਲਿਸ਼ਰਜ਼' ਨਾਲ਼ ਪ੍ਰੋਫ਼ੈਸਰ ਸਾਹਿਬ ਜੀ ਦੀ ਗੱਲ ਕਰਵਾ ਦਿੰਦਾ ਹੈ। ਨਤੀਜੇ ਵਜੋਂ ਇਸ ਮਹਾਨ ਕਾਰਜ ਦੀ ਸ਼ੁਰੂਆਤ ਹੋ ਜਾਂਦੀ ਹੈ। ਅਰਥਾਤ ਉਹ ਸਫ਼ਲ ਕਾਰੋਬਾਰੀ ਹਿੰਦੂ ਸੱਜਣ ਨਵਾਂ ਪਰੈਸ ਲਾ ਕੇ, ਪ੍ਰੋਫ਼ੈਸਰ ਸਾਹਿਬ ਜੀ ਦੀ ਇਸ ਸੰਸਾਰ ਵਿਚ ਮੌਜੂਦਗੀ ਦੌਰਾਨ ਹੀ ਇਸ ਨੂੰ ਸੰਪੂਰਨ ਕਰ ਕੇ, ਵਿਦਵਾਨ ਪਾਠਕਾਂ ਦੇ ਹੱਥਾਂ ਤੱਕ ਅੱਪੜਦਾ ਕਰ ਦਿੰਦਾ ਹੈ। ਸੁਣਨ ਵਿਚ ਆਇਆ ਹੈ ਕਿ ਅੱਜ ਉਹ ਸਫ਼ਲ ਵਾਪਾਰਕ ਅਦਾਰਾ ਇਸ ਕਾਰਜ ਵਿਚੋਂ ਸੱਬਰਕੱਤੀ ਕਮਾਈ ਕਰ ਰਿਹਾ ਹੈ ਜੇਹੜਾ ਕਿ ਉਸ ਦਾ ਜਾਇਜ਼ ਹੱਕ ਵੀ ਬਣਦਾ ਹੈ।

ਇਸ ਤਰ੍ਹਾਂ ਇਹ ਗੁਰਬਾਣੀ ਦੀ ਵਿਆਕਰਣਿਕ ਵਿਆਖਿਆ ਦਾ ਮਹਾਨ ਗ੍ਰੰਥ, 'ਦਰਪਣ' ਦੇ ਨਾਂ ਹੇਠ ਵਜੂਦ ਵਿਚ ਆ ਕੇ ਅੱਜ ਸਾਡੇ ਪਾਸ ਮੌਜੂਦ ਹੈ।

ਇਸ ਬਾਰੇ ਪੂਰਾ ਵਿਸਥਾਰ ਪ੍ਰੋਫ਼ੈਸਰ ਸਾਹਿਬ ਜੀ ਦੀ ਕਿਤਾਬ 'ਮੇਰੀ ਜੀਵਨ ਕਹਾਣੀ' ਵਿਚੋਂ ਪੜ੍ਹਿਆ ਜਾ ਸਕਦਾ ਹੈ।

(੧੨.੧੨.੦੯)

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
# ਜਾਂ
# ਮਿਨੀ ਸਿੱਖ ਪਾਰਲੀਮੈਂਟ?

ਕੁਝ ਸਾਲਾਂ ਤੋਂ ਪ੍ਰੈਸ ਵਿਚ ਆਏ ਦਿਨ ਸਿੱਖਾਂ ਦੀ ਮਹਾਨ ਤੇ ਸਰਬ ਉਚ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਮਿਨੀ ਸਿੱਖ ਪਾਰਲੀਮੈਂਟ' ਕਰਕੇ ਲਿਖਿਆ ਜਾਂਦਾ ਪੜ੍ਹਨ ਵਿਚ ਆ ਰਿਹਾ ਹੈ; ਸ਼ੁਕਰ ਹੈ ਕਿ ਇਹ ਅਜੇ ਸੁਣਨ ਵਿਚ ਨਹੀਂ ਆਇਆ; ਸਿਰਫ ਪੜ੍ਹਨ ਤੱਕ ਹੀ ਸੀਮਤ ਹੈ। ਸ਼ਾਇਦ ਇਹ ਤਿੰਨ ਸ਼ਬਦ ਲੋਕਾਂ ਦੀ ਸਮਝ ਦੀ ਪਕੜ ਵਿਚ ਅਜੇ ਨਾ ਆ ਸਕੇ ਹੋਣ! ਪੱਤਰਾਂ ਤੇ ਪੱਤਰਕਾਰਾਂ ਵੱਲੋਂ ਪੂਰਾ ਜ਼ੋਰ ਇਸ ਗੱਲ ਉਪਰ ਲਾਇਆ ਜਾ ਰਿਹਾ ਹੈ ਕਿ ਇਹ ਲਕਬ ਲੋਕਾਂ ਦੀ ਸਾਇਕੀ ਵਿਚ ਚੰਗੀ ਤਰ੍ਹਾਂ ਘੁਸ ਜਾਵੇ।

ਕੁਝ ਸਮਾ ਹੋਇਆ ਇਸ ਸ਼ਬਦ ਦੇ ਘੜਨਹਾਰੇ ਸੱਜਣ, ਪ੍ਰਸਿਧ ਪੱਤਰਕਾਰ ਤੇ ਲੇਖਕ, ਸ. ਹਰਬੀਰ ਸਿੰਘ ਭੰਵਰ ਜੀ, ਨਾਲ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤ੍ਰੇਤ ਵਿਚ ਸਥਿਤ ਉਹਨਾਂ ਦੇ ਆਪਣੇ ਦਫ਼ਤਰ ਵਿਚ ਮੁਲਾਕਾਤ ਹੋਈ। ਉਹ ਆਪਣੇ ਪ੍ਰੋਫ਼ੈਸ਼ਨ ਵਿਚ ਚੰਗੇ ਕਾਮਯਾਬ ਵਿਅਕਤੀ ਹਨ ਤੇ ਵੈਸੇ ਬਤੌਰ ਮਨੁੱਖ ਵੀ ਮੈਂ ਉਹਨਾਂ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਤ ਹਾਂ। ਜਦੋਂ ਉਹਨਾਂ ਨੇ ਇਹ ਖ਼ਿਤਾਬ ਇਸ ਮਹਾਨ ਸੰਸਥਾ ਨੂੰ 'ਮਿਨੀ' ਬਣਾ ਦੇਣ ਵਾਲ਼ਾ ਦਿੱਤਾ ਸੀ ਤਾਂ ਇਸ ਵਿਚ ਉਹਨਾਂ ਨੇ ਦਿਆਨਤਦਾਰੀ ਹੀ ਵਰਤਣ ਦਾ ਯਤਨ ਕੀਤਾ ਸੀ। ਇਸ ਵਿਚ ਉਹਨਾਂ ਨੂੰ ਜ਼ਾਤੀ ਲਾਭ ਕੋਈ ਨਹੀਂ ਸੀ। ਆਪਣੇ ਵੱਲੋਂ ਉਹਨਾਂ ਨੇ ਇਸ ਮਹਾਨ ਸੰਸਥਾ ਦੀ ਇਸ ਵਿਚ ਵਡਿਆਈ ਹੀ ਸਮਝੀ ਹੋਵੇਗੀ। ਉਸ ਮੁਲਾਕਾਤ ਦੌਰਾਨ ਉਹਨਾਂ ਨਾਲ਼ ਮੈਂ ਆਪਣੇ ਵਿਚਾਰ ਪਰਗਟ ਕਰਦਿਆਂ ਆਖਿਆ ਕਿ ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਮਿਨੀ ਸਿੱਖ ਪਾਰਲੀਮੈਂਟ' ਹੈ ਤਾਂ ਫਿਰ 'ਮੈਕਸੀ ਸਿੱਖ ਪਾਰਲੀਮੈਂਟ' ਕੇਹੜੀ ਹੋਈ? ਮੇਰੀ ਜਾਣਕਾਰੀ ਵਿਚ ਅਜੇ ਤੱਕ ਮੈਕਸੀ ਅਰਥਾਤ ਵੱਡੀ ਕੋਈ ਹੋਰ ਅਜਿਹੀ ਸਿੱਖ ਪਾਰਲੀਮੈਂਟ ਹੋਂਦ ਵਿਚ ਨਹੀਂ ਆਈ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਤੋਂ ਦੀ 'ਮੈਕਸੀ ਸਿੱਖ ਪਾਰਲੀਮੈਂਟ' ਅਖਵਾਉਣ ਦਾ ਹੱਕ ਰੱਖਦੀ ਹੋਵੇ। ਇਸ ਲਈ ਜੋ

ਵੀ ਸਿੱਖ ਪਾਰਲੀਮੈਂਟ ਹੈ, ਮਿਨੀ ਜਾਂ ਮੈਕਸੀ ਅਰਥਾਤ ਵੱਡੀ ਜਾਂ ਛੋਟੀ, ਉਹ ਇਹੋ ਹੀ ਹੈ। ਹਾਂ, ਇਸ ਤੋਂ ਕਈ ਗੁਣਾ ਵੱਡੀ ਇਕ ਸਾਰੇ ਦੇਸ਼ ਵਾਸੀਆਂ ਦੀ ਸਾਂਝੀ ਪਾਰਲੀਮੈਂਟ ਦਿੱਲੀ ਵਿਚ ਮੌਜੂਦ ਹੈ। ਉਸ ਦੇ ਦੋਹਾਂ ਸਦਨਾਂ ਦੇ ਤਕਰੀਬਨ ੭੯੦ ਮੈਬਰਾਂ ਵਿਚ ਡੇਢ ਕੁ ਦਰਜਨ ਸਿੱਖ ਮੈਬਰ ਵੀ ਹੁੰਦੇ ਹਨ ਪਰ ਉਸ ਨੂੰ ਕਿਸੇ ਵੀ ਤਰ੍ਹਾਂ 'ਸਿੱਖ ਪਾਰਲੀਮੈਂਟ' ਨਹੀਂ ਆਖਿਆ ਜਾ ਸਕਦਾ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਿਨੀ ਸਿੱਖ ਪਾਰਲੀਮੈਂਟ ਨਹੀ। ਹਾਂ, ਜੇ ਇਸ ਨੂੰ ਪਾਰਲੀਮੈਂਟ ਆਖਣਾ ਹੀ ਹੋਵੇ ਤਾਂ ਫਿਰ 'ਦੀ ਗਰੇਟ ਸਿੱਖ ਪਾਰਲੀਮੈਂਟ' ਹੀ ਆਖਿਆ ਜਾ ਸਕਦਾ ਹੈ; 'ਮਿਨੀ ਸਿੱਖ ਪਾਰਲੀਮੈਂਟ' ਕਦਾਚਿਤ ਨਹੀ। ਸਾਨੂੰ ਇਹ ਗ਼ਲਤ ਧਾਰਨਾ ਲੋਕਾਂ ਤੱਕ ਨਹੀਂ ਪੁਚਾਉਣੀ ਚਾਹੀਦੀ। ਉਸ ਸਮੇ ਉਹ ਚੰਗੇ ਸੱਜਣ ਜੀ ਮੇਰੇ ਨਾਲ਼ ਸਹਿਮਤ ਵੀ ਹੋ ਗਏ ਪਰ ਉਹਨਾਂ ਨੇ ਇਸ ਗੱਲ ਦੀ ਪ੍ਰੈਸ ਵਿਚ ਤਰਦੀਦ ਨਹੀਂ ਕੀਤੀ। ਹੋ ਸਕਦਾ ਹੈ ਕਿ ਉਹ ਉਸ ਸਮੇ ਅੰਦਰੋਂ ਮੇਰੇ ਨਾਲ਼ ਸਹਿਮਤ ਨਾ ਹੋਏ ਹੋਣ ਤੇ ਮੇਰੇ ਨਾਲ਼ ਫਾਲਤੂ ਹੋਰ ਵਿਚਾਰਾਂ ਵਿਚ ਉਲਝਣ ਤੋਂ ਬਚਣ ਲਈ ਉਹਨਾਂ ਨੇ ਮੇਰੇ ਵਿਚਾਰਾਂ ਨਾਲ਼ ਸਹਿਮਤੀ ਦਰਸਾ ਦਿਤੀ ਹੋਵੇ! ਮੈਂ ਉਹਨਾਂ ਦੀ ਸਹਿਮਤੀ ਨੂੰ ਸਹੀ ਸਹਿਮਤੀ ਹੀ ਸਮਝਿਆ ਸੀ। ਮੈਨੂੰ ਇਸ ਗੱਲ ਦੀ ਵੀ ਹੈਰਾਨੀ ਹੈ ਕਿ ਬਾਵਜੂਦ ਏਨੇ ਪ੍ਰਚਾਰ-ਸਾਧਨਾਂ ਦੀ ਮਾਲਕ ਹੋਣ ਤੇ ਵੀ, ਸ਼੍ਰੋਮਣੀ ਕਮੇਟੀ ਵੱਲੋਂ ਕਦੀ ਵੀ ਇਸ ਗ਼ਲਤ ਗੱਲ ਦੀ ਤਰਦੀਦ ਨਹੀਂ ਕੀਤੀ ਗਈ। ਸ਼ਾਇਦ ਉਸ ਦੇ ਮੈਂਬਰ ਵੀ ਇਹਨਾਂ ਤਿੰਨ ਸ਼ਬਦਾਂ ਵਿਚ ਆਏ ਸ਼ਬਦ 'ਪਾਰਲੀਮੈਂਟ' ਨੂੰ ਆਪਣੇ ਨਾਲ਼ ਜੁੜਿਆ ਜਾਣ ਕੇ ਕੋਈ ਵਡਿਆਈ ਮਹਿਸੂਸ ਕਰਦੇ ਹੋਣ ਤੇ ਉਹਨਾਂ ਨੂੰ ਇਸ ਦੇ ਗ਼ਲਤ ਹੋਣ ਦਾ ਅਹਿਸਾਸ ਹੀ ਨਾ ਹੋਇਆ ਹੋਵੇ!

ਵੀਹਵੀਂ ਸਦੀ ਦੇ ਤੀਜੇ ਦਹਾਕੇ ਦੌਰਾਨ, ਪੰਜ ਸਾਲ ਲਗਾਤਾਰ ਸਿੱਖ ਕੌਮ ਵੱਲੋਂ ਕੀਤੀਆਂ ਗਈਆਂ ਕੁਰਬਾਨੀਆਂ, ਪੰਜ ਸੌ ਦਿੱਤੀਆਂ ਗਈਆਂ ਸ਼ਹੀਦੀਆਂ, ਜੇਹਲਾਂ, ਜੁਰਮਾਨਿਆਂ, ਜਾਇਦਾਦਾਂ ਦੀਆਂ ਜ਼ਬਤੀਆਂ ਤੇ ਹੋਰ ਕਈ ਤਰ੍ਹਾਂ ਦੇ ਅਪਮਾਨ ਜਨਕ ਤਸੀਹੇ ਝੱਲ ਕੇ ਇਸ ਮਹਾਨ ਸੰਸਥਾ ਨੂੰ ਵਜੂਦ ਵਿਚ ਲਿਆਂਦਾ ਗਿਆ ਸੀ ਪਰ ਅੱਜ ਅਖ਼ਬਾਰਾਂ ਵਾਲ਼ੇ ਇਸ ਨੂੰ 'ਮਿਨੀ' ਦੱਸ ਕੇ, ਇਸ ਦੀ ਮਹੱਤਤਾ ਨੂੰ ਘਟਾਉਣ ਵਿਚ ਹਿੱਸਾ ਪਾ ਰਹੇ ਹਨ ਤੇ ਇਸ ਦੇ ਸ਼ਕਤੀਸ਼ਾਲੀ ਜੁੰਮੇਵਾਰ ਅਧਿਕਾਰੀਆਂ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ! ਹਾਂ, ਜੇ ਇਸ ਨੂੰ, ਇਸ ਦੀਆਂ ਪਾਰਲੀਮੈਂਟ ਵਾਂਗ ਹੋਣ ਵਾਲੀਆਂ ਚੋਣਾਂ ਕਾਰਨ, ਸਿੱਖ ਪਾਰਲੀਮੈਂਟ ਆਖਣਾ ਹੀ ਹੋਵੇ ਤਾਂ 'ਮਿਨੀ' ਦੀ ਥਾਂ 'ਦੀ ਗਰੇਟ' ਅਰਥਾਤ 'ਸ਼੍ਰੋਮਣੀ ਸਿੱਖ ਪਾਰਲੀਮੈਂਟ' ਹੀ ਆਖਿਆ ਜਾ ਸਕਦਾ ਹੈ। ਫਿਰ ਦਿੱਲੀ ਗੁਰਦੁਆਰਾ ਕਮੇਟੀ ਸਮੇਤ ਬਾਕੀ ਦੀਆਂ ਸਾਰੀਆਂ ਗੁਰਦੁਆਰਾ ਕਮੇਟੀਆਂ ਨੂੰ, ਉਹਨਾਂ ਦੀ ਚੋਣ ਹੋਣ ਦੇ ਢੰਗ ਕਰਕੇ, ਅਸੀਂ ਮਿਨੀ ਸਿੱਖ ਪਾਰਲੀਮੈਂਟਾਂ ਆਖ ਸਕਦੇ ਹਾਂ; ਉਹ ਵੀ ਤਾਂ, ਜੇ ਅਜਿਹਾ ਕੁਝ ਕਰਨ ਦੀ ਲੋੜ ਮਹਿਸੂਸ ਹੁੰਦੀ ਹੋਵੇ। ਇਸ ਸਰਬ ਉਚ ਸਿੱਖ ਸੰਸਥਾ ਦਾ ਨਾਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਜੋ ਉਸ ਸਮੇ ਸਿੱਖ ਨੁਮਾਇੰਦਿਆਂ ਤੇ ਵਿਦਵਾਨਾਂ ਨੇ ਰੱਖਿਆ ਸੀ, ਉਸ ਵਿਚ ਅਜੇ ਤੱਕ ਮੈਨੂੰ ਕੋਈ ਗ਼ਲਤੀ ਨਹੀਂ ਦਿਸੀ ਜਿਸ ਕਰਕੇ ਇਸ ਨੂੰ ਹੁਣ ਬਦਲਣ ਦੀ ਲੋੜ ਹੋਵੇ। ਪਾਠਕਾਂ ਨੂੰ ਸ਼ਾਇਦ ਯਾਦ ਹੋਵੇ ਕਿ ਸਰਕਾਰ ਨੇ ਆਪਣੇ ਐਕਟ ਵਿਚ ਇਸ ਦਾ ਨਾਂ 'ਸੈਂਟਰਲ ਗੁਰਦੁਆਰਾ ਬੋਰਡ' ਰੱਖਿਆ ਸੀ। ਸਿੱਖਾਂ ਦੇ ਜੋਰ ਦੇਣ ਤੇ ਉਸ ਨੇ ਇਹ ਆਖ ਦਿੱਤਾ ਸੀ ਕਿ ਜੇ ਇਸ ਬੋਰਡ ਦੇ ਚੁਣੇ ਹੋਏ ਨੁਮਾਇੰਦੇ ਚਾਹੁਣ ਤਾਂ ਮਤਾ ਪਾਸ ਕਰਕੇ ਇਸ ਦਾ ਨਾਂ ਬਦਲ ਸਕਦੇ ਹਨ। ਇਸ ਲਈ ਇਸ ਬੋਰਡ ਦੇ ਚੁਣੇ ਹੋਏ ਮੈਬਰਾਂ ਨੇ, ਅੰਮ੍ਰਿਤਸਰ ਦੇ ਟਾਊਨ ਹਾਲ ਵਿਚ ਹੋਣ ਵਾਲੀ ਆਪਣੀ ਪਹਿਲੀ ਇਕੱਤਰਤਾ ਵਿਚ ਹੀ, ਮਤਾ ਪਾਸ ਕਰਕੇ ਇਸ ਦਾ ਨਾਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖ ਲਿਆ ਸੀ। ਸਰਕਾਰ ਇਸ ਦਾ ਇਹ ਨਾਂ ਇਸ ਲਈ ਨਹੀਂ ਸੀ ਰੱਖਦੀ ਕਿ ਅਕਤੂਬਰ ੧੯੨੦ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਸਥਾਪਤ ਹੋਈ ਇਸ ਕਮੇਟੀ ਨੇ ਸਰਕਾਰ ਵੱਲੋਂ, ਸਿੱਖ ਗੁਰਦੁਆਰਿਆਂ ਨੂੰ ਆਪਣੇ ਥਾਪੇ ਹੋਏ ਲੋਕਾਂ ਦੇ ਹੱਥਾਂ ਵਿਚ ਲੈਣ ਦੀ ਸਕੀਮ ਨੂੰ ਫ਼ੇਹਲ ਕਰ ਦਿੱਤਾ ਸੀ ਤੇ ਇਸ ਦੀ ਅਗਵਾਈ ਹੇਠ ਹੀ ਪੰਜ ਸਾਲ ਸ਼ਾਂਤਮਈ ਮੋਰਚੇ ਚਲਾ ਕੇ ਸਰਕਾਰ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ ਸੀ। ਸਰਕਾਰ ਨੇ ਇਸ ਮਹਾਨ ਸਿੱਖ ਸੰਸਥਾ ਨੂੰ, ਜੋ ਕਿ ਓਦੋਂ ਗੁਰਦੁਆਰਾ ਐਕਟ ੧੯੨੫ ਦੇ ਬਣਨ ਤੋਂ ਪਹਿਲਾਂ ਬਣੀ ਸੀ, ਦੀਆਂ ਸਰਕਾਰ ਵਿਰੋਧੀ ਜੁਝਾਰੂ ਕਾਰਵਾਈਆਂ ਤੇ ਮੋਰਚਿਆਂ ਤੋਂ ਖਿਝ ਕੇ, ਕਾਨੂੰਨ ਵਿਰੁਧ ਕਰਾਰ ਦੇ ਦਿੱਤਾ ਹੋਇਆ ਸੀ। ਇਹ ਸਾਰਾ ਇਤਿਹਾਸ ਕਮਿਊਨਿਸਟ ਆਗੂ, ਸ. ਸੋਹਣ ਸਿੰਘ ਜੋਸ਼, ਜੋ ਉਸ ਸਮੇ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤਰ ਹੁੰਦਾ ਸੀ, ਦੀ 'ਅਕਾਲੀ ਮੋਰਚਿਆਂ ਦਾ ਇਤਿਹਾਸ' ਨਾਮੀ ਵਿਸ਼ਾਲ ਕਿਤਾਬ ਵਿਚੋਂ ਪੜ੍ਹਿਆ ਜਾ ਸਕਦਾ ਹੈ। ਇਹ ਕਿਤਾਬ ਭਾਰਤੀ ਕਮਿਊਨਿਸਟ ਪਾਰਟੀ ਨੇ ਉਹਨਾਂ ਪਾਸੋਂ ਲਿਖਵਾ ਕੇ ਛਪਵਾਈ ਸੀ।

ਮੇਰੀ ਜਾਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੁਜਾਨ ਅਧਿਕਾਰੀਆਂ ਨੂੰ ਇਸ ਬਾਰੇ ਨੋਟਿਸ ਲੈ ਕੇ ਪੂਰਾ ਯਤਨ ਕਰਨਾ ਚਾਹੀਦਾ ਹੈ ਇਸ ਗ਼ਲਤ ਪ੍ਰੈਕਟਿਸ ਨੂੰ ਰੋਕਣ ਦਾ।

**ਇਸ ਦੇ ਨਾਲ਼ ਲੱਗਦੀ ਹੀ ਇਕ ਹੋਰ ਗੱਲ: ਕਦੀ ਕਦਾਈਂ ਗੁਰੂ ਘਰ ਵੱਲੋਂ ਕਿਸੇ ਸਨਮਾਨ ਜਨਕ ਵਿਅਕਤੀ ਨੂੰ, ਉਸ ਵੱਲੋਂ ਕੀਤੀ ਗਈ ਕਿਸੇ ਕੌਮੀ ਸੇਵਾ ਸਦਕਾ, ਸਨਮਾਨ ਹਿਤ ਸਿਰੋਪਾ ਬਖ਼ਸ਼ ਕੇ, ਉਸ ਦੀ ਸੇਵਾ ਨੂੰ ਮਾਨਤਾ ਦੇ ਕੇ ਉਸ ਦਾ ਸਤਿਕਾਰ ਕੀਤਾ ਜਾਂਦਾ ਹੈ। ਉਸ ਦੀ ਖ਼ਬਰ ਪ੍ਰਕਾਸ਼ਤ ਕਰਨ ਸਮੇ ਪ੍ਰੈਸ, "ਸਿਰੋਪਾ ਭੇਟ ਕੀਤਾ ਗਿਆ" ਲਿਖ ਕੇ, ਗੁਰੂ ਦੇ ਸਤਿਕਾਰ ਨੂੰ ਘਟਾਉਂਦਾ ਹੈ। ਕੁਝ ਸਮਾ ਪਹਿਲਾਂ ਮੈ ਇਸ ਬਾਰੇ ਇਕ ਲੇਖ ਵੀ ਲਿਖਿਆ ਸੀ ਜੋ ਮੇਰੀ ਪਹਿਲੀ ਪੁਸਤਕ, 'ਸਚੇ ਦਾ ਸਚਾ ਢੋਆ' ਵਿਚ ਪ੍ਰਕਾਸ਼ਤ ਵੀ ਹੋ ਚੁਕਿਆ ਹੈ ਤੇ ਇਸ ਤੋਂ ਪਹਿਲਾਂ ਕਈ ਪੱਤਰਾਂ ਵਿਚ ਵੀ ਛਪਿਆ ਸੀ। ਉਸ ਤੋਂ ਬਾਅਦ ਇਹ ਗ਼ਲਤ ਲਿਖਤ ਘੱਟ ਤਾਂ ਹੋਈ ਹੈ ਪਰ ਪੂਰੀ ਤਰ੍ਹਾਂ ਬੰਦ ਨਹੀਂ ਹੋਈ। ਬਹੁਤ ਸਾਰੇ ਪ੍ਰੈਸ ਵਾਲ਼ੇ ਅਜੇ ਵੀ, "ਸਿਰੋਪਾ ਭੇਟ ਕੀਤਾ ਗਿਆ" ਹੀ ਲਿਖਦੇ**

**ਹਨ। ਇਹ ਗੱਲ ਅਸੀਂ ਸਮਝ ਲਈਏ ਕਿ 'ਭੇਟਾ' ਹਮੇਸ਼ਾਂ ਛੋਟੇ ਵੱਲੋਂ ਵੱਡੇ ਨੂੰ ਪੇਸ਼ ਕੀਤੀ ਜਾਂਦੀ ਹੈ; ਵੱਡੇ ਵੱਲੋਂ ਛੋਟੇ ਨੂੰ ਭੇਟਾ ਨਹੀਂ ਕੀਤੀ ਜਾਂਦੀ। ਉਹ 'ਬਖ਼ਸ਼ਿਸ਼' ਹੁੰਦੀ ਹੈ। ਇਸ ਲਈ ਗੁਰੂ ਘਰ ਵੱਲੋਂ ਕਿਸੇ ਵੀ ਵਿਅਕਤੀ ਨੂੰ ਦਿੱਤਾ ਜਾਣ ਵਾਲ਼ਾ ਸਿਰੋਪਾ 'ਭੇਟਾ' ਨਹੀਂ ਬਲਕਿ 'ਬਖ਼ਸ਼ਿਸ਼' ਹੈ। ਇਸ ਲਈ ਕਦੀ ਵੀ ਸਿਰੋਪਾ 'ਭੇਟ ਕੀਤਾ' ਨਹੀਂ ਆਖਣਾ ਜਾਂ ਲਿਖਣਾ ਚਾਹੀਦਾ। ਸਦਾ ਹੀ ਸਿਰੋਪਾ ਬਖ਼ਸ਼ਿਆ ਗਿਆ ਹੀ ਆਖਣਾ ਤੇ ਲਿਖਣਾ ਚਾਹੀਦਾ ਹੈ।**

## ਵੱਡੇ ਬੰਦਿਆਂ ਦੀਆਂ ਬਚਿਤਰ ਬਾਤਾਂ

੧. ਲਾਲ ਬਹਾਦਰ ਸ਼ਾਸ਼ਤਰੀ ਤੇ ਮਹਾਰਾਜਾ ਯਾਦਵਿੰਦਰ ਸਿੰਘ ਜੀ ਪਟਿਆਲਾ, ਇਕ ਸਮਾਗਮ ਤੇ ਇੱਕਠੇ ਹੋ ਗਏ। ਮਹਾਰਾਜਾ ਜੀ ਉਸ ਸਮਾਗਮ ਵਿਚ ਸਭ ਤੋਂ ਲੰਮੇ ਤੇ ਸਾਸ਼ਤਰੀ ਜੀ ਸਭ ਤੋਂ ਛੋਟੇ ਕੱਦ ਦੇ ਵਿਅਕਤੀ ਸਨ। ਸ਼ਾਸ਼ਤਰੀ ਜੀ ਆਖਣ ਲੱਗੇ, "ਜਬ ਮੈਂ ਮਹਾਰਾਜਾ ਜੀ ਸੇ ਬਾਤ ਕਰਨੀ ਹੋਤੀ ਹੈ ਤੋ ਮੈਂ ਸਰ ਉਠਾ ਕਰ ਬਾਤ ਕਰਤਾ ਹੂੰ ਔਰ ਜਬ ਮਹਾਰਾਜਾ ਜੀ ਨੇ ਮੁਝ ਸੇ ਬਾਤ ਕਰਨੀ ਹੋਤੀ ਹੈ ਤੋ ਉਨ੍ਹੇ ਸਰ ਝੁਕਾਨਾ ਪੜਤਾ ਹੈ। ਅਬ ਆਪ ਹੀ ਸਮਝ ਲੀਜੀਏ ਕਿ ਸਰ ਝੁਕਾਨਾ ਅੱਛਾ ਹੋਤਾ ਹੈ ਜਾਂ ਸਰ ਉਠਾਨਾ!"

੨. ਇਕ ਵਾਰੀਂ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਚੰਡੀਗੜ੍ਹ ਆਏ ਤਾਂ ਉਸ ਸਮੇ ਦੇ ਮੁਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੇ ਉਹਨਾਂ ਦੀ ਸਵਾਗਤੀ ਸਪੀਚ ਵਿਚ ਆਖ ਦਿਤਾ ਕਿ ਚੰਡੀਗੜ੍ਹ ਪੰਜਾਬ ਦਾ ਦਿਲ ਹੈ। ਉਤਰ ਵਿਚ ਨਹਿਰੂ ਜੀ ਨੇ ਆਪਣੇ ਭਾਸ਼ਨ ਵਿਚ ਆਖਿਆ, "ਵਾਕਿਆ ਹੀ ਚੰਗੀਗੜ੍ਹ ਪੰਜਾਬ ਕਾ ਦਿਲ ਹੈ ਕਿਉਂਕਿ ਦਿਮਾਗ਼ ਤੋ ਪੰਜਾਬੀਉਂ ਕਾ ਹੋਤਾ ਹੀ ਨਹੀ।"

੩. ਭਾਰਤ ਦੇ ਤਤਕਾਲੀ ਗ੍ਰਿਹ ਮੰਤਰੀ ਸਰਦਾਰ ਵਲਭ ਭਾਈ ਪਟੇਲ ਨੇ ਪਟਿਆਲੇ ਵਿਚ ਇਕ ਸਮਾਗਮ ਤੇ ਬੋਲਿਦਆਂ ਆਖਿਆ, "ਪੰਜਾਬੀਉਂ ਸੇ ਕਾਮ ਲੇਨਾ ਹੋ ਤੋ ਯਾਂ ਤੋ ਇਨ੍ਹੇਂ ਹੰਸਾ ਦੋ ਯਾਂ ਇਨ੍ਹੇਂ ਗੁੱਸਾ ਦਿਲਾ ਦੋ।"

੪. ਪੰਜਾਬੀਆਂ ਦੀ ਸੌੜੀ ਸੋਚ ਦਾ ਮੌਜੂ ਉਡਾਉਂਦਿਆਂ ਇਕ ਵਾਰੀ ਪੰਡਿਤ ਨਹਿਰੂ ਨੇ ਆਖਿਆ, "ਪੰਜਾਬ ਕੇ ਲੋਗ ਬੋਲਤੇ ਪੰਜਾਬੀ ਹੈਂ, ਅਪਨੇ ਬੱਚੋਂ ਕੋ ਅੰਗ੍ਰੇਜ਼ੀ ਪੜ੍ਹਾਤੇ ਹੈਂ; ਮਗ਼ਰ ਲੜਤੇ ਹੈਂ ਹਿੰਦੀ ਪੰਜਾਬੀ ਕੇ ਲੀਏ; ਔਰ ਵੋਹ ਲੜਾਈ ਭ੍ਰੀ ਉਰਦੂ ਮੈ ਕਰਤੇ ਹੈਂ।"

੫. ਪੰਜਾਬੀ ਸੂਬੇ ਦਾ ਐਲਾਨ ਹੋ ਜਾਣ ਪਿਛੋਂ ਹਰਿਆਣਾ ਦੇ ਜਾਟ ਆਗੂ, ਚੌਧਰੀ ਦੇਵੀ ਲਾਲ ਜੀ, ਅਕਾਲੀ ਆਗੂ ਸੰਤ ਫ਼ਤਿਹ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਿਲਣ ਵਾਸਤੇ ਆਏ ਤਾਂ ਗੱਲਬਾਤ ਵਿਚ ਆਪਣੀ ਪੇਂਡੂ ਬੋਲੀ ਵਿਚ ਆਖਣ ਲੱਗੇ, "ਹਰਿਆਣਾ ਤਾਂ ਪੰਜਾਬੀ ਸੂਬੇ ਨਾਲ਼ ਇਸ ਤਰ੍ਹਾਂ ਬਣ ਗਿਆ ਹੈ ਜਿਵੇਂ ਕੋਈ ਆਦਮੀ ਟੱਟੀ ਫਿਰਨ ਜਾਵੇ ਤਾਂ ਪਿਸ਼ਾਬ ਆਪਣੇ ਆਪ ਹੀ ਆ ਜਾਂਦਾ ਹੈ।"

੬. ੧੯੬੬ ਦੇ ਅੰਤ ਵਿਚ, ਪੰਜਾਬ ਦੇ ਜਨਸੰਘੀਆਂ ਦੇ ਆਗੂ, ਵੀਰ ਯੱਗ ਦੱਤ ਸ਼ਰਮਾ ਨੂੰ ਸੰਤ ਫ਼ਤਿਹ ਸਿੰਘ ਜੀ ਨੇ ਮਿਲਣ ਵਾਸਤੇ ਸੱਦਿਆ ਤੇ ਆਖਿਆ, "ਪਿਛਲੇ ਸਾਲਾਂ ਵਿਚ ਕਾਂਗਰਸ ਨੇ ਆਪਣੀ ਸਵਾਰਥ ਸਿਧੀ ਲਈ, ਪੰਜਾਬੀ ਹਿੰਦੂ ਤੇ ਸਿੱਖਾਂ ਵਿਚ ਦੁਫੇੜ ਪਾਈ ਰੱਖਿਆ ਹੈ। ਤੁਹਾਡੀ ਵਿਰੋਧਤਾ ਦੇ ਬਾਵਜੂਦ ਪੰਜਾਬੀ ਸੂਬਾ ਤਾਂ ਬਣ ਹੀ ਗਿਆ ਹੈ। ਆਓ ਹੁਣ ਆਪਾਂ ਰਲ਼ ਕੇ ਸਾਂਝੇ ਤੌਰ ਤੇ ਸਰਕਾਰ ਬਣਾਈਏ ਤੇ ਕਾਂਗਰਸ ਦੀਆਂ ਕੁਨੀਤੀਆਂ ਨੂੰ ਭਾਂਜ ਦੇ ਦਈਏ।" ਵੀਰ ਜੀ ਬੋਲੇ, "ਠੀਕ ਹੈ; ਤੁਸੀਂ ਆਖਦੇ ਸੀ, "ਜੇ ਪੰਜਾਬੀ ਸੂਬਾ ਨਾ ਬਣਿਆ ਤਾਂ ਸਿੱਖ ਨਹੀ ਬਚਦੇ।" ਦੇ ਜਵਾਬ ਵਿਚ ਅਸੀਂ ਆਖਦੇ ਸੀ, "ਜੇ ਇਹ ਬਣ ਗਿਆ ਤਾਂ ਹਿੰਦੂ ਨਹੀ ਬਚਦੇ।" ਇਸ ਤਰ੍ਹਾਂ ਅਸੀਂ ਇਹਨਾਂ ਦੋਹਾਂ ਨੂੰ ਇਕ ਦੂਜੇ ਤੋਂ ਏਨਾ ਦੂਰ ਲੈ ਗਏ ਹਾਂ ਕਿ ਹੁਣ ਹੌਲ਼ੀ ਹੌਲ਼ੀ ਹੀ ਇਹਨਾਂ ਨੂੰ ਨੇੜੇ ਲਿਆਵਾਂਗੇ।" (ਵੈਸੇ ਇਹ ਨੇੜਤਾ, ਸਰਕਾਰੀ ਸ਼ਕਤੀ ਵਿਚ ਭਾਈਵਾਲ ਬਣਨ ਦੇ ਲਾਲਚ ਵਿਚ, ੧੯੬੭ ਦੇ ਮਾਰਚ ਮਹੀਨੇ ਦੀ ਅੱਠ ਤਰੀਕ ਨੂੰ ਹੀ ਪਰਗਟ ਹੋ ਗਈ ਸੀ ਜਦੋਂ ਖੰਨੇ ਵਿਚ ਬੈਠ ਕੇ ਸਾਰਿਆਂ ਨੇ ਰਲ਼ ਕੇ ਯੂਨਾਈਟਡ ਫ਼ਰੰਟ ਬਣਾ ਲਿਆ ਸੀ)

੭. ਤਰਨ ਤਾਰਨ ਦੀ ਜ਼ਿਮਨੀ ਚੋਣ ਸਮੇ, ੧੯੬੭ ਵਿਚ ਕਾਂਗਰਸੀ ਜਲਸੇ 'ਚ ਬੋਲਦਿਆਂ ਕਾਂਗਰਸੀ ਆਗੂ, ਬੀਬੀ ਸਰਲਾ ਦੇਵੀ ਜੀ, ਆਪਣੇ ਭਾਸ਼ਨ ਵਿਚ ਆਖ ਗਏ, "ਸੰਤ ਵਾਜਾ ਵਜਾਉਂਦਾ ਵਜਾਉਂਦਾ ਉਠ ਕੇ ਲੀਡਰ ਬਣ ਗਿਆ।" ਅਗਲੇ ਦਿਨ ਓਸੇ ਥਾਂ ਤੇ ਅਕਾਲੀਆਂ ਦੇ ਜਲਸੇ ਵਿਚ ਬੋਲਦਿਆਂ ਸੰਤ ਜੀ ਨੇ ਆਖਿਆ, "ਕਲ੍ਹ ਇਕ ਬੀਬੀ ਏਥੇ ਮੇਰੇ ਬਾਰੇ ਕੁਝ ਆਖ ਗਈ ਏ। ਉਸ ਦਾ ਨਾਂ ਕੋਈ ਸ਼ਰਲਾ ਸ਼ਰਲਾ ਕਰਕੇ ਦੱਸਦੇ ਨੇ। ਅਕਸਰ ਅਸਾਡੀ ਧੀ ਭੈਣ ਲਗਦੀ ਏ; ਅਸੀਂ ਉਸ ਬਾਰੇ ਕੁਝ ਆਖਦੇ ਚੰਗੇ ਨਹੀ ਲਗਦੇ। ਵੈਸੇ ਨਿਹੰਗ ਸਿੰਘ ਤਾਂ ਸ਼ਰਲਾ ਕਿਸੇ ਹੋਰ ਵਸਤੂ ਨੂੰ ਹੀ ਆਖਦੇ ਨੇ। ਮੈ ਬੀਬੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਬੀਬੀ ਜੀ ਤੁਹਾਨੂੰ ਡਾਕੂ, ਲੁੱਚਾ, ਲੁਟੇਰਾ, ਕਾਤਲ, ਜ਼ਨਾਹਕਾਰ ਲੀਡਰ ਚਾਹੀਦਾ ਸੀ; ਵਾਜਾ ਵਜਾਉਣ ਵਾਲ਼ਾ ਸੰਤ ਲੀਡਰ ਨਹੀ ਚੰਗਾ ਲੱਗਦਾ!!"

੮. ਪੰਜਾਬ ਦੀਆਂ ਮੰਗਾਂ ਬਾਰੇ ਸੰਤ ਜੀ ਵੱਲੋਂ ਕੀਤੀ ਜਾ ਰਹੀ ਜਦੋ ਜਹਿਦ ਦੌਰਾਨ ਪ੍ਰਧਾਨ ਮੰਤਰੀ ਵਲੋਂ ਬਿਆਨ ਆਇਆ, "ਸਰਕਾਰ ਕਿਸੇ ਦਬਾ ਅੱਗੇ ਨਾ ਲਿਫੇਗੀ ਨਾ ਝੁਕੇਗੀ।" ਇਸ ਦੇ ਜਵਾਬ ਵਜੋਂ ਆਪਣੇ ਹਾਸ ਰਸੀ ਸੁਭਾ ਅਨੁਸਾਰ ਸੰਤ ਫ਼ਤਿਹ ਸਿੰਘ ਜੀ ਨੇ ਆਖਿਆ, "ਅਸੀ ਸਰਕਾਰ ਨੂੰ ਝੁਕਣ, ਲਿਫਣ ਲਈ ਨਹੀ ਆਖਦੇ। ਉਹ ਖੜ੍ਹੀ ਖੜ੍ਹੀ ਹੀ ਸਾਡਾ ਕੰਮ ਕਰ ਦਏ।" ਕੁਦਰਤੀਂ ਸਰਕਾਰ ਦੀ ਮੁਖੀ ਉਸ ਸਮੇ ਇਕ ਇਸਤਰੀ ਹੋਣ ਕਰਕੇ ਇਸ ਗੱਲ ਦਾ ਬੜਾ ਰੌਲ਼ਾ ਪਿਆ। ਪ੍ਰਧਾਨ ਮੰਤਰੀ ਸੰਤ ਜੀ ਨਾਲ਼ ਏਨਾ ਨਾਰਾਜ਼ ਹੋ ਗਈ ਕਿ ਉਸ ਨੇ ਪੰਜਾਬ ਦੇ ਮਸਲਿਆਂ ਬਾਰੇ ਸੰਤ ਜੀ ਨਾਲ਼ ਕਿਸੇ ਕਿਸਮ ਦੀ ਗੱਲ ਬਾਤ ਕਰਨੋ ਨਾਂਹ ਕਰ ਦਿਤੀ ਤੇ ਉਹਨਾਂ ਦੇ ਥਾਂ ਸੰਤ ਚੰਨਣ ਸਿੰਘ ਜੀ ਹੀ ਲੋੜ ਪੈਣ ਤੇ ਗੱਲ ਬਾਤ ਕਰਨ ਦਿੱਲੀ ਜਾਇਆ ਕਰਦੇ ਸਨ।

੯. ਮਈ ੧੯੬੪ ਦੌਰਾਨ ਕੈਰੋਂ ਦੀ ਪੂਰੀ ਚੁੱਕ ਤੇ ਮਾਸਟਰ ਅਕਾਲੀ ਦਲ ਵਲੋਂ ਸੰਤ ਫ਼ਤਿਹ ਸਿੰਘ ਜੀ ਦੇ ਧੜੇ ਦੇ ਆਗੂ, ਸੰਤ ਚੰਨਣ ਸਿੰਘ ਜੀ, ਦੀ ਪ੍ਰਧਾਨਗੀ ਦੇ ਖ਼ਿਲਾਫ਼ ਬੇਪ੍ਰਤੀਤੀ ਨੋਟਿਸ ਦਿਤਾ ਹੋਇਆ ਸੀ। ਦੋਹਾਂ ਧੜਿਆਂ ਵੱਲੋਂ, ਸ਼੍ਰੋਮਣੀ ਕਮੇਟੀ ਦੇ ਮੈਬਰਾਂ ਨੂੰ, ਵਿਰੋਧੀ ਧੜੇ ਨਾਲ਼ੋਂ ਤੋੜਨ ਅਤੇ ਆਪਣੇ ਧੜੇ ਨਾਲ਼ ਗੰਢਣ ਲਈ, ਜੋਰ ਸ਼ੋਰ ਨਾਲ਼ ਮੁਹਿਮ ਚਲਾਈ ਜਾ ਰਹੀ ਸੀ ਤੇ ਦੁਵੱਲੀ ਬਿਆਨਬਾਜੀ ਵੀ ਜਾਰੀ ਸੀ। ਮਾਸਟਰ ਦਲ ਦੇ ਪ੍ਰਧਾਨ, ਗਿ. ਭੂਪਿੰਦਰ ਸਿੰਘ ਜੀ ਦਾ ਬਿਆਨ ਆਇਆ, "ਬਹੂਮੱਤ ਅਸਾਡੇ ਨਾਲ਼ ਹੈ।" ਗਿਆਨੀ ਜੀ ਕਸ਼ਮੀਰੀ ਹੋਣ ਕਰਕੇ ਸ਼ਬਦ 'ਬਹੁ' ਨੂੰ 'ਬਹੂ' ਉਚਾਰਦੇ ਸਨ। ਅਗਲੇ ਦਿਨ ਸੰਤ ਜੀ ਦਾ ਬਿਆਨ ਆ ਗਿਆ, "ਹਾਂ, ਗਿਆਨੀ ਜੀ ਦੀ ਬਹੂ ਦਾ ਮੱਤ ਉਹਨਾਂ ਦੇ ਨਾਲ਼ ਹੀ ਹੈ; ਇਸ ਵਿਚ ਕਿਸੇ ਨੂੰ ਕੋਈ ਸ਼ੱਕ ਨਹੀ ਪਰ ਜਿਥੋਂ ਤੱਕ ਕਮੇਟੀ ਦੇ ਮੈਬਰਾਂ ਦਾ ਸਬੰਧ ਹੈ, ਉਹ ਅਸਾਡੇ ਨਾਲ਼ ਹਨ।"

੧੦. ਆਪਣੇ ਤਿਆਗ ਦਾ ਜ਼ਿਕਰ ਕਰਦਿਆਂ ਇਕ ਦਿਨ ਗਿਆਨੀ ਭੁਪਿੰਦਰ ਸਿੰਘ ਜੀ ਦਾ ਬਿਆਨ ਆਇਆ, "ਮੈ ਵੀਹ ਸਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨੇ ਦਾ ਚੋਰ (ਚੌਰ) ਪਕੜੀ ਰੱਖਿਆ।" ਕਸ਼ਮੀਰੀ ਹੋਣ ਕਰਕੇ ਗਿਆਨੀ ਜੀ ੌ (ਕਨੌੜਾ) ਨਹੀਂ ਸਨ ਉਚਾਰ ਸਕਦੇ ਤੇ ਉਸ ਦੀ ਥਾਂ ੋ (ਹੋੜਾ) ਹੀ ਬੋਲਦੇ ਸਨ। ਜਵਾਬ ਵਿਚ ਸੰਤ ਜੀ ਦਾ ਬਿਆਨ ਆਇਆ, "ਫਿਰ ਛੱਡ ਕਾਹਨੂੰ ਦਿਤਾ ਗਿਆਨੀ ਜੀ, ਪੁਲਸ ਨੂੰ ਦੇਣਾ ਸੀ!"

੧੧. ਸੰਤ ਜੀ ਦੀ ਮੌਤ ਸਮੇ ਰੱਖੇ ਗਏ ਸ਼ੋਕ ਸਮਾਰੋਹ ਵਿਚ ਸ਼ਾਮਲ ਹੋਣ ਲਈ ਗਿਆਨੀ ਬਖ਼ਸ਼ੀਸ਼ ਸਿੰਘ ਜੀ ਬਰਮਿੰਘਮ ਤੋਂ ਆਏ। ਸਰਕਾਰ ਨੇ ਉਹਨਾਂ ਨੂੰ ਫੜ ਕੇ ਅੰਮ੍ਰਿਤਸਰ ਜੇਹਲ ਵਿਚ ਬੰਦ ਕਰ ਦਿਤਾ। ਦੋਸ਼ ਇਹ ਸੀ ਕਿ ਉਹ ਖ਼ਾਲਿਸਤਾਨੀ ਸਨ। ਹੋਇਆ ਇਉਂ ਕਿ ਹਿੰਦ ਪਾਕਿ ਜੰਗ ਸਮੇ, ਡਾ. ਜਗਜੀਤ ਸਿੰਘ ਚੌਹਾਨ ਨੇ ਇੰਗਲੈਂਡ ਜਾ ਕੇ ਖ਼ਾਲਿਸਤਾਨ ਦਾ ਸ਼ੋਸ਼ਾ ਛੱਡ ਦਿਤਾ। ਡਾਕਟਰ ਜੀ ਨੇ ਤਾਂ ਸਿਰਫ ਸ਼ੋਸ਼ਾ ਹੀ ਛੱਡਿਆ ਸੀ ਪਰ ਕੁਝ ਗਿਆਨੀ ਬਖ਼ਸ਼ੀਸ਼ ਸਿੰਘ, ਸ. ਅਵਤਾਰ ਸਿੰਘ ਖ਼ਾਲਸਾ, ਸ. ਚਰਨ ਸਿੰਘ ਪੰਛੀ ਵਰਗੇ ਸਿੰਘ ਸੁਹਿਰਦਤਾ ਨਾਲ਼ ਵੀ ਉਸ ਨਾਲ਼ ਸ਼ਾਮਲ ਹੋ ਗਏ। ਇਸ ਲਈ ਡਾਕਟਰ ਜੀ ਤੇ ਤਾਂ ਭਾਰਤ ਸਰਕਾਰ ਨੇ ਕੋਈ ਪਾਬੰਦੀ ਨਾ ਲਾਈ ਪਰ ਇਹਨਾਂ ਵਿਚਾਰਿਆਂ ਦੀ ਸ਼ਾਮਤ ਆਈ ਰਹੀ। ਅਕਾਲੀ ਦਲ ਦੀ ਹਾਈ ਕਮਾਂਡ ਨੇ ਆਪਣੀ ਮੀਟਿੰਗ ਵਿਚ ਫੈਸਲਾ ਕੀਤਾ ਕਿ ਪਾਰਟੀ ਦੇ ਸਾਰੇ ਐਮ.ਪੀ., ਸਾਰੇ ਐਮ.ਐਲ.ਏ. ਤੇ ਸਾਰੇ ਹਾਈ ਕਮਾਂਡ ਦੇ ਮੈਂਬਰ ਪੰਜਾਬ ਅਸੈਂਬਲੀ ਮੂਹਰੇ ਪ੍ਰੋਟੈਸਟ ਵਜੋਂ ਧਰਨਾ ਮਾਰਨ। ਸ. ਗੁਰਚਰਨ ਸਿੰਘ ਟੌਹੜਾ ਇਸ ਫੈਸਲੇ ਦੇ ਖ਼ਿਲਾਫ਼ ਸਨ। ਉਹ ਹਮੇਸ਼ਾਂ ਮੋਰਚਾ ਲਾਉਣ ਦੇ ਖ਼ਿਲਾਫ ਰਾਇ ਦਿਆ ਕਰਦੇ ਸਨ ਤੇ ਜਦੋਂ ਬਹੁਸੰਮਤੀ ਨਾਲ਼ ਫੈਸਲਾ ਮੋਰਚਾ ਲਾਉਣ ਦੇ ਹੱਕ ਵਿਚ ਹੋ ਜਾਵੇ ਤਾਂ ਖ਼ੁਦ ਜਥਾ ਲੈ ਕੇ ਜੇਹਲ ਵਿਚ ਜਾ ਬਿਰਾਜਦੇ ਸੀ ਤਾਂ ਕਿ ਪਿਛੋਂ ਮੋਰਚਾ ਲਾਉਣ ਵਾਲ਼ੇ ਜਾਨਣ ਜਾਂ ਸਰਕਾਰ ਜਾਣੇ। ਇਸ ਵਾਰੀ ਵੀ ਇਸ ਧਰਨੇ ਦੇ ਖ਼ਿਲਾਫ਼ ਹੀ ਉਹਨਾਂ ਦੀ ਰਾਇ ਸੀ ਪਰ ਜਥੇਦਾਰ ਜੀਵਨ ਸਿੰਘ ਉਮਰਾਨੰਗਲ਼ ਦੇ ਜੋਰ ਦੇਣ ਨਾਲ਼, ਜਥੇਦਾਰ ਮੋਹਨ ਸਿੰਘ ਤੁੜ, ਪ੍ਰਧਾਨ ਦੀ ਅਗਵਾਈ ਹੇਠ ਧਰਨਾ ਮਾਰਨ ਦਾ ਫੈਸਲਾ ਹੋ ਗਿਆ। ਮੈਂ ਵੀ ਪ੍ਰਧਾਨ ਜੀ ਦਾ ਪੀ.ਏ. ਹੋਣ ਕਾਰਨ ਨਾਲ਼ ਹੀ ਸੀ। ਬੈਠੇ ਬੈਠੇ ਟੌਹੜਾ ਜੀ ਨੇ ਵਿਅੰਗ ਕੱਸਦਿਆਂ ਹੋਇਆਂ ਇਕ ਚੁਟਕਲਾ ਸੁਣਾਇਆ। ਜਿਵੇਂ ਕਿ ਪੁਰਾਣੇ ਸਮੇ ਪਿੰਡਾਂ ਵਿਚ ਹੁੰਦਾ ਹੀ ਸੀ ਕਿ ਸਵੇਰੇ ਸਵੇਰੇ ਲੋਕ ਜੰਗਲ਼ ਪਾਣੀ ਲਈ ਬਾਹਰ ਖੇਤਾਂ ਵਿਚ ਜਾਇਆ ਕਰਦੇ ਸਨ ਤੇ ਹੱਥ ਪਾਣੀ ਵੀ ਬਾਹਰ ਛੱਪੜਾਂ ਤੋਂ ਹੀ ਕਰਿਆ ਕਰਦੇ ਸਨ। ਇਕ ਦਿਨ ਇਕ ਜੱਟ ਤੇ ਪਿੰਡ ਦਾ ਮੌਲਵੀ ਇਕੋ ਸਮੇ ਹੀ ਛੱਪੜ ਦੇ ਵਿਰੋਧੀ ਕਿਨਾਰਿਆਂ ਉਪਰ ਆਹਮੋ ਸਾਹਮਣੇ ਆ ਬੈਠੇ। ਦੋਹਾਂ ਦੀ ਬਿਨ ਬੋਲਿਆਂ ਹੀ ਇਸ ਗੱਲ ਤੇ ਜਿਦ ਲੱਗ ਗਈ ਕਿ ਕੌਣ ਪਹਿਲਾਂ ਉਠਦਾ ਹੈ। ਦੋਵੇਂ ਸੋਚਣ ਕਿ ਜੇ ਮੈਂ ਪਹਿਲਾਂ ਉਠ ਗਿਆ ਤਾਂ ਦੂਜਾ ਇਹ ਨਾ ਸਮਝੇ ਕਿ ਭਈ ਇਹ ਲੋਕ ਸਾਡੇ ਨਾਲ਼ੋਂ ਘੱਟ ਸਫਾਈ ਪਸੰਦ ਹਨ। ਦੋਵੇਂ ਜਿਦੋ ਜਿਦੀ ਆਹਮੋ ਸਾਹਮਣੇ ਛੱਪੜ ਦੇ ਕਿਨਾਰਿਆਂ 'ਤੇ ਬੈਠੇ ਤੇ ਪਾਣੀ ਵਰਤਦੇ ਰਹੇ। ਕੁਝ ਸਮੇ ਬਾਅਦ ਜੱਟ ਦਾ ਮੁੰਡਾ ਵੀ ਆ ਗਿਆ। ਜੱਟ ਨੇ ਮੌਲਵੀ ਨੂੰ ਸੁਣਾ ਕੇ ਆਖਿਆ, "ਓਇ ਨਿਹਾਲਿਆ, ਏਥੋਂ ਜਾ ਕੇ ਨਿਆਈ ਵਾਲ਼ੇ ਖੇਤ ਨੂੰ ਪਾਣੀ ਲਾ ਦਈਂ; ਭਲ਼ਕੇ ਮੈਰੇ ਵਾਲ਼ਾ ਖੇਤ ਵਾਹ ਆਵੀਂ। ਪਰਸੋਂ ਖਰਾਸ ਤੋਂ ਦਾਣੇ ਪੀਹ ਲਈਂ, ਚੌਥ ਨੂੰ ਤੇਰੀ ਭੂਆ ਦੇ ਮੁੰਡੇ ਦਾ ਵਿਆਹ ਹੈ ਤੇ ਤੂੰ ਓਥੇ ਜੰਞੇ ਜਾ ਆਵੀਂ। ਮੇਰਾ ਏਥੇ ਮੌਲਵੀ ਨਾਲ਼ 'ਡਾਂਗ ਵਲ਼' ਜਿਹਾ ਪੈ ਗਿਆ; (ਏਥੇ ਟੌਹੜਾ ਸਾਹਿਬ ਨੇ ਸ਼ਬਦ ਤਾਂ ਹੋਰ ਵਰਤਿਆ ਸੀ ਤੇ ਉਹ ਮੈਂ ਜਿਉਂ ਦਾ ਤਿਉਂ ਪਹਿਲਾਂ ਛਾਪ ਦਿਤਾ ਸੀ ਪਰ ਕਿਸੇ ਪਾਠਕ ਦੇ ਇਤਰਾਜ ਕਰਨ ਤੇ ਮੈਂ ਹੁਣ ਇਸ ਐਡੀਸ਼ਨ ਵਿਚ ਉਸ ਨੂੰ ਬਦਲ ਕੇ, ਉਸ ਦੀ ਥਾਂ 'ਡਾਂਗ' ਸ਼ਬਦ ਕਰ ਦਿਤਾ ਹੈ।) ਪਤਾ ਨਹੀ ਕਦੋਂ ਵੇਹਲਾ ਹੋਵਾਂ! ਇਹ ਸੁਣ ਕੇ ਮੌਲ਼ਵੀ

ਮੈਦਾਨ ਛੱਡ ਕੇ ਉਠ ਖਲੋਤਾ ਕਿ ਬਈ ਜੱਟ ਨੇ ਤਾਂ ਕਈ ਦਿਨ ਦਾ ਦਾਈਆ ਬੰਨ੍ਹ ਲਿਆ ਹੈ। ਇਹ ਸੁਣ ਕੇ ਦੂਸਰੇ ਵਿਅਕਤੀ ਹੱਸੇ ਤਾਂ ਸਹੀ ਪਰ ਉਹਨਾਂ ਨੂੰ ਅਸਲੀਅਤ ਦੀ ਜਾਣਕਾਰੀ ਨਾ ਹੋਣ ਕਰਕੇ ਅਸਲੀ ਭੇਦ ਨਹੀ ਸੀ ਪਤਾ ਕਿ ਟੌਹੜਾ ਸਾਹਿਬ ਉਮਰਾਨੰਗਲ਼ ਜੀ ਨੂੰ ਟਾਂਚ ਕਰ ਰਹੇ ਹਨ ਕਿ ਵੇਖੀਏ ਹੁਣ ਕੌਣ ਪਹਿਲਾਂ ਧਰਨੇ ਤੋਂ ਉਠਦਾ ਹੈ। ਮੈਨੂੰ ਇਸ ਭੇਦ ਦਾ ਪਤਾ ਸੀ।

ਇਸ ਧਰਨੇ ਦੇ ਦੌਰਾਨ ਮੁਖ ਮੰਤਰੀ ਗਿ. ਜ਼ੈਲ ਸਿੰਘ ਵੱਲੋਂ ਸੁਨੇਹਾ ਵੀ ਆ ਗਿਆ ਕਿ ਜੋ ਮਰਜੀ ਕਰ ਲਵੋ ਗਿ. ਬਖ਼ਸ਼ੀਸ਼ ਸਿੰਘ ਨੂੰ ਸਰਕਾਰ ਨੇ ਨਹੀ ਛੱਡਣਾ। ਇਕ ਸਾਲ ਪੂਰਾ ਮੁੱਕਦਮਾ ਚਲਾਏ ਤੋਂ ਬਿਨਾ ਜੇਹਲ ਵਿਚ ਰਖਣ ਉਪ੍ਰੰਤ, ਅੰਮ੍ਰਿਤਸਰੋਂ ਹੀ ਜਹਾਜੇ ਚੜ੍ਹਾ ਕੇ ਬਰਮਿੰਘਮ ਪੁਚਾ ਦਿਤਾ ਪੰਜਾਬ ਸਰਕਾਰ ਨੇ, ਗਿ. ਬਖ਼ਸ਼ੀਸ਼ ਸਿੰਘ ਜੀ ਨੂੰ।

੧੩. ਬਟਾਲੇ ਦੀ ਅਕਾਲੀ ਕਾਨਫ੍ਰੰਸ ਸਮੇ ਝੰਡਾ ਲਹਿਰਾਉਣ ਦੀ ਰਸਮ ਕਰਦਿਆਂ ਸੰਤ ਚੰਨਣ ਸਿੰਘ ਜੀ ਨੇ ਕਿਹਾ ਕਿ ਜਦੋਂ ਜਹਾਜ ਡੁੱਬਣ ਲੱਗੇ ਤਾਂ ਉਸ ਵਿਚਲੇ ਚੂਹੇ ਬਾਹਰ ਨੂੰ ਭੱਜਦੇ ਹਨ। ਏਸੇ ਤਰ੍ਹਾਂ ਕਾਂਗਰਸੀ ਕਾਂਗਰਸ ਵਿਚੋਂ ਭੱਜ ਰਹੇ ਹਨ ਕਿਉਂਕਿ ਇਸ ਜਹਾਜ ਦੇ ਡੁੱਬਣ ਦਾ ਸਮਾ ਆ ਗਿਆ ਹੈ। ਕਾਂਗਰਸ ਦਾ ਜਹਾਜ ਡੁੱਬ ਰਿਹਾ ਹੈ। ਅਸੀਂ ਆਪਣਾ ਬੇੜਾ ਨੇੜੇ ਲੈ ਆਂਦਾ ਹੈ ਤੇ ਜਨਸੰਘੀਆਂ ਨੂੰ ਮੈਂ ਆਖਦਾ ਹਾਂ ਕਿ ਉਹ ਵੀ ਆਪਣਾ ਬੇੜਾ ਨੇੜੇ ਲੈ ਆਉਣ। ਸਿੱਖਾਂ ਨੂੰ ਅਸੀਂ ਉਤਾਰ ਲੈਂਦੇ ਹਾਂ ਤੇ ਹਿੰਦੂਆਂ ਨੂੰ ਉਹ ਉਤਾਰ ਲੈਣ।

੧੪. ਕਾਂਗਰਸ ਫਾਰ ਸੋਸ਼ਲਿਜ਼ਮ ਐਕਸ਼ਨ ਵੱਲੋਂ ਪਟਿਆਲੇ ਦੀ ਪਬਲਿਕ ਲਾਇਬ੍ਰੇਰੀ ਵਿਚ ਗੋਸ਼ਟੀ ਕਰਵਾਈ ਜਾ ਰਹੀ ਸੀ। ਸਪੀਕਰ ਹਰਬੰਸ ਲਾਲ ਪ੍ਰਧਾਨਗੀ ਕਰ ਰਹੇ ਸਨ ਤੇ ਗਿ. ਜ਼ੈਲ ਸਿੰਘ ਜੀ ਮੁਖ ਬੁਲਾਰੇ ਸਨ। ਗਿਅਨੀ ਜੀ ਨੇ ਬੋਲਦਿਆਂ ਆਖਿਆ ਕਿ ਸੋਸ਼ਲਿਜ਼ਮ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਮਜ਼ਹਬ ਹੈ। ਆਪਣਾ ਤਜੱਰਬਾ ਦੱਸਦਿਆਂ ਉਹਨਾਂ ਨੇ ਇਕ ਆਪ ਬੀਤੀ ਇਉਂ ਸੁਣਾਈ:

੧੯੫੨ ਦੀ ਇਲੈਕਸ਼ਨ ਦੌਰਾਨ ਅਸੀਂ ਆਪਣੇ ਉਮੀਦਵਾਰ ਵਾਸਤੇ ਵੋਟਾਂ ਮੰਗਣ, ਉਸ ਦੇ ਨਾਨਕੇ ਪਿੰਡ ਗਏ। ਉਸ ਦੇ ਨਾਨਕਿਆਂ ਦੇ ਘਰ ਦੇ ਬਾਹਰ ਬਾਹਰਲੇ ਥੜ੍ਹੇ ਉਪਰ ਉਸ ਦਾ ਮਾਮਾ ਬੈਠਾ ਸੀ। ਸਿਰ ਮੁੰਨਿਆ ਹੋਇਆ ਤੇ ਦਾਹੜੀ ਕਤਰੀ ਹੋਈ ਤੇ ਹੁੱਕਾ ਪੀ ਰਿਹਾ ਸੀ। ਅਸੀਂ ਫ਼ਤਿਹ ਬੁਲਾ ਕੇ ਆਖਿਆ, "ਮਾਮਾ ਜੀ, ਤੁਹਾਡਾ ਪੁੱਤਰ ਇਲੈਕਸ਼ਨ ਲੜ ਰਿਹਾ ਹੈ; ਤੁਸੀਂ ਵੋਟਾਂ ਵਿਚ ਇਸ ਦੀ ਮਦਦ ਕਰਨੀ।" ਉਹ ਅੱਗੋਂ ਮਥੇ ਤੇ ਤਿਊੜੀਆਂ ਪਾ ਕੇ ਤੇ ਮੂੰਹ ਵਿਚੋ ਹੁੱਕੇ ਦੀ ਨੜੀ ਕਢ ਕੇ ਸਾਡੇ ਵੱਲ ਸਿਧਾ ਝਾਕ ਕੇ ਬੋਲਿਆ, "ਓਇ, ਮੈ ਤੁਹਾਡੇ ਗ਼ਦਾਰਾਂ ਪਿੱਛੇ ਲੱਗ ਕੇ ਪੰਥ ਨੂੰ ਛੱਡ ਦਿਆਂ!" ਅਸੀਂ ਆਖਿਆ, "ਮਾਮਾ ਜੀ, ਤੁਸੀਂ ਤਾਂ ਸਿਰ ਮੁੰਨਿਆਂ ਹੋਇਆ ਏ; ਤੁਸੀਂ ਕਿਵੇਂ ਪੰਥਕ ਬਣ ਗਏ!" ਉਤਰ ਵਿਚ ਉਸ ਨੇ ਜੋਸ਼ ਵਿਚ ਆਖਿਆ, "ਓਇ, ਗਾਂ ਦੀ ਪੂਛ ਮੁੰਨ ਦਈਏ ਤਾਂ ਕੀ ਉਹ ਗਧੀ ਬਣ ਜਾਂਦੀ ਏ!"

੧੫. ੧੯੭੦ ਦੇ ਆਸ ਪਾਸ ਦੀਆਂ ਸਰਦੀਆਂ ਦਾ ਸਮਾ ਸੀ। ਇਕ ਅਕਾਲੀ ਆਗੂ ਦਾ ਰੱਖਿਆ ਹੋਇਆ ਵਰਤ ਛੱਡਣਾ ਕਈ ਅਕਾਲੀ ਵਰਕਰਾਂ ਨੂੰ ਪਸੰਦ ਨਹੀ ਸੀ। ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਦਾਲਾਨ ਵਿਚ ਆਗੂਆਂ ਤੇ ਵਰਕਰਾਂ ਦਾ ਬੜਾ ਭੀੜ ਭੜੱਕਾ ਸੀ। ਸਭ ਆਪੋ ਆਪਣੀਆਂ ਮਾਰੀ ਜਾ ਰਹੇ ਸਨ। ਕਈ ਹੱਕ ਵਿਚ ਤੇ ਕਈ ਵਿਰੋਧ ਵਿਚ ਦਲੀਲਾਂ ਦਈ ਜਾਂਦੇ ਸਨ। ਓਥੇ ਦੋ ਵਰਕਰ ਜ. ਦਰਸ਼ਨ ਸਿੰਘ ਈਸਾਪੁਰ ਤੇ ਜ. ਬਲਦੇਵ ਸਿੰਘ ਪੁਤਲੀਘਰ ਵੀ ਸਨ। ਉਹਨਾਂ ਦੀ ਆਪਸ ਵਿਚ ਕਿਸੇ ਗੱਲ ਤੇ ਗਰਮਾ ਗਰਮੀ ਹੋ ਗਈ। ਜ. ਬਲਦੇਵ ਸਿੰਘ ਟਕਸਾਲੀ ਅਕਾਲੀ ਵਰਕਰ ਸਨ ਪਰ ਸਨ ਬਹੁਤ ਹੀ ਗਰਮ ਸੁਭਾ ਦੇ। ਉਹਨਾਂ ਨੇ ਜਥੇਦਾਰ ਈਸਾਪੁਰ ਨੂੰ ਤਾਹਨਾ ਮਾਰਿਆ, "ਓਇ, ਤੂੰ ਕਲ੍ਹ ਪੰਥ ਵਿਚ ਆ ਕੇ ਸਾਡੇ ਨਾ਼ਲ ਗੱਲਾਂ ਮਾਰਦਾਂ!" ਜਥੇਦਾਰ ਈਸਾਪੁਰ ਬਹੁਤ ਹੰਡੇ ਵਰਤੇ ਹੋਏ ਸਿਆਸੀ ਆਦਮੀ ਸਨ/ਹਨ। ਉਹਨਾਂ ਨੇ ਬੜੇ ਠਰ੍ਹੰਮੇ ਨਾ਼ਲ ਉਤਰ ਮੋੜਿਆ, "ਤੂੰ ਮੇਰੇ ਤੋਂ ਪਹਿਲਾਂ ਏਥੇ ਆ ਕੇ ਦਾ਼ਲ ਦੀ ਇਕ ਬੋਰੀ ਹੀ ਵਧ ਪੀ ਲਈ ਹੋਊ; ਹੋਰ ਤੂੰ ਕੀ ਕੱਦੂ 'ਚ ਤੀਰ ਮਾਰ ਲਿਆ ਓਇ!"

੧੬. ੧੯੭੧ ਦੀ ਪੰਜਾਬ ਅਸੈਂਬਲੀ ਦੀਆਂ ਚੋਣਾਂ ਤੋਂ ਪਹਿਲਾਂ, ਅਕਾਲੀ ਪਾਰਟੀ ਵੱਲੋਂ ਟਿਕਟਾਂ ਦੀ ਵੰਡ ਵੰਡਾਈ ਹੋ ਰਹੀ ਸੀ। ਗਿ. ਦਰਸ਼ਨ ਸਿੰਘ ਮਜਬੂਰ, ਸ. ਅਜੀਤ ਸਿੰਘ ਮੌਲਵੀ, ਸ. ਬਲਬੀਰ ਸਿੰਘ ਚੰਗਿਆੜਾ ਆਦਿ, ਸਮੇਤ ਮੇਰੇ ਕੁਝ ਸੱਜਣ, ਅਕਾਲੀ ਆਗੂ, ਗਿਆਨੀ ਕੇਹਰ ਸਿੰਘ ਵੈਰਾਗੀ ਕੋਲ ਗਏ ਤਾਂ ਕਿ ਮੇਰੇ ਵਾਸਤੇ ਅਕਾਲੀ ਟਿਕਟ ਦੀ ਪਰਾਪਤੀ ਵਾਸਤੇ ਉਹਨਾਂ ਦੀ ਸਹਾਇਤਾ ਪਰਾਪਤ ਕੀਤੀ ਜਾ ਸਕੇ। ਮੈਂ ਤਾਂ ਇਸ ਸਾਰੀ ਕਹਾਣੀ ਨੂੰ, "ਕਿਆ ਪਿੱਦੀ ਔਰ ਕਿਆ ਪਿੱਦੀ ਕਾ ਸ਼ੋਰਬਾ" ਸਮਝ ਕੇ, ਹਾਸੇ ਵਿਚ ਹੀ ਲੈ ਰਿਹਾ ਸਾਂ। ਜਦੋਂ ਮੌਲਵੀ ਜੀ ਨੇ ਆਖਿਆ, "ਹਲਕੇ ਤੇ ਜ਼ਿਲੇ ਦਾ ਨੌਜਵਾਨ ਤਬਕਾ ਸੰਤੋਖ ਸਿੰਘ ਦੇ ਨਾ਼ਲ ਹੈ ਤੇ ਚੋਣਾਂ ਵਿਚ ਸਾਰੇ ਇਸ ਦੀ ਮਦਦ ਕਰਨਗੇ।" ਇਹ ਸ਼ਾਇਦ ਉਸ ਸਮੇ ਮੇਰੀ ਉਮਰ ਦੇ ਅੰਦਾਜ਼ੇ ਨਾ਼ਲ ਮੌਲਵੀ ਜੀ ਨੇ ਕਹਿ ਦਿਤਾ ਹੋਵੇ! "ਹਾਂ, ਉਹ ਸਾਰੇ ਨੌਜਵਾਨ ਆਪਣੇ ਸੰਤੋਖ ਸਿੰਘ ਦੇ ਨਾ਼ਲ ਹੀ ਨੇ ਜਿਨ੍ਹਾਂ ਦੀਆਂ ਅਜੇ ਵੋਟਾਂ ਨਹੀ ਬਣੀਆਂ।" ਤੁਰੰਤ ਵਿਅੰਗਾਤਮਿਕ ਉਤਰ ਸੀ ਗਿ. ਕੇਹਰ ਸਿੰਘ ਵੈਰਾਗੀ ਜੀ ਦਾ।

## ਘੀਚਮਚੋ਼ਲਾ ਸ਼ਖ਼ਸੀਅਤ

ਸਿਡਨੀ ਵਿਚ, ਗੁਰੂਆਂ ਦੀ ਵਸਾਈ ਤੇ ਵਰੋਸਾਈ ਹੋਈ ਨਗਰੀ, ਜਿਸ ਬਾਰੇ ਪ੍ਰਸਿਧ ਵਿਦਵਾਨ ਨੇ ਲਾਲਾ ਧਨੀ ਰਾਮ ਚਾਤ੍ਰਿਕ ਜੀ ਬਾਰੇ ਲਿਖਦਿਆਂ ਲੇਖਕ ਨੇ ਲਿਖਿਆ ਸੀ, ”ਭਾਵੇਂ ਲਾਲਾ ਜੀ ਬਹੁਤੇ ਪੜ੍ਹੇ ਲਿਖੇ ਤਾਂ ਨਹੀ ਸਨ ਪਰ ਅੰਮ੍ਰਿਤਸਰ ਵਿਚ ਰਹਿਣ ਕਰਕੇ ਇਹਨਾਂ ਦਾ ਗਿਆਨ ਬੜਾ ਸੀ“, ਵਾਲ਼ੇ ਸ਼ਹਿਰੋਂ ਆ ਕੇ ਇਕ ਵਿਅਕਤੀ ਵੱਸਦਾ ਹੈ। ਲੋਕ ਤਾਂ ਉਸ ਨੂੰ 'ਗਿਆਨੀ ਜੀ' ਆਖਦੇ ਨੇ ਪਰ ਉਹ ਖ਼ੁਦ ਨੂੰ 'ਅਗਿਆਨੀ' ਹੀ ਦੱਸਦਾ ਹੈ। ਪੁੱਛਣ ਤੇ ਜਵਾਬ ਦੇਊ ਕਿ ਗਿਆਨੀ ਤਾਂ ਦੁਨੀਆਂ ਤੇ ਬੜੇ ਹਨ ਪਰ ਆਮ ਗਿਆਨੀਆਂ ਨਾਲ਼ੋਂ ਮੇਰੇ ਵਿਚ ਕੁਝ ਤਾਂ ਫਰਕ ਹੋਣਾ ਚਾਹੀਦਾ ਏ! ਇਸ ਲਈ ਹੋਰ ਸਭ ਸੱਜਣ ਪੁਰਸ਼ 'ਗਿਆਨੀ' ਤੇ ਮੈ 'ਅਗਿਆਨੀ' ਹਾਂ। ਇਕ ਦਿਨ ਇਕ ਸੁਲਝੇ ਹੋਏ ਨੌਜਵਾਨ ਨੇ ਆਖਿਆ, “ਹੱਛਾ, ਤੁਸੀਂ 'ਅਵੱਲ ਗਿਆਨੀ' ਹੋਏ ਫਿਰ!”

ਕੋਈ ਤਾਂ ਵਿਅਕਤੀ ਵਿਦਵਾਨ ਹੋਊ ਤੇ ਕੋਈ ਦੁਨੀਆਂਦਾਰ। ਕੋਈ ਧਾਰਮਿਕ, ਕੋਈ ਗ੍ਰੰਥੀ, ਕੋਈ ਰਾਗੀ, ਕੋਈ ਸੰਤ, ਕੋਈ ਕਥਾਕਾਰ ਵੀ ਹੋ ਸਕਦਾ ਹੈ। ਕੋਈ ਪੱਤਰਕਾਰ, ਕੋਈ ਸਿਆਸਤਦਾਨ, ਕੋਈ ਲਿਖਾਰੀ, ਕੋਈ ਵਪਾਰੀ, ਕੋਈ ਸੇਵਕ; ਪਰ ਇਹ ਪਿਉ ਦਾ ਪੁੱਤ ਇਕੋ ਸਮੇ ਸਭ ਕੁਝ ਹੀ ਬਣਨ ਦੇ ਯਤਨਾਂ ਵਿਚ ਰਹੂ। ਕਹਿੰਦੇ ਨੇ ਸਿਆਣੇ ਕਿ ਦੋਹਾਂ ਬੇੜੀਆਂ ਦਾ ਸਵਾਰ ਕਿਸੇ ਬੰਨੇ ਨਹੀ ਲੱਗਦਾ, ਤੇ ਇਹ ਇਸ ਗੱਲ ਨੂੰ ਭਲੀ ਭਾਂਤ ਸਮਝਦਾ ਵੀ ਹੈ ਪਰ ਫੇਰ ਵੀ ਜਿੰਨੀਆਂ ਵੀ ਬੇੜੀਆਂ ਤੱਕ ਪਹੁੰਚ ਹੁੰਦੀ ਹੋਵੇ, ਉਹਨਾਂ ਸਾਰੀਆਂ ਤੇ ਹੀ ਸਵਾਰੀ ਕਰਨ ਦੀ ਤਮੰਨਾ ਰੱਖਦਾ ਹੈ। ਕਈਆਂ ਅਨੁਸਾਰ ਇਹ ਕੁਝ ਹੱਦ ਤੱਕ ਸਫ਼ਲ ਵੀ ਸਮਝਿਆ ਜਾਂਦਾ ਹੈ। ਏਥੋਂ ਤੱਕ ਕਿ ਖ਼ੁਦ ਨੂੰ ਪੰਥ ਦਾ ਸਭ ਤੋਂ ਵੱਡਾ 'ਠੇਕੇਦਾਰ' ਸਮਝੀ ਫਿਰਦਾ ਹੈ। ਮੂਹੋਂ ਭਾਵੇਂ, “ਆਪਣੇ ਮੂਹੋਂ ਮੀਆਂ ਮਿਠੂ” ਬਣਨ ਵਾਂਗ, 'ਸੇਵਾਦਾਰ' ਹੀ ਆਖੇ। ਇਹ ਵੱਖਰੀ ਗੱਲ ਹੈ ਕਿ ਪੰਥਕ ਆਗੂ ਭਾਵੇਂ ਇਸ ਨੂੰ ਦਵਾਨੀ ਵਟੇ ਨਾ ਪੁੱਛਣ। ਹਰੇਕ ਧਾਰਮਿਕ ਤੇ ਕੌਮੀ ਕਾਰਜ ਬਾਰੇ ਇਸ ਦੀ ਵੱਖਰੀ ਹੀ ਰਾਇ ਹੁੰਦੀ ਹੈ ਤੇ ਹੁੰਦੀ ਵੀ ਅਣਮੰਗੀ ਹੈ। ਜੇ ਕੋਈ ਕਹੂ, “ਗਿਆਨੀ ਜੀ, ਤੁਸੀਂ ਪਾਲਿਟਿਕਸ ਵਿਚ ਕਿਉਂ ਦਖ਼ਲ ਦਿੰਦੇ ਹੋ!” ਤਾਂ ਕਹੂ “ਹੱਛਾ, ਤਾਂ ਤੁਸੀਂ ਗੁਰੂ ਘਰ ਦੇ ਪ੍ਰਬੰਧ ਦੀ ਸੇਵਾ ਨੂੰ ਵੀ ਪੁਲੀਟੀਕਲ ਗੇਮ ਸਮਝ ਕੇ ਖੇਡਦੇ ਹੋ! ਗੁਰਦੁਆਰੇ ਦਾ ਪ੍ਰਬੰਧ ਕਿਸ ਤਰ੍ਹਾਂ ਦਾ ਹੋਵੇ ਤੇ ਇਸ ਦੇ ਪ੍ਰਬੰਧਕ ਕਿਹੋ ਜਿਹੇ ਹੋਣੇ ਚਾਹੀਦੇ ਨੇ, ਜੇਕਰ ਇਸ ਬਾਰੇ ਮੈਂ ਆਪਣੇ ਵਿਚਾਰ ਪਰਗਟ ਨਾ ਕਰਾਂ ਤੇ ਫਿਰ ਮੇਰੇ ਵਿਚਾਰਾਂ ਨੂੰ ਰਗੜ ਕੇ ਫੋੜੇ ਤੇ ਲਾਉਣਾ ਹੋਇਆ?” ਪਰ ਕਿਉਂਕਿ ਪ੍ਰਬੰਧਕ ਚੁਣਨ ਸਮੇ ਤੇ ਚੁਣੇ ਜਾਣ ਸਮੇ ਹਰੇਕ ਦੇ ਇੰਟਰਸਟ, ਧੜੇਬੰਦੀ, ਘਟੀਆ ਖੇਡ, ਆਪਣਾ ਆਪਣਾ ਸਵਾਰਥ ਹੁੰਦਾ ਹੈ। ਕੋਈ ਚਲਾਕ 'ਸਿਆਸਤਦਾਨ' ਪਿਛੇ ਰਹਿ ਕੇ ਇਸ ਸਾਰੀ ਇਲੈਕਸ਼ਨ ਦੀ ਲੜਾਈ ਨੂੰ ਲੜਾ ਰਿਹਾ ਹੁੰਦਾ ਹੈ। ਅਜਿਹੀ ਲੜਾਈ ਲੜਨ ਵਾਲੇ ਬੰਦੇ, ਕਿਸੇ ਚਲਾਕ ਦੀ ਚਲਾਕੀ ਤਾਂ ਭਾਵੇਂ ਨਾ ਜਾਣ ਸਕਣ ਪਰ ਇਸ ਨੁਕਤੇ ਤੋਂ ਭਲੀ ਭਾਂਤ ਜਾਣੂ ਹੁੰਦੇ ਨੇ, “ਲੜਾਈ ਤੇ ਪਿਅਰ ਵਿਚ ਹਰ ਹਥਿਆਰ ਜਾਇਜ਼ ਹੈ।“ ਜਦੋਂ ਗੁਰਦੁਆਰੇ ਦੇ ਪ੍ਰਬੰਧਕਾਂ ਦੀ ਚੋਣ ਨੂੰ ਲੜਾਈ ਹੀ ਸਮਝ ਲਿਆ ਤਾਂ ਫਿਰ ਉਸ ਦੀ ਜਿੱਤ ਵਿਚ ਕੋਈ ਕਸਰ ਕਿਉਂ ਰਹਿ ਜਾਵੇ! ਇਸ ਤਰ੍ਹਾਂ ਹੁਣ ਤੱਕ ਸਮਝ ਵਿਚ ਆਇਆ ਹਰੇਕ 'ਹਥਿਆਰ' ਇਸ 'ਨੇਕ ਕੰਮ' ਵਿਚ ਵੀ ਵਰਤਿਆ ਜਾਵੇਗਾ, ਤੇ ਵਰਤਿਆ ਜਾਂਦਾ ਵੀ ਹੈ।

ਮੂਹਰੇ ਹੋ ਕੇ ਇਹ ਲੜਾਈ ਵਾਲ਼ੀ ਖੇਡ ਖੇਡਣ ਵਾਲ਼ੇ ਸੱਜਣ ਪੁਰਸ਼, ਕੁਝ ਸੇਵਾ ਦੀ ਭਾਵਨਾ ਨਾਲ਼, ਕੁਝ ਅਣਜਾਣਤਾ ਵੱਸ, ਕੁਝ ਧੜੇਬੰਦੀ ਵੱਸ, ਕੁਝ ਨਿਜੀ ਵਿਰੋਧ ਵੱਸ, ਕੁਝ ਨਿਜੀ ਸਵਾਰਥ ਵੱਸ, ਅਣਦਿਸਦੀ ਕਿਸੇ 'ਸ਼ਕਤੀ' ਦੇ ਹੱਥਾਂ ਵਿਚ ਖੇਡਣ ਲਈ ਮੋਹਰੇ ਬਣ ਚੁੱਕੇ ਹੁੰਦੇ ਹਨ। ਉਹਨਾਂ ਨੂੰ ਇਸ ਸਵਾਰਥ ਤੋਂ ਉਪਰ ਉਠ ਕੇ ਨਿਰੋਲ ਸੇਵਾ ਦਾ ਸਬਕ ਸਿਖਾਉਣ ਵਾਲ਼ਾ ਕਾਰਜ, “ਵੇਲ਼ੇ ਦਾ ਰਾਗ, ਕੁਵੇਲ਼ੇ ਦੀਆਂ ਟੱਕਰਾਂ” ਵਾਂਗ ਸਮਝਾਉਣ ਦਾ ਇਹ 'ਵੱਡਾ ਗਿਆਨੀ' ਯਤਨ ਕਰੂ। ਭੁੱਲ ਜਾਂਦਾ ਹੈ ਇਹ ਮਹਾਂਰਾਜ ਦਾ ਫੁਰਮਾਣ:

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥੧੫॥*

ਨਤੀਜਾ ਕੀ ਹੁੰਦਾ ਹੈ, “ਨਾ ਖ਼ੁਦਾ ਹੀ ਮਿਲਾ, ਨਾ ਵਸਾਲੇ ਸਨਮ। ਨਾ ਇਧਰ ਕੇ ਰਹੇ ਨਾ ਉਧਰ ਕੇ।“ ਇਸ ਦੀ ਇਸ ਮੂਰਖਤਾ ਭਰੀ ਬੇਬਾਕੀ ਤੇ ਸਹੀ ਗੱਲ ਨੂੰ ਬਿਨਾ ਨਿਜੀ ਹਾਣ ਲਾਭ ਵਿਚਾਰੇ ਦੇ ਆਖ ਦੇਣ ਨਾਲ਼, ਹਰੇਕ ਧੜਾ ਸਮਝਦਾ ਹੈ ਕਿ ਇਹ ਉਸ ਦਾ ਵਿਰੋਧੀ ਤੇ ਦੂਜੇ ਧੜੇ ਦਾ ਸਮਰਥਕ ਹੈ; ਜਦੋਂ ਕਿ ਇਹ "ਸਭ ਦਾ ਦੋਸਤ ਕਿਸੇ ਦਾ ਨਾ ਦੋਸਤ" ਦੇ ਮੁਹਾਵਰੇ ਵਾਂਗ "ਸਭ ਦਾ ਵਿਰੋਧੀ ਕਿਸੇ ਦਾ ਨਾ ਵਿਰੋਧੀ।" ਵਾਲ਼ੀ ਅਵਸਥਾ ਵਿਚ ਹੀ ਵਿਚਰਦਾ ਰਹਿੰਦਾ ਹੈ।

ਕੁਝ ਸਾਲਾਂ ਦੀ ਗੱਲ ਹੈ: ਇਕ ਗੁਰਦੁਆਰੇ ਦਾ ਝਗੜਾ ਸਾਲਾਂ ਬਧੀ ਕਚਿਹਰੀਆਂ ਵਿਚ ਚੱਲਦਾ ਰਿਹਾ ਤੇ ਗੁਰੂ ਦੀ ਗੋਲਕ ਦੇ ਪੈਸੇ ਵਕੀਲਾਂ ਦੇ ਬੈਂਕ ਬੈਲੈਂਸਾਂ ਦਾ ਸ਼ਿੰਗਾਰ ਬਣਦੇ ਰਹੇ। ਉਸ ਗੁਰਦੁਆਰੇ ਦੇ ਖ਼ਜ਼ਾਨਚੀ ਦੀ, ਨਾਨ ਪੰਜਾਬੀ ਹੋਣ ਕਰਕੇ, ਇਸ ਨਾਲ਼ 'ਘੁੰ ਘਾਂ' ਸੀਗੀ। ਤੇ ਕਦੀ ਕਦੀ ਫੋਨ ਤੇ ਇਕ ਦੂਜੇ ਨਾਲ਼ ਗੱਲ ਵੀ ਕਰ ਲਿਆ ਕਰਦੇ ਸਨ। ਬਿਨਾ ਮੰਗਿਆਂ ਉਸ ਨੂੰ ਆਦਤ ਅਨੁਸਾਰ ਸੁਝਾ ਦੇਣ ਲੱਗ ਪਿਆ, "ਕਿਉਂ ਨਹੀ ਤੁਸੀਂ ਕਿਸੇ ਇਕ, ਦੋ ਜਾਂ ਪੰਜ ਨਿਰਪੱਖ ਸਿੱਖਾਂ ਨੂੰ ਇਹ ਮਸਲਾ ਸੌਂਪ ਦਿੰਦੇ! ਤੇ ਫੇਰ ਜੋ ਉਹ ਫੈਸਲਾ ਕਰਨ, ਚਾਹੇ ਉਹ ਕੁਝ ਵੀ ਹੋਵੇ, ਸਾਰੇ ਉਸ ਨੂੰ ਮੰਨਣ ਦੇ ਪਾਬੰਦ ਹੋਣ।" ਜਦੋਂ ਉਸ ਨੇ ਅੱਗੋਂ ਆਖਿਆ, "ਦੱਸੋ, ਕੌਣ ਹੈ ਅਜਿਹਾ ਨਿਰਪੱਖ ਸਿੱਖ?" ਤਾਂ ਕੁਝ ਸੋਚ ਵਿਚਾਰ ਕਰਨ ਪਿਛੋਂ ਉਚਰਿਆ, "ਭਈ ਇਸ ਸਮੇ ਤਾਂ ਮੈਨੂੰ ਸਾਰੇ ਆਸਟ੍ਰੇਲੀਆ ਦੇ ਸਿੱਖ ਸਮਾਜ ਵਿਚੋਂ ਇਕੋ ਬੰਦਾ ਹੀ ਨਿਰਪੱਖ ਨਜਰ ਆਉਂਦਾ ਹੈ।" ਉਸ ਨੇ ਕਾਹਲ਼ੀ ਵਿਚ ਪੁੱਛਿਆ, "ਹਾਂ ਦੱਸੋ, ਕਿਹੜਾ ਉਹ ਗੁਰਮੁਖ ਪਿਆਰਾ ਹੈ ਜੋ ਏਥੇ ਨਿਰਪੱਖ ਹੈ!" ਤਾਂ ਇਹ ਗੁਰਮੁਖ ਪਿਆਰੇ ਜੀ ਓਸੇ ਠਰ੍ਹੰਮੇ ਨਾਲ਼ ਉਚਰੇ, "ਚਾਰ ਚੁਫੇਰੇ

ਝਾਕਣ ਉਪ੍ਰੰਤ ਮੈਨੂੰ ਤਾਂ ਇਕੋ ਬੰਦਾ ਹੀ ਨਜਰ ਆਉਂਦਾ ਏ ਜੋ ਨਿਰਪੱਖ ਹੈ।" "ਕੇਹੜਾ, ਛੇਤੀ ਦੱਸੋ!" ਉਚਰੇ ਉਹ ਵਿਅਕਤੀ। ਹੋਰ ਤਾਂ ਕੋਈ ਮੇਰੀ ਸਮਝ ਵਿਚ ਨਹੀ ਆਉਂਦਾ ਇਸ ਸਮੇ, ਕੇਵਲ ਗਿਆਨੀ ਸੰਤੋਖ ਸਿੰਘ ਹੀ ਇਕੋ ਇਕ ਨਿਰਪੱਖ ਵਿਅਕਤੀ ਦਿਸਦਾ ਹੈ। ਦੂਸਰੇ ਬੰਨਿਉਂ 'ਭਿਅੰਕਰ' ਹਾਸੇ ਦੀ ਆਵਾਜ ਆਈ, "ਗਿ. ਸੰਤੋਖ ਸਿੰਘ! ਤੇ ਨਿਰਪੱਖ! ਇਹ ਕਿਵੇਂ ਹੋ ਸਕਦਾ ਏ!"

ਠਰ੍ਹੰਮੇ ਭਰਿਆ ਉਤਰ ਦਿੰਦਿਆਂ ਇਸ ਨੇ ਕਿਹਾ, "ਜਦੋਂ ਮੈ ਐਕਸਪਲੇਨ ਕੀਤਾ, ਤੁਸੀਂ ਵੀ ਮੰਨ ਜਾਣਾ ਏਂ।" ਉਸ ਨੇ ਹੈਰਾਨੀ ਭਰੀ ਟੋਨ ਵਿਚ ਕਿਹਾ, "ਟਰਾਈ!" "ਵੇਖੋ ਮੈਨੂੰ ਦੋਵੇਂ ਧਿਰਾਂ ਆਪਣਾ ਵਿਰੋਧੀ ਸਮਝਦੀਆਂ ਨੇ; ਕੋਈ ਧਿਰ ਵੀ ਨਹੀ ਸਮਝਦੀ ਕਿ ਮੈ ਉਸ ਵੱਲ ਹਾਂ। ਇਸ ਲਈ ਆਪੇ ਮੈਂ ਨਿਰਪੱਖ ਹੋ ਗਿਆ। ਜੇਹੜਾ ਕਿਸੇ ਵੱਲ ਨਹੀ; ਉਹ ਭਾਵੇ ਖ਼ੁਦ ਨੂੰ ਸਾਰਿਆਂ ਦਾ ਇਕੋ ਜਿਹਾ ਹਮਦਰਦ ਸਮਝਦਾ ਹੋਵੇ ਪਰ ਫੇਰ, "ਸਭ ਦਾ ਮਿੱਤਰ ਕਿਸੇ ਦਾ ਨਹੀ ਮਿੱਤਰ।" ਵਾਲ਼ੀ ਗੱਲ ਉਸ ਉਪਰ ਲਾਗੂ ਹੋ ਜਾਂਦੀ ਹੈ।" "ਹਾਂ, ਇਸ ਤਰੀਕੇ ਨਾ਼ਲ ਤਾਂ ਵਾਕਿਆ ਹੀ ਤੂੰ ਨਿਰਪੱਖ ਹੈਂ।" ਉਸ ਨੇ ਹੱਸਦੇ ਹੋਏ ਨੇ ਆਖਿਆ।

ਇਹ ਤਾਂ ਸੰਸਾਰ ਦੀ ਸਿੱਖ ਸੰਗਤ ਜਾਣਦੀ ਹੀ ਹੈ ਕਿ ਗਿਆਨੀ ਜੀ ਚੰਗੇ ਬੁਲਾਰੇ ਹਨ। ਸਿੱਖ ਇਤਿਹਾਸ, ਗੁਰਬਾਣੀ, ਸਿੱਖ ਸਿਧਾਂਤ, ਸਿੱਖ ਸਿਆਸਤ ਦੀ ਚੰਗੀ ਜਾਣਕਾਰੀ ਰੱਖਦੇ ਵੀ ਹਨ ਤੇ ਇਸ ਸਾਰੇ ਗਿਆਨ ਨੂੰ ਬੋਲ ਤੇ ਲਿਖ ਕੇ ਸ੍ਰੋਤਿਆਂ ਤੇ ਪਾਠਕਾਂ ਦੇ ਪੱਲੇ ਵੀ ਗੱਲ ਪਾ ਦਿੰਦੇ ਹਨ; ਤੇ ਜਦੋਂ ਇਹ ਸਾਰਾ ਕੁਝ ਦੱਸ ਰਹੇ ਹੁੰਦੇ ਹਨ ਗਿਆਨੀ ਜੀ, ਤਾਂ ਸ੍ਰੋਤੇ ਬੋਰ ਵੀ ਨਹੀ ਹੁੰਦੇ ਸਗੋਂ ਦਿਲਚਸਪੀ ਨਾ਼ਲ ਗਿਆਨ ਭਰਪੂਰ ਵਾਰਤਾਲਾਪ ਸੁਣ ਕੇ ਪ੍ਰਸੰਨਤਾ ਵੀ ਪ੍ਰਾਪਤ ਕਰਦੇ ਹਨ ਪਰ ਗੜਬੜ ਓਦੋਂ ਹੁੰਦੀ ਹੈ ਜਦੋਂ ਗਿਆਨੀ ਜੀ, ਧਰਮ ਦੀ, ਗੁਰੂ ਸਾਹਿਬਾਨ ਦੇ ਇਤਿਹਾਸ ਦੀ, ਸਿੱਖ ਸਮਸਿਆਵਾਂ ਦੀ ਗੱਲ ਕਰਦੇ ਕਰਦੇ ਵਿਚੇ ਜੋਕ ਵੀ ਸੁਣਾ ਘੱਤਦੇ ਹਨ ਤੇ ਸਮਾ ਬਣਨ ਤੇ ਗ੍ਰੰਥੀਆਂ, ਸਟੇਜ ਸਕੱਤਰਾਂ ਤੇ ਪ੍ਰਬੰਧਕਾਂ ਦੇ ਕੰਮਾਂ ਵਿਚ ਵੀ ਲੱਤ ਅੜਾਉਣ ਤੋਂ ਗੁਰੇਜ਼ ਨਹੀ ਕਰਦੇ ਤੇ ਉਹਨਾਂ ਨੂੰ ਮੱਤਾਂ ਦੇਣ ਲੱਗ ਪੈਂਦੇ ਹਨ। ਏਸੇ ਗੱਲ ਦੀ ਤੇ ਦੁਨੀਆ ਤੇ ਬਹੁਲਤਾ ਹੀ ਨਹੀ ਸਗੋਂ ਰੋ਼ਲ ਪਿਆ ਹੋਇਆ ਹੈ। ਹਰ ਕੋਈ ਮੱਤ ਦੇਣ ਵਾਲਾ ਹੀ ਹੈ, ਲੈਣ ਵਾਲਾ ਕੋਈ ਨਹੀ। ਕੌਣ ਇਸ ਮਾਹੌਲ਼ ਵਿਚ ਗਿਆਨੀ ਜੀ ਦੀ ਮੱਤਾਂ ਦੇਣ ਵਾ਼ਲੀ ਭੈੜੀ ਵਾਦੀ ਦਾ ਸ਼ਿਕਾਰ ਹੁੰਦਾ ਰਹੇ! ਪਰ ਇਕ ਇਹ ਨੇ ਕਿ ਵਾਰਸ ਸ਼ਾਹ ਦੀ ਅਖਾਣ ਤੇ ਪੂਰਾ ਪੂਰਾ ਅਮਲ ਕਰਨ ਦਾ ਜਿਵੇਂ ਇਹਨਾਂ ਨੇ ਤਹੱਈਆਂ ਹੀ ਕੀਤਾ ਹੋਇਆ ਹੋਵੇ:

*ਵਾਰਸ ਸ਼ਾਹ ਨਾ ਵਾਦੀਆਂ ਜਾਂਦੀਆਂ ਨੇ*
*ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।*

ਹੋਰ ਤਾਂ ਹੋਰ ਪਿੱਛੇ ਜਿਹੇ ਏਥੋਂ ਦੀ ਪਾਰਲੀਮੈਟ ਵਿਚ ਮਨਾਈ ਗਈ ਵੈਸਾਖੀ ਮੌਕੇ ਜਦੋਂ ਨੌਜਵਾਨ ਪ੍ਰਬੰਧਕਾਂ ਨੇ ਇਹਨਾਂ ਨੂੰ ਡਿਊਟੀ ਦਿਤੀ ਕਿ ਤੁਸੀਂ ਅੰਗ੍ਰੇਜ਼ੀ ਵਿਚ ਵੈਸਾਖੀ ਦਾ ਇਤਿਹਾਸਕ ਤੇ ਧਾਰਮਿਕ ਪਹਿਲੂ ਕਵਰ ਕਰਨਾ ਹੈ ਤੇ ਕਰਨਾ ਵੀ ਪੰਜਾਂ ਮਿੰਟਾਂ ਦੇ ਅੰਦਰ ਅੰਦਰ ਹੈ। ਇਹ ਵਿਚਾਰਿਆਂ ਤੋਂ ਬਿਨਾ ਹੀ ਕਿ ਉਹਨਾਂ ਦਾ ਅੰਗ੍ਰੇਜ਼ੀ ਦਾ ਗਿਆਨ 'ਲੌਢੂਵਾ਼ਲ' ਤੱਕ ਹੀ ਹੈ; ਆ ਵੇਖਿਆ ਨਾ ਤਾ, ਤੇ ਹਾਂ ਕਰ ਦਿਤੀ। ਦਰਜਨ ਭਰ ਏਥੋਂ ਦੇ ਐਮ.ਪੀਆਂ ਦੀ ਮੌਜੂਦਗੀ ਵਿਚ ਸੈਂਕੜੇ ਲੋਕਾਂ ਨੇ ਪਾਰਲੀਮੈਂਟ ਦੇ ਸਪੀਕਰ ਦੀ ਪ੍ਰਧਾਨਗੀ ਹੇਠ ਇਹਨਾਂ ਦਾ ਭਾਸ਼ਨ ਸੁਣਿਆਂ ਵੀ ਤੇ ਤਾੜੀਆਂ ਵੀ ਮਾਰ ਘੱਤੀਆਂ। ਫੰਕਸ਼ਨ ਦੀ ਸਮਾਪਤੀ ਉਪ੍ਰੰਤ ਇਕ ਉਸ ਪੜ੍ਹੇ ਲਿਖੇ ਸੱਜਣ ਨੇ, ਜੋ ਕਿ ਸਹੀ ਤੌਰ ਤੇ ਸਮਝਦਾ ਸੀ ਕਿ ਇਹ ਕੰਮ ਉਸ ਨੂੰ ਕਰਨਾ ਚਾਹੀਦਾ ਸੀ, ਗਿਆਨੀ ਜੀ ਨੂੰ ਜਲ ਪਾਣੀ ਛਕਦਿਆਂ ਆਖਿਆ, "ਤੂੰ ਪੰਜਾਬੀ ਵਿਚ ਤਾਂ ਬੋਲ ਲੈਂਦਾ ਏਂ! ਪਰ ਅੰਗ੍ਰੇਜ਼ੀ ਵਿਚ ……." ਵਾਦੀ ਮੁਤਾਬਿਕ ਉਸ ਦੀ ਗੱਲ ਪੂਰੀ ਹੋਣ ਹੀ ਨਹੀ ਦਿਤੀ ਤੇ ਵਿਚੋਂ ਬੋਲ ਉਠੇ, "ਡਾਕਟਰ ਸਾਹਿਬ ਜੀ, ਕਿੰਨਾ ਖ਼ਰਚ ਤੇ ਖੇਚ਼ਲ ਕਰਕੇ ਆਪਾਂ ਸੋਹਣਾ ਮਕਾਨ ਬਣਾਉਂਦੇ ਹਾਂ ਪਰ ਅਖੀਰ ਵਿਚ, ਕਿਸੇ ਦੀ ਮੰਦੀ ਨਜ਼ਰ ਤੋਂ ਬਚਾਉਣ ਲਈ, ਉਸ ਦੇ ਮੱਥੇ ਤੇ ਇਕ ਕਾ਼ਲੇ ਰੰਗ ਦੀ ਤੌੜੀ ਮੂਧੀ ਮਾਰ ਦਿੰਦੇ ਹਾਂ। ਤੁਸੀਂ ਏਨੇ ਸੋਹਣੇ ਕਾਮਯਾਬ ਫੰਕਸ਼ਨ ਦੀ ਸੰਪੂਰਨਤਾ ਉਪ੍ਰੰਤ ਮੇਰੇ ਲੈਕਚਰ ਨੂੰ ਉਹ ਕਾ਼ਲੀ ਤੌੜੀ ਹੀ ਸਮਝ ਛੱਡੋ।" ਹੁਣ ਅਗਲਾ ਕੀ ਬੋਲੇ! "ਪਰ ਮੇਰੇ ਖਿਆਲ ਵਿਚ ਮੈਂ ਬੋਲਦਾ ਭੁੱਲਿਆ ਨਹੀ ਤੇ ਸੁਣਨ ਵਾ਼ਲਿਆਂ ਨੂੰ ਸਮਝ ਆ ਗਿਆ ਕਿ ਮੈ ਕੀ ਕਿਹਾ ਹੈ। ਸੋ 'ਰੀਜ਼ਨਏਬਲੀ' ਮੇਰਾ ਲੈਕਚਰ ਠੀਕ ਹੀ ਰਿਹਾ, ਕਿਹਾ ਜਾ ਸਕਦਾ ਹੈ।" ਅੱਗੋਂ ਗੱਲ ਪੂਰੀ ਕਰ ਦਿਤੀ ਇਹਨਾਂ ਨੇ।

ਇਕ ਹੋਰ ਗੱਲ ਸੁਣ ਲਵੋ: ਕੁਝ ਦਿਨ ਹੋਏ ਕਿਸੇ ਦੇ ਘਰ ਸਜੇ ਧਾਰਮਿਕ ਦੀਵਾਨ ਵਿਚ, ਗਿਆਨੀ ਜੀ ਨੇ ਸਦਾ ਵਾਂਗ ਆਪਣੇ ਧਾਰਮਿਕ ਵਿਖਿਆਨ ਵਿਚ ਇਤਿਹਾਸਕ ਹਵਾਲੇ ਵੀ ਦੇ ਮਾਰੇ। ਹਾਲਾਂ ਕਿ ਗਿਆਨੀ ਜੀ ਭਲੀ ਭਾਂਤ ਜਾਣਦੇ ਹਨ ਕਿ ਇਤਿਹਾਸਕ ਹਵਾਲਿਆਂ ਬਾਰੇ ਸਦਾ ਹੀ 'ਕਿੰਤੂ ਪ੍ਰੰਤੂ' ਹੋ ਸਕਦਾ ਹੈ। ਕੋਈ ਵੀ ਉਠ ਕੇ ਕਿਸੇ ਦਲੀਲ ਜਾਂ ਕਿਤਾਬ ਦਾ ਹਵਾਲਾ ਦੇ ਕੇ ਤੁਹਾਨੂੰ ਸੰਗਤ ਵਿਚ ਗ਼ਲਤ ਤੇ ਖ਼ੁਦ ਨੂੰ ਵਿਦਵਾਨ ਸਾਬਤ ਕਰਨ ਦੀ ਕੁਚੇਸ਼ਟਾ ਕਰ ਸਕਦਾ ਹੈ। ਏਸੇ ਕਰਕੇ ਕੁਝ ਦਹਾਕਿਆਂ ਤੋਂ ਵੱਡੇ ਵੱਡੇ ਸਿੱਖ ਧਾਰਮਿਕ ਵਿਦਵਾਨਾਂ ਨੇ, ਆਪਣੇ ਵਿਖਿਆਨਾਂ ਵਿਚੋਂ, ਸਾਖੀਆਂ ਤੇ ਇਤਿਹਾਸਕ ਹਵਾਲਿਆਂ ਨੂੰ ਮਨਫ਼ੀ ਹੀ ਕਰ ਦਿਤਾ ਹੈ। "ਨਾ ਨੱਕ ਰਹੇ ਤੇ ਨਾ ਮੱਖੀ ਬਹੇ।" ਅਰਥਾਤ ਨਾ ਸਾਖੀ ਤੇ ਇਤਿਹਾਸ ਦਾ ਹਵਾਲਾ ਦਿਉ ਤੇ ਨਾ ਨੁਕਤਾਚੀਨੀ ਕਰਵਾਉ। ਏਧਰ ਓਧਰ ਦੀਆਂ ਕੁਝ ਗੱਲ਼ਾਂ, ਕੁਝ ਬਾਣੀ ਦੀਆਂ ਤੁਕਾਂ ਦੇ ਹਵਾਲੇ ਦੇ ਕੇ ਡੰਗ ਵੀ ਸੋਹਣਾ ਸਾਰ ਲੈਂਦੇ ਨੇ। ਮਾਣ ਤੇ ਮਾਇਆ ਵੀ ਸੰਗਤਾਂ ਤੋਂ ਪ੍ਰਾਪਤ ਕਰ ਲੈਂਦੇ ਹਨ; ਪਰ ਇਕ ਇਹ 'ਅਗਿਆਨੀ' ਹੀ ਹੈ ਜੋ ਬਾਣੀ ਦੀ ਇਸ ਤੁਕ, "ਹਉ ਮੂਰਖ ਨੀਚ ਅਜਾਣੁ ਸਮਝਾਂ ਸਾਖੀਐ॥" ਵਾ਼ਲੀ ਤੁਕ ਦਾ ਸਹਾਰਾ ਲੈ ਕੇ ਸਾਖੀ ਤੇ ਇਤਿਹਾਸਕ ਹਵਾਲਿਆਂ ਤੋਂ ਬਿਨਾ ਕੋਈ ਧਾਰਮਿਕ ਵਿਖਿਆਨ ਨਹੀ ਦਿੰਦਾ। ਸਗੋਂ ਆਖੂ ਕਿ ਜੇਕਰ ਅਸੀਂ ਸਾਖੀ ਨਹੀ ਸੁਣਾਵਾਂਗੇ ਤਾਂ ਗੁਰੂ ਸਾਹਿਬਾਨ ਦੀ ਯਾਦ ਨੂੰ ਹੀ ਲੋਕੀਂ ਭੁਲ ਜਾਣਗੇ ਸ਼ਾਇਦ!

ਦੀਵਾਨ ਤੋਂ ਬਾਅਦ ਇਕ ਸੁਲਝੇ ਹੋਏ ਸੱਜਣ ਕਹਿਣ ਲੱਗੇ, "ਗਿਆਨੀ ਜੀ, ਗੁਰੂ ਨਾਨਕ ਸਾਹਿਬ ਜੀ ਸੁਲਤਾਨਪੁਰੋਂ ਉਦਾਸੀ ਤੇ ਚੱਲੇ ਤੇ ਪਹਿਲਾਂ ਲਾਹੌਰ ਫਲਾਣੇ ਵਿਆਕਤੀ ਨੂੰ ਮਿਲ਼ੇ ਪਰ ਤੁਸੀਂ ਕਿਹਾ ਕਿ ਪਹਿਲੀ ਧਰਮਸਾਲਾ ਤੇ ਧਰਮਸਾਲੀਆ ਤੁਲੰਭੇ ਵਿਚ ਭਾਈ ਸੱਜਣ (ਠੱਗ) ਨੂੰ ਬਣਾਇਆ। ਇਹ ਕੋਈ ਲੌਜਕ ਨਹੀ ਬਣਦਾ। ਇਹ ਤੁਸੀਂ ਕਿਵੇਂ ਗੱਲ ਬਣਾ ਧਰੀ!"

ਆਪਣੇ ਸੁਭਾ ਤੋਂ ਉਲ਼ਟ ਗਿਆਨੀ ਜੀ ਨੇ ਬੜੇ ਤਹੱਮਲ ਨਾਲ਼ ਜਵਾਬ ਦਿਤਾ, "ਸ. ਫਲਾਣਾ ਸਿੰਘ ਜੀ, ਵੇਖੋ ਮੈਂ ਤੇ ਉਸ ਸਮੇ ਓਥੇ ਮੌਜੂਦ ਨਹੀ ਸੀ। ਇਸ ਲਈ ਮੈ ਦਾਹਵੇ ਨਾਲ ਤਾਂ ਇਹ ਨਹੀ ਆਖ ਸਕਦਾ ਕਿ ਸੱਚਾਈ ਕੀ ਹੈ। ਪਰ ਆਖਰ ਮੈਂ ਤੁਹਾਡੇ ਵਰਗੇ ਕਿਸੇ ਵਿਦਵਾਨ ਦੇ ਮੂਹੋਂ ਸੁਣਿਆਂ ਜਾਂ ਕਿਤੇ ਲਿਖਿਆ ਪੜ੍ਹਿਆ ਹੀ ਹੋਵੇਗਾ! ਮੇਰੇ ਖਿਆਲ ਵਿਚ ਤੁਹਾਡਾ ਵੀ ਉਸ ਸਮੇ ਓਥੇ ਮੌਜੂਦ ਹੋਣਾ ਮੁਮਕਨ ਨਹੀ ਲੱਗਦਾ। ਪਰ ਦਲੀਲ ਵਜੋਂ ਅਸੀਂ ਮੰਨ ਲੈਂਦੇ ਹਾਂ ਕਿ ਲਾਹੌਰ, ਤੁਲੰਭੇ ਤੋਂ ਪਹਿਲਾਂ ਹੀ ਪਹੁੰਚੇ ਹੋਣਗੇ ਪਰ ਗੁਰੂ ਸਾਹਿਬ ਜੀ ਨੇ ਅਸਲੀ ਧਰਮਸਾਲਾ ਤਾਂ ਸੱਜਣ ਦੀ ਠੱਗੀ ਵਾਲ਼ੀ ਧਰਮਸਾਲਾ ਨੂੰ ਹੀ ਬਣਾਇਆ ਸੀ। ਠੱਗ ਤੋਂ ਸੱਚਾ ਸੱਜਣ ਵੀ ਓਸੇ ਨੂੰ ਹੀ ਗੁਰੂ ਜੀ ਨੇ ਬਣਾਇਆ ਸੀ। ਬਾਕੀ ਰਹੀ ਗੱਲ 'ਲੌਜਕ' ਦੀ; ਉਸ ਬਾਰੇ ਬੇਨਤੀ ਇਓਂ ਹੈ ਕਿ ਤੁਕਾਂਤ ਜੁੜੇ ਨਾ ਜੁੜੇ ਤੇਲੀ ਕੋਹਲੂ ਦੇ ਭਾਰ ਤੋਂ ਤਾਂ ਨਹੀ ਨਾ ਬਚ ਸਕਦਾ! 'ਲੌਜਕ' ਬਣਿਆ ਜਾਂ ਨਾ ਪਰ ਸੰਗਤ ਨੇ ਸਾਖੀ ਸੁਣ ਕੇ ਆਨੰਦ ਤਾਂ ਮਾਣਿਆ ਨਾ!"

ਹੁਣੇ ਤਾਜਾ ਹੀ ਵਾਪਰੀ ਇਕ ਘਟਨਾ ਵੀ ਸੁਣ ਲਵੋ: ਥੋਹੜੇ ਦਿਨ ਹੋਏ ਆਸਟ੍ਰੇਲੀਆ ਦੇ ਇਕ ਸ਼ਹਿਰ ਦੇ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਗਿਆਨੀ ਜੀ ਨੂੰ ਆਖਿਆ ਕਿ ਉਹ ਐਤਵਾਰ ਦੇ ਦੀਵਾਨ ਵਿਚ, ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਬਾਰੇ ਬੋਲਣ। ਮਿੰਟ ਦਸ ਤੋਂ ਪੰਦਰਾਂ ਦਾ ਸਮਾ ਦਿਤਾ। ਏਸੇ ਸਮੇ ਵਿਚ ਵਿਚ ਹੀ ਸਿਧ ਕਰਕੇ ਦੱਸਣ ਲਈ ਆਖਿਆ ਕਿ ਇਕ ਸਵਾ ਪੰਜ ਸਾਲ ਦਾ ਬੱਚਾ ਕਿਸ ਤਰ੍ਹਾਂ ਗੁਰੂ ਹੋ ਸਕਦਾ ਹੈ! ਪ੍ਰਬੰਧਕ ਬਹੁਤ ਵਿਦਵਾਨ ਤੇ ਸੰਗਤ ਵੀ ਬਹੁਤ ਪੜ੍ਹੇ ਲਿਖਿਆ ਦੀ ਸੀ। ਗਿਆਨੀ ਜੀ ਨੇ ਅੰਦਾਜ਼ੇ ਨਾਲ਼ ਹੀ ਸਮੇ ਦੇ ਅੰਦਰ ਅੰਦਰ ਆਪਣੀ ਗੱਲ ਸਮਾਪਤ ਕਰ ਦਿਤੀ, ਕਿਉਂਕਿ ਘੜੀ ਤੇ ਇਹਨਾਂ ਪਾਸ ਕਦੀ ਹੁੰਦੀ ਨਹੀ, ਤੇ ਉਸ ਗੁਰਦੁਆਰੇ ਦਾ ਹਾਲ ਬਹੁਤ ਵੱਡਾ ਹੋਣ ਕਰਕੇ ਕੰਧ ਨਾਲ਼ ਲੱਗੀ ਘੜੀ ਦੀਆਂ ਸੂਈਆਂ ਵੀ, ਦੂਰ ਹੋਣ ਕਰਕੇ, ਇਹਨਾਂ ਦੀ ਅੱਖ ਦੀ ਮਾਰ ਹੇਠ ਆਉਣੋ ਬਚੀਆਂ ਰਹੀਆਂ। ਦੀਵਾਨ ਦੀ ਸਮਾਪਤੀ ਤੋਂ ਬਾਅਦ, ਇਕ ਟੇਬਲ ਦੁਆਲੇ ਡਠੀਆਂ ਕੁਰਸੀਆਂ ਉਪਰ ਡਟ ਕੇ ਪ੍ਰਸ਼ਾਦਾ ਛਕਣ ਸਮੇ, ਬਹੁਤੇ ਸਿਆਣੇ ਸੱਜਣ ਇਹਨਾਂ ਦੇ ਦੁਆਲ਼ੇ ਜਿਹੇ ਹੀ ਸਜੇ ਹੋਏ ਸਨ ਜਿਨ੍ਹਾਂ ਵਿਚ ਪ੍ਰੋਫ਼ੈਸਰ, ਡਾਕਟਰ, ਵਕੀਲ ਆਦਿ ਸਨ। ਇਕ ਸੁਲਝੇ ਹੋਏ ਪ੍ਰੋਫ਼ੈਸਰ ਸੱਜਣ ਕਹਿਣ ਲੱਗੇ, "ਗਿਆਨੀ ਜੀ, ਗਿਆਨ ਤਾਂ ਤੁਹਾਡਾ ਬੜਾ ਹੈ; ਵਿਖਿਆਨ ਵੀ ਸੋਹਣਾ ਸੀ ਪਰ ਤੁਸੀਂ ਸਿਧਾ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਬਾਰੇ ਬੋਲਣ ਦੀ ਬਜਾਇ ਪਹਿਲਾਂ ਏਧਰ ਓਧਰ ਦੀਆਂ ਗੱਲਾਂ ਵੀ ਮਾਰੀ ਗਏ!" ਉਸ ਪ੍ਰੋਫ਼ੈਸਰ ਨੂੰ ਸਿਧਾ ਜਵਾਬ ਦੇਣ ਦੀ ਥਾਂ ਗਿਆਨੀ ਜੀ ਬਗਲੇ ਦੀ ਕਹਾਣੀ ਸੁਣਾਉਣ ਲੱਗ ਪਏ: ਇਕ ਵੱਡੇ ਛੱਪੜ ਦੇ ਵਿਚਕਾਰ ਇਕ ਨਿਕਾ ਜਿਹਾ ਧੋੜਾ ਸੀ; ਜਿਵੇਂ ਸਮੁੰਦਰ ਵਿਚ ਟਾਪੂ ਹੁੰਦਾ ਹੈ। ਉਸ ਧੋੜੇ ਉਪਰ ਇਕ ਬਗਲਾ ਬੈਠਾ ਸੀ। ਕਿਸੇ ਨੇ ਪੁੱਛਿਆ, "ਭਾਊ, ਉਹ ਬਗਲਾ ਕਿਵੇਂ ਫੜਿਆ ਜਾ ਸਕਦਾ ਹੈ!" "ਸੌਖਾ ਹੀ ਕੰਮ ਹੈ ਇਹ ਤਾਂ।" ਜਵਾਬ ਸੀ ਭਾਊ ਦਾ। "ਕਿਵੇਂ ਭਾਊ?" ਉਤਸੁਕਤਾ ਵੱਸ ਉਸ ਸੱਜਣ ਨੇ ਪੁੱਛਿਆ "ਇਕ ਮੋਮਬੱਤੀ ਲੈ ਲਓ ਤੇ ਇਕ ਤੀਲ਼ਾਂ ਦੀ ਡੱਬੀ। ਛੱਪੜ ਵਿਚ ਤਰਦੇ ਹੋਏ ਹੌਲ਼ੀ ਹੌਲ਼ੀ ਬਗਲੇ ਦੇ ਪਿਛੇ ਚਲੇ ਜਾਓ ਤੇ ਮੋਮਬੱਤੀ ਬਾਲ ਕੇ ਉਸ ਦੇ ਸਿਰ ਉਪਰ ਰੱਖ ਕੇ ਆਪ ਵਾਪਸ ਮੁੜ ਆਓ। ਜਦੋਂ ਮੋਮ ਪੱਘਰ ਕੇ ਬਗਲੇ ਦੀਆਂ ਅੱਖਾਂ ਵਿਚ ਪੈ ਜਾਵੇ ਤੇ ਉਸ ਨੂੰ ਦਿਸਣੋ ਹਟ ਜਾਵੇ ਤਾਂ ਮਲਕੜੇ ਜਿਹੇ ਪਿੱਛੋਂ ਦੀ ਜਾ ਕੇ ਉਸ ਨੂੰ ਧੌਣੋ ਫੜ ਲਓ। ਬੱਸ ਏਨਾ ਹੀ ਕੰਮ ਹੈ।" "ਤੇ ਭਾਊ, ਜਦੋਂ ਮੋਬਬੱਤੀ ਰੱਖਣ ਜਾਣਾ ਬਗਲੇ ਦੇ ਸਿਰ ਤੇ, ਓਦੋਂ ਹੀ ਕਿਉਂ ਨਾ ਉਸ ਨੂੰ ਫੜ ਲਿਆ ਜਾਵੇ!" "ਫਿਰ ਇਹ ਕੋਈ ਸਾਇੰਟਿਫਿਕ ਤਰੀਕਾ ਤੇ ਨਾ ਨਾ ਹੋਇਆ!'" ਉਤਰ ਸੀ ਭਾਊ ਦਾ।

ਮੇਰੇ ਖਿਆਲ ਵਿਚ ਜੇਕਰ ਗਿਆਨੀ ਜੀ ਜਿਵੇਂ 'ਟਰੇਡ' ਵਿਚ ਸਫਲ ਨੇ ਜੇ ਕਿਤੇ ਇਹਨਾਂ ਪਾਸ ਟਰੇਡ ਨੂੰ ਲੋਕਾਂ ਅੱਗੇ ਪ੍ਰੋਸਣ ਵਾਲ਼ੇ 'ਟਰਿੱਕ' ਵੀ ਆਉਂਦੇ ਹੁੰਦੇ ਤਾਂ ਕਿੰਨੀ ਚੰਗੀ ਗੱਲ ਹੁੰਦੀ ਤੇ ਸ਼ਾਇਦ ਇਸ ਤਰ੍ਹਾਂ ਸਿੱਖ ਕੌਮ ਵੀ ਇਹਨਾਂ ਦੀ ਵਿਦਵਤਾ, ਸੁਹਿਰਦਤਾ, ਕਲਮ ਕਲਾ ਤੇ ਭਾਸ਼ਨ ਕਲਾ ਤੋਂ ਲਾਭ ਉਠਾ ਸਕਦੀ। ਪਰ "ਡੁੱਬੀ ਤਾਂ ਤਾਂ ਹੀ ਜੇ ਸਾਹ ਨਾ ਆਇਆ!" ਦੇ ਅਖਾਣ ਵਾਂਗ ਇਹ ਤਾਂ ਬਿਲਕੁਲ ਸਾਧਾਰਨ ਕੱਪੜਿਆਂ ਵਿਚ ਹੀ, ਸਾਧਾਰਨਤਾ ਸਹਿਤ, ਹਰ ਤਰ੍ਹਾਂ ਦੇ ਵਿਅਕਤੀਆਂ ਵਿਚ ਵਿਚਰਦੇ ਰਹਿੰਦੇ ਹਨ ਤੇ ਨਹੀਂ ਵੇਖਦੇ ਥਾਂ ਕੁਥਾਂ। ਹਰੇਕ ਸਮੇ ਇਕੋ ਜਿਹਾ ਹੀ ਵਰਤ ਵਿਹਾਰ ਰਖਦੇ ਹਨ। ਮਖੌਲ, ਖੁਲ੍ਹੀਆਂ ਬਾਤਾਂ, ਹਾਸਾ ਆਦਿ ਦੀ ਅਵਸਥਾ ਸਮੇ, ਸਮੇ ਤੇ ਸਥਾਨ ਦਾ ਖਿਆਲ ਨਹੀ ਕਰਦੇ। ਨਹੀ ਇਸ ਗੱਲ ਦਾ ਧਿਆਨ ਕਰਦੇ ਕਿ ਲੋਕ ਇਹਨਾਂ ਦੀ ਸ਼ਖ਼ਸੀਅਤ, ਉਮਰ, ਵਿਦਵਤਾ, ਤਜੱਰਬਾ ਤੇ ਸਮਾਜ ਵਿਚ ਇਹਨਾਂ ਦਾ ਸਥਾਨ ਵੇਖ ਕੇ ਇਹਨਾਂ ਪਾਸੋਂ ਗੰਭੀਰਤਾ ਦੀ ਆਸ ਰੱਖਦੇ ਹਨ ਪਰ ਇਹਨਾਂ ਤਾਂ ਜਿਵੇਂ ਸਹੁੰ ਹੀ ਖਾ ਰੱਖੀ ਹੈ ਕਿ ਹਾਸੇ ਤੋਂ ਬਿਨਾ ਗੱਲ ਹੀ ਕੋਈ ਨਹੀ ਕਰਨੀ ਭਾਵੇਂ ਕਿੰਨੀ ਵੀ ਗੰਭੀਰਤਾ ਦੀ ਤਵੱਕੋਂ ਵਾਲ਼ੀ ਸਥਿਤੀ ਹੋਵੇ; ਤੇ ਇਸ ਤਰ੍ਹਾਂ ਬਹੁਤੀ ਵਾਰੀ 'ਹਾਸੇ ਦਾ ਮੜਾਸਾ' ਹੀ ਬਣ ਜਾਂਦਾ ਹੈ। ਹਾਂ ਇਹ ਵੀ ਠੀਕ ਹੈ: ਕਹਿੰਦੇ ਹਨ ਕਿ ਰੱਬ ਗੰਜੇ ਨੂੰ ਨਹੁੰ ਨਹੀ ਦਿੰਦਾ ਤਾਂ ਕਿ ਉਹ ਆਪਣਾ ਸਿਰ ਖੁਰਕ ਕੇ ਲਹੂ ਨਾ ਕਢ ਲਵੇ। ਸ਼ਾਇਦ ਗਿਆਨੀ ਜੀ ਨੂੰ ਥਾਂ ਸਿਰ ਰੱਖਣ ਲਈ ਹੀ ਇਹਨਾਂ ਨੂੰ ਏਹੋ ਜਿਹਾ ਬਣਾ ਧਰਿਆ ਹੈ, ਕੁਦਰਤ ਨੇ!

## ਸੁਣ ਲਓ ਇਕ ਹੋਰ ਇਹਨਾਂ ਦੀ 'ਕਰਤੂਤ':

ਸਿਡਨੀ ਦੇ ਇਕ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਜੀ ਨੇ ਦੇਸ ਨੂੰ ਜਾਣਾ ਸੀ। ਇਕ ਦਿਨ ਗੁਰਦੁਆਰਾ ਸਾਹਿਬ ਦੇ ਚੇਅਰਮੈਨ, ਮੀਤ ਪ੍ਰਧਾਨ ਤੇ ਕੁਝ ਹੋਰ ਸੱਜਣ ਇਹਨਾਂ ਦੇ ਘਰ ਆਏ ਤੇ ਇਹਨਾਂ ਨੂੰ ਕੁਝ ਦਿਨਾਂ ਲਈ ਸੇਵਾ ਨਿਭਾਉਣ ਲਈ ਬੇਨਤੀ ਕੀਤੀ।

ਬਿਨਾ ਕੋਈ 'ਅਗਰਚਿ ਮਗਰਚਿ' ਲਾਏ ਦੇ ਇਹਨਾਂ ਨੇ ਕਿਹਾ, "ਧੰਨ ਭਾਗ ਮੇਰੇ, ਤੁਸੀਂ ਮੈਨੂੰ ਇਸ ਸੇਵਾ ਦੇ ਯੋਗ ਸਮਝਿਆ! ਤੁਸੀਂ ਕਾਂ ਦੇ ਹੱਥ ਵੀ ਸੁਨੇਹਾ ਭੇਜ ਦਿੰਦੇ, ਮੈ ਸਿਰ ਪਰਨੇ ਚੱਲ ਕੇ ਹਾਜਰ ਹੁੰਦਾ। ਤੁਸੀਂ ਆਪ ਚੱਲ ਕੇ ਆਉਣ ਦੀ ਖੇਚਲ ਕਿਉਂ ਕੀਤੀ!" ਏਥੇ ਵੀ ਕੁਝ ਦਿਨਾਂ ਬਾਅਦ ਹੀ ਬੁਡ਼੍ਹੀ ਦੇ ਸੇਹਰੇ ਸਾੜਨ ਵਾਲ਼ੀ ਗੱਲ ਹੀ, ਇਹ ਬਹੁਤਾ ਕੌਮੀ ਦਰਦ ਰੱਖਣ ਵਾਲ਼ਾ ਸੱਜਣ, ਕਰ ਬੈਠਾ। ਕਮੇਟੀ ਵੱਲੋਂ ਹਰੇਕ ਤਿੰਨੀਂ ਮਹੀਨੀਂ ਗੁਰਦੁਆਰਾ ਸਾਹਿਬ ਦੀ ਆਮਦਨ ਖ਼ਰਚ ਦਾ ਵੇਰਵਾ ਗੁਰਦੁਆਰਾ ਸਾਹਿਬ ਦੇ ਦਰਵਾਜੇ ਦੇ ਨਾਲ਼ ਚਿਪਕਾਇਆ ਜਾਂਦਾ ਸੀ। ਇਕ ਦਿਨ ਕਿਸੇ ਦੇ ਦੱਸੇ ਤੇ, ਇਸ ਦੀ ਨਿਗਾਹ ਉਸ ਕਾਗਜ਼ ਤੇ ਪੈ ਗਈ। ਉਸ ਹਿਸਾਬ ਵਿਚ ਹਜਾਰਾਂ ਡਾਲਰ ਕਿਸੇ ਕੰਪਨੀ ਨੂੰ ਗਾਰਬਿਜ ਚੁੱਕਣ ਵਾਸਤੇ ਗ਼ਲਤ ਦਿਤੇ ਜਾ ਰਹੇ ਸਨ। ਓਥੋਂ ਪੜ੍ਹ ਕੇ ਓਸੇ ਸਮੇ ਹੀ ਇਹ ਪੈਸੇ ਲੈਣ ਵਾਲ਼ੀ ਕੰਪਨੀ ਨੂੰ ਫ਼ੋਨ ਕਰਕੇ ਅੱਗੋਂ ਤੋਂ ਇਹ 'ਸੇਵਾ' ਕਰਨ ਦੀ ਇਸ ਨੇ, ਕਮੇਟੀ ਨੂੰ ਦੱਸਿਆਂ ਬਿਨਾ ਹੀ ਮਨਾਹੀ ਕਰ ਦਿਤੀ। ਆਪਣੀ ਅਕਲ ਘੋਟਦੇ ਹੋਏ ਨੇ, ਕਮੇਟੀ ਮੈਬਰਾਂ ਤੋਂ ਪੁਛਣਾ ਸ਼ੁਰੂ ਕਰ ਦਿਤਾ ਕਿ ਗਾਰਬਿਜ ਕੁਲੈਕਸ਼ਨ ਦਾ ਬਿੱਲ ਤਾਂ ਕੌਂਸਲ ਦੇ ਖ਼ਰਚ ਵਿਚ ਹੀ ਸ਼ਾਮਲ ਹੁੰਦਾ ਹੈ; ਇਹ ਵੱਖਰਾ ਖ਼ਰਚ ਕਾਹਦਾ ਹੈ! ਨਾ ਸਕੱਤਰ, ਨਾ ਪ੍ਰਧਾਨ, ਨਾ ਖ਼ਜਾਨਚੀ ਤੇ ਨਾ ਹੀ ਕਿਸੇ ਹੋਰ ਨੇ ਕੋਈ ਜਵਾਬ ਦਿਤਾ। ਪਰ ਉਸ ਦਾ ਅਸਰ ਇਹ ਹੋਇਆ ਕਿ ਮੁੜ ਕਮੇਟੀ ਨੇ ਅਜਿਹਾ ਵੇਰਵਾ ਛਾਪ ਕੇ ਲਾਉਣ ਤੋਂ ਹੀ ਤੋਬਾ ਕਰ ਲਈ। ਜੇਹੜਾ ਕੋਈ ਮਾੜਾ ਮੋਟਾ ਆਮਦਨ ਖ਼ਰਚ ਦਾ ਸੰਗਤਾਂ ਨੂੰ ਪਤਾ ਲੱਗਦਾ ਸੀ ਉਹ ਵੀ ਗਿਆ। ਏਸੇ ਦੌਰਾਨ ਨਵੀ ਕਮੇਟੀ ਬਣ ਗਈ ਤੇ ਇਹ ਨਵੇ ਪ੍ਰਧਾਨ ਦੇ ਫਿਰ ਕੰਨ ਖਾਣ ਲੱਗ ਪਿਆ ਕਿ ਪੁਛੋ ਭਾਈ ਇਹ ਕਿੰਨੇ ਸਾਲਾਂ ਤੋਂ ਫ਼ਜ਼ੂਲ ਪੈਸੇ ਖਰਚੀਂਦੇ ਰਹੇ ਹਨ! ਇਕ ਦਿਨ ਪ੍ਰਧਾਨ ਨੇ ਆਖਿਆ, "ਮੈਂ ਖ਼ਜ਼ਾਨਚੀ ਨੂੰ ਪੁਛਿਆ ਸੀ। ਉਹ ਆਖਦਾ ਤੈਨੂੰ ਗਿਆਨੀ ਚੱਕਦਾ ਹੋਣਾਂ!" ਕੋਈ ਪੁਛੇ ਭਈ ਭਲਿਆ ਮਾਣਸਾ ਜਿਨ੍ਹਾਂ ਨੇ ਤੈਨੂੰ ਗੱਦੀ ਤੇ ਬਹਾਇਆ ਤੂੰ ਉਹਨਾਂ ਦੀਆਂ ਲੱਤਾਂ ਨੂੰ ਹੀ ਚੱਕ ਮਾਰਦਾਂ!

ਹੱਥਲੀ ਕਿਤਾਬ ਇਸ ਗੱਲ ਦੀ ਮੂੰਹ ਬੋਲਦੀ ਗਵਾਹੀ ਹੈ। ਕੀ ਤੁਸੀਂ ਸਮਝ ਸਕਦੇ ਹੋ ਕਿ ਇਹ ਸਾਹਿਤਕ ਹੈ ਜਾਂ ਧਾਰਮਿਕ, ਇਤਿਹਾਸਕ ਹੈ ਜਾਂ ਰਾਜਨੀਤਕ, ਯਾਦਾਂ ਹਨ ਜਾਂ ਲੇਖ, ਵਰਤਮਾਨ ਨੂੰ ਦਰਸਾਉਂਦੀ ਹੈ ਜਾਂ ਫਿਰ ਭੂਤ ਜਾਂ ਭਵਿਖ ਨੂੰ! ਕਿਸ ਖਾਨੇ ਵਿਚ ਤੁਸੀਂ ਇਸ ਪੁਸਤਕੜੀ ਜਿਹੀ ਨੂੰ ਰੱਖੋਗੇ? ਤਿੱਤਰ ਨਾ ਬਟੇਰ। ਮਿਲਗੋਭਾ ਜਿਹਾ। ਨਾ ਇਹ ਇਤਿਹਾਸਕ ਹੈ, ਨਾ ਧਾਰਮਿਕ, ਨਾ ਸਾਹਿਤਕ, ਨਾ ਫਿਲਾਸਾਫੀਕਲ, ਨਾ ਫਿਕਸ਼ਨ ਨਾ ਫੈਕਟ; ਬੱਸ ਜਿਵੇਂ ਮੂੰਹ ਆਇਆ ਭਾਸ਼ਨ ਸਮੇ ਬੋਲ਼ੀ ਜਾਂਦੇ ਹਨ ਓਵੇਂ ਹੀ ਇਸ ਕਿਤਾਬ ਵਿਚ ਝਰੀਟੀ ਗਏ ਹਨ। ਹਾਂ ਇਕ ਗੱਲ ਜ਼ਰੂਰ ਸਪੱਸ਼ਟ ਹੈ ਕਿ ਜਿਹੋ ਜਿਹੀ ਇਸ ਦੇ 'ਝਰੀਟੂ' ਦੀ ਸ਼ਖ਼ਸੀਅਤ ਹੈ ਓਹੋ ਜਿਹੀ ਹੀ ਇਸ ਦੀ ਇਹ ਰਚਨਾ ਹੈ। "ਜਿਹੋ ਜਿਹੀ ਭੋਡੀ ਬਾਹਮਣੀ ਓਹੋ ਜਿਹਾ ਘੁੱਦੂ ਜੇਠ!" ਇਹੋ ਜਿਹੇ ਤੋਂ ਇਸ ਤੋਂ ਵੱਖਰੀ ਆਸ ਵੀ ਕੀ ਕੀਤੀ ਜਾ ਸਕਦੀ ਸੀ! ਇਹੋ ਜਿਹੇ ਇਹੋ ਜਿਹੇ ਹੀ ਹੁੰਦੇ ਹਨ। "ਜਿਹੀ ਕੋਕੋ ਤੇਹੇ ਬੱਚੇ!"

ਹੋਰ ਸੁਣੋ: ਕਿਸੇ ਦੇ ਮੂੰਹੋਂ ਆਪਣੀ ਤਾਰੀਫ਼ ਸੁਣ ਕੇ ਫੁੱਲ ਕੇ ਕੁੱਪਾ ਹੋ ਜਾਊ। ਸੁਲਝੇ ਹੋਏ ਸੱਜਣ ਆਪਣੀ ਤਾਰੀਫ਼ ਆਪਣੇ ਮੂੰਹ ਤੇ ਸੁਣਨਾ ਪਸੰਦ ਨਹੀ ਕਰਦੇ ਪਰ ਇਹ ਪਿਓ ਦਾ ਪੁੱਤ ਆਪਣੀ ਵਡਿਆਈ ਸੁਣ ਕੇ ਚਾਂਭਲ਼ੂ। ਉਤੋਂ ਹੋਰ ਵਾਧਾ ਇਹ ਕਿ ਆਖੂ, "ਜਦੋਂ ਧਾਰਮਿਕ ਵਿਅਕਤੀਆਂ ਦੇ ਦੱਸਣ ਅਨੁਸਾਰ, ਰੱਬ ਆਪਣੀ ਤਾਰੀਫ਼ ਮਨੁਖਾਂ ਪਾਸੋਂ ਸੁਣ ਕੇ ਖੁਸ਼ ਹੁੰਦਾ ਹੈ ਤਾਂ ਮੈ ਕਿਉਂ ਨਾ ਆਪਣੀ ਵਡਿਆਈ ਸੁਣ ਕੇ ਖੁਸ਼ ਹੋਵਾਂ। ਇਹ ਤਾਂ ਰੱਬੀ ਗੁਣ ਹੋਇਆ!"

ਇਹ ਵੀ ਸੁਣ ਲਵੋ: ਕੁਝ ਦਹਾਕੇ ਹੋਏ ਇਕ ਦਿਨ ਗੁਰਦੁਆਰਾ ਸਾਹਿਬ ਵਿਖੇ ਸਜੇ ਦੀਵਾਨ ਵਿਚ ਸਾਧੂ ਟੀ.ਐਲ. ਵਸਵਾਨੀ ਦੀ ਸਾਖੀ ਸੁਣਾਉਣ ਲਗ ਪਏ। ਸਾਖੀ ਦਾ ਸਾਰ ਕੁਝ ਇਸ ਤਰ੍ਹਾਂ ਸੀ: ਇਕ ਦਿਨ ਲੌਢੇ ਕੁ ਪਹਿਰ ਹੈਦਰਾਬਾਦ ਸਿੰਧ ਦੇ ਸ਼ਹਿਰ ਵਿਖੇ ਹੀ ਰਾਤ ਬਿਤਾਉਣ ਲਈ ਸੋਚ ਕੇ, ਇਕ ਦੁਕਾਨਦਾਰ ਨੂੰ, ਸੰਤ ਜੀ ਨੇ, ਧਰਮਸਾਲਾ ਦਾ ਰਾਹ ਪੁਛਿਆ। ਜਦੋਂ ਓਥੇ ਗਏ ਤਾਂ ਓਥੋਂ ਦੇ ਮਹੰਤ ਨੇ ਚੰਗਾ ਸਲੂਕ ਨਾ ਕੀਤਾ ਤੇ ਸੰਤ ਜੀ ਚੁਪ ਕੀਤੇ ਵਾਪਸ ਮੁੜ ਆਏ। ਸੰਤ ਜੀ ਦੇ ਮੁੜਦਿਆਂ ਤੇ ਨਿਗਾਹ ਓਸੇ ਦੁਕਾਨਦਾਰ ਦੀ ਪੈ ਗਈ। ਇਹ ਜਾਣ ਕੇ ਕਿ ਸ਼ਾਇਦ ਧਰਮਸਾਲਾ ਸੰਤ ਜੀ ਨੂੰ ਨਹੀ ਥਿਆਈ; ਪੁਛਿਆ, "ਲਭੀ ਨਹੀ ਸੰਤ ਜੀ ਧਰਮਸਾਲਾ?" ਧਰਮ ਧੁਰਮ ਤੇ ਕੋਈ ਨਹੀ ਸੀ ਓਥੇ; ਹਾਂ, ਇਕ ਸਾਲ਼ਾ ਬੈਠਾ ਸੀ।" ਤੁਰੇ ਜਾਂਦਿਆਂ ਸਹਿਜ ਸੁਭਾ ਉਤਰ ਸੀ ਸੰਤ ਜੀ ਦਾ।

ਦੀਵਾਨ ਉਪ੍ਰੰਤ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜੀ ਨੇ ਕੁਝ ਰੋਸੇ ਜਿਹੇ ਨਾਲ਼ ਕਿਹਾ, "ਤੈਂ ਗਿਆਨੀ ਮੇਰੇ ਤੇ ਇਹ ਗੱਲ ਲਾਈ ਆ।" ਉਤਰ ਮਿਲਿਆ, "ਭਈ ਲਾਈ ਤਾਂ ਮੈਂ ਕਿਸੇ ਤੇ ਨਹੀ; ਪਰ ਜੇ ਤੁਹਾਡੇ ਮੇਚ ਆਉਂਦੀ ਹੈ ਪ੍ਰਧਾਨ ਸਾਹਿਬ, ਤਾਂ ਤੁਸੀਂ ਰੱਖ ਲਓ।" "ਲਓ ਕਰ ਲਓ ਘਿਓ ਨੂੰ ਘੜਾ!" ਲਾਗੋਂ ਕਿਸੇ ਸ੍ਰੋਤੇ ਦੇ ਮੂੰਹੋਂ ਆਪ ਮੁਹਾਰੇ ਬੋਲ ਨਿਕਲ਼ੇ।

ਕੁਝ ਸਾਲਾਂ ਦੀ ਗੱਲ ਹੈ। ਦੇਸੋਂ ਦੋ ਝੱਗੇ ਪਜਾਮੇ ਪਾਰਸਲ ਰਾਹੀਂ ਮੰਗਵਾਏ। ਗਲ਼ ਪਾਉਣ ਤੇ ਝੱਗੇ ਗੋਡਿਆਂ ਤੋਂ ਨੀਵੇ ਨਿਕਲ਼ੇ। ਪਹਿਲਾਂ ਤਾਂ ਬੜਾ ਗੁੱਸਾ ਆਇਆ; ਕਿਉਂਕਿ ਇਹ ਸੱਜਣ, ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਕਿਸੇ ਲੇਖ ਤੋਂ ਪ੍ਰਭਾਵਤ ਹੋ ਕੇ, ਹਮੇਸ਼ਾਂ ਝੱਗਾ ਗੋਡਿਆਂ ਤੋਂ ਉਚਾ ਹੀ ਪਾਇਆ ਕਰਦੇ ਸਨ ਤੇ ਇਹ ਗੋਡਿਆਂ ਤੋਂ ਨੀਵੇ ਆ ਗਏ। ਫੇਰ ਠੰਡੇ ਸਿਰ ਨਾਲ਼ ਸੋਚਿਆ ਤੇ ਖ਼ੁਦ ਨੂੰ ਝੂਠੀ ਜਿਹੀ ਤਸੱਲੀ ਦੇਣ ਦਾ ਅਸਫਲ ਜਿਹਾ ਯਤਨ ਕਰਦਿਆਂ ਹੋਇਆਂ, "ਚਲੋ, ਕਮਲ਼ੇ ਹੀ ਬਣਨਾ ਹੈ। ਚਾਰ ਉਂਗਲ਼ਾਂ ਵਧ ਕੀ ਤੇ ਘੱਟ ਕੀ।" ਆਖ ਕੇ ਵਰਤਣ ਲਈ ਰੱਖ ਲਏ।

੧੯੭੧ ਦੀਆਂ ਗਰਮੀਆਂ ਦੀ ਇਕ ਰਾਤ ਇਸ ਨੇ ਫੀਰੋਜ਼ਪੁਰ ਦੇ ਗੁਰਦੁਆਰੇ ਵਿਚ ਕੱਟੀ। ਰਾਤੀਂ ਤਾਂ ਰੋਟੀ ਤੰਦੂਰੋਂ ਖਾ ਲਈ ਤੇ ਸਵੇਰੇ ਉਠ ਕੇ ਗੁਰਦੁਆਰੇ ਮੱਥਾ ਟੇਕ ਕੇ ਬਾਜ਼ਾਰ ਨੂੰ ਤੁਰਿਆ ਤਾਂ ਕਿ ਛਾਹ ਵੇਲ਼ਾ ਕੀਤਾ ਜਾ ਸਕੇ। ਪੈਸੇ ਗਿਣੇ ਤਾਂ ਗੀਸੇ ਵਿਚੋਂ

ਕੇਵਲ ਇਕ ਰੁਪਇਆ ਤੇ ਕੁਝ ਪੈਸੇ ਹੀ ਨਿਕਲੇ। ਇਹਨਾਂ ਨਾਲ਼ ਜਾਂ ਤਾਂ ਛਾਹ ਵੇਲ਼ਾ ਕੀਤਾ ਜਾ ਸਕਦਾ ਸੀ ਤੇ ਜਾਂ ਫਿਰ ਅਖ਼ਬਾਰਾਂ ਖ਼ੀਦੀਆਂ ਜਾ ਸਕਦੀਆਂ ਸਨ। ਫੈਸਲਾ ਅਖ਼ਬਾਰਾਂ ਦੇ ਹੱਕ ਵਿਚ ਹੋਇਆ ਤੇ ਜਿੰਨੀਆਂ ਕੁ ਏਨੇ ਪੈਸਿਆਂ ਦੀਆਂ ਆ ਸਕੀਆਂ, ਖ਼ੀਦ ਕੇ ਵਾਪਸ ਗੁਰਦੁਆਰੇ ਦੇ ਕਮਰੇ ਵਿਚ ਜਾ ਕੇ ਲੰਮਾ ਪੈ ਕੇ ਪੜ੍ਹਨ ਲੱਗ ਗਿਆ ਤੇ ਮੁੱਕਣ ਤੇ ਸੌਂ ਗਿਆ। ਲੌਢੇ ਵੇਲ਼ੇ ਤਿੰਨ ਕੁ ਵਜੇ ਉਠ ਕੇ ਫਿਰ ਨਹਾ ਕੇ ਬੱਸ ਅੱਡੇ ਨੂੰ ਤੁਰ ਪਿਆ। ਨਾ ਸਵੇਰ ਦਾ ਕੁਝ ਖਾਧਾ ਨਾ ਪੀਤਾ। ਪੰਜ ਕੁ ਵਜੇ ਬੱਸ ਅੱਡੇ ਦੇ ਦਫ਼ਤਰ ਵਿਚ ਜਾ ਵੜਿਆ। ਇਕ ਨੌਜਵਾਨ ਚੰਗੀ ਸ਼ਖ਼ਸੀਅਤ ਤੇ ਪਹਿਰਾਵੇ ਵਾਲ਼ਾ ਰਜਿਸਟਰ ਵਿਚ ਸਿਰ ਗੱਡੀ ਬੈਠਾ ਉਸ ਵਿਚ ਕੁਝ 'ਕੁਤਕੁਤਾਰੀਆਂ' ਜਿਹੀਆਂ ਕਢੀ ਜਾ ਰਿਹਾ ਸੀ। ਉਸ ਨੂੰ ਜਾ 'ਵਾਹਿਗੁਰੂ ਜੀ ਕੀ ਫਤਿਹ' ਬੁਲਾਈ ਤੇ ਆਪਣੀ ਜਾਣਕਾਰੀ ਇਉਂ ਦਿਤੀ, "ਮੇਰਾ ਨਾਂ ਸੰਤੋਖ ਸਿੰਘ ਹੈ ਤੇ ਮੈ ਸ਼੍ਰੋਮਣੀ ਕਮੇਟੀ ਦਾ ਪ੍ਰਚਾਰਕ ਹਾਂ। ਇਹ ਕਮੇਟੀ ਦਾ ਮਾਸਕ ਪੱਤਰ 'ਗੁਰਮਤਿ ਪ੍ਰਕਾਸ਼' ਹੈ ਤੇ ਇਸ ਦਾ ਇਕ ਸਾਲ ਦਾ ਚੰਦਾ ਪੰਜ ਰੁਪਏ ਹੈ। ਇਸ ਦਾ ਤੁਹਾਨੂੰ ਮੈਂ ਪਾਠਕ ਬਣਾਉਣਾ ਹੈ।" ਉਸ ਨੇ ਕੁਰਸੀ ਤੋਂ ਉਠਦਿਆਂ ਆਖਿਆ, "ਮੇਰਾ ਨਾਂ ਵੀ ਸੰਤੋਖ ਸਿੰਘ ਹੈ ਤੇ ਮੈ ਏਥੇ ਅਕਾਊਂਟੈਂਟ ਹਾਂ। ਇਹ ਲਓ ਪੰਜ ਰੁਪਏ ਤੇ ਹੋਰ ਜਲ ਪਾਣੀ ਦੀ ਸੇਵਾ ਦੱਸੋ।" ਪੰਜ ਰੁਪਏ ਦੀ ਰਸੀਦ ਕੱਟ ਕੇ ਉਸ ਦੇ ਹੱਥ ਫੜਾਈ ਤੇ ਧੰਨਵਾਦ ਕਹਿ ਕੇ ਦਫ਼ਤਰੋਂ ਨਿਕਲ਼ ਕੇ ਪਹਿਲਾਂ ਹਲਵਾਈ ਕੋਲ਼ ਜਾ ਕੇ ਪੇਟ ਪੂਜਾ ਕੀਤੀ ਤੇ ਉਸ ਪਿਛੋਂ ਇਕ ਰੁਪਇਆ ਪਚਾਨਵੇਂ ਪੈਸੇ ਦੀ ਬੱਸ ਦੀ ਟਿਕਟ ਲੈ ਕੇ, ਮੁਕਤਸਰ ਰਾਤ ਨੂੰ ਪਹੁੰਚ ਗਿਆ ਜਿਥੇ ਕਿ ਰੋਟੀ ਮਿਲ਼ ਹੀ ਜਾਣੀ ਸੀ। ਪੰਜ ਰੁਪਏ ਹੱਥ ਆਉਣ ਨਾਲ ਸ਼ਾਹ ਬਣ ਗਿਆ ਤੇ ਖੁਲ੍ਹੇ ਹੱਥ ਖ਼ਰਚ ਲਏ ਕਿਉਂਕਿ ਦਫ਼ਤਰ ਵਾਲ਼ਿਆਂ ਨੂੰ ਤਾਂ ਮਹੀਨੇ ਪਿਛੋਂ ਆਪਣੀ ਤਨਖਾਹ ਵਿਚੋਂ ਹੀ ਕਟਾਉਣੇ ਸਨ।

## ਗੋਤਕਨਾਲ਼ਾ

ਮਹਾਨਕੋਸ਼ ਅਨੁਸਾਰ, "ਗੋਤਕੁਨਾਲਾ/ਗੋਤਕੁਨਾਲੀ: ਨਵੀ ਵਿਆਹੀ ਇਸਤਰੀ ਨੂੰ ਗੋਤਰ ਵਿਚ ਸ਼ਾਮਲ ਕਰਨ ਲਈ, ਕੁਨਾਲੀ (ਮਿੱਟੀ ਦੀ ਥਾਲ਼ੀ) ਵਿਚ ਭੋਜਨ ਪਰੋਸ ਕੇ ਪਰਵਾਰ ਤੇ ਸ਼ਰੀਕੇ ਦੀਆਂ ਨੂੰਹਾਂ ਧੀਆਂ ਦੇ ਇਕ ਥਾਂ ਖਾਣ ਦੀ ਰੀਤਿ। "ਇਸ ਕੋ ਭਯੋ ਨ ਗੋਤਕੁਨਾਲਾ॥" (ਗੁਪ੍ਰਸੂ)

ਬਹੁਤ ਸਮਾ ਪਹਿਲਾਂ ਪੰਜਾਬ ਦੇ ਪੇਂਡੂ ਭਾਈਚਾਰੇ ਵਿਚ ਇਹ ਸ਼ਬਦ ਆਮ ਸੁਣਨ ਵਿਚ ਆਉਂਦਾ ਸੀ; ਵਰਤਦਾ ਤਾਂ ਭਾਵੇਂ ਵੇਖਣ ਦਾ ਅਵਸਰ ਨਹੀ ਮਿਲ਼ਿਆ। ਇਸ ਦਾ ਮਤਲਬ ਇਹ ਹੈ ਕਿ ਵਿਆਹ ਸਮੇ ਇਕ ਗੋਤ ਦੇ ਸਾਰੇ ਜੀ ਇਕੋ ਬਰਤਨ ਵਿਚ ਮਿਠਿਆਈ ਖਾ ਕੇ, ਗੋਤ ਦੇ ਇਤਫ਼ਾਕ ਦਾ ਸਬੂਤ ਦਿੰਦੇ ਹੁੰਦੇ ਸਨ। ਫੇਰ ਕਦੀ ਜਦੋਂ ਕਿਸੇ ਨੂੰ ਘੜੱਮਸ ਜਿਹੀ ਪਾਈ ਵੇਖੀਏ, ਖਾਸ ਕਰਕੇ ਖਾਣ ਵਾਲ਼ੀਆਂ ਵਸਤੂਆਂ ਦੀ, ਤਾਂ ਆਮ ਹੀ ਕੁਝ ਗੁੱਸੇ ਜਿਹੇ ਵਿਚ ਮੂਹੋਂ ਨਿਕਲ਼ ਜਾਂਦਾ ਹੈ, "ਇਹ ਕੀ ਤੂੰ ਗੋਤਕਨਾਲ਼ਾ ਜਿਹਾ ਪਾਈ ਬੈਠਾ ਏਂ?"

ਪਰ ਅਸੀਂ ਏਥੇ ਇਸ ਦੇ ਵਿਸਥਾਰ ਵਿਚ ਨਹੀ ਜਾਣਾ ਸਗੋਂ ਅਸੀਂ ਸਿੱਖਾਂ ਦੇ ਅੰਦਰ ਆਪਣੇ ਨਾਂ ਪਿੱਛੇ ਗੋਤ ਵਰਤਣਾ ਹੈ ਜਾਂ ਨਹੀ ਵਰਤਣਾ, ਇਸ ਘੀਚਮਚੋਲ਼ੇ ਜਿਹੇ ਬਾਰੇ ਵਿਚਾਰਨਾ ਹੈ।

ਏਥੇ ਇਹ ਗੱਲ ਜ਼ਰੂਰ ਸਮਝ ਲਈਏ ਕਿ ਜਾਤ ਤੇ ਗੋਤ ਦੋ ਵੱਖੋ ਵੱਖ ਚੀਜਾਂ ਹਨ। ਅਸੀਂ ਆਮ ਕਰਕੇ ਗੋਤ ਨੂੰ ਜਾਤ ਹੀ ਸਮਝ ਲੈਂਦੇ ਹਾਂ ਇਹ ਇਕ ਵੱਡਾ ਭੁਲੇਖਾ ਹੈ। ਜਾਤ ਕਰਕੇ ਭਾਰਤ ਵਿਚ ਮਨੁਖ ਵਿਤਕਰੇ ਦਾ ਸ਼ਿਕਾਰ ਹੁੰਦਾ ਹੈ ਜਦੋਂ ਕਿ ਗੋਤ ਕਰਕੇ ਬਹੁਤਾ ਨਹੀ ਗੌਲ਼ਿਆ ਜਾਂਦਾ। ਇਕੋ ਗੋਤ ਵਾਲ਼ਿਆਂ ਦੀਆਂ ਵੱਖ ਵੱਖ ਜਾਤਾਂ ਹੋ ਸਕਦੀਆਂ ਹਨ; ਜਿਵੇਂ ਕਿ ਸੰਧੂ ਜੱਟ ਵੀ ਹੋ ਸਕਦਾ ਹੈ, ਰਾਮਗੜ੍ਹੀਆ ਵੀ ਤੇ ਦਲਿਤ ਵੀਰ ਵੀ। ਵੈਸੇ ਤਾਂ ਅਠਾਰਵੀਂ ਸਦੀ ਦੇ ਸਿੰਘਾਂ ਦੀ ਜੀਵਨ ਸ਼ੈਲੀ ਨੂੰ ਵੇਖਦਿਆਂ ਪ੍ਰਸਿਧ ਸਿੱਖ ਵਿਦਵਾਨ, ਗਿਆਨੀ ਗਿਆਨ ਸਿੰਘ ਨੇ ਆਪਣੇ ਗ੍ਰੰਥ 'ਪੰਥ ਪ੍ਰਕਾਸ਼' ਵਿਚ:

*ਜਾਤ ਗੋਤ ਸਿੰਘਨ ਕੀ ਦੰਗਾ॥*
*ਦੰਗਾ ਹੀ ਇਨ ਗੁਰ ਤੇ ਮੰਗਾ॥*
*ਅੰਨ ਨ ਪਚੈ ਕੀਏ ਬਿਨ ਦੰਗਾ॥*

ਲਿਖ ਕੇ ਵਿਅੰਗ ਵੀ ਕੱਸਿਆ ਹੈ। ਸ਼ਾਇਦ ਏਹੀ ਕੁਝ ਕਾਰਨ ਹੋਵੇ ਕਿ ਤਕਰੀਬਨ ਹਰੇਕ ਦੇਸ਼ ਦੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਉਪਰ ਕਬਜੇ ਦੇ ਮਸਲੇ ਨੂੰ ਲੈ ਕੇ ਦੰਗੇ ਵਰਗੀ ਹਾਲਤ ਅਕਸਰ ਹੀ ਸਮੇ ਸਮੇ ਪੈਦਾ ਹੋ ਜਾਂਦੀ ਹੈ।

ਮੰਨੂ ਸਿਮ੍ਰਤੀ ਅਨੁਸਾਰ ਆਰੀਆ ਜਾਤੀ ਨੂੰ ਚਾਰ ਵਰਣਾਂ: ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਵਿਚ ਵੰਡਿਆ ਗਿਆ ਸੀ। ਫਿਰ ਅੱਗੋਂ ਜਾਤਾਂ ਵਿਚ ਵੰਡ ਹੋਈ, ਜੋ ਕਿ ਹਿੰਦੁਸਤਾਨ ਵਿਚ ਤਕਰੀਬਨ ਛੇ ਕੁ ਹਜਾਰ ਹਨ। ਅੱਗੋਂ ਗੋਤਾਂ ਵਿਚ ਵੰਡ ਹੋਈ ਜੋ ਕਿ ਸ਼ਾਇਦ ਲੱਖਾਂ ਵਿਚ ਹੋਵੇ। ਇਸ ਤੋਂ ਵੀ ਅੱਗੇ ਵਧ ਕੇ ਇਕ ਹੋਰ ਚੀਜ ਆਉਂਦੀ ਹੈ; ਜਿਸ ਦਾ ਨਾਂ ਹੈ 'ਅੱਲ'। ਕੁਝ ਵਿਅਕਤੀਆਂ ਜਾਂ ਘਰਾਣਿਆਂ ਦੀ ਕੋਈ ਨਾ ਕੋਈ ਅੱਲ ਪੈ ਜਾਂਦੀ ਹੈ ਜੋ ਕਿ ਪਿਛੋਂ ਜਾ ਕੇ ਇਕ ਗੋਤ ਹੀ ਬਣ ਜਾਂਦੀ ਹੈ। ਇਕ ਵਿਦਵਾਨ ਸਜਣ ਕੈਨੇਡਾ ਵਿਚ ਮਿਲ਼ੇ। ਉਹ ਆਪਣੇ ਨਾਂ ਦੇ ਪਿਛੇ ਤਾਤਲੇ ਲਿਖਦੇ ਸਨ ਪਰ ਆਪਣਾ ਪਰਵਾਰਕ ਸਬੰਧ ਇਕ ਇਤਿਹਾਸ ਪ੍ਰਸਿਧ ਸਿੱਖ, ਝਬਾਲ਼ ਦੇ ਚੌਧਰੀ ਲੰਗਾਹ, ਨਾਲ਼ ਜੋੜਦੇ ਸਨ। ਜਦੋਂ ਮੈਂ ਆਖਿਆ ਕਿ ਉਹਨਾਂ ਦੀ ਗੋਤ ਤਾਂ ਢਿੱਲੋਂ ਸੀ। ਜਵਾਬ ਵਿਚ ਉਹਨਾਂ ਨੇ

ਜਾਣਕਾਰੀ ਦਿਤੀ ਕਿ ਚੌਧਰੀ ਲੰਗਾਹ ਦੇ ਖ਼ਾਨਦਾਨ ਵਿਚ ਇਕ ਵਿਅਕਤੀ ਥਥਲਾ ਕੇ ਬੋਲਦੇ ਸਨ। ਉਹ ਸਾਡੇ ਬਜ਼ੁਰਗ ਸਨ। ਉਸ ਦੀ ਸਾਰੀ ਸੰਤਾਨ ਦੀ ਅੱਲ ਹੀ ਥਥਲੇ ਪੈ ਗਈ, ਜੋ ਕਿ ਅੰਗ੍ਰੇਜ਼ੀ ਵਿਚ ਲਿਖਣ ਕਰਕੇ 'ਤਾਤਲੇ' ਬਣ ਗਈ। ਹੁਣ ਉਹ ਸਾਰੇ ਵਿਅਕਤੀ ਆਪਣੇ 'ਫੈਮਲੀ ਨੇਮ' ਵਜੋਂ ਤਾਤਲੇ ਹੀ ਲਿਖਣ ਲੱਗ ਪਏ ਹਨ।

ਏਸੇ ਤਰ੍ਹਾਂ ਪੂਰਬੀ ਪੰਜਾਬ ਦੀਆਂ ਸਿੱਖ ਰਿਆਸਤਾਂ ਦੇ ਪਰਵਾਰਾਂ ਦਾ ਆਰੰਭ ਤਾਂ ਜੈਸਲਮੇਰ (ਰਾਜਸਥਾਨ) ਦੇ ਭੱਟੀ ਰਾਜਪੂਤਾਂ ਤੋਂ ਚੱਲਿਆ। ਫੇਰ ਇਸ ਗੋਤ ਵਿਚ ਇਕ ਪ੍ਰਸਿਧ ਵਿਅਕਤੀ ਸਿਧੂ ਹੋਇਆ ਤੇ ਉਸ ਤੋਂ ਅੱਗੇ ਏਸੇ ਨਾਂ ਦਾ ਗੋਤ ਚੱਲ ਪਿਆ। ਫੇਰ ਸਿਧੂਆਂ ਚੋਂ 'ਬਰਾੜ' ਦੇ ਨਾਂ ਤੇ ਗੋਤ ਚੱਲ ਪਿਆ। ਫੇਰ ਛੇਵੇਂ ਪਾਤਿਸ਼ਾਹ ਸਮੇ ਬਾਬਾ ਫੂਲ ਤੋਂ ਏਸੇ ਨਾਂ ਦਾ ਗੋਤ ਚੱਲ ਪਿਆ ਤੇ ਅਠਾਰਵੀਂ ਸਦੀ ਦੌਰਾਨ ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿਚੋਂ ਇਕ ਮਿਸਲ ਦਾ ਨਾਂ 'ਫੂਲਕੀਆਂ ਮਿਸਲ' ਵੀ ਪ੍ਰਸਿਧ ਹੋਈ। ਹੁਣ ਕਈ ਸੱਜਣ ਆਪਣੇ ਨਾਂ ਪਿਛੇ 'ਫੂਲਕਾ' ਲਿਖਦੇ ਹਨ। ਇਹਨਾ ਵਿਚੋਂ ਹੀ ਇਕ ਸਾਖ਼ 'ਬਾਹੀਆ' ਵਜੋਂ ਵੀ ਪ੍ਰਸਿਧ ਹੈ ਜੋ ਕਿ ਆਪਣੇ ਨਾਂ ਪਿੱਛੇ 'ਬਾਹੀਆ' ਲਿਖਦੇ ਹਨ।

ਆਮ ਤੌਰ ਤੇ ਆਖਿਆ ਤੇ ਸਮਝਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖਾਂ ਨੂੰ ਜਾਤ ਪਾਤ ਤੋਂ ਉਪਰ ਉਠ ਕੇ ਸੰਸਾਰ ਵਿਚ ਕੇਵਲ ਤੇ ਕੇਵਲ ਗੁਰੂ ਕੇ ਸਿੱਖ ਦੇ ਰੂਪ ਵਿਚ ਹੀ ਵਿਚਰਨਾ ਚਾਹੀਦਾ ਹੈ ਤੇ ਜਾਤ ਗੋਤ ਦਾ ਵਖੇਵਾਂ ਦੱਸਣ ਵਾਲ਼ੇ ਕਿਸੇ ਸ਼ਬਦ ਨੂੰ ਨਹੀ ਵਰਤਣਾ ਚਾਹੀਦਾ। ਇਸ ਵਿਚਾਰ ਨਾਲ਼ ਅਸਹਿਮਤ ਹੋਣ ਲਈ ਕੋਈ ਕਾਰਨ ਨਹੀ ਲਭਦਾ। ਅਜਿਹੇ ਆਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਵੱਲੋਂ ਵੀ ਸਮੇ ਸਮੇ ਦਿਤੇ ਜਾਂਦੇ ਰਹੇ ਹਨ। ਇਸ ਲਈ ਝੰਮੇਲਿਆਂ ਤੋਂ ਬਚਣ ਲਈ, ਇਸ ਸਮੇ ਪੱਛਮੀ ਸਮਾਜ ਵਲ਼ੇ ਦੇਸ਼ਾਂ ਵਿਚ ਰਹਿ ਰਹੇ ਸਿੱਖ, ਜੇ ਆਪਣੇ ਨਾਂ ਨਾਲ਼ ਗੋਤ ਲਿਖਦੇ ਹਨ ਤਾਂ ਇਸ ਦਾ ਮਤਲਬ ਹਰਗਿਜ਼ ਇਹ ਨਹੀ ਹੋ ਸਕਦਾ ਕਿ ਅਜਿਹਾ ਕਰਨ ਵਾਲ਼ਾ ਸਿੱਖ ਆਪਣੀ ਜਾਤ ਦਾ ਗਰਬ ਕਰਦਾ ਹੈ।

ਜਦੋਂ ਅਸੀਂ ਆਪਣੇ ਦੇਸ਼ ਪੰਜਾਬ ਦੇ ਦਾਇਰੇ ਅੰਦਰ ਹੀ ਵਿਚਰਦੇ ਹਾਂ ਤਾਂ ਆਪਣਾ ਉਪਨਾਮ, ਪਰਵਾਰਕ ਨਾਂ, ਗੋਤ, ਤਖ਼ੱਲਸ ਆਦਿ ਵਰਤਣ ਦੀ ਸਾਨੂੰ ਕੋਈ ਮਜਬੂਰੀ ਨਹੀ ਹੁੰਦੀ ਕਿਉਂਕਿ ਓਥੇ ਅਸੀਂ ਆਪਣੇ ਪਹਿਲੇ ਤੇ ਅਸਲੀ ਨਾਂ ਨਾਲ਼ ਹੀ ਜਾਣੇ ਜਾਂਦੇ ਹਾਂ। ਸਰਕਾਰੀ ਕਾਗਜ਼ਾਂ ਵਿਚ ਵੀ ਫਲਾਣਾ ਸਿੰਘ ਵਲ਼ਦ ਫਲਾਣਾ ਸਿੰਘ ਤੇ ਫਲਾਣੀ ਕੌਰ ਪੁੱਤਰੀ/ਪਤਨੀ ਫਲਾਣਾ ਸਿੰਘ ਲਿਖਿਆ ਜਾਣ ਦਾ ਰਿਵਾਜ਼ ਹੈ; ਪਰ ਜਦੋਂ ਅਸੀਂ ਪੱਛਮੀ ਸੋਸਾਇਟੀ ਵਿਚ ਆਉਂਦੇ ਹਾਂ ਤਾਂ ਸਾਡੇ ਲਈ 'ਫੈਮਲੀ ਨੇਮ' ਦਾ ਝਮੇਲਾ ਇਕ ਸਮੱਸਿਆ ਦਾ ਰੂਪ ਧਾਰ ਲੈਂਦਾ ਹੈ। ਏਥੇ ਕਿਸੇ ਨੂੰ ਪੂਰੇ ਨਾਂ ਜਾਂ ਪਿਉ ਦੇ ਨਾਂ ਤੋਂ ਨਹੀ ਬਲਕਿ ਉਸ ਦੇ ਪਰਵਾਰਕ ਨਾਂ ਤੋਂ ਹੀ ਜਾਣਿਆ ਜਾਂਦਾ ਹੈ; ਮਿਸਾਲ ਵਜੋਂ ਮਿਸਟਰ ਫਲਾਣਾ ਤੇ ਮਿਸਜ਼ ਫਲਾਣੀ।

ਕਿਉਂਕਿ ਪੰਜਾਬ ਵਿਚ ਰਹਿੰਦਿਆਂ ਅਜਿਹੀ ਕਦੀ ਸੋਚ ਹੀ ਨਹੀ ਆਉਂਦੀ ਤੇ ਸਾਡੇ ਸਾਰੇ ਕਾਗਜ਼ਾਂ, ਪਾਸਪੋਰਟਾਂ ਆਦਿ ਉਪਰ ਫਲਾਣਾ ਸਿੰਘ ਪੁੱਤਰ ਫਲਾਣਾ ਸਿੰਘ ਤੇ ਫਲਾਣੀ ਕੌਰ ਪੁੱਤਰੀ/ਪਤਨੀ ਫਲਾਣਾ ਸਿੰਘ ਹੀ ਲਿਖਿਆ ਹੁੰਦਾ ਹੈ। ਏਥੇ ਪੱਛਮੀ ਸਮਾਜ ਵਿਚ ਆਣ ਕੇ ਅਜੀਬ ਰੋਲ਼ਘਚੋਲ਼ਾ ਜਿਹਾ ਪੈ ਜਾਂਦਾ ਹੈ। ਅਸੀਂ ਸਾਰੇ ਮਿਸਟਰ ਸਿੰਘ ਬਣ ਜਾਂਦੇ ਹਾਂ ਤੇ ਸਾਡੀਆਂ ਵਹੁਟੀਆਂ ਮਿਸਜ਼ ਕੌਰ ਬਣ ਜਾਂਦੀਆਂ ਹਨ। ਫੇਰ ਅਸੀਂ ਇਹਨਾਂ ਦੇ ਨਾਲ਼ ਮਿਲਣ ਲਈ ਆਪਣੀਆਂ ਵਹੁਟੀਆਂ ਨੂੰ ਮਿਸਜ਼ ਸਿੰਘ ਬਣਾਉਣ ਦੇ ਰਾਹ ਤੁਰਦੇ ਹਾਂ। ਸਾਡੀਆਂ ਰਵਾਇਤਾਂ ਤੋਂ ਅਣਜਾਣ ਗੋਰੇ ਲੋਕ ਗ਼ਲਤੀ ਨਾਲ਼ ਕਈ ਵਾਰੀ ਸਾਨੂੰ ਵੀ 'ਮਿਸਟਰ ਕੌਰ' ਬਣਾ ਧਰਦੇ ਹਨ। ਆਏ ਦਿਨ ਥਾਂ ਥਾਂ ਸਾਨੂੰ ਸਪੱਸ਼ਟੀਕਰਣ ਦੇਣੇ ਪੈਂਦੇ ਹਨ।

ਪਹਿਲੀ ਵਾਰ ਇਸ ਸਮੱਸਿਆ ਨਾਲ਼ ਮੈਨੂੰ ਓਦੋਂ ਦੋ ਚਾਰ ਹੋਣਾ ਪਿਆ ਜਦੋਂ, ੧੯੭੩ ਵਿਚ ਮੈ ਦੇਸੋਂ ਨਿਕਲ਼ ਕੇ, ਅਫ਼੍ਰੀਕਾ ਦੇ ਇਕ ਮੁਲਕ ਮਲਾਵੀ ਵਿਚ ਗਿਆ। ਓਥੇ ਭਾਵੇਂ ਅਸੀਂ ਬੜੇ ਹੀ ਥੋਹੜੇ ਸਿੱਖ ਸਾਂ ਪਰ ਫਿਰ ਵੀ ਇਕੋ ਨਿਕੇ ਜਿਹੇ ਟਾਊਨ ਲਿੰਬੀ ਵਿਚ ਅਸੀਂ ਅੱਠ ਐਸ. ਸਿੰਘ ਬਣ ਗਏ ਜਿਨ੍ਹਾਂ ਵਿਚੋਂ ਤਿੰਨ ਤਾਂ ਸਿਧੇ ਹੀ ਸੰਤੋਖ ਸਿੰਘ ਸਨ। ਇਕ ਦਾ ਚੈਕ ਦੂਜੇ ਦੇ ਅਕਾਊਂਟ ਵਿਚ ਤੇ ਦੂਜੇ ਦਾ ਤੀਜੇ ਦੇ ਵਿਚ। ਇਕ ਦੀ ਚਿੱਠੀ ਦੂਜੇ ਦੇ ਪੋਸਟ ਬਾਕਸ ਵਿਚ ਤੇ ਦੂਜੇ ਦੀ ਤੀਜੇ ਦੇ ਵਿਚ। ਮੈਂ ਇਸ ਝਗੜੇ ਤੋਂ ਬਚਣ ਲਈ ਆਪਣੇ ਨਾਂ ਅੱਗੇ ਗਿਆਨੀ ਲਿਖਣਾ ਤੇ ਲਿਖਵਾਉਣਾ ਸ਼ੁਰੂ ਕਰ ਦਿਤਾ। ਪਤਾ ਓਦੋਂ ਲੱਗਾ ਕਿ ਇਸ ਦਾ ਕੀ ਪੁਆੜਾ ਪਵੇਗਾ ਜਦੋਂ ਮੇਰੇ ਵੱਡੇ ਲੜਕੇ ਦੀ ਪੈਦਾਇਸ਼ ਸਮੇ ਉਸ ਦੀ ਮਾਂ ਨੂੰ ਹਸਪਤਾਲ ਦਾਖਲ ਕਰਵਾਇਆ। ਓਸੇ ਸਮੇ ਹੀ ਇਕ ਹੋਰ ਸੰਤੋਖ ਸਿੰਘ ਦੀ ਪਤਨੀ ਵੀ ਏਸੇ ਸਿਰਜਣਾ ਦੇ ਕਾਰਜ ਵਾਸਤੇ ਹੀ ਓਸੇ ਹਸਪਤਾਲ ਵਿਚ ਦਾਖਲ ਹੋਈ ਸੀ। ਬੱਚਿਆਂ ਦੇ ਬਦਲ ਜਾਣ ਦੇ ਡਰੋਂ, ਮੈ ਉਚੇਚਾ ਧਿਆਨ ਦੇ ਕੇ ਆਪਣੇ ਨਾਂ ਅੱਗੇ ਗਿਆਨੀ ਲਿਖਵਾਇਆ। ਜਦੋਂ ਪੁੱਤਰ ਦਾ ਸਰਟੀਫੀਕੇਟ ਲੈਣ ਗਿਆ ਤਾਂ ਹਸਪਤਾਲ਼ ਵਾਲ਼ਾ ਕਲਰਕ ਮੁੰਡੇ ਦੇ ਨਾਂ ਅਗੇ ਵੀ ਗਿਆਨੀ ਲਿਖਣ ਲਈ ਜਿਦ ਕਰੇ। ਬੜਾ ਹੀ ਯਤਨ ਕੀਤਾ ਉਸ ਨੂੰ ਸਮਝਾਉਣ ਦਾ ਕਿ ਇਹ ਸਾਡਾ ਫੈਮਲੀ ਨੇਮ ਨਹੀ ਬਲਕਿ ਡਿਗਰੀ ਹੈ, ਪਰ ਉਹ ਟੱਸ ਤੋਂ ਮੱਸ ਨਾ ਹੋਵੇ ਤੇ ਆਖੇ ਕਿ ਜਦੋਂ ਪਿਉ ਗਿਆਨੀ ਹੈ ਤਾਂ ਪੁੱਤ ਕਿਉਂ ਨਹੀ ਗਿਆਨੀ! ਅਖੀਰ ਇਕ ਹੋਰ ਸਾਥੀ ਅਫ਼ਸਰ ਵੱਲੋਂ ਇਹ ਆਖ ਕੇ ਕਿ ਚੀਨਿਆਂ ਦਾ ਵੀ ਕੁਝ ਏਹੋ ਜੇਹਾ ਹੀ ਘਾਲ਼ਾ ਮਾਲ਼ਾ ਜਿਹਾ ਹੁੰਦਾ ਹੈ। ਚਲ ਤੂੰ ਕੱਟ ਦੇ ਪਰਚਾ ਬਿਨਾ ਗਿਆਨੀ ਲਿਖੇ ਦੇ ਹੀ। ਇਸ ਤਰ੍ਹਾਂ ਸਾਡੀ ਇਸ ਸਮੱਸਿਆ ਦਾ ਸਮਾਧਾਨ ਉਸ ਸਮੇ ਹੋ ਗਿਆ। ਮੇਰੇ ਨਾਲ਼ ਗਏ ਸੱਜਣ ਨੇ ਕਿਹਾ, "ਮੈਨੂੰ ਇਸ ਸਮੇ ਸਮੇ ਪੈਣ ਵਾਲ਼ੇ ਝਮੇਲੇ ਦਾ ਪਤਾ ਸੀ ਤੇ ਏਸੇ ਕਰਕੇ ਮੈ ਆਪਣੇ ਨਾਂ ਨਾਲ਼ ਮੈਟ੍ਰਿਕ ਦੇ ਸਰਟੀਫ਼ੀਕੇਟ ਤੇ ਹੀ ਪੂਰਨ ਸਿੰਘ ਦੇ ਨਾਲ਼ ਸਿਧੂ ਵੀ ਲਿਖਵਾ ਲਿਆ ਸੀ, ਭਾਵੇਂ ਕਿ ਮੇਰੇ ਪਿੰਡ ਦਾ ਪ੍ਰਸਿਧ ਅਕਾਲੀ ਆਗੂ, ਜ. ਮੱਲ ਸਿੰਘ ਚੜਿੱਕ, ਮੈਨੂੰ ਇਸ ਬਾਰੇ ਟਾਂਚਾਂ ਜਿਹੀਆਂ ਵੀ ਕਰਿਆ ਕਰਦਾ ਸੀ।"

ਇਸ ਮਸਲੇ ਬਾਰੇ ਮੈ ਪਹਿਲਾਂ ਏਨਾ ਜਿਦੀ ਸਾਂ ਕਿ ਜਦੋਂ ਏਥੇ ਆਸਟ੍ਰੇਲੀਆ ੧੯੮੧ ਵਿਚ ਮੇਰਾ ਪਰਵਾਰ ਆਇਆ ਤਾਂ ਹਮਦਰਦੀ ਤੇ ਸਹਾਇਤਾ ਵਜੋਂ ਇਕ ਵਕੀਲ ਅੰਗ੍ਰੇਜ਼ ਬੀਬੀ ਨੇ ਸਾਡੇ ਬੱਚਿਆਂ ਨੂੰ ਪਹਿਲੇ ਦਿਨ ਸਕੂਲ ਤੋਰਨ ਸਮੇ ਮੇਰੀ ਬੱਚੀ ਦੇ ਬਸਤੇ ਆਦਿ ਉਤੇ 'ਰਵੀਨ ਸਿੰਘ' ਲਿਖ ਦਿਤਾ, ਜਿਸ ਦਾ ਮੈ ਇਤਰਾਜ਼ ਕੀਤਾ, "ਕੌਰ ਦੇ ਥਾਂ ਸਿੰਘ ਕਿਉਂ?" ਤਾਂ ਉਸ ਨੇ ਕਿਹਾ, "ਮੈਨੂੰ ਪਤਾ ਹੈ ਤੁਹਾਡਾ ਫੈਮਲੀ ਨੇਮ ਹੁੰਦਾ ਹੈ। ਪੰਝੀ ਡਾਲਰ ਫੀਸ ਲੱਗਦੀ ਹੈ ਜੋ ਕਿ ਮੈ ਆਪਣੇ ਕੋਲ਼ੋਂ ਪੇ ਕਰ ਦਿਆਗੀ ਤੁਸੀਂ ਆਪਣੇ ਨਾਂ ਨਾਲ਼ ਡੀਡ ਪੋਲ ਰਾਹੀਂ ਆਪਣਾ ਫੈਮਲੀ ਨੇਮ ਲਿਖਵਾ ਲਵੋ। ਇਸ ਨਾਲ਼ ਥਾਂ ਥਾਂ ਪੈਣ ਵਾਲ਼ੀਆਂ ਗ਼ਲਤਫ਼ਹਿਮੀਆਂ ਦੂਰ ਹੋ ਜਾਣਗੀਆਂ।" ਪ੍ਰੋਫ਼ੈਸ਼ਨ ਵਜੋਂ ਇਕ ਪ੍ਰਸਿਧ ਵਕੀਲ ਹੋਣ ਕਰਕੇ ਉਹ ਇਹ ਸਾਰਾ ਕੁਝ ਜਾਣਦੀ ਸੀ। ਮੈ ਗੁੱਸੇ ਵਿਚ ਜਵਾਬ ਦਿਤਾ, "ਮੈ ਆਸਟ੍ਰੇਲੀਆ ਛੱਡ ਜਾਵਾਂਗਾ ਪਰ 'ਸੰਤੋਖ ਸਿੰਘ' ਤੋਂ 'ਮਿਸਟਰ ਪੈਡਾ' ਨਹੀ ਬਣਾਂਗਾ। ਮੇਰੇ ਪਰਵਾਰ ਨੇ ਮੇਰਾ ਨਾਂ 'ਸੰਤੋਖ' ਰੱਖਿਆ ਹੈ ਤੇ ਮੇਰੇ ਗੁਰੂ ਨੇ ਮੈਨੂੰ 'ਸਿੰਘ' ਨਾਂ ਬਖ਼ਸ਼ਿਆ ਹੈ। ਮੈ ਇਹਨਾਂ ਨੂੰ ਤਿਆਗ ਕੇ 'ਮਿਸਟਰ ਪੈਡਾ' ਬਣ ਕੇ ਆਪਣੇ ਪਰਵਾਰ ਤੇ ਗੁਰੂ ਨੂੰ ਬੇਦਾਵਾ ਨਹੀ ਦੇ ਸਕਦਾ।"

ਇਸ ਸਮਾਜ ਵਿਚ ਥਾਂ ਥਾਂ ਵਿਆਖਿਆ ਕਰਕੇ ਇਹ ਦੱਸਣਾ ਪੈਂਦਾ ਰਿਹਾ ਕਿ ਮੇਰੀ ਵਹੁਟੀ ਕੌਰ ਕਿਉਂ ਹੈ ਤੇ ਮੈ ਸਿੰਘ ਕਿਉਂ ਹਾਂ। ਫੇਰ ਇਹ ਵੀ ਕਈਆਂ ਨੇ ਪੁਛਣਾ ਕਿ ਹਰੇਕ ਫੀਮੇਲ ਦੇ ਤਿੰਨ ਨਾਂ ਕਿਉਂ ਤੇ ਹਰੇਕ ਮੇਲ ਦੇ ਦੋ ਨਾਂ ਕਿਉਂ, ਦੇ ਜਵਾਬ ਵੀ ਹਰੇਕ ਸਮੇ ਦੇਣੇ ਪੈਂਦੇ ਰਹੇ।

ਕੁਝ ਸਾਲ ਹੋਏ ਏਥੇ ਮੇਰੇ ਪਾਸ ਲੰਡਨ ਤੋਂ ਗਿਆਨੀ ਪ੍ਰੀਤਮ ਸਿੰਘ ਜੀ ਆਏ। ਉਹ ਸੰਤ ਬਾਬਾ ਗੁਰਬਚਨ ਸਿੰਘ ਜੀ ਭਿੰਡਰਾਂਵਾਲ਼ਿਆਂ ਦੇ ਨਾ ਕੇਵਲ ਵਿਦਿਆਥੀ ਹੀ ਸਨ ਬਲਕਿ ਉਹਨਾਂ ਦੇ ਲਿਖਾਰੀ ਵੀ ਰਹੇ ਤੇ ਬਹੁਤ ਹੀ ਮਹੱਤਵਪੂਰਨ ਗੁਰੂ ਘਰਾਂ ਵਿਚ ਮੁਖ ਗ੍ਰੰਥੀ ਦੀ ਸੇਵਾ ਵੀ ਕਰਦੇ ਰਹੇ। ਹਵਾਈ ਅੱਡੇ ਤੇ ਉਹਨਾਂ ਨੂੰ ਤੋਰਨ ਸਮੇ ਉਹਨਾਂ ਦੇ ਪਾਸਪੋਰਟ ਤੇ ਮੇਰੀ ਨਿਗਾਹ ਪਈ ਤਾਂ ਕੀ ਵੇਖਿਆ! ਨਾਂ ਅੱਗੇ ਕੰਗ ਲਿਖਿਆ ਹੋਇਆ। ਹੈਰਾਨੀ ਨਾਲ਼ ਪੁੱਛਿਆ, "ਗਿਆਨੀ ਜੀ ਇਹ ਕਿਉਂ?" ਤਾਂ ਜਵਾਬ ਮਿਲ਼ਿਆ, "ਭੰਬਲ਼ਭੂਸਿਆਂ ਤੋਂ ਬਚਣ ਲਈ ਇਹ ਲਿਖਵਾ ਲਿਆ ਹੈ।"

੧੯੯੬ ਵਿਚ ਜਦੋਂ ਵੈਨਕੂਵਰ ਗਿਆ ਤਾਂ ਇਕ ਪੁਰਾਣੇ ਧਾਰਮਿਕ ਵਿਦਵਾਨ ਸੱਜਣ ਨੇ ਜਦੋਂ ਆਪਣਾ ਸਿਰਨਾਵਾਂ ਲਿਖ ਕੇ ਮੈਨੂੰ ਦਿਤਾ ਤਾਂ ਹੈਰਾਨੀ ਹੋਈ ਵੇਖ ਕੇ; ਲਿਖਿਆ ਸੀ, 'ਡੀ. ਐਸ. ਥਿੰਦ' ਇਹ ਕੀ? ਤੁਸੀਂ 'ਗਿਆਨੀ ਦਰਸ਼ਨ ਸਿੰਘ ਸ਼ਹੀਦ ਜੀ' ਤੋਂ ਇਹ ਨਵਾਂ 'ਅਵਤਾਰ' ਕਦੋਂ ਧਾਰ ਲਿਆ? "ਏਥੇ ਦਾ ਕਾਨੂੰਨ ਹੈ ਕਿ ਆਪਣੇ ਨਾਂ ਨਾਲ਼ ਫੈਮਲੀ ਦਾ ਨਾਂ ਜ਼ਰੂਰ ਲਿਖਣਾ ਹੈ।" ਜਵਾਬ ਪ੍ਰਾਪਤ ਭਇਆ। ੧੯੭੮ ਦੀ ਵੈਨਕੂਵਰ ਯਾਤਰਾ ਦੌਰਾਨ, ਇਕ ਬਹੁਤ ਹੀ ਸੁਹਿਰਦ ਸੱਜਣ, ਗਿਆਨੀ ਗੁਰਮੁਖ ਸਿੰਘ ਦੀਵਾਨਾ ਜੀ, ਨਾਲ਼ ਸੰਪਰਕ ਹੋਇਆ ਸੀ। ੧੯੯੬ ਵਾਲ਼ੀ ਕੈਨੇਡਾ ਫੇਰੀ ਸਮੇ ਉਹਨਾਂ ਨੇ ਵੀ ਜਦੋਂ ਮੈਨੂੰ ਆਪਣਾ ਕਾਰਡ ਦਿਤਾ ਤਾਂ ਉਸ ਉਤੇ 'ਗਿਆਨੀ ਗੁਰਮੁਖ ਸਿੰਘ ਦੀਵਾਨਾ ਢਿੱਲੋਂ' ਲਿਖਿਆ ਪੜ੍ਹਿਆ। ਇਸ ਨਾਂ ਬਦਲੀ ਦੇ ਪੁੱਛਣ ਦੀ ਮੈਂ ਲੋੜ ਹੀ ਨਾ ਸਮਝੀ।

੧੯੯੮ ਦੇ ਅਖ਼ੀਰਲੇ ਮਹੀਨਿਆਂ ਵਿਚ ਜਦੋਂ ਅਸੀਂ ਸਾਰਾ ਪਰਵਾਰ ਦੇਸ ਵੱਡੇ ਮੁੰਡੇ ਨੂੰ ਵਿਆਹੁਣ ਜਾਣ ਦੀਆਂ ਤਿਆਰੀਆਂ ਵਿਚ ਸਾਂ ਤਾਂ ਇਕ ਦਿਨ ਉਸ ਨੇ ਕਹਿ ਦਿਤਾ ਕਿ ਵਿਆਹ ਤੋਂ ਪਹਿਲਾਂ ਉਹ ਆਪਣੇ ਨਾਂ ਨਾਲ਼ ਗੋਤ ਵੀ ਐਡ ਕਰਵਾਏਗਾ। ਮਨ ਤਾਂ ਮੇਰਾ ਪਹਿਲਾਂ ਹੀ ਨਿਤ ਦਿਨ ਦੀਆਂ ਝਮੇਲੀਆਂ ਜਿਹੀਆਂ ਕਰਕੇ ਅਧਾ ਕੁ ਬਣਿਆ ਹੋਇਆ ਸੀ; ਸੋ ਸਾਰੇ ਪਰਵਾਰ ਨੇ ਫੈਸਲਾ ਕਰ ਲਿਆ ਕਿ ਪਿਉ ਮਿ. ਸਿੰਘ, ਮਾਂ ਮਿਸਜ਼ ਕੌਰ ਤੇ ਪੁੱਤ ਮਿ. ਪੱਡਾ ਬਣ ਕੇ ਘਰ ਵਿਚ ਹੀ ਮਿਨੀ ਯੂ.ਐਨ. ਜਿਹੀ ਬਣਾਉਣ ਨਾਲ਼ੋਂ ਏਹੀ ਚੰਗਾ ਹੈ ਕਿ ਸਾਰੇ ਜਣੇ ਹੀ ਆਪਣੇ ਨਾਂਵਾਂ ਨਾਲ਼ ਫੈਮਲੀ ਨਾਂ ਸ਼ਾਮਲ ਕਰ ਲਈਏ। "ਆਖ ਦੇ ਬੁਢੇ ਨੂੰ ਬਾਬਾ ਤੇ ਨਿੱਤ ਦਾ ਕਲੇਸ਼ ਮੁੱਕ ਜਾਏ।" ਵਾਲ਼ੀ ਲੋਕ ਬੋਲੀ ਤੇ ਅਮਲ ਕਰਦਿਆਂ ਹੋਇਆਂ, ਵਾਹਵਾ ਖ਼ਰਚ, ਖੇਚਲ਼ ਤੇ ਥਾਂ ਥਾਂ ਫਿਰ ਕੇ ਅਸੀਂ ਸਾਰੇ ਪਰਵਾਰਕ ਮੈਬਰਾਂ ਦੇ ਨਾਂਵਾਂ ਨਾਲ਼ ਆਪਣੀ ਗੋਤ ਵੀ ਸ਼ਾਮਲ ਕਰਵਾ ਲਈ।

ਫਿਰ ਹਾਲਤ ਅਜਿਹੀ ਬਣ ਗਈ ਕਿ ਏਨੇ ਸਾਲ ਬੀਤ ਜਾਣ ਪਿਛੋਂ ਵੀ ਜਦੋਂ ਕਿਸੇ ਬੈਂਕ, ਦਫ਼ਤਰ ਆਦਿ ਦਾ ਕੋਈ ਕਰਮਚਾਰੀ 'ਮਿ. ਪਾਦਾ' ਕਹਿ ਕੇ ਅਵਾਜ਼ ਮਾਰੇ ਤਾਂ ਇਕ ਦੋ ਵਾਰ ਤਾਂ ਸਮਝ ਹੀ ਨਹੀ ਆਉਂਦੀ ਕਿ ਮੈਨੂੰ ਬੁਲਾਇਆ ਜਾ ਰਿਹਾ ਹੈ ਕਿਉਂਕਿ ਕੰਨ ਦਹਾਕਿਆਂ ਤੋਂ 'ਮਿ. ਸਿੰਘ' ਸੁਣਨ ਦੇ ਆਦੀ ਹੋਏ ਹੋਏ ਹਨ। ਫੇਰ ਪੰਜਾਬ ਵਿਚ ਬਣ ਚੁੱਕੇ ਰਿਵਾਜ਼ ਅਨੁਸਾਰ ਕੋਈ ਵਾਕਫ਼ ਜਾਂ ਨਵਾਂ ਰਿਸ਼ਤੇਦਾਰ ਜਾਂ ਈ-ਮੇਲ ਵਿਚ, ਮਜਬੂਰੀ ਵੱਸ ਪਾਏ ਗਏ ਨਾਂ ਕਰਕੇ, ਈਮੇਲ ਦੁਆਰਾ 'ਪੱਡਾ ਸਾਹਿਬ' ਕਹਿ ਕੇ ਸੰਬੋਧਨ ਕਰਦਾ ਹੈ ਤਾਂ ਬੜਾ ਅਜੀਬ ਜਿਹਾ ਲੱਗਦਾ ਹੈ। ਏਸੇ ਲਈ ਮੈ ਨਵੇ ਈ-ਐਡ੍ਰੈਸ ਵਿਚ ਆਪਣੇ ਨਾਂ ਤੋਂ ਪਹਿਲਾਂ 'ਗਿਆਨੀ' ਸ਼ਾਮਲ ਕਰ ਲਿਆ ਹੈ।

ਰਹੀ ਗੱਲ ਸਮੇ ਸਮੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ ਸਾਹਿਬਾਨ ਵੱਲੋਂ ਜਾਰੀ ਕੀਤੇ ਜਾਂਦੇ ਇਸ ਫ਼ੁਰਮਾਨ ਦੀ ਕਿ ਆਪਣੇ ਨਾਂ ਨਾਲ਼ ਜਾਤ ਗੋਤ ਨਾ ਲਿਖੋ, ਤਖ਼ਤ ਦੇ ਜਥੇਦਾਰਾਂ ਦੇ ਆਪਣੇ ਨਾਂ ਵੀ, ਜੋ ਕਿ ਕੁਝ ਕੁ ਇਸ ਸਮੇ ਮੇਰੀ ਯਾਦ ਵਿਚ ਆ ਸਕੇ ਹਨ, ਤੁਸੀਂ ਵੀ ਪੜ੍ਹ ਲਵੋ:

ਜ. ਫੂਲਾ ਸਿੰਘ ਅਕਾਲੀ, ਜ. ਤੇਜਾ ਸਿੰਘ ਭੁੱਚਰ, ਜ. ਤੇਜਾ ਸਿੰਘ ਅਕਰਪੁਰੀ, ਸੰਤ ਬਾਬਾ ਵਿਸਾਖਾ ਸਿੰਘ ਦਦੇਹਰ, ਜ. ਉਧਮ ਸਿੰਘ ਨਾਗੋਕੇ, ਜ. ਮੋਹਨ ਸਿੰਘ ਨਾਗੋਕੇ, ਜ. ਮੋਹਨ ਸਿੰਘ ਤੁੜ, ਜ. ਸਾਧੂ ਸਿੰਘ ਭੌਰਾ, ਗਿ. ਗੁਰਮੁਖ ਸਿੰਘ ਮੁਸਾਫ਼ਰ, ਜ.

ਗੁਰਦਿਆਲ ਸਿੰਘ ਅਜਨੋਹਾ, ਭਾਈ ਜਸਬੀਰ ਸਿੰਘ ਰੋਡੇ, ਭਾਈ ਗੁਰਦੇਵ ਸਿੰਘ ਕਾਉਂਕੇ, ਪ੍ਰੋ. ਦਰਸ਼ਨ ਸਿੰਘ ਖ਼ਾਲਸਾ, ਗਿ. ਜੋਗਿੰਦਰ ਸਿੰਘ ਵੇਦਾਂਤੀ ਆਦਿ।

ਬਹੁਤੇ ਵਿਦਵਾਨ ਜਥੇਦਾਰ ਸਾਹਿਬਾਨ ਨੂੰ ਆਪਣੇ ਨਾਂ ਪਿਛੇ, ਆਪਣੀ ਪਛਾਣ ਕਰਵਾਉਣ ਵਾਸਤੇ, ਕੁਝ ਨਾ ਕੁਝ ਲਾਉਣ ਦੀ ਲੋੜ ਪੈਂਦੀ ਹੈ ਜਦੋਂ ਕਿ ਓਥੇ ਸਾਡੇ ਏਥੋਂ ਵਾਲ਼ੀ ਕਾਨੂੰਨੀ ਮਜਬੂਰੀ ਵੀ ਨਹੀ ਹੈ। ਇਹਨਾਂ ਤੋਂ ਇਲਾਵਾ ਬਾਕੀ ਦੇ ਜਥੇਦਾਰ ਸਾਹਿਬਾਨ: ਗਿ. ਪਰਤਾਪ ਸਿੰਘ ਜੀ, ਜ. ਅੱਛਰ ਸਿੰਘ ਜੀ, ਗਿ. ਚੇਤ ਸਿੰਘ ਜੀ, ਗਿ. ਕ੍ਰਿਪਾਲ ਸਿੰਘ ਜੀ, ਭਾਈ ਰਣਜੀਤ ਸਿੰਘ ਜੀ ਤੇ ਗਿ. ਪੂਰਨ ਸਿੰਘ ਜੀ ਆਪਣੇ ਨਾਂ ਦੇ ਅਖੀਰ ਵਿਚ ਕੁਝ ਵਰਤਿਆਂ ਬਿਨਾ ਹੀ ਡੰਗ ਸਾਰ ਲੈਂਦੇ ਸਨ ਪਰ ਆਨੀ ਬਹਾਨੀ ਕਦੀ ਕਦਾਈਂ ਇਹ ਪਤਾ ਲਗਾ ਹੀ ਦਿਤਾ ਜਾਂਦਾ ਸੀ ਕਿ ਗਿ. ਕ੍ਰਿਪਾਲ ਸਿੰਘ ਜੀ ਬਰਾੜ ਹਨ। ਹੁਣ ਉਹਨਾਂ ਦਾ ਲੜਕਾ ਤਾਂ ਪੱਕੇ ਤੌਰ ਤੇ ਆਪਣੇ ਨਾਂ ਨਾਲ਼ ਬਰਾੜ ਲਿਖਦਾ ਹੈ। ਏਥੋਂ ਕਿ ਸਿੱਖ ਕੌਮ ਦਾ ਸਿਰ ਉਚਾ ਕਰਨ ਵਾਲ਼ੇ ਭਾਈ ਰਣਜੀਤ ਸਿੰਘ ਜੀ ਨੂੰ ਵੀ ਸਰਕਾਰੀ ਕਾਗਜ਼ਾਂ ਵਿਚ, ਭਾਈ ਰਣਜੀਤ ਸਿੰਘ ਦੀ ਥਾਂ 'ਆਰ.ਐਸ. ਘਟੌੜਾ' ਲਿਖਵਾਉਣਾ ਪਿਆ ਸੀ।

ਇਸ ਤੋਂ ਇਲਾਵਾ ਅੱਜ ਕਲ੍ਹ 'ਵਾਲ਼ੇ' ਲਿਖਣ ਦਾ, ਕੁਝ ਕੁ ਦਹਾਕਿਆਂ ਤੋਂ ਵਾਹਵਾ ਹੀ ਰਿਵਾਜ਼ ਚੱਲ ਨਿਕਲ਼ਿਆ ਹੈ ਜਿਸ ਦਾ ਮਕਸਦ, ਮੇਰੇ ਖਿਆਲ ਵਿਚ, ਆਪਣੀ ਪਛਾਣ ਵਖਰਿਆਉਣ ਦਾ ਹੀ ਇਕ ਯਤਨ ਹੈ। ਸ਼ਾਇਦ ਇਹ ਸ਼ੁਰੂ ਵੀ ਇਕ ਪ੍ਰਸਿਧ ਰਾਗੀ ਸਿੰਘ ਤੋਂ ਹੋਇਆ ਸੀ; ਜਿਵੇਂ ਕਿ, ਜਗਾਧਰੀ ਵਾਲ਼ੇ, ਸ੍ਰੀ ਨਗਰ ਵਾਲ਼ੇ, ਕੌਲਸਰ ਵਾਲ਼ੇ, ਭਿੰਡਰਾਂ ਵਾਲ਼ੇ, ਮਾਲੂਵਾਲ਼ ਵਾਲ਼ੇ, ਰਾੜਾ ਸਾਹਿਬ ਵਾਲ਼ੇ, ਰਤਵਾੜਾ ਸਾਹਿਬ ਵਾਲ਼ੇ, ਨਾਨਕਸਰ ਵਾਲ਼ੇ, ਢਡਰੀਆਂ ਵਾਲ਼ੇ ਆਦਿ ਤੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ।

ਏਸੇ ਤਰ੍ਹਾਂ ਲਿਖਾਰੀ ਤੇ ਖਾਸ ਕਰਕੇ ਕਵੀ ਸੱਜਣਾਂ ਵਿਚ ਕੋਈ ਨਾ ਕੋਈ ਤੱਖਲਸ ਰੱਖਣ ਦਾ ਰਿਵਾਜ਼ ਰਿਹਾ ਹੈ ਤੇ ਅਜੇ ਵੀ ਹੈ; ਜਿਵੇਂ ਕਿ ਚਾਤ੍ਰਿਕ. ਪਰਵਾਨਾ, ਸ਼ਮ੍ਹਾ, ਜ਼ਖ਼ਮੀ, ਨਿਰਛਲ, ਦੀਪਕ, ਕੰਵਲ, ਤੀਰ, ਧੀਰ, ਗਾਰਗੀ, ਕੁਸ਼ਤਾ, ਆਜਿਜ, ਸ਼ਰਫ਼, ਪਤੰਗਾ, ਵੰਤਾ, ਹਮਦਰਦ, ਵੈਰਾਗੀ, ਵੈਦ, ਰਾਹੀ, ਦਿਲਗੀਰ, ਭੰਵਰ, ਚਮਕ ਆਦਿ। ਇਸ ਤਰ੍ਹਾਂ ਆਪਣੇ ਨਾਂ ਨਾਲ਼ ਤਖੱਲਸ ਜੋੜਨ ਵਾਲ਼ੇ ਸੱਜਣ ਪੂਰਾ ਨਾਂ ਲਏ ਜਾਣ ਦੀ ਬਜਾਇ ਆਪਣੇ ਤੱਖਲਸ ਦੇ ਨਾਲ਼ ਸਾਹਿਬ ਲਗਾ ਕੇ ਸੰਬੋਧਨ ਕਰਵਾਉਣ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ ਪਰ ਗੋਤ ਦਾ ਨਾਂ ਨਹੀ ਵਰਤਦੇ।

ਮੈ ਜਦੋਂ 'ਹੌਟਮੇਲ' ਤੋਂ 'ਯਾਹੂ' ਤੇ ਆਪਣਾ ਈ-ਐਡ੍ਰੈਸ ਬਦਲਣ ਸਮੇ ਫੈਮਲੀ ਨਾਂ ਨੂੰ ਬੇਲੋੜਾ ਸਮਝ ਕੇ, ਹਟਾ ਦਿਤਾ ਤਾਂ ਕੁਝ ਸੁਲ਼ਝੇ ਹੋਏ ਸੱਜਣਾਂ ਨੇ, ਇਹ ਸਮਝ ਕੇ ਕਿ ਸ਼ਾਇਦ ਮੈ 'ਕੱਟੜਪੰਥੀਆਂ' ਦੀ ਬੇਲੋੜੀ ਨੁਕਤਾਚੀਨੀ ਦੇ ਦਬਾ ਹੇਠ ਆ ਕੇ ਅਜਿਹਾ ਕੀਤਾ ਹੈ, ਬਹੁਤ ਸਾਰੀਆਂ ਈ-ਮੇਲਾਂ ਰਾਹੀ ਪਰਵਾਰਕ ਨਾਂ ਨੂੰ ਮਾਣ ਸਹਿਤ ਆਪਣੇ ਨਾਂ ਨਾਲ਼ ਜੋੜੀ ਰੱਖਣ ਦਾ ਸੁਝਾ ਦਿਤਾ। ਮੈ ਉਹਨਾਂ ਦੀ ਹੌਂਸਲਾ ਅਫ਼ਜ਼ਾਈ ਦਾ ਧੰਨਵਾਦੀ ਹਾਂ ਤੇ ਮੈਨੂੰ ਆਪਣੀ ਗੋਤ ਦੇ ਨਾਂ ਤੋਂ ਕੋਈ ਘਟੀਆਪਣ ਦਾ ਅਹਿਸਾਸ ਵੀ ਨਹੀ ਹੈ ਕਿਉਂਕਿ ਹਰੇਕ ਗੋਤ ਕਿਸੇ ਨਾ ਕਿਸੇ ਬਹੁਤ ਸੂਰਮੇ ਵਿਅਕਤੀ ਦੇ ਨਾਂ ਤੋਂ ਹੀ ਚਾਲੂ ਹੁੰਦੀ ਹੈ, ਪਰ ਮੇਰੀ ਜਾਣ-ਪਛਾਣ ਸਾਰੇ ਸੰਸਾਰ ਤੇ ਸੁਖੀ ਵੱਸ ਰਹੀਆਂ ਸਿੱਖ ਸੰਗਤਾਂ ਤੇ ਬਾਕੀ ਸੁਹਿਰਦ ਸੱਜਣਾਂ ਵਿਚ, 'ਗਿਆਨੀ ਸੰਤੋਖ ਸਿੰਘ' ਕਰਕੇ ਹੈ। ਇਸ ਲਈ ਮੈਨੂੰ ਆਪ ਹੀ ਚੰਗਾ ਜਿਹਾ ਨਹੀ ਸੀ ਲੱਗ ਰਿਹਾ ਜਦੋਂ ਕਈ ਸੁਹਿਰਦ ਸੱਜਣ ਤੇ ਮੇਰੇ ਨਵੇ ਸਬੰਧੀ ਮੈਨੂੰ 'ਪੱਡਾ ਸਾਹਿਬ' ਕਰਕੇ ਸੰਬੋਧਨ ਕਰਨ ਲੱਗ ਪਏ ਸਨ।

ਪੰਜਾਬ ਵਿਚ ਬਹੁਤ ਵਾਰੀਂ ਇਕੋ ਨਾਂ ਦੇ ਇਕੋ ਸਮੇ ਕਈ ਵਿਅਕਤੀ ਹੋਣ ਕਰਕੇ ਵੀ ਇਹ ਜਾਨਣ ਲਈ ਕਿ ਇਹ ਕੇਹੜਾ ਸੱਜਣ ਹੈ, ਉਸ ਦੇ ਨਾਂ ਨਾਲ਼ ਉਸ ਦੇ ਪਿੰਡ ਦਾ ਨਾਂ, ਗੋਤ ਦਾ ਨਾਂ ਜਾਂ ਉਸ ਦਾ ਆਪਣਾ ਚੁਣਿਆਂ ਹੋਇਆ ਕੋਈ ਤਖ਼ੱਲਸ ਸ਼ਾਮਲ ਕਰਕੇ ਜਾਂ ਉਂਜ ਹੀ 'ਫਲਾਣਾ ਸਾਹਿਬ' ਕਰਕੇ ਸੰਬੋਧਨ ਕਰਨ ਦਾ ਰਿਵਾਜ਼ ਜਿਹਾ ਹੈ। ਜਿਵੇਂ ਇਕ ਵਾਰ ਅਕਾਲੀ ਲਹਿਰ ਸਮੇ ਕਈ ਤੇਜਾ ਸਿੰਘ ਸਿੱਖ ਪਲੇਟਫਾਰਮ ਤੇ ਵਿਚਰਦੇ ਸਨ, ਤਾਂ ਹਰੇਕ ਦੇ ਨਾਂ ਨਾਲ਼ ਕੁਝ ਨਾ ਕੁਝ ਲਾ ਕੇ ਉਹਨਾਂ ਨੂੰ ਆਪਸ ਵਿਚ ਵਖਰਿਆਇਆ ਜਾਂਦਾ ਸੀ: ਜ. ਤੇਜਾ ਸਿੰਘ ਸਮੁੰਦਰੀ, ਜ. ਤੇਜਾ ਸਿੰਘ ਅਕਰਪੁਰੀ, ਸ. ਤੇਜਾ ਸਿੰਘ ਸੁਤੰਤਰ, ਪ੍ਰੋਫ਼ੈਸਰ ਤੇਜਾ ਸਿੰਘ, ਸੰਤ ਤੇਜਾ ਸਿੰਘ, ਗਿਆਨੀ ਤੇਜਾ ਸਿੰਘ, ਸੰਤ ਗਿਆਨੀ ਤੇਜਾ ਸਿੰਘ, ਸ. ਤੇਜਾ ਸਿੰਘ ਕੋਹਲੀ, ਜ. ਤੇਜਾ ਸਿੰਘ ਭੁੱਚਰ, ਜ. ਤੇਜਾ ਸਿੰਘ ਚੂਹੜਕਾਣਾ, ਬਾਬਾ ਤੇਜਾ ਸਿੰਘ, ਜਸਟਿਸ ਸਰ ਤੇਜਾ ਸਿੰਘ, ਤੇਜਾ ਸਿੰਘ ਮਲਕ, ਤੇਜਾ ਸਿੰਘ ਘਵਿੰਡ ਆਦਿ। ਹੁਣ ਵੀ ਸਿੱਖ ਸਿਆਸਤ ਵਿਚ ਵਿਚਰਦੇ ਮਨਜੀਤ ਸਿੰਘਾਂ ਦੀ ਵੱਖਰੀ ਪਛਾਣ ਲਈ, ਪ੍ਰੋਫ਼ੈਸਰ, ਭਾਈ, ਕਲਕੱਤਾ, ਖਹਿਰਾ, ਤਰਨ ਤਾਰਨੀ ਆਦਿ 'ਖ਼ਿਤਾਬ' ਉਹਨਾਂ ਨੂੰ ਆਪਣੇ ਨਾਂਵਾਂ ਨਾਲ਼ ਵਰਤਣੇ ਪੈ ਰਹੇ ਹਨ।

ਏਸੇ ਤਰ੍ਹਾਂ ਜਦੋਂ ਅਠਾਰਵੀਂ ਸਦੀ ਵਿਚ ਇਕੋ ਨਾਂ ਦੇ ਦੋ ਸੂਰਮੇ ਸਿੰਘ ਸਿੱਖ ਸੰਘਰਸ਼ ਵਿਚ ਪਰਗਟ ਹੋਏ ਤਾਂ ਉਹਨਾਂ ਨੂੰ ਵਖਰਿਆਉਣ ਲਈ ਵੀ ਇਕ ਦੇ ਨਾਂ ਨਾਲ਼ 'ਆਹਲੂਵਾਲ਼ੀਆ' ਤੇ ਦੂਜੇ ਦੇ ਨਾਂ ਨਾਲ਼ 'ਰਾਮਗੜ੍ਹੀਆ' ਪ੍ਰਚਲਤ ਹੋਇਆ। ਇਹ ਉਹਨਾਂ ਦੀਆਂ ਗੋਤਾਂ ਦੇ ਨਾਂ ਨਹੀ ਸਨ ਤੇ ਮੈਨੂੰ ਅੱਜ ਤੱਕ ਵੀ ਨਹੀ ਪਤਾ ਕਿ ਉਹਨਾਂ ਦੀਆਂ ਗੋਤਾਂ ਕੇਹੜੀਆਂ ਸਨ। ਸ. ਜੱਸਾ ਸਿੰਘ ਰਾਮਗੜ੍ਹੀਆ (ਕਿਲ੍ਹਾ ਰਾਮਗੜ੍ਹ ਕਰਕੇ) ਆਪਣੀ ਮਿਸਲ ਦਾ ਆਗੂ ਸੀ ਜੋ ਕਿ ਪਹਿਲਾਂ ਸ. ਨੰਦ ਸਿੰਘ ਸਾਂਙਣੀਆਂ ਦੇ ਜਥੇ ਵਿਚ ਸ਼ਾਮਲ ਸੀ ਤੇ ਸ. ਜੱਸਾ ਸਿੰਘ ਆਹਲੂਵਾਲ਼ ਪਿੰਡ ਤੋਂ ਹੋਣ ਕਰਕੇ ਆਹਲੂਵਾਲ਼ੀਆ ਕਰਕੇ ਜਾਣਿਆਂ ਗਿਆ ਜੋ ਕਿ ਆਪਣੀ ਏਸੇ ਨਾਂ ਵਾਲ਼ੀ ਮਿਸਲ ਦਾ ਆਗੂ ਹੋਣ ਦੇ ਨਾਲ਼ ਨਾਲ਼ ਸਾਰੇ 'ਦਲ ਖ਼ਾਲਸਾ' ਦਾ ਸ਼੍ਰੋਮਣੀ ਜਥੇਦਾਰ ਵੀ ਸੀ; ਪਰ ਹੁਣ ਹੈਰਾਨੀ ਹੁੰਦੀ ਹੈ ਇਹ ਪੜ੍ਹ ਕੇ ਜਦੋਂ ਬਾਬਾ ਬੁਢਾ ਜੀ ਦੇ ਨਾਂ ਨਾਲ਼ ਰੰਧਾਵਾ, ਭਾਈ ਬੋਤਾ ਸਿੰਘ ਜੀ ਦੇ ਨਾਂ ਨਾਲ਼ ਸੰਧੂ, ਭਾਈ ਸੁੱਖਾ ਸਿੰਘ ਜੀ ਦੇ ਨਾਂ ਨਾਲ਼

ਕਲਸੀ, ਭਾਈ ਮਹਿਤਾਬ ਸਿੰਘ ਦੇ ਨਾਂ ਨਾਲ਼ ਭੰਗੂ, ਤੇ ਸ਼ਹੀਦ ਭਗਤ ਸਿੰਘ ਦੇ ਨਾਂ ਨਾਲ਼ ਸੰਧੂ ਟਾਂਕਣ ਦੀ ਨਵੀ ਬਿਮਾਰੀ ਪਰਗਟ ਹੋ ਗਈ ਹੈ। ਏਥੋਂ ਤੱਕ ਕਿ ਇਕ ਦਿਨ ਅਜੀਤ ਅਖ਼ਬਾਰ ਵਿਚ ਕਿਸੇ ਸੱਜਣ ਦਾ ਲੇਖ ਆਇਆ, ਸੰਤ ਚੰਨਣ ਸਿੰਘ ਜੀ 'ਧਨੋਆ'। "ਫੋਟੋ ਸ਼੍ਰੋਮਣੀ ਕਮੇਟੀ ਦੇ ਸਾਬਕ ਪ੍ਰਧਾਨ ਸਵਰਗਵਾਸੀ ਸੰਤ ਚੰਨਣ ਸਿੰਘ ਜੀ ਦੀ ਹੈ ਤੇ ਇਹ 'ਧਨੋਆ' ਕੀ ਹੋਇਆ?" ਅਜਿਹੀ ਸੋਚ ਇਕ ਦਮ ਆਈ। ਸਾਰਾ ਲੇਖ ਪੜ੍ਹਨ ਉਪ੍ਰੰਤ ਸਮਝ ਪਈ ਕਿ ਇਹ ਬੇਲੋੜਾ ਗੋਤ ਵਾਚਕ ਨਾਂ, ਸਵਰਗੀ ਸੰਤ ਚੰਨਣ ਸਿੰਘ ਜੀ ਦੇ ਨਾਂ ਨਾਲ਼, ਬਿਨਾ ਕਿਸੇ ਲੋੜੋਂ, ਚਮੋੜਿਆ ਗਿਆ ਹੈ। ਪਤਾ ਨਹੀ ਲੇਖਕ ਨੂੰ ਇਸ ਭੁਲੇਖਾ ਪਾਊ ਯਤਨ ਵਿਚੋਂ ਕੀ ਪ੍ਰਾਪਤ ਹੋਇਆ ਹੋਵੇਗਾ! ਖ਼ੁਦ ਮੈ ਪੰਜ-ਸੱਤ ਸਾਲ ਉਹਨਾਂ ਦੀ ਸੇਵਾ ਵਿਚ ਪੀ.ਏ. ਵਜੋਂ ਵਿਚਰਨ ਦੇ ਬਾਵਜੂਦ ਇਹ ਨਹੀ ਸੀ ਜਾਣ ਸਕਿਆ ਕਿ ਉਹਨਾਂ ਦੀ ਗੋਤ 'ਧਨੋਆ' ਹੈ।

ਗੁਰਬਾਣੀ ਵਿਚ "ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥" (ਪੰਨਾ ੧੧੨੭) ਆਖ ਕੇ ਸਖ਼ਤੀ ਸਹਿਤ ਕਥਿਤ ਉਚੇਰੀ ਜਾਤ ਦਾ ਹੰਕਾਰ ਕਰਨ ਤੋਂ ਵਰਜਿਆ ਗਿਆ ਹੈ ਪਰ ਫੇਰ ਵੀ ਜੇਕਰ ਕੋਈ ਸੱਜਣ ਗੋਤ ਦਾ ਨਾਂ ਵਰਤਿਆਂ ਤੋਂ ਬਿਨਾ ਵੀ ਉਚੀ ਜਾਤ ਦੇ ਹੰਕਾਰ ਦਾ ਭਾਰ ਆਪਣੇ ਮਗਜ਼ ਵਿਚ ਚੁੱਕੀ ਫਿਰੂ ਤਾਂ ਕੋਈ ਦੂਸਰਾ ਉਸ ਦਾ ਕੀ ਕਰ ਲਊ! ਇਹ ਜ਼ਰੂਰੀ ਨਹੀ ਕਿ ਆਪਣੇ ਨਾਂ ਪਿਛੇ ਗੋਤ ਦਾ ਨਾਂ ਵਰਤਣ ਵਾਲ਼ਾ ਹੰਕਾਰੀ ਹੈ ਤੇ ਨਾ ਵਰਤਣ ਵਾਲ਼ਾ ਹੰਕਾਰ ਰਹਿਤ ਹੈ। ਫਿਰ ਇਸ ਤੁਕ ਵਿਚ ਜਾਤਿ ਦੇ ਹੰਕਾਰ ਕਰਨ ਵਾਲ਼ੇ ਨੂੰ ਮੂਰਖ ਤੇ ਗਵਾਰ ਆਖਿਆ ਗਿਆ ਹੈ, ਗੋਤ ਦਾ ਕੋਈ ਜ਼ਿਕਰ ਨਹੀ ਹੈ।

ਭਾਵੇਂ ਕਿ ਪ੍ਰਸਿਧ ਵਿਦਵਾਨ 'ਜੋਐਨ ਡਿਡੀਅਨ' ਇਉਂ ਆਖਦਾ ਹੈ, "ਲਿਖਣ ਕਾਰਜ ਦਰ ਅਸਲ ਲੇਖਕ ਵੱਲੋਂ 'ਮੈਂ' ਦਾ ਪ੍ਰਗਟਾਵਾ ਹੈ: ਆਪਣੇ ਆਪ ਨੂੰ ਦੂਜਿਆਂ 'ਤੇ ਥੋਪਣ ਦਾ; ਇਹ ਕਹਿਣ ਦਾ ਕਿ ਮੈਨੂੰ ਸੁਣੋ, ਮੇਰੇ ਢੰਗ ਨਾਲ ਸੋਚੋ ਅਤੇ ਆਪਣੀ ਸੋਚ ਬਦਲੋ।" ਪਰ ਮੇਰਾ ਅਜਿਹਾ ਮੰਤਵ ਏਥੇ ਬਿਲਕੁਲ ਇੰਜ ਨਹੀ ਹੈ।

ਜਾਂਦੇ ਜਾਂਦੇ ਇਹ ਜਾਣਕਾਰੀ ਵੀ ਤਾਜਾ ਕਰ ਲਈਏ ਕਿ ਸਾਰੇ 'ਸਿੰਘ' 'ਸਿੱਖ' ਨਹੀ ਹੁੰਦੇ ਤੇ ਸਾਰੇ 'ਸਿੱਖ' 'ਸਿੰਘ' ਹੀ ਹੋਣ, ਇਹ ਵੀ ਕੋਈ ਜਰੂਰੀ ਨਹੀ।

ਮੁਕਦੀ ਗੱਲ: ਜਿਥੇ ਲੋੜ ਨਹੀਂ ਓਥੇ ਗੋਤ ਦਾ ਬੇਲੋੜਾ ਵਿਖਾਵਾ ਕਰਨਾ ਹੰਕਾਰ ਹੈ ਪਰ ਇਸ ਸਮਾਜ ਵਿਚ, ਜਿਥੇ ਕਿ ਲੋੜ ਹੈ, ਕਿਸੇ ਮਜ਼੍ਹਬੀ ਸੋਚ ਅਧੀਨ ਗੋਤ ਦਾ ਨਾਂ, ਨਾ ਵਰਤਣਾ ਬੇਲੋੜੀ ਜਿਦ ਹੈ। ਇਹ ਕੇਵਲ ਤੇ ਕੇਵਲ ਮੇਰੇ ਆਪਣੇ ਵਿਚਾਰ ਹਨ। ਮੈ ਇਹਨਾਂ ਨੂੰ ਕਿਸੇ ਉਪਰ ਲੱਦਣ ਦੀ ਕੁਚੇਸ਼ਟਾ ਨਹੀ ਕਰ ਰਿਹਾ। "ਤਾ ਕਉ ਸਮਝਾਵਣ ਜਾਈਐ ਜੇ ਕੋ ਭੂਲਾ ਹੋਈ" (ਪੰਨਾ ੧੩੨੯) ਦੇ ਕਥਨ ਅਨੁਸਾਰ ਹਰੇਕ ਵਿਅਕਤੀ ਖ਼ੁਦ ਸਮਝਦਾਰ ਹੈ ਤੇ ਆਪਣਾ ਭਲਾ ਬੁਰਾ ਖ਼ੁਦ ਸੋਚ ਸਕਦਾ ਹੈ।

## ਇਉਂ ਹੋਇਆ 'ਸਵਾਗਤ' ਮੇਰੀਆਂ ਲਿਖਤਾਂ ਦਾ

ਮੇਰੀਆਂ ਲਿਖਤਾਂ ਬਾਰੇ ਸੱਜਣਾਂ ਵੱਲੋਂ ਹੋਏ ਤੇ ਹੋ ਰਹੇ 'ਸਵਾਗਤ' ਦਾ ਇਕ ਪੱਖ ਹੀ ਪਾਠਕਾਂ ਨਾਲ਼ ਏਥੇ ਮੈ ਸਾਂਝਾ ਕਰਨਾ ਚਾਹੁੰਦਾ ਹਾਂ; ਦੂਜਾ ਪੱਖ ਕਿਤੇ ਫੇਰ ਸਹੀ।

ਮੇਰੀ ਪਹਿਲੀ ਧਾਰਮਿਕ/ਇਤਿਹਾਸਕ ਲੇਖਾਂ ਦੀ ਕਿਤਾਬ 'ਸਚੇ ਦਾ ਸਚਾ ਢੋਆ', ਨਵੰਬਰ ੨੦੦੬ ਵਿਚ ਛਪੀ ਤੇ ਜਨਵਰੀ ੨੦੦੭ ਵਿਚ, ਏਥੇ ਸਿਡਨੀ ਵਿਚ ਆਈ। ਸਿਡਨੀ ਦੇ ਗੁਰਦੁਅਰਾ ਸਾਹਿਬ, ਸਿੱਖ ਸੈਂਟਰ ਗਲੈਨਵੁੱਡ, ਦੀ ਸਟੇਜ ਤੋਂ, ਸਟੇਜ ਸੈਕਟਰੀ ਵੱਲੋਂ ਉਸ ਬਾਰੇ ਯੋਗ ਸ਼ਬਦਾਂ ਵਿਚ ਸੰਗਤਾਂ ਨੂੰ ਜਾਣਕਾਰੀ ਦਿਤੀ ਗਈ। ਬਾਹਰ ਆ ਕੇ ਬਰਾਂਡੇ ਵਿਚ ਇਕ ਸੱਜਣ ਕਹਿੰਦਾ, "ਪਹਿਲਾਂ ਗਿਆਨੀ ਮੂੰਹ ਜਬਾਨੀ ਲੋਕਾਂ ਦੀ ਮਿੱਟੀ ਪੱਟਦਾ ਸੀ ਹੁਣ ਕਿਤਾਬਾਂ ਲਿਖ ਕੇ ਪੱਟਣ ਲਗ ਪਿਆ।"

ਗੱਲ ਇਹ ੨੦੦੪ ਦੀ ਹੈ। ਯੂਰਪ ਦੇ ਕੁਝ ਮੁਲਕਾਂ ਦੀ ਯਾਤਰਾ ਦੌਰਾਨ ਫਿਰਦਾ ਫਿਰਾਉਂਦਾ ਮੈ ਬੈਲਜੀਅਮ ਦੀ ਰਾਜਧਾਨੀ, ਬਰੁੱਸਲ ਵਿਚ ਜਾ ਵੜਿਆ। ਇਹ ਸ਼ਹਿਰ ਹੁਣ ਹੌਲ਼ੀ ਹੌਲ਼ੀ ਸਾਰੇ ਯੂਰਪ ਦੀ ਰਾਜਧਾਨੀ ਬਣ ਰਿਹਾ ਹੈ। ਇਕ ਹਫ਼ਤੇ ਬਾਅਦ ਵਿਦਾਇਗੀ ਸਮੇ, ਓਥੋਂ ਦੇ ਗਿਆਨੀ ਜੀ ਦੇ ਦਿਲ ਅੰਦਰ ਪੈ ਗਈ ਇਕ ਗ਼ਲਤਫ਼ਹਿਮੀ ਦੇ ਕਾਰਨ, ਅਗਲੇ ਸਵੇਰੇ ਮੈਨੂੰ ਗੁਰਦੁਆਰੇ ਵਿਚੋਂ, ਨਿਰਨੇ ਕਾਲਜੇ ਹੀ ਨਿਕਲਣਾ ਪਿਆ। ਇਸ ਸਾਰੀ ਘਟਨਾ ਨੂੰ ਮੈ ਇਕ ਲੇਖ ਰਾਹੀਂ ਬਿਆਨ ਕਰ ਦਿਤਾ। ਇਹ ਸਾਰਾ 'ਸਤਿਕਾਰਤ' ਸਮਾਚਾਰ ਮੇਰੀ ਯਾਦ ਵਿਚੋਂ ਤਾਂ ਕਿਰ ਗਿਆ ਪਰ ਇਸ ਬਾਰੇ ਲਿਖਿਆ ਲੇਖ ਕਿਤੇ ਲੰਡਨੋ ਛਪਣ ਵਾਲੀ ਅਖ਼ਬਾਰ 'ਦੇਸ ਪਰਦੇਸ' ਵਿਚ ਛਪ ਗਿਆ ਸੀ। ਜਿਸ ਸੱਜਣ ਦੇ ਗੁੱਸੇ ਕਾਰਨ ਮੈ ਓਥੋਂ ਨਿਕਲ਼ਿਆ ਸਾਂ ਉਸ ਸੱਜਣ ਨੇ ਵੀ ਉਹ ਪੜ੍ਹ ਲਿਆ ਹੋਇਆ ਸੀ। ਮੈਨੂੰ ਇਸ ਦੀ ਆਸ ਨਹੀ ਸੀ ਕਿ ਇਹ ਲੇਖ ਉਸ ਸੱਜਣ ਦੀ ਦ੍ਰਿਸ਼ਟੀ ਤੱਕ ਵੀ ਪਹੁੰਚ ਜਾਵੇਗਾ।

ਪ੍ਰਬੰਧਕਾਂ ਦੇ ਸੱਦੇ ਤੇ ਮੈ ਦੁਬਾਰਾ ੨੦੦੮ ਵਿਚ ਓਥੇ ਚਲਿਆ ਗਿਆ। ਉਹ ਸੱਜਣ ਵੀ ਕਿਸੇ ਹੋਰ ਸ਼ਹਿਰ ਤੋਂ ਓਥੇ ਆ ਗਏ ਤੇ ਲੰਗਰ ਛਕਦਿਆਂ ਮੇਰੇ ਨਾਲ਼ ਘੁੱਟੇ ਵੱਟੇ ਜਿਹੇ ਰਹੇ। ਲੰਗਰ ਛਕਣ ਪਿੱਛੋਂ ਆਪਣੇ ਇਕ ਹਮਦਰਦ ਸੱਜਣ ਨੂੰ ਆਪਣੇ ਨਾਲ਼ ਲੈ ਕੇ ਮੇਰੇ ਕਮਰੇ ਵਿਚ ਆ ਗਏ। ਉਹ ਬੜੇ ਗੁੱਸੇ ਵਿਚ ਸਨ। ਉਹ ਲੇਖ ਕਿਤਾਬ 'ਉਜਲ ਕੈਹਾਂ ਚਿਲਕਣਾ' ਵਿਚ ਵੀ ਛਪ ਗਿਆ ਹੋਇਆ ਸੀ ਤੇ ਉਸ ਕਿਤਾਬ ਦੀਆਂ ਕੁਝ ਕਾਪੀਆਂ ਮੇਰੇ ਕੋਲ਼ ਵੀ ਸਨ। ਉਸ ਸੱਜਣ ਦੀ 'ਮਾਣਹਾਨੀ' ਤੋਂ ਪੈਦਾ ਹੋਈ ਨਾਰਾਜ਼ਗੀ ਵੇਖ ਕੇ, ਮੈ ਉਸ ਦੀ ਦ੍ਰਿਸ਼ਟੀ ਤੋਂ ਉਹ ਕਿਤਾਬ ਓਹਲੇ ਕਰ ਲਈ। ਉਸ ਦਾ ਗੁੱਸਾ ਵੀ ਠੰਡਾ ਕੀਤਾ। ਮੈ ਇਹ ਵੀ ਆਖਿਆ, "ਦੱਸੋ ਗੁਰਮੁਖੋ, ਇਸ ਵਿਚ ਗ਼ਲਤ ਗੱਲ ਕੇਹੜੀ ਲਿਖੀ ਗਈ ਹੈ?" ਇਸ ਦੇ ਜਵਾਬ ਵਿਚ ਉਸ ਨੇ ਆਖਿਆ, "ਮੈਂ ਵੀ ਤੁਹਾਡੇ ਬਾਰੇ ਬਹੁਤ ਕੁਝ

ਲਿਖ ਸਕਦਾ ਹਾਂ।" ਫਿਰ ਮੈਂ ਆਖਿਆ, "ਇਸ ਲੇਖ ਵਿਚ ਨਾ ਤੁਹਾਡਾ ਨਾਂ, ਨਾ ਤੁਹਾਡੇ ਦੇਸ ਤੇ ਸ਼ਹਿਰ ਦਾ ਨਾਂ; ਤੁਸੀਂ ਆਪਣੇ ਨਾਂ ਨਾਲ਼ ਕਿਉਂ ਇਸ ਲੇਖ ਨੂੰ ਜੋੜੀ ਜਾ ਰਹੇ ਹੋ!" ਦੇ ਜਵਾਬ ਵਿਚ ਉਸ ਨੇ ਆਖਿਆ, "ਇਹ ਸਾਰਾ ਕੁਝ ਵਾਪਰਿਆ ਤਾਂ ਮੇਰੇ ਤੇ ਤੁਹਾਡੇ ਵਿਚ ਹੀ ਸੀ ਨਾ!" ਲੰਮੇ ਚੌੜੇ 'ਵਿਚਾਰ ਵਟਾਂਦਰੇ' ਉਪ੍ਰੰਤ ਅੰਤ ਵਿਚ ਉਸ ਦੇ ਕੁਝ ਠੰਡਾ ਹੋਣ ਤੇ ਮੈ ਵੀਂ ਆਖਿਆ, "ਤੁਹਾਡੇ ਦਿਲ ਨੂੰ ਇਸ ਲੇਖ ਕਰਕੇ ਠੇਸ ਪਹੁੰਚੀ ਹੈ; ਇਸ ਲਈ ਮੈ ਸੌਰੀ ਹਾਂ।" ਇਸ ਤੇ ਸਾਡੀ 'ਮੰਨ ਮੰਨਾਈ' ਹੋ ਗਈ।

ਕੁਝ ਹੋਰ ਯੂਰਪ ਦੇ ਮੁਲਕਾਂ ਵਿਚਦੀ ਹੁੰਦਾ ਹੋਇਆ, ਮੈ ਵਲੈਤ ਵਿਚਲੇ ਸਿੱਖਾਂ ਦੇ ਗੜ੍ਹ, ਸਾਊਥਾਲ ਪਹੁੰਚ ਗਿਆ। ਓਥੇ ਗੁਰਦੁਆਰਾ ਸਿੰਘ ਸਭਾ ਪਾਰਕ ਐਵੇਨਿਊ ਵਿਖੇ, ਕਥਾ ਕਰ ਰਹੇ ਇਕ ਗਿਆਨੀ ਜੀ ਨਾਲ਼ ਵਿਚਾਰ ਕਰ ਰਿਹਾ ਸਾਂ ਕਿ ਬਰੱਸਲ ਵਾਲ਼ੇ ਸੱਜਣ ਦਾ ਜ਼ਿਕਰ ਚੱਲ ਪਿਆ। ਉਹ ਗਿਆਨੀ ਜੀ ਉਸ ਸੱਜਣ ਦੇ ਗੂਹੜੇ ਮਿੱਤਰ ਸਨ। ਮੈਂ ਉਹਨਾਂ ਨੂੰ ਆਪਣੀ ਕਿਤਾਬ ਭੇਟਾ ਕੀਤੀ। ਉਸ ਕਿਤਾਬ ਵਿਚ ਉਹ ਲੇਖ ਵੀ ਸ਼ਾਮਲ ਸੀ। ਉਸ ਗਿਆਨੀ ਜੀ ਨੇ ਪਤਾ ਨਹੀ ਉਸ ਲੇਖ ਬਾਰੇ ਕੀ ਉਹਨਾਂ ਨੂੰ ਤੁੱਖਣਾ ਦੇ ਦਿਤੀ। ਮੇਰੀ ੨੦੦੯ ਵਾਲ਼ੀ ਓਸੇ ਮੁਲਕ ਦੀ ਤੀਜੀ ਫੇਰੀ ਦੌਰਾਨ ਉਹ ਫਿਰ ਲੋਹੇ ਲਾਖੇ ਹੋ ਕੇ ਆਪਣੇ ਇਕ ਸਾਥੀ ਨਾਲ਼ ਆ ਧਮਕੇ। ਕਹਿੰਦੇ, "ਜਦੋਂ ਆਪਣੀ ਗੱਲ ਮੁਕ ਗਈ ਸੀ ਤਾਂ ਫਿਰ ਤੁਸੀਂ ਇਹ ਕਿਤਾਬ ਵਿਚ ਕਿਉਂ ਛਾਪਿਆ!" ਇਤਰਾਜ ਤਾਂ ਉਸ ਦਾ ਪੂਰਾ ਠੀਕ ਸੀ ਪਰ ਮੈ ਤਾਂ ਪਹਿਲਾਂ ਹੀ ਛਾਪ ਚੁੱਕਿਆ ਸਾਂ। ਕਹਿੰਦਾ, "ਹੁਣ ਜਬਾਨੀ ਨਹੀ, ਮੈਂ ਤੁਹਾਥੋਂ ਲਿਖਤੀ ਮੁਆਫ਼ੀ ਮੰਗਵਾਉਣੀ ਹੈ।" ਮੈ ਆਖਿਆ ਕਿ ਜੋ ਉਹਨਾਂ ਨੂੰ ਚੰਗਾ ਲੱਗੇ ਲਿਖ ਲਿਆਉਣ; ਮੈਂ ਉਸ ਲਿਖੇ ਉਪਰ ਦਸਤਖ਼ਤ ਕਰ ਦਿਆਂਗਾ। ਉਸ ਨੇ ਮੇਰੇ ਆਪਣੇ ਹੱਥਾਂ ਨਾਲ਼ ਲਿਖਣ ਤੇ ਜੋਰ ਦਿਤਾ। ਮੈ ਕਾਗਜ਼ ਉਪਰ ਕੁਝ ਇਸ ਤਰ੍ਹਾਂ ਦੇ ਸ਼ਬਦ ਲਿਖ ਦਿਤੇ:

ਮੈ ਕਾਹਲ਼ੀ ਵਿਚ ਇਕ ਲੇਖ ਦਿਤਾ ਸੀ ਜਿਸ ਨੂੰ ਪੜ੍ਹ ਕੇ 'ਭਾਈ ਫਲਾਣਾ ਸਿੰਘ' ਸ਼ਰੀਫ਼ ਬੰਦੇ ਦਾ ਦਿਲ ਦੁਖਿਆ ਹੈ। ਇਸ ਦਾ ਮੈਨੂੰ ਵੀ ਅਫ਼ਸੋਸ ਹੈ। ਮੈ ਰੱਬ ਅੱਗੇ ਬੇਨਤੀ ਕਰਦਾ ਹਾਂ ਕਿ ਅੱਗੇ ਤੋਂ ਮੇਰੇ ਪਾਸੋਂ ਅਜਿਹਾ ਕੁਝ ਨਾ ਲਿਖਵਾਵੇ ਤੇ ਨਾ ਹੀ ਬੁਲਵਾਵੇ ਜਿਸ ਨਾਲ਼ ਕਿਸੇ ਦੇ ਦਿਲ ਨੂੰ ਠੇਸ ਪਹੁੰਚੇ। ਉਸ ਦੇ ਆਖਣ ਤੇ ਮੈ, ਆਪਣੇ ਦਸਤਖ਼ਤਾਂ ਦੇ ਨਾਲ਼, ਤਰੀਕ ਵੀ ਪਾ ਦਿਤੀ ਤੇ ਉਸ ਦੇ ਜੋਰ ਦੇਣ ਤੇ ਅੰਗ੍ਰੇਜ਼ੀ ਵਿਚ ਵੀ ਆਪਣਾ ਨਾਂ ਲਿਖ ਦਿਤਾ। ਪਹਿਲਾਂ ਲੇਖ ਵਿਚ ਤਾਂ ਉਸ ਸੱਜਣ ਦਾ ਨਾਂ ਨਹੀ ਆਇਆ ਸੀ ਤੇ ਨਾ ਹੀ ਉਸ ਦੇ ਸ਼ਹਿਰ ਤੇ ਦੇਸ ਦਾ। ਪਰ ਇਸ 'ਮੁਆਫ਼ੀਨਾਮੇ' ਵਿਚ ਉਸ ਦਾ ਪ੍ਰਤੱਖ ਨਾਂ ਆ ਗਿਆ।

ਜਦੋਂ ਮੇਰੀ ਦੂਜੀ ਕਿਤਾਬ 'ਉਜਲ ਕੈਹਾਂ ਚਿਲਕਣਾ' ਛਪੀ ਤਾਂ ਮੈ ਪਹਿਲੀ ਕਿਤਾਬ ਦੀ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਹੋਈ ਤਾਰੀਫ਼ ਦੇ ਚਾ ਵਿਚ ਵਿਚਾਰਿਆ ਕਿ ਇਸ ਨਵੀ ਕਿਤਾਬ ਬਾਰੇ ਵੀ ਸਟੇਜ ਤੋਂ, ਪਾਠਕਾਂ ਨੂੰ ਜਾਣਕਾਰੀ ਦਿਤੀ ਜਾਵੇ ਪਰ ਇਸ ਤੋਂ ਪਹਿਲਾਂ ਹੀ ਕਿਸੇ ਸੱਜਣ ਨੇ 'ਕਿਰਪਾ' ਕਰ ਦਿਤੀ। ਪਤਾ ਨਹੀ ਪ੍ਰਬੰਧਕਾਂ ਦੇ ਕੰਨ ਵਿਚ ਕੀ ਫੂਕ ਮਾਰੀ ਕਿ ਜਿਸ ਸਦਕਾ, ਕਿਤਾਬ ਬਾਰੇ ਸਟੇਜ ਤੋਂ ਤਾਰੀਫ਼ੀ ਜਾਣਕਾਰੀ ਤਾਂ ਕੀ ਦਿਤੀ ਜਾਣੀ ਸੀ, ਸਗੋਂ ਮੁਖੀ ਸੱਜਣ ਵੱਲੋਂ ਮੇਰੀ ਚੰਗੀ ਝਾੜ ਝੰਬ ਝੂੰਗੇ 'ਚ ਹੋ ਗਈ। ਗੁਰਦੁਆਰਾ ਸਾਹਿਬ ਦੀ ਹੱਦ ਅੰਦਰ ਕਿਤਾਬ ਪਾਠਕਾਂ ਦੇ ਹੱਥਾਂ ਵਿਚ ਪੁਚਾਉਣ ਦੀ ਵੀ ਪ੍ਰਧਾਨ ਜੀ ਵੱਲੋਂ ਫ਼ੋਨ ਰਾਹੀਂ ਮਨਾਹੀ ਹੋ ਗਈ। ਮੀਤ ਪ੍ਰਧਾਨ ਜੀ ਜੋ ਕਿ ਬੜੇ ਉਤਸ਼ਾਹ ਵਿਚ ਮੇਰੇ ਨਾਲ਼ ਪਾਠਕਾਂ ਨੂੰ ਕਿਤਾਬਾਂ ਵੰਡ ਰਹੇ ਸਨ, ਉਹ ਵੀ ਨਿਰਉਤਸ਼ਾਹਤ ਹੋ ਗਏ ਅਤੇ ਇਸ ਕਾਰਜ ਵਿਚ ਮੇਰਾ ਸਾਥ ਛੱਡ ਗਏ॥

ਇਕ ਆਪਣੇ ਪ੍ਰਸੰਸਕ ਗ੍ਰੰਥੀ ਜੀ ਨੂੰ, ਜੋ ਕਿ ਮੇਰੇ ਬੱਚਿਆਂ ਦੀ ਉਮਰ ਦੇ ਹਨ, ਮੈ ਇਹ ਕਿਤਾਬ ਭੇਟਾ ਕਰਨੀ ਚਾਹੀ ਤਾਂ ਉਹਨਾਂ ਨੇ ਇਹ ਸ਼ੁਭ ਬਚਨ ਉਚਾਰਦਿਆਂ ਹੋਇਆਂ ਲੈਣੋ ਨਾਂਹ ਕਰ ਦਿਤੀ:

ਜਿਹੋ ਜਿਹੀਆਂ ਯਭਲ਼ੀਆਂ ਤੁਸੀਂ ਸਟੇਜ ਤੇ ਮਾਰਦੇ ਹੋ, ਓਹੋ ਜਿਹੀਆਂ ਇਸ ਕਿਤਾਬ ਵਿਚ ਮਾਰੀਆਂ ਹੋਣੀਆਂ! ਖ਼ੈਰ, ਮੈਂ ਉਹਨਾਂ ਦੇ ਇਹਨਾਂ ਸ਼ੁਭ ਬਚਨਾਂ ਨੂੰ ਹਾਸੇ ਵਿਚ ਹੀ ਲਿਆ।

ਮੇਰੇ ਦੇਸ ਗਏ ਹੋਣ ਪਿੱਛੋਂ ਉਹ ਗਿਆਨੀ ਜੀ ਸਾਡੇ ਘਰ ਦੇ ਨੇੜੇ ਵਾਲ਼ਾ ਗੁਰਦੁਆਰਾ ਤਿਆਗ ਕੇ ਦੂਸਰੇ ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਨ ਲਈ ਜਾ ਚੁੱਕੇ ਸਨ। ਮੈਂ ਆਪਣੀ ਨਵੀਂ ਕਿਤਾਬ 'ਬਾਤਾਂ ਬੀਤੇ ਦੀਆਂ' ਉਹਨਾਂ ਨੂੰ ਉਸ ਗੁਰਦੁਆਰੇ ਜਾ ਕੇ ਭੇਟਾ ਕੀਤੀ। ਉਹਨਾਂ ਨੇ ਇਸ ਵਾਰੀ ਕੋਈ ਸ਼ੁਭ ਜਾਂ ਅਸ਼ੁਭ ਬਚਨ ਉਚਾਰਨ ਦੀ ਕਿਰਪਾ ਨਹੀਂ ਕੀਤੀ। ਕਿਤਾਬ ਮੈ ਉਹਨਾਂ ਦੇ ਨਿਵਾਸ ਸਥਾਨ ਤੇ, ਟੇਬਲ ਉਪਰ ਰੱਖ ਆਇਆ ਸਾਂ। ਹੁਣ ਉਹਨਾਂ ਤੋਂ ਪਤਾ ਲੱਗਾ ਹੈ ਕਿ ਉਹ ਕਿਤਾਬ ਉਹਨਾਂ ਤੱਕ ਪਹੁੰਚੀ ਹੀ ਨਹੀ; ਕੋਈ ਹੋਰ ਹੀ ਸੱਜਣ ਲੈ ਗਿਆ।

ਆਪਣੀ ਯੂਰਪ ਦੀ ਯਾਤਰਾ ਦੌਰਾਨ ਇਸ ਦੀਆਂ ਕੁਝ ਕਾਪੀਆਂ ਮੈਂ ਆਪਣੇ ਨਾਲ਼ ਲੈ ਗਿਆ ਸਾਂ। ਓਥੇ ਇਕ ਗੁਰਦੁਆਰੇ ਦੇ ਪ੍ਰਧਾਨ ਵੱਲੋਂ ਹਾਂ ਪੱਖੀ ਹੁੰਗਾਰਾ ਵੇਖ ਕੇ ਮੈ ਇਕ ਬੰਡਲ ਓਥੇ ਵਾਸਤੇ ਅਤੇ ਦੋ ਬੰਡਲ ਬਰਮਿੰਘਮ ਵਾਸਤੇ, ਕੁਲ਼ ਤਿੰਨ ਸੌ ਕਿਤਾਬਾਂ, ਬਾਈ ਏਅਰ ਅੰਮ੍ਰਿਤਸਰੋਂ ਮੰਗਵਾ ਲਈਆਂ। ਸੋਚਿਆ ਕਿ ਕਿਤਾਬਾਂ ਉਪਰ ਆਉਣ ਵਾਲ਼ਾ ਹਵਾਈ ਖ਼ਰਚ ਤਾਂ ਇਹਨਾਂ ਵਿਚੋਂ, ਕੁਝ ਵਿਕ ਜਾਣ ਨਾਲ਼, ਨਿਕਲ਼ ਹੀ ਆਵੇਗਾ; ਮਸ਼ਹੂਰੀ ਮੁਫ਼ਤ ਦੀ ਹੋ ਜਾਵੇਗੀ। ਮਾਲ ਮਾਲਕਾਂ ਦਾ; ਮਸ਼ਹੂਰੀ ਕੰਪਨੀ ਦੀ। ਬਰਮਿੰਘਮ ਵਾਲ਼ੇ ਸਾਹਿਤਕਾਰਾਂ ਦੇ ਇਕੱਠ ਵਿਚ ਸ਼ਾਮਲ ਸਾਰੇ ਸਾਹਿਤਕਾਰ ਸੱਜਣ ਕਿਤਾਬਾਂ ਹੱਥੋ ਹੱਥੀ ਲੈ ਗਏ। ਕਿਸੇ ਨੇ ਕੁਝ ਦੇਣ ਲੈਣ ਬਾਰੇ ਕੋਈ ਗੱਲ ਨਾ ਗੌਲ਼ੀ। ਮੇਰੇ ਨਾਲ਼ ਵੀ ਨਿੰਦਰ ਘੁਗਿਆਣਵੀ ਵਾਲ਼ੀ ਹੀ ਹੋਈ। ਉਹ ਵੀ ਆਪਣੇ ਵਲੈਤੀ ਦੌਰੇ ਸਮੇ, ਏਸੇ ਆਸ ਨਾਲ਼ ਕੁਝ ਕਿਤਾਬਾਂ ਆਪਣੇ ਨਾਲ਼ ਲੈ ਗਿਆ ਸੀ। ਮੇਰੇ ਨਾਲ਼ ਤਾਂ ਸਗੋਂ ਉਸ ਨਾਲ਼ੋਂ ਵੀ ਵਧ ਹੀ ਹੋਈ। ਮੈਨੂੰ ਤਾਂ ਉਹਨਾਂ ਕਿਤਾਬਾਂ ਦਾ ਹਵਾਈ ਜਹਾਜ ਦਾ ਕਰਾਇਆ ਵੀ ਪੱਲਿਉਂ ਹੀ ਦੇਣਾ ਪਿਆ। ਨਿੰਦਰ ਜੀ ਤਾਂ ਆਪਣੀ ਟਿਕਟ ਵਿਚ ਹੀ ਸੀਮਤ ਭਾਰ ਅਨੁਸਾਰ ਕੁਝ ਕਿਤਾਬਾਂ ਲੈ ਗਏ ਸਨ; ਇਹਨਾਂ ਲਈ ਉਹਨਾਂ ਨੂੰ ਵੱਖਰਾ ਕਿਰਾਇਆ ਨਹੀ ਸੀ ਖ਼ਰਚਣਾ ਪਿਆ।

ਸਾਹਿਤਕਾਰਾਂ ਦੇ ਸਮਾਗਮ ਦੀ ਸਮਾਪਤੀ ਤੇ, ਦਲਵੀਰ ਸੁਮਨ ਹਲਵਾਰਵੀ ਜੀ ਮੇਰੇ ਆਖਣ ਤੇ, ਮੈਨੂੰ ਇਕ ਗੁਰਦੁਆਰਾ ਸਾਹਿਬ ਵਿਖੇ ਛੱਡਣ ਗਏ ਤੇ ਸਾਹਿਤਕਾਰਾਂ ਦੇ ਹੱਥੀਂ ਚੜ੍ਹਨ ਤੋਂ ਬਚੀਆਂ ਕੁਝ ਕਾਪੀਆਂ ਮੇਰੇ ਪਾਸੋਂ, ਓਥੇ ਬੈਠੇ ਕੁਝ ਸੱਜਣਾਂ ਨੂੰ ਦਿਵਾ ਦਿਤੀਆਂ। ਉਹਨਾਂ ਵਿਚੋਂ ਇਕ ਕਾਪੀ ਗੁਰਦੁਆਰੇ ਦੇ ਸਕੱਤਰ ਜੀ ਕੋਲ਼ ਪਤਾ ਨਹੀ ਕਿਵੇਂ ਪਹੁੰਚ ਗਈ। ਸ਼ਾਮ ਦੇ ਘੁਸਮੁਸੇ ਜਿਹੇ ਵਿਚ ਮੈਨੂੰ ਗੁਰਦੁਆਰੇ ਦੇ ਦਫ਼ਤਰ ਵਿਚ ਸਕੱਤਰ ਜੀ ਨੇ ਬੁਲਾ ਲਿਆ। ਕੁਰਸੀ ਤੇ ਬੈਠਾ ਕੇ, ਮੇਰੇ ਸਾਹਮਣੇ ਮੇਰੀ ਕਿਤਾਬ ਦਾ ਅਖੀਰਲਾ ਕਾਂਡ ਖੋਹਲ ਕੇ ਪਹਿਲਾਂ ਮੈਥੋਂ, ਸੁਘੜ ਵਕੀਲ ਵਾਂਗ ਪੁੱਛ ਲਿਆ ਕਿ ਇਹ ਮੈਂ ਹੀ ਲਿਖਿਆ ਹੈ! ਮੇਰੇ ਵੱਲੋਂ ਸਵੀਕਾਰ ਕਰ ਲੈਣ ਪਿੱਛੋਂ ਉਹਨਾਂ ਨੇ ਮੇਰੀ ਸ਼ਬਦੀ ਲਾਹ ਪਾਹ ਕਰਨੀ ਸ਼ੁਰੂ ਕਰ ਦਿਤੀ। ਦਫ਼ਤਰ ਵਿਚ ਤਿੰਨ ਸੱਜਣ ਪੁਰਸ਼ ਮੌਜੂਦ ਸਨ। ਮੈਂ ਉਸ ਸਮੇ ਤਾਂ ਹੌਸਲਾ ਨਾ ਹਾਰਿਆ ਤੇ ਤਹੱਮਲ ਨਾਲ਼ ਉਹਨਾਂ ਦੇ ਸਾਹਮਣੇ ਆਪਣਾ ਪੱਖ ਰੱਖਿਆ। ਉਹਨਾਂ ਨੇ ਆਪਣੀ 'ਬਹਾਦਰੀ' ਦਾ ਇਕ ਕਿੱਸਾ ਸੁਣਾ ਕੇ ਵੀ ਮੇਰਾ ਮਨੋ ਬਲ ਡੇਗਣ ਦਾ ਯਤਨ ਕੀਤਾ। ਉਹਨਾਂ ਨੇ ਦੱਸਿਆ ਕਿ ਓਥੇ ਇਕ ਮੇਰੇ ਵਰਗਾ ਹੀ ਗਿਆਨੀ ਸਟੇਜ ਤੇ ਸੰਤਾਂ ਦੇ ਖ਼ਿਲਾਫ਼ ਬੋਲਿਆ ਸੀ ਤੇ ਉਸ ਨੂੰ ਨਾਲ਼ੇ ਚਾਹਟਾ ਛਕਾਇਆ ਗਿਆ ਸੀ ਤੇ ਨਾਲ਼ੇ ਚਾਹਟਾ ਛਕਦੇ ਦੀ ਵੀਡੀਓ ਬਣਾ ਕੇ, ਇੰਟਰਨੈਟ ਤੇ ਵੀ ਚਾਹੜ ਦਿਤੀ ਸੀ।

ਮੈਨੂੰ ਯਾਦ ਆਇਆ ਕਿ ਇਸ ਚਾਹਟਾ ਛਕਾਊ ਘਟਨਾ ਘਟਣ ਸਮੇ, ਮੈ ਇਟਲੀ ਦੇ ਸ਼ਹਿਰ, ਰੀਜੋਮਿਲੀਆ ਵਿਚ ਸਾਂ ਤੇ 'ਦੇਸ ਪਰਦੇਸ' ਵਿਚੋਂ ਇਹ ਖ਼ਬਰ ਪੜ੍ਹ ਕੇ, ਨਿਰਾਸ ਹੋਇਆ ਸਾਂ। ਖ਼ਬਰ ਇਉਂ ਸੀ ਕਿ ਇਕ ਬਜ਼ੁਰਗ ਕਥਾਵਾਚਕ ਨੇ ਸਟੇਜ ਉਪਰ ਸੰਤਾਂ ਨੂੰ ਸ਼ਹੀਦ ਆਖ ਦਿਤਾ ਸੀ ਤੇ ਉਸ ਨੂੰ ਪ੍ਰਬੰਧਕਾਂ ਦੁਆਰਾ ਦਫ਼ਤਰ ਵਿਚ ਸੱਦ ਕੇ, ਉਸ ਦੀ ਚੰਗੀ ਤਰ੍ਹਾਂ ਭੁਗਤ ਸਵਾਰੀ ਗਈ ਸੀ। ਮੈਂ ਰੀਜੋਮਿਲੀਆ ਦੇ ਗੁਰਦੁਆਰੇ ਵਿਚ ਸਜਣ ਵਾਲ਼ੇ ਅਗਲੇ ਐਤਵਾਰੀ ਦੀਵਾਨ ਵਿਚ, ਸਵਾ ਕੁ ਘੰਟਾ ਫਿਰ ਇਸ ਮਸਲੇ ਤੇ ਹੀ ਸੰਗਤਾਂ ਵਿਚ ਆਪਣਾ ਵਿਖਿਆਨ ਦਿਤਾ ਸੀ। ਉਹ ਸਮਾ ਮੈਨੂੰ ਯਾਦ ਆ ਗਿਆ ਤੇ ਆਪਣੇ ਨਾਲ਼ ਵੀ ਓਹੋ ਕੁਝ ਵਾਪਰ ਜਾਣ ਦੀ ਸੰਭਾਵਨਾ ਨੂੰ ਵੇਖਦਿਆਂ ਹੋਇਆਂ ਫਿਰ ਮੈ ਆਪਣੇ ਬਾਰੇ ਜਾਣਕਾਰੀ ਦੇਣ ਦੀ ਲੋੜ ਸਮਝ ਕੇ, ਆਪਣਾ ਬਿਰਤਾਂਤ ਬਿਆਨਿਆਂ। ਨਾਲ਼ ਇਹ ਵੀ ਆਖਿਆ ਕਿ ਜੇਹੜੇ ਤੁਹਾਨੂੰ ਵਿਚਾਰ ਅਣਸੁਖਾਵੇਂ ਲੱਗੇ ਹਨ ਇਹ ਮੇਰੇ ਨਹੀ, ਬਲਕਿ ਮੇਰੀ ਚਿੱਠੀ ਦੇ ਜਵਾਬ ਵਾਲੀ ਚਿੱਠੀ ਦੇ ਲਿਖਾਰੀ ਦੇ ਹਨ। ਉਹਨਾਂ ਨੇ ਮੇਰੀ ਇਸ ਦਲੀਲ ਨੂੰ ਤਾਂ ਮੰਨ ਲਿਆ ਪਰ ਬੜੀ ਹੀ ਯੋਗ ਸ਼ੰਕਾ ਉਠਾਈ ਕਿ ਉਸ ਜਵਾਬ ਦੇ ਅੰਤ ਵਿਚ, ਮੇਰੇ ਵੱਲੋਂ ਲਿਖੀ ਗਈ ਇਕ ਲਾਈਨ, ਉਸ ਜਵਾਬ ਵਿਚਲੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੀ ਹੈ। ਇਹ ਦਲੀਲ ਉਹਨਾਂ ਦੀ ਸਹੀ ਸੀ ਪਰ ਹੋਇਆ ਇਹ ਇਉਂ ਕਿ ਮੈ ਆਪਣੀ ਚਿੱਠੀ ਦੇ ਅੰਤ ਵਿਚ ਇਕ ਲਾਈਨ ਲਿਖੀ ਸੀ। ਪਤਾ ਨਹੀ ਮੇਰੀ ਗ਼ਲਤੀ ਜਾਂ ਛਾਪਣ ਵਾਲਿਆਂ ਦੀ, ਉਹ ਲਾਈਨ ਮੇਰੀ ਚਿੱਠੀ ਦੇ ਅੰਤ ਵਿਚ ਛਪਣ ਦੀ ਥਾਂ, ਅੱਗੇ ਨੂੰ ਖਿਸਕ ਕੇ, ਮੇਰੀ ਚਿੱਠੀ ਦੇ ਜਵਾਬ ਵਿਚ ਆਈ ਚਿੱਠੀ ਦੇ ਅੰਤ ਵਿਚ ਛਪ ਗਈ ਜਿਸ ਤੋਂ ਪ੍ਰਤੱਖ ਸੀ ਕਿ ਮੈਂ ਜਵਾਬ ਦੇਣ ਵਾਲ਼ੇ ਦੇ ਵਿਚਾਰਾਂ ਨਾਲ਼ ਸਹਿਮਤ ਹਾਂ।

ਖ਼ੈਰ, ਸਰੀਰਕ ਸੇਵਾ ਹੋਣ ਦੇ ਭੈ ਤੋਂ ਤਾਂ ਮੈ ਮੁਕਤ ਸਾਂ ਹੀ ਭਾਵੇਂ ਕਿ ਸ਼ਬਦੀ ਮੁਰੰਮਤ ਉਹਨਾਂ ਨੇ ਮੇਰੀ ਖਾਸੀ ਕਰ ਲਈ ਸੀ। ਮੇਰੇ ਸਾਹਮਣੇ ਬੈਠੇ ਚਿੱਟੀ ਦਾਹੜੀ ਵਾਲੇ ਸੱਜਣ ਮੈਨੂੰ ਪਿਓ ਵੀ ਸੰਬੋਧਨ ਕਰਦੇ ਸਨ, ਭਾਵੇਂ ਕਿ ਸਾਡੀਆਂ ਦੋਹਾਂ ਦੀਆਂ ਹੀ ਦਾਹੜੀਆਂ ਚਿੱਟੀਆਂ ਹੋਣ ਕਰਕੇ, ਜੇ ਕੋਈ ਰਿਸ਼ਤਾ ਗੰਢਣ ਦੀ ਲੋੜ ਹੋਵੇ ਵੀ ਤਾਂ ਉਹ ਵੱਡਾ ਭਰਾ ਆਖ ਕੇ ਸੰਬੋਧਨ ਕਰ ਲੈਂਦੇ ਤਾਂ ਵਧੇਰੇ ਢੁਕਵਾਂ ਹੋ ਸਕਦਾ ਸੀ ਪਰ ਇਹ ਮਨੁਖ ਦੇ ਅੰਦਰ ਕੋਈ ਕੁਦਰਤੋਂ ਹੀ ਭਾਵਨਾ ਪਾਈ ਗਈ ਹੋਈ ਹੈ ਕਿ ਉਹ ਖ਼ੁਦ ਨੂੰ ਦੂਜਿਆਂ ਨਾਲ਼ੋਂ ਉਮਰੋਂ ਛੋਟਾ ਤੇ ਅਕਲੋਂ ਵੱਡਾ ਸਮਝਦਾ ਹੈ। ਉਹ ਨਾਲ਼ ਨਾਲ਼ ਕੁਝ ਲਿਖੀ ਜਾਵੇ ਤੇ ਆਖੇ ਕਿ ਇਹ ਸਾਰਾ ਮਾਜਰਾ ਅਖ਼ਬਾਰ ਵਿਚ ਛਾਪਣਾ ਹੈ। ਮੈ ਉਹਨਾਂ ਨੂੰ ਆਪਣੀ ਇਸ 'ਭਿਆਨਕ ਭੁੱਲ' ਦੀ ਹਰ ਤਰ੍ਹਾਂ ਸੁਧਾਈ ਕਰ ਲੈਣ ਦੀ ਪੇਸ਼ਕਸ਼ ਕੀਤੀ। ਕਿਤਾਬ ਦਾ ਉਹ ਹਿੱਸਾ ਕਿਤਾਬ ਵਿਚੋਂ ਪਾੜ ਦੇਣ ਤੇ ਕਿਤਾਬ ਦੀ ਅਗਲੀ ਐਡੀਸ਼ਨ ਵਿਚ ਪੂਰੇ ਪੰਨੇ ਦਾ 'ਮੁਆਫ਼ੀਨਾਮਾ' ਲਾਉਣ ਲਈ ਵੀ ਆਖ ਦਿਤਾ ਪਰ ਉਹਨਾਂ ਦੀ ਇਸ ਨਾਲ਼ ਤਸੱਲੀ ਨਾ ਹੋਈ। ਕਿਸੇ ਸੱਜਣ ਨੇ ਮੈਨੂੰ ਪਿੱਛੋਂ ਦੱਸਿਆ ਸੀ ਕਿ ਮੇਰੇ ਖ਼ਿਲਾਫ਼ ਕਿਸੇ ਵਲੈਤੀ ਅਖ਼ਬਾਰ ਵਿਚ ਉਹ ਖ਼ਬਰ ਛਪੀ ਵੀ ਸੀ।

ਇਸ ਸ਼ਬਦੀ ਲਾਹ ਪਾਹ ਤੋਂ ਮੇਰਾ ਓਥੋਂ ਮਨ ਏਨਾ ਉਪਰਾਮ ਹੋ ਗਿਆ ਕਿ ਮੇਰਾ ਓਥੇ ਇਕ ਪਲ ਵੀ ਰੁਕਣ ਨੂੰ ਜੀ ਨਾ ਕੀਤਾ। ਕਮਰਾ ਮੈਨੂੰ ਰੈਣ ਬਸੇਰੇ ਲਈ ਮਿਲ਼ਿਆ ਹੋਇਆ ਸੀ। ਗੁੰਬੀ ਜੀ ਦੀ ਉਡੀਕ ਕੀਤਿਆਂ ਬਿਨਾ ਹੀ ਮੈ ਆਪਣਾ ਟਿੰਡ ਫਹੁੜੀ ਚੁੱਕਿਆ ਤੇ ਕਮਰੇ ਦੀ ਚਾਬੀ ਗੁੰਬੀ ਜੀ ਦੀ ਸਿੰਘਣੀ ਨੂੰ ਫੜਾ ਕੇ, ਗੁਰਦੁਆਰਿਉਂ ਬਾਹਰ ਹੋ ਗਿਆ। ''ਬੜੇ ਬੇਆਬਰੂ ਹੋ ਕਰ'' ਤਾਂ ਭਾਵੇਂ ਨਹੀ ਆਖਿਆ ਜਾ ਸਕਦਾ ਪਰ, ''ਬੜੇ ਮਾਯੂਸ ਹੋ ਕਰ ਤੇਰੇ ਗੁਰਦੁਆਰਾ ਸੇ ਹਮ ਨਿਕਲੇ'' ਵਾਲ਼ੀ ਅਵਸਥਾ ਤਾਂ ਬਣ ਹੀ ਗਈ ਸੀ; ਸ਼ੇਅਰ ਦੀ ਲਾਈਨ ਭਾਵੇਂ, ''ਬੜੇ ਬੇਆਬਰੂ ਹੋ ਕਰ ਤੇਰੇ ਕੂਚਾ ਸੇ ਹਮ ਨਿਕਲੇ'' ਹੀ ਹੈ।

ਬਾਹਰੋਂ ਗੁਰਦੁਆਰੇ ਦੀ ਸੜਕ ਤੋਂ ਵੀ ਪਰੇ ਜਾ ਕੇ, ਇਕ ਪਾਸੇ ਨੂੰ ਮੁੜੀ ਹੋਈ ਗ਼ਲੀ ਵਿਚੋਂ, ਸ. ਮੋਤਾ ਸਿੰਘ ਸਰਾਇ ਜੀ ਨੂੰ ਫ਼ੋਨ ਕਰਕੇ ਆਖਿਆ ਕਿ ਉਹ ਮੈਨੂੰ ਉਸ ਗ਼ਲੀ ਵਿਚੋਂ ਚੁੱਕ ਲੈਣ। ਸੇਹਤ ਪੂਰੀ ਠੀਕ ਨਾ ਹੋਣ ਕਰਕੇ, ਉਹਨਾਂ ਨੇ ਆਪਣੇ ਮਿੱਤਰ, ਜੁਝਾਰੂ ਵਿਚਾਰਾਂ ਵਾਲ਼ੇ ਪ੍ਰਸਿਧ ਪੰਜਾਬੀ ਕਵੀ, ਸ. ਹਰਜਿੰਦਰ ਸਿੰਘ ਸੰਧੂ ਨੂੰ ਭੇਜਿਆ ਤੇ ਉਹ ਮੈਨੂੰ ਉਸ ਭੀੜੀ ਗ਼ਲੀ ਵਿਚੋਂ ਕਾਰ ਵਿਚ ਬੈਠਾ ਕੇ, ਸ. ਮੋਤਾ ਸਿੰਘ ਹੋਰਾਂ ਦੇ ਘਰ ਲੈ ਗਏ। ਉਹਨਾਂ ਦੋਹਾਂ ਸੁਹਿਰਦ ਸੱਜਣਾਂ ਨੇ ਮੇਰੀ ਵਾਹਵਾ ਦਿਲਜੋਈ ਕੀਤੀ ਤੇ ਆਪਣੇ ਬਣੇ ਪ੍ਰੋਗਰਾਮ ਮੁਤਾਬਿਕ ਓਥੇ ਰੁਕਣ ਲਈ ਭਰਪੂਰ ਪ੍ਰੇਰਨਾ ਕੀਤੀ ਪਰ ਮੈ ਉਸ ਸ਼ਹਿਰ ਵਿਚ ਹੋਰ ਰੁਕਣ ਲਈ ਆਪਣਾ ਮਨ ਨਾ ਬਣਾ ਸਕਿਆ ਤੇ ਸੁਭਾ ਪਹਿਲੀ ਬੱਸ ਤੇ ਹੀ ਸਾਊਥਾਲ ਨੂੰ ਚਾਲੇ ਪਾ ਦਿਤੇ।

ਇਹ ਯਾਤਰਾ ਮੇਰੀ ਸਭ ਤੋਂ ਵਧ ਮਨਚਾਹੀ ਸੀ ਪਰ ਵਿਚਾਲ਼ੇ ਹੀ ਛੱਡਣੀ ਪਈ। ਸਾਊਥਾਲ ਤੋਂ ਪਤਾ ਨਹੀ ਗਿਆਨੀ ਜਗਜੀਤ ਸਿੰਘ ਅਨੰਦ ਜੀ ਹੋਰਾਂ ਨੇ ਮੇਰੇ ਬਾਰੇ, ਉਸ ਗੁਰਦੁਆਰਾ ਸਾਹਿਬ ਦੇ ਸਟੇਜ ਸੈਕਟਰੀ ਜੀ ਨੂੰ ਕੀ ਦੱਸ ਦਿਤਾ ਸੀ ਕਿ ਉਹਨਾਂ ਨੇ ਪਹਿਲਾ ਤੋਂ ਬਣੇ ਹੋਏ ਪ੍ਰੋਗਰਾਮਾਂ ਵਿਚੋਂ ਹੀ ਦੁਪਹਿਰ ਨੂੰ ਅੱਧਾ ਘੰਟਾ, ਇਕ ਹਫ਼ਤੇ ਲਈ ਮੇਰੇ ਵਿਖਿਆਨ ਵਾਸਤੇ ਰੱਖ ਦਿਤਾ। ਇਹ ਪ੍ਰੋਗਰਾਮ ਰੇਡੀਉ ਰਾਹੀਂ ਸਾਰੇ ਯੂਰਪ ਵਿਚ ਲਾਈਵ ਸੁਣਿਆ ਜਾਣਾ ਸੀ। ਇਸ ਤੋਂ ਇਲਾਵਾ ਇਕ ਹੋਰ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਸੁਭਾ ਗੁਰਬਾਣੀ ਦੀ ਤੇ ਸ਼ਾਮ ਨੂੰ ਇਤਿਹਾਸ ਦੀ ਕਥਾ ਦਾ, ਇਕ ਹਫ਼ਤੇ ਦਾ ਪ੍ਰੋਗਰਾਮ ਆਪਣੇ ਗੁਰਦੁਆਰਾ ਸਾਹਿਬ ਵਿਚ ਰੱਖ ਲਿਆ। ਇਹ ਦੋਵੇਂ ਪ੍ਰੋਗਰਾਮ ਨਾਲ਼ੋ ਨਾਲ਼ ਚੱਲਣੇ ਸਨ। ਉਕਤ ਦੋਹਾਂ ਧਾਰਮਿਕ ਪ੍ਰੋਗਰਾਮਾਂ ਤੋਂ ਵੱਖ, ਦੋ ਸਾਹਿਤਕ ਪ੍ਰੋਗਰਾਮ ਵੀ ਰੱਖੇ ਗਏ ਸਨ। ਤਿੰਨ ਕਿਤਾਬਾਂ ਰੀਲੀਜ਼ ਹੋਣੀਆਂ ਸਨ। ਪ੍ਰਬੰਧਕਾਂ ਵੱਲੋਂ ਉਹ ਤਿੰਨੇ ਕਿਤਾਬਾਂ ਮੈਨੂੰ ਦੇ ਕੇ ਆਖਿਆ ਗਿਆ ਸੀ ਕਿ ਉਹਨਾਂ ਕਿਤਾਬਾਂ ਬਾਰੇ ਜਾਣਕਾਰੀ ਦੇਣ ਵਾਲ਼ਾ ਲੈਕਚਰ ਮੈਂ ਕਰਾਂ। ਫਿਰ ਇਕ ਸੰਸਥਾ ਵੱਲੋਂ ਪ੍ਰਸਿਧ ਇਤਿਹਾਸਕਾਰ, ਡਾ. ਹਰਜਿੰਦਰ ਸਿੰਘ ਦਿਲਗੀਰ ਜੀ, ਦਾ ਸਨਮਾਨ ਸਮਾਰੋਹ ਰੱਖਿਆ ਗਿਆ ਸੀ। ਉਸ ਸੰਸਥਾ ਦੇ ਮੁਖੀ ਵੱਲੋਂ ਮੈਨੂੰ ਡਾਕਟਰ ਸਾਹਿਬ ਜੀ ਦੀਆਂ ਪ੍ਰਾਪਤੀਆਂ ਬਾਰੇ ਬੋਲਣ ਲਈ ਆਖਿਆ ਗਿਆ ਸੀ। ਉਸ ਗੁਰਦੁਆਰਾ ਸਾਹਿਬ ਜੀ ਦੇ ਤਿੰਨ ਯੋਗ ਪ੍ਰਬੰਧਕਾਂ ਵੱਲੋ ਮੇਰਾ ਏਨਾ ਭਾਰੀ 'ਸਨਮਾਨ' ਕਰ ਦਿਤਾ ਗਿਆ ਸੀ ਕਿ ਏਨੇ ਮਨ ਭਾਉਂਦੇ ਪ੍ਰੋਗਰਾਮਾਂ ਲਈ ਵੀ ਮੈਂ ਉਸ ਸ਼ਹਿਰ ਵਿਚ ਹੋਰ ਨਾ ਰੁਕ ਸਕਿਆ ਤੇ ਅਗਲੇ ਸਵੇਰੇ ਪਹਿਲੀ ਬੱਸ ਰਾਹੀਂ ਹੀ ਓਥੋਂ ਭੱਜ ਤੁਰਿਆ।

ਇਕ ਗੁਰਦੁਆਰਾ ਸਾਹਿਬ ਵਿਖੇ ਮੈਂ ਪ੍ਰਬੰਧਕਾਂ ਦੇ ਸੱਦੇ ਤੇ ਧਾਰਮਿਕ ਵਿਖਿਆਨਾਂ ਵਾਸਤੇ ਗਿਆ। ਮੁਖੀ ਨੂੰ ਮੈ ਬੇਨਤੀ ਕੀਤੀ ਕਿ ਗੁਰਦੁਆਰਾ ਸਾਹਿਬ ਦੀ ਲਾਇਬ੍ਰੇਰੀ ਲਈ ਮੈਂ ਆਪਣੀ ਨਵੀ ਕਿਤਾਬ 'ਬਾਤਾਂ ਬੀਤੇ ਦੀਆਂ' ਭੇਟਾ ਕਰਨੀ ਹੈ। ਉਹ ਸੰਗਤ ਵਿਚ ਮੈਥੋਂ ਸਵੀਕਾਰ ਕਰ ਲੈਣ। ਉਹਨਾਂ ਨੇ ਇਕ ਕਮੇਟੀ ਮੈਬਰ ਦਾ ਨਾਂ ਲੈ ਕੇ ਕਿਹਾ ਕਿ ਇਹੋ ਜਿਹਾ ਕਾਰਜ ਉਹ ਕਰਦੇ ਹਨ। ਜਦੋਂ ਮੈਂ ਉਸ ਮੈਬਰ ਨੂੰ ਦੱਸਿਆ ਤਾਂ ਉਹਨਾਂ ਨੇ ਆਖਿਆ ਕਿ ਇਸ ਬਾਰੇ ਕਮੇਟੀ ਵਿਚ ਵਿਚਾਰ ਕਰਾਂਗੇ। ਕੁਝ ਦਿਨ ਉਡੀਕਣ ਪਿਛੋਂ ਮੈਂ ਕਮੇਟੀ ਦੇ ਸਾਰੇ ਹੀ ਮੁਖੀ ਸਜਣਾਂ ਨੂੰ ਮੁਫ਼ਤ ਕਿਤਾਬ ਭੇਟਾ ਕਰਨੀ ਚਾਹੀ ਪਰ ਸਾਰਿਆਂ ਨੇ ਹੀ, ਪੜ੍ਹਨ ਲਈ ਟਾਈਮ ਨਾ ਹੋਣ ਦਾ ਬਹਾਨਾ ਲਾ ਕੇ, ਲੈਣੋ ਨਾਂਹ ਕਰ ਦਿਤੀ। ਮੈ ਕਿਤਾਬ ਦੀ ਇਕ ਕਾਪੀ ਗੁਰਦੁਆਰਾ ਸਾਹਿਬ ਦੀ ਸਟੇਜ ਉਪਰ ਰੱਖ ਕੇ ਆ ਗਿਆ।

ਸ਼ਾਇਦ ਇਹ ਗੱਲ ਪਾਠਕਾਂ ਨੂੰ ਦਿਲਚਸਪ ਲੱਗੇ ਕਿ ਉਸ ਕਮੇਟੀ ਦੇ ਇਹ ਮੁਖੀ ਸੱਜਣ ਪੰਜ ਕਕਾਰ ਦੇ ਧਾਰਨੀ ਸਿੰਘ ਸਨ। ਇਹਨਾਂ ਦੀ ਰੀਸੇ ਬਾਕੀ ਮੈਂਬਰਾਂ ਨੇ ਵੀ, ਪੜ੍ਹਨ ਵਾਸਤੇ ਸਮਾ ਨਾ ਹੋਣ ਦਾ ਬਹਾਨਾ ਲਾ ਕੇ, ਕਿਤਾਬ ਲੈਣੋ ਇਨਕਾਰ ਕਰ ਦਿਤਾ। ਹਾਲਾਂ ਕਿ ਕਿਤਾਬ ਦੀ ਕੀਮਤ ਵਾਲ਼ੀ ਕੋਈ ਗੱਲ ਨਹੀ ਸੀ; ਮੈਂ ਸਿਰਫ ਪ੍ਰੇਮ ਭੇਟਾ ਵਜੋਂ ਹੀ ਦੇ ਰਿਹਾ ਸੀ। ਇਹ ਗੱਲ ਵੱਖਰੀ ਹੈ ਕਿ ਉਸ ਇਲਾਕੇ ਦੇ ਪੰਜਾਬੀ ਪ੍ਰੇਮੀਆਂ ਵਿਚ ਮੈਂ ਇਸ ਕਿਤਾਬ ਦੀਆਂ ਸੱਠ ਕਾਪੀਆਂ ਵੰਡ ਆਇਆ ਜਿਨ੍ਹਾਂ ਵਿਚੋਂ ਅੱਧੀਆਂ ਤੋਂ ਵਧ, ਪਾਠਕਾਂ ਨੇ, ਕੀਮਤ ਦੇ ਕੇ ਖ਼ਰੀਦੀਆਂ।

ਵਾਹਵਾ ਚਿਰ ਪਿੱਛੋਂ ਕੁਝ ਸੱਜਣਾਂ ਪਾਸੋਂ ਪ੍ਰਬੰਧਕਾਂ ਦੀ ਇਸ ਬੇਰੁਖੀ ਦੇ ਕਾਰਨ ਦਾ ਪਤਾ ਲੱਗਾ: ਮੇਰੀ ਤੀਜੀ ਕਿਤਾਬ ਵਿਚ ਕਿਸੇ ਉਸ ਸੱਜਣ ਬਾਰੇ 'ਕੁਝ ਚੰਗਾ' ਛਪ ਗਿਆ ਸੀ ਜਿਸ ਨੂੰ ਉਹ ਪਸੰਦ ਨਹੀ ਸਨ ਕਰਦੇ। ਕਿੰਨਾ ਚੰਗਾ ਹੁੰਦਾ ਜੇ ਉਹ ਸੁਘੜ ਸੱਜਣ ਅਜਿਹੀ ਬਹਾਨੇਬਾਜੀ ਕਰਨ ਦੀ ਬਜਾਇ ਸਿੱਧਾ ਮੈਨੂੰ ਹੀ ਸਹੀ ਕਾਰਨ ਦੱਸ ਦਿੰਦੇ। ਮੇਰੇ ਕੋਲ਼ ਕੇਹੜੀ ਭੰਗੀਆਂ ਵਾਲ਼ੀ ਤੋਪ ਸੀ ਜੇਹੜੀ ਮੈਂ ਉਹਨਾਂ ਵੱਲ ਸੇਧ ਦੇਣੀ ਸੀ।

ਇਕ ਸੱਜਣ ਮੇਰੇ ਛੋਟੇ ਭਰਾ ਸ. ਸੇਵਾ ਸਿੰਘ ਦੇ ਜਮਾਤੀ ਤੇ ਮਿੱਤਰ ਹਨ। ਗੁਰੂ ਨਾਨਕ ਯੂਨੀਵਰਸਿਟੀ ਦੇ ਇਕ ਸੈਮੀਨਾਰ ਵਿਚ ਅਸੀਂ ਪਹਿਲੀ ਵਾਰ ਮਿਲ਼ੇ ਤੇ ਫਿਰ ਇਕ ਪਰਵਾਰਕ ਸਮਾਗਮ ਵਿਚ ਅਸੀਂ ਇਕ ਦੂਜੇ ਦੇ ਵਧੇਰੇ ਸੰਪਰਕ ਵਿਚ ਆਏ ਤੇ ਪਰਸਪਰ ਪ੍ਰਸੰਸਕ ਵੀ ਬਣ ਗਏ। ਮੇਰੀ ਦੂਸਰੀ ਕਿਤਾਬ 'ਉਜਲ ਕੈਹਾਂ ਚਿਲਕਣਾ' ਪੜ੍ਹ ਕੇ, ਉਹਨਾਂ ਨੇ ਉਸ ਦੀ ਏਨੀ ਪ੍ਰਸੰਸਾ ਕੀਤੀ ਕਿ ਸ਼ਾਇਦ ਹੀ ਕਿਸੇ ਹੋਰ ਕਿਤਾਬ ਦੀ ਉਹਨਾਂ ਨੇ ਕੀਤੀ ਹੋਵੇ! ਉਹ ਕਿਤਾਬ ਸਵਾ ਦੋ ਸੌ ਪੰਨੇ ਦੀ ਸੀ ਤੇ ਹੁਣ ਵਾਲ਼ੀ ਸਾਢੇ ਚਾਰ ਸੌ ਪੰਨੇ ਦੀ ਹੋਣ ਦੇ ਨਾਲ਼ ਇਸ ਵਿਚ ਰੰਗਦਾਰ ਫੋਟੋਆਂ ਵੀ ਸਨ। ਮੈ ਤਾਂ ਪਹਿਲੀ ਕਿਤਾਬ ਦੇ ਹਿਸਾਬ ਨਾਲ਼ ਉਹਨਾਂ ਪਾਸੋਂ ਪ੍ਰਸੰਸਾ ਦੀ ਝਾਕ ਰੱਖੀ ਬੈਠਾ ਸਾਂ। ਆਪਣੀਆਂ ਸਾਰੀਆਂ ਕਿਤਾਬਾਂ ਦੀਆਂ ਜਿੰਨੀਆਂ ਵੀ ਕਾਪੀਆਂ ਉਹਨਾਂ ਨੇ ਯੋਗ ਪਾਠਕਾਂ ਲਈ ਮੰਗੀਆਂ ਮੈਂ ਖ਼ੁਸ਼ੀ ਸਹਿਤ, ਉਹਨਾਂ ਨੂੰ ਭੇਟਾ ਕੀਤੀਆਂ। ਆਰਾਮ ਨਾਲ਼ ਉਹਨਾਂ ਦੀ ਪ੍ਰਸੰਸਾ ਇਹਨਾਂ ਸ਼ਬਦਾਂ ਦੁਆਰਾ ਪਰਗਟ ਹੋਈ, "ਆਪਣੇ ਟੱਬਰ ਬਾਰੇ ਹੀ ਬਹੁਤਾ ਦੱਸਿਆ ਹੈ।" ਦੱਸੋ ਭਈ ਜੇ ਮੈਂ ਲਿਖ ਹੀ ਆਪਣੇ 'ਬੀਤੇ ਦੀਆਂ ਬਾਤਾਂ' ਰਿਹਾ ਹਾਂ ਤਾਂ ਆਪਣੇ ਟੱਬਰ ਨੂੰ ਛੱਡ ਕੇ ਹੋਰ ਕਿਸ ਦੇ ਟੱਬਰ ਬਾਰੇ ਲਿਖਦਾ!

ਆਪਣੀਆਂ ਕਿਤਾਬਾਂ ਦੀ ਪ੍ਰਮੋਸ਼ਨ ਆਖ ਲਵੋ ਜਾਂ ਉਹਨਾਂ ਨੂੰ ਪਾਠਕਾਂ ਦੇ ਹੱਥਾਂ ਤੱਕ ਪੁਚਾਉਣ ਲਈ, ਮੈ ਆਸਟ੍ਰੇਲੀਆ ਦੇ ਹੀ ਇਕ ਸ਼ਹਿਰ ਵਿਚ ਗਿਆ ਹੋਇਆ ਸਾਂ। ਓਥੇ ਇਕ ਬਹੁਤ ਹੀ 'ਚੜ੍ਹਦੀਕਲਾ' ਵਾਲ਼ੇ ਸਿੰਘ ਜੀ ਦੇ ਦਰਸ਼ਨ ਹੋਏ। ਦੋ ਚਾਰ ਵਾਰੀਂ ਤਾਂ ਮੈ ਉਹਨਾਂ ਦੇ ਗੁਰਮੁਖੀ ਲਿਬਾਸ ਤੋਂ ਪ੍ਰਭਾਵਤ ਹੋ ਕੇ ਫ਼ਤਿਹ ਬੁਲਾਈ। ਉਹ ਰਸਮੀ ਜਿਹਾ ਜਵਾਬ ਦੇ ਕੇ ਅੱਗੇ ਲੰਘ ਜਾਇਆ ਕਰਨ। ਇਕ ਦਿਨ ਉਹਨਾਂ ਨੇ ਮੇਰੇ ਕੋਲ਼ ਆ ਕੇ ਪਹਿਲਾਂ ਬੁਲਾਉਣ ਦੀ ਕਿਰਪਾ ਕਰ ਲਈ ਤੇ ਆਖਿਆ, "ਮੈ ਤੁਹਾਡੇ ਨਾਲ਼ ਤੁਹਾਡੀਆਂ ਕਿਤਾਬਾਂ ਬਾਰੇ ਗੱਲ ਕਰਨੀ ਹੈ।" "ਕਰੋ ਜੀ।" ਮੇਰਾ ਜਵਾਬ ਸੁਣ ਕੇ ਉਹਨਾਂ ਨੇ ਆਖਿਆ, "ਮੈ ਤੁਹਾਡੀਆਂ ਤਿੰਨੇ ਕਿਤਾਬਾਂ ਪੜ੍ਹੀਆਂ ਹਨ। ਇਕ ਕਿਤਾਬ ਵਿਚ ਤੁਸੀਂ ਦੋ ਗ਼ਲਤੀਆਂ ਕੀਤੀਆਂ ਹਨ।" ਇਹ ਗੱਲ ਠੀਕ ਸੀ। ਇਕ ਗ਼ਲਤੀ ਤਾਂ ਪ੍ਰਕਾਸ਼ਕਾਂ ਦੇ ਪਰੂਫ਼ ਰੀਡਰ ਦੀ ਸੀ। ਮੇਰੇ ਠੀਕ ਲਿਖੇ ਨੂੰ ਉਹਨਾਂ ਨੇ ਗ਼ਲਤ ਸਮਝ ਕੇ, ਖ਼ੁਦ ਠੀਕ ਕਰਨ ਦੇ ਚਾ ਵਿਚ, ਠੀਕ ਨੂੰ ਗ਼ਲਤ ਕਰ ਦਿਤਾ ਸੀ। ਬਾਵਜੂਦ ਪੰਜਾਬੀ ਸ਼ਬਦ ਜੋੜਾਂ ਬਾਰੇ ਬਹੁਤ ਸਨਕੀ ਹੋਣ ਦੇ ਵੀ, ਮੇਰੀਆਂ ਕਿਤਾਬਾਂ ਵਿਚ ਦੂਜੇ ਲੇਖਕਾਂ ਨਾਲ਼ੋਂ ਸ਼ਬਦ ਜੋੜਾਂ ਦੀਆਂ ਵਧ

ਗ਼ਲਤੀਆਂ ਰਹਿ ਜਾਂਦੀਆਂ ਹਨ। ਮੈ ਪ੍ਰਕਾਸ਼ਕਾਂ ਨੂੰ ਆਪਣੇ ਸਬਦ ਜੋੜ ਨਾ ਬਦਲਣ ਲਈ ਆਖਦਾ ਹਾਂ। ਇਸ ਦੇ ਬਾਵਜੂਦ ਉਹ ਮੇਰੇ 'ਠੀਕਾਂ' ਨੂੰ ਗ਼ਲਤ ਕਰ ਦਿੰਦੇ ਹਨ ਤੇ 'ਗ਼ਲਤਾਂ' ਨੂੰ ਠੀਕ ਨਹੀ ਕਰਦੇ। ਧੰਨਵਾਦ ਸਹਿਤ ਸਿੰਘ ਜੀ ਦੀ ਇਸ ਸੁਧਾਰ ਵਾਲ਼ੀ ਗੱਲ ਨੂੰ ਮੈਂ ਮੰਨ ਲਿਆ। ਦੂਜੀ ਗੱਲ ਬਾਰੇ ਸਾਡੇ ਵਿਚ ਵਿਚਾਰਾਂ ਦਾ ਫਰਕ ਹੋਣ ਕਰਕੇ ਉਹਨਾਂ ਨੇ ਮੇਰੀ ਗੱਲ ਨੂੰ ਗ਼ਲਤ ਆਖਿਆ। ਪੂਰੀ ਤਰ੍ਹਾਂ ਉਹਨਾਂ ਦੇ ਵਿਚਾਰਾਂ ਨਾਲ਼ ਸਹਿਮਤ ਨਾ ਹੋ ਸਕਣ ਦੇ ਬਾਵਜੂਦ ਵੀ ਮੈਂ ਧੰਨਵਾਦ ਸਹਿਤ ਉਹਨਾਂ ਦੇ ਵਿਚਾਰਾਂ ਨੂੰ ਸਵੀਕਾਰਿਆ ਅਤੇ ਅਗਲੀ ਐਡੀਸ਼ਨ ਵਿਚ ਸੁਧਾਰ ਕਰਨ ਦਾ ਇਕਰਾਰ ਕਰ ਲਿਆ। ਤਿੰਨ ਕਿਤਾਬਾਂ ਪੜ੍ਹ ਕੇ ਉਹਨਾਂ ਨੂੰ ਸਿਰਫ਼ ਦੋ ਹੀ ਗ਼ਲਤੀਆਂ ਲਭੀਆਂ ਤੇ ਚੰਗੇ ਸਖ਼ਤ ਸ਼ਬਦਾਂ ਰਾਹੀਂ ਉਹਨਾਂ ਨੇ ਮੈਨੂੰ ਗ਼ਲਤ ਸਾਬਤ ਕੀਤਾ। ਇਹ ਮੇਰੇ ਵਾਸਤੇ ਖ਼ੁਸ਼ਕਿਸਮਤੀ ਵਾਲ਼ੀ ਗੱਲ ਹੀ ਸੀ।

ਵਿਚਾਰ ਵਟਾਂਦਰੇ ਦੌਰਾਨ ਵੈਸੇ ਹੀ ਪੁੱਛ ਲਿਆ ਕਿ ਮੈਂ ਤਾਂ ਉਹਨਾਂ ਨੂੰ ਕਿਤਾਬਾਂ ਦਿਤੀਆਂ ਨਹੀ, ਉਹਨਾਂ ਪਾਸ ਕਿਵੇਂ ਪਹੁੰਚ ਗਈਆਂ ਦੇ ਉਤਰ ਵਿਚ ਉਹਨਾਂ ਨੇ ਦੱਸਿਆ ਕਿ ਉਹ ਮੈਨੂੰ ਦੱਸਿਆਂ ਤੋਂ ਬਿਨਾ ਹੀ, ਕਮਰੇ ਵਿਚ ਪਈਆਂ ਵੇਖ ਕੇ ਚੁੱਕ ਲਗਏ ਸਨ। ਬਾਕੀ ਗੱਲਾਂ ਬਾਰੇ ਜੇ ਉਹਨਾਂ ਨੇ ਆਪਣੇ ਵਿਚਾਰ ਪਰਗਟ ਨਹੀ ਕੀਤੇ ਤਾਂ ਮੈ ਖ਼ੁਦ ਨੂੰ ਖ਼ੁਦ ਹੀ 'ਥਾਪੀ' ਦੇ ਲਈ ਕਿ ਭਾਵੇਂ ਉਹਨਾਂ ਨੇ, ਮੇਰੇ ਵੱਲੋਂ ਇਸ ਉਮਰ ਅਤੇ ਬਹੁਤ ਹੀ ਸੀਮਤ ਸਾਧਨਾਂ ਦੇ ਬਾਵਜੂਦ ਕੀਤੇ ਤੇ ਕੀਤੇ ਜਾ ਰਹੇ ਸਾਹਿਤਕ ਸੇਵਾ ਦੇ ਉਦਮ, ਖ਼ਰਚ, ਖੇਚਲ਼ ਆਦਿ ਦੀ ਸ਼ਲਾਘਾ ਨਹੀਂ ਕੀਤੀ ਪਰ ਉਹਨਾਂ ਵੱਲੋਂ ਹੋਰ ਗ਼ਲਤ ਨਾ ਆਖਣਾ ਵੀ ਇਕ ਤਰ੍ਹਾਂ ਨਾਲ਼ ਸਹੀ ਸਮਝਿਆ ਗਿਆ ਸਮਝ ਲੈਣਾ ਚਾਹੀਦਾ ਹੈ।

ਤਾਜਾ ਹੀ ਵਾਕਿਆ ਹੈ ਕਿ ਦੇਸੋਂ ਨਵੇਂ ਆਏ ਇਕ ਨੌਜਵਾਨ ਨੂੰ ਮੈਂ ਆਪਣੀ ਲੇਟੈਸਟ ਕਿਤਾਬ 'ਜੋ ਵੇਖਿਆ ਸੋ ਆਖਿਆ' ਦੀ ਦੂਜੀ ਐਡੀਸ਼ਨ ਦੀ ਇਕ ਕਾਪੀ ਭੇਟਾ ਕੀਤੀ। ਤਕਰੀਬਨ ਤਿੰਨ ਕੁ ਹਫ਼ਤਿਆਂ ਪਿੱਛੋਂ ਉਹ ਕਿਤਾਬ ਮੈਨੂੰ ਮੋੜਦਾ ਹੋਇਆ ਆਖਣ ਲੱਗਾ, "ਅਹਿ ਆਪਣੀ ਕਿਤਾਬ ਵਾਪਸ ਲੈ ਲਓ ਜੀ। ਮੇਰੇ ਪਾਸ ਟਾਈਮ ਨਹੀਂ ਹੈ ਪੜ੍ਹਨ ਦਾ ਤੇ ਬਿਨਾ ਪੜ੍ਹਨ ਤੋਂ ਘਰ ਵਿਚ ਕਿਤਾਬ ਰੱਖਣੀ ਪਾਪ ਹੈ।"

ਮੇਰੀਆਂ ਲਿਖਤਾਂ ਦਾ ਅਜਿਹਾ 'ਸਵਾਗਤ' ਹੁੰਦਾ ਵੇਖ ਕੇ ਇਕ ਦਿਨ, ਆਸਟ੍ਰੇਲੀਆ ਤੋਂ ਛਪਦੇ ਲੀਡਿੰਗ ਪੰਜਾਬੀ ਪਰਚੇ 'ਪੰਜਾਬ ਐਕਸਪ੍ਰੈਸ' ਦੇ ਮੁਖ ਸੰਪਾਦਕ, ਸ. ਰਾਜਵੰਤ ਸਿੰਘ ਜੀ, ਨੇ ਠੀਕ ਹੀ ਆਖਿਆ ਸੀ। ਗੱਲ ਇਹ ਇਉਂ ਹੋਈ:

ਇਕ ਦਿਨ ਗੁਰਦੁਆਰਾ ਸਾਹਿਬ ਦੇ ਐਤਵਾਰੀ ਦੀਵਾਨ ਉਪ੍ਰੰਤ ਉਹ ਫੋਟੋਆਂ ਖਿੱਚੀ ਜਾਣ। ਜਿਨ੍ਹਾਂ ਸੱਜਣਾਂ ਦੀਆਂ ਫੋਟੋ ਖਿੱਚੀਆਂ ਜਾ ਰਹੀਆਂ ਸਨ ਉਹਨਾਂ ਦੇ ਵਿਚੇ ਮੈ ਵੀ ਖਲੋਤਾ ਹੋਇਆ ਸਾਂ। ਆਪਣੇ ਸੁਭਾ ਅਨੁਸਾਰ ਮੈ ਆਖਿਆ, "ਜੇ ਮੇਰੀ ਫੋਟੋ ਅਖ਼ਬਾਰ ਵਿਚ ਨਾ ਜੜੀ ਤਾਂ ਮੈ ਤੁਹਾਡੇ ਖ਼ਿਲਾਫ਼ ਪੰਥਕ ਕਾਰਵਾਈ ਕਰ ਦੇਣੀ ਆਂ!" ਉਤਰ ਵਿਚ ਰਾਜਵੰਤ ਸਿੰਘ ਜੀ ਬੋਲੇ, "ਤੁਸੀਂ ਕੋਈ ਅਜਿਹਾ ਚੰਨ ਚਾਹੜੋ ਜਿਸ ਦੀ ਕੋਈ ਵਰਨਣ ਯੋਗ ਖ਼ਬਰ ਬਣੇ ਤਾਂ ਮੈ ਛਾਪਾਂ ਵੀ। ਇਹ ਵੀ ਕੋਈ ਖ਼ਬਰ ਹੋਈ ਕਿ ਫਲਾਣੇ ਥਾਂ ਤੋਂ ਗਿਆਨੀ ਜੀ ਨੂੰ ਪਈਆਂ। ਜੇ ਇਉਂ ਖ਼ਬਰ ਹੋਵੇ ਕਿ ਫਲਾਣੇ ਥਾਂ ਤੋਂ ਗਿਆਨੀ ਜੀ ਪੈਣੋ ਬਚ ਗਏ। ਫੇਰ ਤਾਂ ਕੋਈ ਛਪਣ ਯੋਗ ਖ਼ਬਰ ਵੀ ਬਣੇ ਤਾਂ ਮੈ ਛਾਪਾਂ ਵੀ।"

# ਪੰਜਾਬੀ ਸ਼ਬਦ-ਜੋੜਾਂ ਦੀ ਸਰਲਤਾ ਤੇ ਸਮਾਨਤਾ

## ਮੁਢਲੀ ਗੱਲ:

ਪੰਜਾਬੀ ਦੇ ਸ਼ਬਦ-ਜੋੜਾਂ ਦੀ, ਅੰਗ੍ਰੇਜ਼ੀ ਵਾਂਗ ਇਕਸਾਰਤਾ ਦੀ ਆਸ ਰੱਖਣਾ, ਕੁਝ ਕੁਝ, ਖੋਤੇ ਦੇ ਸਿਰੋਂ ਸਿੰਙਾਂ ਦੀ ਭਾਲ਼ ਕਰਨ ਵਾਂਙ ਹੀ ਹੈ। ਇਸ ਦੇ ਕਈ ਕਾਰਨ ਹਨ। ਇਕ ਤਾਂ ਇਹ ਹੈ ਕਿ ਹਰ ਕੋਈ, ਸਮੇਤ ਮੇਰੇ, ਸਮਝਦਾ ਹੈ ਕਿ ਜਿਸ ਤਰ੍ਹਾਂ ਮੈਂ ਲਿਖਦਾ ਹਾਂ ਓਹੀ ਸ਼ੁਧ ਹੈ; ਬਾਕੀ ਸਾਰੇ ਗ਼ਲਤ ਹਨ। ਇਸ ਲਈ ਹਰ ਕੋਈ ਆਪਣੀ ਮਨ ਮਰਜੀ ਅਨੁਸਾਰ ਲਿਖੀ ਜਾਂਦਾ ਹੈ ਤੇ ਇਸ ਬਾਰੇ ਕਦੀ ਵਿਚਾਰ ਵੀ ਨਹੀ ਕਰਦਾ।

ਇਹ ਵੀ ਠੀਕ ਹੈ ਕਿ ਸ਼ਬਦ ਭਾਸ਼ਾ ਨੂੰ ਪ੍ਰਗਟਾਉਣ ਦਾ ਕੇਵਲ ਇਕ ਜ਼ਰੀਆ ਹਨ ਤੇ ਸ਼ਬਦਾਂ ਨੂੰ ਅੱਖਰਾਂ ਰਾਹੀਂ ਲਿਖਿਆ ਜਾਣਾ ਹੈ। ਜੇਕਰ ਸ਼ਬਦ ਪੜ੍ਹ ਕੇ ਸਮਝਿਆ ਜਾ ਸਕਦਾ ਹੈ ਤੇ ਲਿਖਾਰੀ ਦੀ ਗੱਲ ਪਾਠਕ ਦੀ ਸਮਝ ਵਿਚ ਆ ਗਈ ਹੈ ਤਾਂ ਠੀਕ ਹੀ ਹੈ। ਇਸ ਵਿਚ ਕੋਈ ਗ਼ਲਤੀ ਨਹੀ। ਜੇਕਰ ਕੱਪੜਾ ਗਰਮੀ ਸਰਦੀ ਤੋਂ ਸਰੀਰ ਨੂੰ ਬਚਾਉਂਦਾ ਹੈ ਤੇ ਪੜਦਾ ਕੱਜਦਾ ਹੈ ਤਾਂ ਆਪਣਾ ਮਕਸਦ ਪੂਰਾ ਕਰ ਰਿਹਾ ਹੈ ਤੇ ਜੇਕਰ ਇਸ ਦੇ ਨਾਲ਼ ਨਾਲ਼ ਢੁਕਵਾਂ ਫੱਬਵਾਂ ਵੀ ਹੋਵੇ ਤਾਂ ਸੋਨੇ ਤੇ ਸੁਹਾਗੇ ਵਾਂਙ, ਸਾਡੀ ਸ਼ਖ਼ਸੀਅਤ ਨੂੰ ਨਿਖਾਰਨ ਵਿਚ ਵੀ ਭਰਪੂਰ ਹਿੱਸਾ ਪਾਉਂਦਾ ਹੈ। ਏਸੇ ਲਈ ਸਿਆਣਿਆਂ ਨੇ ਮਨੁਖ ਦੀ ਸ਼ਖ਼ਸੀਅਤ ਦਾ ਅੰਦਾਜ਼ਾ ਲਗਾਉਣ ਲਈ ਜਿਥੇ ਰਫ਼ਤਾਰ ਤੇ ਗੁਫ਼ਤਾਰ ਨੂੰ ਸਾਹਮਣੇ ਰੱਖਿਆ ਹੈ ਓਥੇ ਆਰੰਭ ਵਿਚ ਦਸਤਾਰ (ਲਿਬਾਸ) ਨੂੰ ਵੀ ਓਨੀ ਹੀ ਮਹੱਤਤਾ ਦਿਤੀ ਹੈ।

ਇਸ ਲਈ ਜੇਕਰ ਅਸੀਂ ਪੰਜਾਬੀ ਭਾਸ਼ਾ ਨੂੰ ਲਿਖਣ ਵਾਲ਼ੀ ਲਿੱਪੀ 'ਗੁਰਮੁਖੀ' ਦੇ ਸ਼ਬਦ-ਜੋੜਾਂ ਨੂੰ ਵੀ ਬੋਲਣ ਦੇ ਨੇੜੇ ਨੇੜੇ ਰੱਖਦੇ ਹੋਏ, ਇਹਨਾਂ ਵਿਚ ਸਰਲਤਾ ਤੇ ਸਮਾਨਤਾ ਲਿਆਉਣ ਵਿਚ ਹਿੱਸਾ ਪਾ ਸਕਦੇ ਹੋਈਏ ਤਾਂ ਇਹ ਹੋਰ ਵੀ ਚੰਗੇਰੀ ਗੱਲ ਹੋਵੇਗੀ।

ਮੇਰੇ ਵਿਚਾਰ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ, ਬਹੁਤ ਸਮਾ, ਮੇਹਨਤ ਤੇ ਧਨ ਖ਼ਰਚ ਕੇ ਤਿਆਰ ਕੀਤਾ ਗ੍ਰੰਥ, 'ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼' ਬਹੁਤ ਲਾਭਕਾਰੀ ਸਾਬਤ ਹੋ ਸਕਦਾ ਹੈ। ਸੰਪਾਦਕਾਂ. ਕੰਪੋਜ਼ਰਾਂ, ਪਰੂਫ਼ ਰੀਡਰਾਂ ਤੇ ਇਸ ਪਾਸੇ ਦਾ ਸ਼ੌਕ ਰੱਖਣ ਵਾਲ਼ੇ ਹੋਰ ਸਭ ਸੱਜਣਾਂ ਲਈ ਜ਼ਰੂਰ ਇਹ ਗ੍ਰੰਥ ਲਾਭਕਾਰੀ ਹੋਵੇਗਾ। ਮੈਂ ਵੀ ਗੁਰਦੁਆਰਾ ਸਾਹਿਬ ਪਰਥ, ਵੈਸਟ ਆਸਟ੍ਰੇਲੀਆ, ਦੀ ਲਾਇਬ੍ਰੇਰੀ ਵਿਚ ਹੀ ਇਸ ਤੇ ਚਲਾਵੀਂ ਜਿਹੀ ਝਾਤ ਪਾਈ ਸੀ। ਜਦੋਂ ਵੀ ਦੇਸ਼ ਗਿਆ ਇਸ ਨੂੰ ਲੈ ਕੇ ਆਵਾਂਗਾ।

*(ਹੁਣ ਇਸ ਗ੍ਰੰਥ ਨੂੰ ਜਰਾ ਜ਼ਿਆਦਾ ਗਹੁ ਨਾਲ਼ ਵੇਖਣ ਤੇ ਪਤਾ ਲੱਗਾ ਹੈ ਕਿ ਇਸ ਵਿਚ ਮੇਰੀ ਸੋਚ ਨਾਲ਼ੋਂ ਕਿਤੇ ਵਧ ਖਾਮੀਆਂ ਹਨ। ਇਸ ਵਿਚ ਦਰਸਾਏ ਗਏ ਨਿਯਮਾਂ ਨੂੰ ਖ਼ੁਦ ਇਸ ਗ੍ਰੰਥ ਦੇ ਲਿਖਾਰੀਆਂ ਨੇ ਵੀ ਨਹੀ ਅਪਣਾਇਆ। ਇਸ ਬਾਰੇ ਜਾਣਕਾਰੀ ਦੇਣ ਵਾਲੀਆਂ ਲਿਖਤਾਂ ਵਿਚ ਹੋਰ ਜੋੜ ਹਨ ਤੇ ਨਿਯਮਾਂ ਵਿਚ ਹੋਰ। ਫਿਰ ਸਿੰਘ ਬਰਦਰਜ਼ ਵਾਲ਼ੇ ਸ. ਗੁਰ ਸਾਗਰ ਸਿੰਘ ਜੀ ਤੋਂ ਪਤਾ ਲੱਗਾ ਹੈ ਕਿ ਗ੍ਰੰਥ ਦੀ ਤਿਆਰੀ ਤੋਂ ਬਾਅਦ ਬਣਨ ਵਾਲ਼ੇ ਵੀ.ਸੀ. ਸਾਹਿਬ ਨੇ ਇਕ ਹੋਰ ਕਿਤਾਬਚਾ ਛਾਪ ਕੇ ਇਹਨਾਂ ਵਿਚ ਵੀ ਅਦਲਾ ਬਦਲੀ ਕਰ ਦਿਤੀ ਹੈ।)*

## ਪੰਜਾਬੀ ਦੇ ਸ਼ਬਦ-ਜੋੜਾਂ ਦੀ ਘੜਮੱਸ ਚੌਦੇਂ

ਵੈਸੇ ਤਾਂ ਇਹਨਾਂ ਦਿਨਾਂ ਵਿਚ ਪੰਜਾਬੀ ਪੜ੍ਹਨ ਤੇ ਲਿਖਣ ਦਾ ਯਤਨ ਕਰਨਾ ਹੀ ਪ੍ਰਸੰਸਾ ਦੇ ਯੋਗ ਕਾਰਜ ਹੈ ਤੇ ਫੇਰ ਜੇਕਰ ਕੋਈ ਵਿਦਵਾਨ ਲਿਖਣ ਸਮੇ ਇਸ ਦੇ ਸ਼ਬਦ-ਜੋੜਾਂ ਦੀ ਸਰਲਤਾ ਤੇ ਸਮਾਨਤਾ ਨੂੰ ਵੀ ਧਿਆਨ ਵਿਚ ਰੱਖਣ ਦਾ ਯਤਨ ਕਰੇ ਤਾਂ ਇਹ ਸੋਨੇ ਤੇ ਸੁਹਾਗੇ ਵਾਲ਼ੀ ਗੱਲ ਹੋਵੇਗੀ। ਜੇਕਰ ਹੋ ਸਕੇ ਤਾਂ ਅਸੀਂ ਇਸ ਨੂੰ ਲਿਖਣ ਵਾਲ਼ੇ, ਸਮਰੱਥਾ ਅਨੁਸਾਰ, ਕੁਝ ਹੋਰ ਉਦਮ ਕਰਕੇ, ਇਹਨਾਂ ਵਿਚ ਸਰਲਤਾ ਤੇ ਇਕਸਾਰਤਾ ਲਿਆਉਣ ਦਾ, ਸਹਿੰਦਾ ਸਹਿੰਦਾ ਯਤਨ ਕਰਦੇ ਰਹੀਏ ਤਾਂ ਇਹ ਵੀ ਮਾਂ-ਬੋਲੀ ਦੀ ਇਕ ਕਿਸਮ ਦੀ ਸੇਵਾ ਹੀ ਹੋਵੇਗੀ। ਇਹ ਵੀ ਸੱਚ ਹੈ ਕਿ ਹਰ ਲੇਖਕ ਆਪਣੀ ਮਰਜੀ ਅਨੁਸਾਰ ਸ਼ਬਦ-ਜੋੜਾਂ ਦੀ ਵਰਤੋਂ ਕਰਦਾ ਹੈ; ਇਸ ਤਰ੍ਹਾਂ ਕਰਨ ਨੂੰ ਉਹ ਠੀਕ ਵੀ ਸਮਝਦਾ ਹੈ ਤੇ ਇਉਂ ਸਮਝਣਾ ਉਸ ਦਾ ਹੱਕ ਵੀ ਹੈ। ਹਰੇਕ ਵਿਦਵਾਨ ਲਿਖਾਰੀ ਦੇ ਇਸ ਹੱਕ ਦਾ ਆਦਰ ਕਰਦਿਆਂ ਹੋਇਆਂ ਵੀ, ਇਕਸਾਰਤਾ ਵਾਸਤੇ, ਯਥਾਸ਼ਕਤਿ ਉਦਮ ਕਰਨ ਦਾ, ਸਾਡਾ ਵੀ ਹੱਕ ਬਣਦਾ ਹੈ।

ਇਹਨੀ ਦਿਨੀਂ ਪੰਜਾਬੀ ਸ਼ਬਦ-ਜੋੜਾਂ ਦੀ ਤਾਂ ਗਿਆਨੀ ਗਿਆਨ ਸਿੰਘ ਜੀ ਅਨੁਸਾਰ,

*ਅੰਨ੍ਹੀ ਕਉ ਬੋਲ਼ਾ ਘੜੀਸੈ॥*
*ਨ ਉਸ ਸੁਣੈ ਨ ਉਸ ਦੀਸੈ॥*

ਵਾਲ਼ੀ ਹਾਲਤ ਹੈ। ਹਰ ਕੋਈ ਆਪਣੀ ਮਰਜੀ ਨਾਲ਼ ਹੀ ਲਿਖੀ ਜਾਂਦਾ ਹੈ। ਇਕ ਇਕ ਪੰਜਾਬੀ ਸ਼ਬਦ ਨੂੰ ਪੰਜ ਪੰਜ ਤਰ੍ਹਾਂ ਲਿਖੀ ਜਾਂਦੇ ਹਨ। ਜਿਵੇਂ ਅਜ-ਕਲ੍ਹ ਗੁਰਮੁਖੀ ਫੌਂਟਾਂ ਨੇ ਘੜਮੱਸ ਚੌਦੇਂ ਪਾ ਕੇ ਪੰਜਾਬੀ 'ਕੰਪਿਊਟਰਿਸਟਾਂ' ਨੂੰ ਵਖ਼ਤ ਪਾਇਆ ਹੋਇਆ ਹੈ ਏਸੇ ਤਰ੍ਹਾਂ ਸਦੀਆਂ ਤੋਂ ਪੰਜਾਬੀ ਸ਼ਬਦ-ਜੋੜਾਂ ਨੇ ਵੀ ਪਾੜ੍ਹਿਆਂ ਲਈ ਘੀਚਮਚੋਲ਼ਾ ਜਿਹਾ ਪਾਉਣ ਵਿਚ ਕੋਈ ਕਸਰ ਨਹੀ ਛੱਡੀ। “ਜਿਹਾ ਬੋਲੋ, ਤਿਹਾ ਲਿਖੋ” ਅਸੂਲ ਤਾਂ ਬਣਾਇਆ ਸੀ ਸਿਆਣਿਆਂ ਨੇ ਭਈ ਪੰਜਾਬੀ ਵਿਚ ਵੀ ਸਾਈਕਾਲੋਜੀ ਨੂੰ ਪਸਾਈਚਲੋਜੀ ਵਰਗੀ ਹਾਲਤ ਬਣਨ ਤੋਂ ਰੋਕ ਕੇ ਲਿਖਤ ਨੂੰ ਪਾਠਕਾਂ ਦੀ ਬੋਲ-ਚਾਲ ਦੇ ਨੇੜੇ ਰਖਿਆ ਜਾਵੇ ਪਰ ਇਸ ਨਿਯਮ ਦਾ ਲਿਖਾਰੀਆਂ ਨੇ ਓਸੇ ਤਰ੍ਹਾਂ ਹੀ ਦੁਰਉਪਯੋਗ ਕੀਤਾ ਹੈ ਜਿਸ ਤਰ੍ਹਾਂ ਹਿੰਦੁਸਤਾਨ ਦੇ 'ਰਾਜ-ਰੱਬਾਂ' ਨੇ ਹਿੰਦੁਸਤਾਨ ਦੇ ਚੰਗੇ ਸੰਵਿਧਾਨ ਦਾ। ਫੇਰ ਸਿਤਮ ਇਹ ਕਿ ਕਿਸੇ ਡਿਕਸ਼ਨਰੀ ਜਾਂ ਹੋਰ ਕਿਸੇ ਪੰਜਾਬੀ ਪਾਸੋਂ ਪੁੱਛ ਲੈਣ ਨੂੰ ਆਪਣੀ ਹੱਤਕ ਖਿਆਲ ਕਰਦੇ ਹਨ। ਅੰਗ੍ਰੇਜ਼ੀ ਦੇ ਜੋ ਸਪੈਲਿੰਗ ੧੪੭੬ ਵਿਚ, ਮਿ. ਕੈਕਸਟਨ (William Caxton (c. 1415--1422  c. March 1492) ਨੇ ਬਣਾ ਦਿਤੇ ਅੱਜ ਵੀ ਉਹ ਤਕਰੀਬਨ ਸਾਰੀ ਦੁਨੀਆਂ ਤੇ ਚੱਲਦੇ ਹਨ।

ਪੰਜਾਬੀ ਯੂਨਵਿਰਸਟੀ ਪਟਿਆਲਾ ਵਾਲ਼ਿਆਂ ਨੇ ਕਰੋੜਾਂ ਖ਼ਰਚ ਕੇ, ੧੫੯ ਵਿਦਵਾਨਾਂ ਦੀ ਸਹਾਇਤਾ ਲੈਕੇ, ਪੂਰਾ ਜ਼ਿਲਾ ਅੰਮ੍ਰਿਤਸਰ ਤੇ ਜ਼ਿਲਾ ਗੁਰਦਾਸਪੁਰ ਦੀ ਤਸੀਲ ਬਟਾਲਾ ਨੂੰ ਆਧਾਰ ਬਣਾ ਕੇ, 'ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼' ਨਾਂ ਦਾ ਬੜਾ ਵੱਡਾ ਗ੍ਰੰਥ ਸਿਰਜਿਆ ਹੈ। ਉਦਮ ਬੜਾ ਹੀ ਸ਼ਲਾਘਾਯੋਗ ਹੈ ਪਰ ਉਹ ਵੀ ਊਣਤਾਈਆਂ ਤੋਂ ਰਹਿਤ ਨਹੀ। ਮਿਸਾਲ ਵਜੋਂ ਅਸੀਂ ਦੋ ਸ਼ਬਦ ਲੈਂਦੇ ਹਾਂ। ਇਕ ਹੈ 'ਹੁਦਾਰ' ਉਹ ਇਸ ਅਰਥ ਵਿਚ ਉਧਾਰ ਸ਼ਬਦ ਨੂੰ ਵਰਤਦੇ ਹਨ ਤੇ ਨਾਲ਼ ਹੀ ਆਖਦੇ ਨੇ ਕਿ ਬੋਲ-ਚਾਲ ਵਿਚ ਹੁਦਾਰ ਵੀ ਵਰਤਿਆ ਜਾਂਦਾ ਹੈ। ਦੱਸੋ ਕਿ ਜੇ ਅੰਮ੍ਰਿਤਸਰ ਦੇ ਵਸਨੀਕ ਹੁਦਾਰ ਆਖਦੇ ਹਨ ਤਾਂ ਤੁਸੀਂ ਕਿਉਂ ਉਧਾਰ ਲਿਖ ਕੇ ਦੁਬਿਧਾ ਖੜ੍ਹੀ ਕਰਦੇ ਹੋ ਜਦੋਂ ਕਿ ਇਹ ਉਧਾਰ ਸ਼ਬਦ ਹੋਰ ਅਰਥਾਂ ਵਿਚ ਪਹਿਲਾਂ ਹੀ ਪੰਜਾਬੀ ਭਾਸ਼ਾ ਵਿਚ ਵਰਤੀਂਦਾ ਹੈ! ਦੂਜਾ ਸ਼ਬਦ ਹੈ 'ਛਨਿਛਰਵਾਰ'। ਇਸ ਦੀ ਤਾਂ ਬਿਲਕੁਲ ਹੀ ਗ਼ਲਤ ਵਰਤੋਂ ਹੁੰਦੀ ਹੈ। ਇਹਨਾਂ ਨੇ ਵੀ ਇਸ ਨੂੰ 'ਸ਼ਨਿਚਰਵਾਰ' ਲਿਖ ਕੇ ਨਾਲ਼ ਹੀ ਲਿਖ ਦਿਤਾ ਹੈ ਕਿ ਬੋਲ-ਚਾਲ ਵਿਚ 'ਛਨਿਛਰਵਾਰ' ਵੀ ਵਰਤਿਆ ਜਾਂਦਾ ਹੈ। ਦੱਸੋ ਭਈ ਜੇ ਚਾਰ ਸਦੀਆਂ ਪਹਿਲਾਂ ਲਿਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਛਨਿਛਰਵਾਰ' ਹੈ ਤੇ ਤੁਸੀਂ ਖ਼ੁਦ ਵੀ ਮੰਨਦੇ ਹੋ ਕਿ ਅੱਜ ਵੀ ਲੋਕੀਂ

ਇਸ ਨੂੰ 'ਛਨਿਛਰਵਾਰ' ਬੋਲਦੇ ਹਨ ਤਾਂ ਤੁਹਾਨੂੰ ਕੀ ਮਜਬੂਰੀ ਹੈ ਜਿਸ ਕਰਕੇ ਤੁਸੀਂ ਇਸ ਦੇ ਸਹੀ ਉਚਾਰਣ 'ਛਨਿਛਰਵਾਰ' ਨੂੰ ਬਦਲ ਕੇ 'ਸ਼ਨਿਚਰਵਾਰ' ਬਣਾ ਲਿਆ ਹੈ!

ਭਾਵੇਂ ਕਿ ਬਹੁਤ ਸਾਰੇ ਵਿਦਵਾਨ ਇਸ ਵਿਸ਼ੇ ਨੂੰ ਬੇਲੋੜਾ ਹੀ ਸਮਝਣ ਪਰ ਕੋਈ ਚਾਰ-ਕੁ ਦਹਾਕੇ ਪਹਿਲਾਂ, 'ਪ੍ਰੀਤਲੜੀ' ਵਿਚ ਦੋ ਧੁਰੰਤਰ ਵਿਦਵਾਨਾਂ ਦੇ ਵਿਚਾਰ ਇਸ ਸਬੰਧ ਵਿਚ ਪੜ੍ਹੇ; ਅੱਜ ਤੱਕ ਨਹੀ ਭੁੱਲੇ। ਇਕ ਸਨ ਡਾ: ਹਰਿਭਜਨ ਸਿੰਘ ਜੀ ਅਤੇ ਦੂਜੇ ਸਨ ਸ: ਸੋਹਣ ਸਿੰਘ ਜੋਸ਼ ਜੀ। ਡਾਕਟਰ ਸਾਹਿਬ ਹਿੰਦੀ ਦੀ ਪੀ.ਐਚ.ਡੀ. ਸਨ ਤੇ ਦਿੱਲੀ ਯੂਨੀਵਰਸਟੀ ਵਿਚ ਹਿੰਦੀ ਦੇ ਪ੍ਰੋਫ਼ੈਸਰ ਸਨ ਤੇ ਹਿੰਦੀ ਦੇ ਪ੍ਰਭਾਵ ਅਧੀਨ, ਉਹਨਾਂ ਨੇ ਇਕ ਲੇਖ ਵਿਚ 'ਪਾਣੀ' ਨੂੰ 'ਪਾਨੀ' ਲਿਖ ਦਿਤਾ। ਸ: ਸੋਹਣ ਸਿੰਘ ਜੋਸ਼ ਸਾਬਕ ਅਕਾਲੀ ਅਤੇ ਪ੍ਰਸਿਧ ਕਮਿਊਨਿਸਟ ਲਿਖਾਰੀ ਤੇ ਪੱਤਰਕਾਰ ਸਨ; ਤੇ ਭਾਵੇਂ ਰਹਿੰਦੇ ਉਹ ਵੀ ਦਿੱਲੀ ਵਿਚ ਹੀ ਸਨ ਪਰ ਜ਼ਿਲਾ ਅੰਮ੍ਰਿਤਸਰ ਦੇ ਜੰਮ-ਪਲ਼ ਹੋਣ ਕਰਕੇ, ਉਹਨਾਂ ਨੇ ਇਸ ਨੂੰ ਬੜੀ ਗੰਭੀਰਤਾ ਨਾਲ਼ ਲਿਆ। ਡਾਕਟਰ ਸਾਹਿਬ ਦੇ ਇਹ ਕਹਿਣ ਤੇ, "ਕੀ ਆਖਰ ਆ ਗਈ ਜੇ ਮੈ ਪਾਣੀ ਨੂੰ ਪਾਨੀ ਲਿਖ ਦਿਤਾ ਤਾਂ!" ਜਵਾਬ ਵਿਚ ਜੋਸ਼ ਜੀ ਨੇ ਆਖਿਆ, "ਅਸੀਂ ਸਹੇ ਨੂੰ ਨਹੀ ਪਹੇ ਨੂੰ ਰੋਂਦੇ ਹਾਂ। ਪਾਣੀ ਨੂੰ ਪਾਨੀ ਆਖਣ ਨਾਲ਼ ਆਖਰ ਨਹੀ ਆਈ। ਡਰ ਹੈ ਕਿ ਇਹ ਕਿਤੇ 'ਪਾਣੀ' ਤੋਂ 'ਪਾਨੀ' ਬਣਦਾ ਬਣਦਾ 'ਜਲ' ਨਾ ਬਣ ਜਾਵੇ, ਜੋ ਫੇਰ ਸਾਥੋਂ 'ਗ੍ਰਹਿਣ' ਨਹੀ ਕਰ ਹੋਣਾ।"

ਪੰਜਾਬੀ ਵਿਚ ਬਹੁਤ ਵਾਰੀਂ ਇਸ ਤਰ੍ਹਾਂ ਹੁੰਦਾ ਹੈ ਕਿ ਗ਼ਲਤ ਸ਼ਬਦ-ਜੋੜਾਂ ਕਰਕੇ ਅਰਥ ਦਾ ਅਨਰਥ ਹੀ ਹੋ ਜਾਂਦਾ ਹੈ। ਅਸੀਂ ਪਦ ਨੂੰ ਪੱਦ ਤੇ ਪੱਦ ਨੂੰ ਪਦ, ਪੱਧਰ ਨੂੰ ਪਧਰ ਤੇ ਪਧਰ ਨੂੰ ਪੱਧਰ, ਜਾਂਚ ਨੂੰ ਜਾਚ ਤੇ ਜਾਚ ਨੂੰ ਜਾਂਚ, ਪਤਨ ਨੂੰ ਪੱਤਣ ਤੇ ਪੱਤਣ ਨੂੰ ਪਤਨ, ਉਧਾਰ ਨੂੰ ਹੁਦਾਰ ਤੇ ਹੁਦਾਰ ਨੂੰ ਉਧਾਰ, ਬਿਨਾ ਇਹਨਾਂ ਦੇ ਅਰਥ ਸਮਝੇ ਹੀ ਲਿਖੀ ਜਾ ਰਹੇ ਹਾਂ। ਅਸੀਂ ਇਹ ਜਾਨਣ ਦਾ ਯਤਨ ਹੀ ਨਹੀ ਕਰਦੇ ਕਿ ਪੰਜਾਬੀ ਦੇ ਇਹ ਤਿੰਨ ਸ਼ਬਦ ਉਦਾਰ, ਉਧਾਰ ਤੇ ਹੁਦਾਰ ਹਨ ਜਿਨ੍ਹਾਂ ਦੇ ਵੱਖ ਵੱਖ ਅਰਥ ਹਨ:

(ੳ) ਉਧਾਰ -- ਗੁਰੂ ਨਾਨਕ ਦੇਵ ਜੀ ਨੇ ਪਾਪੀਆਂ ਦਾ ਉਧਾਰ ਕੀਤਾ।

(ਅ) ਉਦਾਰ -- ਉਹ ਉਦਾਰ ਵਿਚਾਰਾਂ ਦਾ ਧਾਰਨੀ ਹੈ।

(ੲ) ਹੁਦਾਰ -- ਮੈ ਹੁਦਾਰ ਚੁੱਕ ਕੇ ਕੰਮ ਸਾਰਿਆ।

ਇਕ ਅੱਖਰ, ਪੈਰ ਵਿਚ ਬਿੰਦੀ ਵਾਲ਼ੇ ਜ਼ ਦੀ ਵੀ ਅਜ ਕਲ੍ਹ ਬੁਰੀ ਤਰ੍ਹਾਂ ਮਿੱਟੀ ਬਾਲ਼ੀ ਜਾਦੀ ਹੈ। ਕੁਝ ਸਾਲਾਂ ਤੋਂ ਅਖ਼ਬਾਰਾਂ, ਕਿਤਾਬਾਂ, ਸਾਈਨ ਬੋਰਡਾਂ, ਏਥੋਂ ਤੱਕ ਕਿ ਆਮ ਬੋਲ-ਚਾਲ ਵਿਚ ਵੀ ਇਸ ਨੂੰ ਜ ਦੇ ਥਾਂ ਏਨੀ ਬੁਰੀ ਤਰ੍ਹਾਂ ਗ਼ਲਤ ਵਰਤਿਆ ਜਾਂਦਾ ਹੈ ਕਿ ਕਈ ਵਾਰ ਖ਼ੁਦ ਨੂੰ ਇਹ ਭੁਲੇਖਾ ਲੱਗ ਜਾਣ ਦੀ ਨੌਬਤ ਵੀ ਆ ਜਾਂਦੀ ਹੈ ਕਿ ਜੇਕਰ ਏਨੇ ਵਿਦਵਾਨ ਲੋਕ ਇਸ ਤਰ੍ਹਾਂ ਇਸ ਨੂੰ ਵਰਤਦੇ ਹਨ ਤਾਂ ਕਿਤੇ ਮੈ ਹੀ ਗ਼ਲਤ ਨਾ ਹੋਵਾਂ! ਇਸ ਗੱਲ ਤੋਂ ਤਾਂ ਕਰੀਬਨ ਸਾਰੇ ਪਾਹੜੇ ਜਾਣੂ ਹੀ ਹਨ ਕਿ ਪੰਜਾਬੀ (ਗੁਰਮੁਖੀ) ਲਿੱਪੀ, ਜਿਸ ਨੂੰ ਪੈਂਤੀ ਅੱਖਰ ਹੋਣ ਕਰਕੇ 'ਪੈਂਤੀ' ਵੀ ਆਖਿਆ ਜਾਂਦਾ ਹੈ, ਵਿਚ ਫ਼ਾਰਸੀ ਦੇ ਸ਼ਬਦਾਂ ਦਾ ਸਹੀ ਉਚਾਰਣ ਕਰਨ ਵਾਸਤੇ ਪੰਜ ਅੱਖਰਾਂ ਦੇ ਪੈਰਾਂ ਵਿਚ ਬਿੰਦੀ ਲਾ ਕੇ ਪੰਜ ਅੱਖਰਾਂ ਦਾ ਵਾਧਾ ਕੀਤਾ ਗਿਆ ਸੀ; ਉਹਨਾਂ ਵਿਚੋਂ ਇਕ ਜ਼ ਵੀ ਹੈ ਪਰ ਵਰਤਣ ਸਮੇ ਇਸ ਦੀ ਵੀ ਖੇਹ ਉਡਾਈ ਜਾਂਦੀ ਹੈ। ਅਰਥਾਤ ਜਿਥੇ ਲੋੜ ਹੈ ਓਥੇ ਨਹੀ ਤੇ ਜਿਥੇ ਨਹੀ ਵਰਤਣਾ ਓਥੇ ਅਧਕ ਵਾਂਗ ਹੀ, ਜ ਦੇ ਪੈਰ ਵਿਚ ਬਿੰਦੀ ਘਸੋੜ ਦਿੰਦੇ ਹਾਂ। ਸ਼ਾਇਦ ਅਸੀਂ ਦੂਸਰਿਆਂ ਉਪਰ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣ ਦੀ ਕੋਸ਼ਿਸ਼ ਵਿਚ ਅਜਿਹਾ ਕਰਦੇ ਹਾਂ! ਸੌਖੀ ਜਿਹੀ ਗਲ ਹੈ ਕਿ ਅਧਕ ਵਾਂਗ ਹੀ ਜਿਥੇ ਅਸੀਂ ਸਪੱਸ਼ਟ ਨਹੀ ਓਥੇ ਇਸ ਨੂੰ ਨਾ ਵਰਤਿਆ ਜਾਵੇ; ਇਸ ਤੋਂ ਬਿਨਾ ਵੀ ਸਰ ਸਕਦਾ ਹੈ; ਅੰਦਾਜ਼ੇ ਨਾਲ਼ ਗ਼ਲਤ ਵਰਤਣ ਦੀ ਥਾਂ। ਮਿਸਾਲ ਵਜੋਂ: ਜ਼ੰਗ (ਜੰਗ), ਬਰਿਜ਼ (ਬਰਿਜ), ਲੈਂਗਵਿਜ਼ (ਲੈਂਗਵਿਜ). ਫਰਿਜ਼ (ਫਰਿਜ), ਜ਼ਲਵਾ (ਜਲਵਾ), ਹਜ਼ਮ (ਹਜਮ) ਆਦਿ

ਇਕ ਸ਼ਬਦ ਹੈ 'ਪਰਵਾਰ' ਜਿਸ ਦਾ ਸਭ ਤੋਂ ਸਾਦਾ ਰੂਪ ਇਸ ਤਰ੍ਹਾਂ ਹੀ ਹੈ। ਇਸ ਦੀ ਪ੍ਰੋੜ੍ਹਤਾ, ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ, ਪੁਰਾਤਨ ਸਿੱਖ ਸਾਹਿਤ ਵਿਚੋਂ ਵੀ ਹੁੰਦੀ ਹੈ; ਜਿਵੇਂ ਕਿ, "ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥" ਪਰ ਅੱਜ ਅਸੀਂ ਇਸ ਸਭ ਤੋਂ ਸਾਦੇ ਸ਼ਬਦ ਨੂੰ ਵੀ, ਪਰਿਵਾਰ, ਪ੍ਰਵਾਰ, ਪ੍ਰੀਵਾਰ ਦੇ ਰੂਪ ਵਿਚ ਲਿਖਦੇ ਹਾਂ; ਪਤਾ ਨਹੀ ਕਿਉਂ!

ਇਸ ਮੁਲਕ ਦਾ ਨਾਂ ਅੰਗ੍ਰੇਜ਼ੀ ਅੱਖਰਾਂ ਵਿਚ Australia ਹੈ। ਪੰਜਾਬੀ ਵਿਚ ਲਿਖਣ ਸਮੇ ਇਸ ਨੂੰ ਅਸਟਰੇਲੀਆ, ਆਸਟਰੇਲੀਆ, ਔਸਟਰੇਲੀਆ, ਔਸਟ੍ਰੇਲੀਆ, ਅਸਟ੍ਰੇਲੀਆ ਤੇ ਹੋਰ ਪਤਾ ਨਹੀ ਕਿੰਨੀ ਕੁ ਤਰ੍ਹਾਂ ਇਹ 'ਬਿਦਬਾਨ' ਲਿਖਦੇ ਹਨ ਜਦੋਂ ਕਿ ਬੋਲ-ਚਾਲ ਅਨੁਸਾਰ ਵੀ ਅਤੇ ਪੰਜਾਬ ਯੂਨੀਵਰਸਟੀ ਟੈਕਸਟ ਬੁੱਕ ਵਾਲ਼ਿਆਂ ਵੱਲੋਂ ਪ੍ਰਕਾਸ਼ਤ ਡਿਕਸ਼ਨਰੀ ਵਿਚ ਵੀ ਇਸ ਦੇ ਸਪੈਲਿੰਗ ਆਸਟ੍ਰੇਲੀਆ ਦਰਜ ਹਨ।

ਸੰਪਾਦਿਕ, ਇਤਿਹਾਸਿਕ, ਮਿਥਿਹਾਸਿਕ, ਆਸ਼ਿਕ, ਅੰਕਿਤ, ਪ੍ਰਕਾਸ਼ਿਤ, ਅੰਤਿਮ, ਕਾਫ਼ਿਰ, ਕਾਮਿਲ, ਪਰਚਾਰਿਕ, ਆਧਾਰਿਤ ਆਦਿ ਸ਼ਬਦਾਂ ਵਿਚਲੇ ਆਖ਼ਰੀ ਅੱਖਰ ਤੋਂ ਪਹਿਲੇ ਅੱਖਰ ਨੂੰ ਲੱਗੀਆਂ ਸਿਹਾਰੀਆਂ, ਹਿੰਦੀ ਵਿਚ ਤਾਂ ਭਾਵੇਂ ਠੀਕ ਹੋਣ ਪਰ ਪੰਜਾਬੀ ਵਿਚ ਇਹਨਾਂ ਦਾ ਪ੍ਰਯੋਗ, ਦੁਰਉਪਯੋਗ ਹੀ ਲੱਗਦਾ ਹੈ।

ਇਕ ਸ਼ਬਦ 'ਮੱਸ ਫੁੱਟ' ਪੰਜਾਬੀ ਵਿਚ ਆਮ ਹੀ ਵਰਤਿਆ ਜਾਂਦਾ, ਦਹਾਕਿਆਂ ਤੋਂ ਪੜ੍ਹਦੇ ਸੁਣਦੇ ਆ ਰਹੇ ਸਾਂ, ਜਿਸ ਦਾ ਮਤਲਬ ਹੈ ਕਿ ਜਿਸ ਨੂੰ ਦਾਹੜੀ ਆ ਰਹੀ ਹੋਵੇ ਪਰ ਇਸ ਨੂੰ ਹੁਣ ਬਦਲ ਕੇ ਪਤਾ ਨਹੀ ਕਿਉਂ 'ਮੁੱਛ ਫੁੱਟ' ਲਿਖਣਾ ਸ਼ੁਰੂ ਕਰ ਦਿਤਾ ਗਿਆ ਹੈ! 'ਮੱਸ' ਦਾਹੜੀ ਦੇ ਥਾਂ ਸ਼ਾਇਦ 'ਮੁੱਛ' ਨੂੰ ਸ਼ਾਮਲ ਕਰ ਲਿਆ ਗਿਆ ਹੈ।

ਨਾਂ, ਸੁਝਾ, ਭੈ, ਸ਼ੈ, ਨਿਭਾ, ਤਹਿ ਆਦਿ ਸ਼ਬਦ ਬੜੀ ਸੋਹਣੀ ਤਰ੍ਹਾਂ ਲਿਖੇ, ਬੋਲੇ ਤੇ ਸਮਝੇ ਜਾਂਦੇ ਸਨ ਪਰ ਪਤਾ ਨਹੀ ਹੁਣ ਇਹਨਾਂ ਨਾਲ਼ 'ਅ' ਐਡ ਕਰਨ ਦੀ ਕੀ ਮਜਬੂਰੀ ਆ ਬਣੀ ਹੈ!

ਅੱਜ ਤੋਂ ਅਸੀਂ ਏਨਾ ਉਦਮ ਹੀ ਕਰ ਲਈਏ ਕਿ ਅੱਗੇ ਲਿਖੇ ਪੰਜ ਸ਼ਬਦਾਂ ਨੂੰ ਕਿਸੇ ਹੋਰ ਰੂਪ ਵਿਚ ਨਹੀ ਬਲਕਿ ਇਹਨਾਂ ਦੇ ਅਸਲੀ ਰੂਪ ਵਿਚ ਹੀ ਲਿਖਣਾ ਹੈ:

ਆਸਟ੍ਰੇਲੀਆ (ਮੁਲਕ), ਪਰਵਾਰ (ਟੱਬਰ), ਪੱਤਣ (ਘਾਟ), ਪਤਨ (ਗਿਰਾਵਟ) ਤੇ ਛਨਿਛਰਵਾਰ (ਦਿਨ ਦਾ ਨਾਂ)

*ਪੰਜਾਬੀ ਦੀ ਲਿੱਪੀ ਗੁਰਮੁਖੀ ਲਿਖਣ ਸਮੇ ਲੇਖਕਾਂ ਵੱਲੋਂ*

## ਆਮ ਹੀ ਬੇ ਧਿਆਨੇ ਕਰ ਦਿਤੇ ਜਾਣ ਵਾਲ਼ੇ ਕੁਝ ਅਹਿਮ ਨੁਕਤੇ

੧. 'ਊੜਾ' ਕਦੀ ਵੀ ਮੁਕਤਾ ਨਹੀ ਆਉਂਦਾ। ਇਸ ਨੂੰ ਕਦੀ ਵੀ ਕੰਨਾ, ਸਿਹਾਰੀ, ਬਿਹਾਰੀ, ਕਨੌੜਾ, ਟਿੱਪੀ, ਅਧਕ ਨਹੀ ਲੱਗਦੇ। ਹੋੜਾ ਲਾਉਣ ਦੀ ਥਾਂ 'ਓ' ਲਿਖ ਕੇ ਹੋੜੇ ਦਾ ਕੰਮ ਲਿਆ ਜਾਂਦਾ ਹੈ। ਇਸ ਨੂੰ 'ੳ' ਲਿਖਣਾ ਵੀ ਗ਼ਲਤ ਹੈ। ਆਮ ਪੰਜਾਬੀ ਲਿਖਣ ਸਮੇ ਇਹ ਸਿਰਫ ਤਿੰਨ ਰੂਪਾਂ ਵਿਚ ਹੀ ਲਿਖਿਆ ਜਾਂਦਾ ਹੈ: ਉ, ਊ ਤੇ ਓ। ਹਾਂ, ਗੁਰਬਾਣੀ ਵਿਚ ਇਸ ਦਾ ਇਕ ਹੋਰ ਰੂਪ ਵੀ ਹੈ ਜੋ ਕਿ ੧ੴ ਦੇ ਰੂਪ ਵਿਚ ਆਉਂਦਾ ਹੈ।

੨. 'ਐੜਾ' ਵੀ ਇਹਨਾਂ ਸੱਤ ਰੂਪਾਂ ਵਿਚ ਹੀ ਲਿਖਿਆ ਜਾਂਦਾ ਹੈ: ਅ ਆ ਐ ਔ ਅੰ ਆਂ ਅੱ।

੩. 'ਈੜੀ' ਵੀ ਇਹਨਾਂ ਤਿੰਨ ਰੂਪਾਂ ਵਿਚ ਹੀ ਲਿਖੀ ਜਾਂਦੀ ਹੈ: ਇ ਈ ਏ।

੪. ੳ, ਅ ਤੇ ੲ ਤੋਂ ਬਿਨਾ ਬਾਕੀ ਸਾਰੇ ਅੱਖਰਾਂ ਨੂੰ ਸਾਰੀਆਂ ਹੀ ਲਗਾਂ ਮਾਤਰਾਂ ਲੱਗਦੀਆਂ ਹਨ।

੫. ਙ, ਞ, ਣ, ਨ ਤੇ ਮ ਨੂੰ, ਇਹਨਾਂ ਦੀ ਨੱਕ ਵਾਲ਼ੀ (ਅਨੁਨਾਸਕ) ਆਵਾਜ਼ ਬਣਾਉਣ ਸਮੇ, ਬਹੁਤੀ ਥਾਂਈਂ ਇਹਨਾਂ ਨਾਲ਼ ਬਿੰਦੀ ਤੇ ਟਿੱਪੀ ਨਹੀ ਵੀ ਵਰਤੀ ਜਾਂਦੀ ਕਿਉਂਕਿ ਇਹਨਾਂ ਦੀ ਆਪਣੀ ਆਵਾਜ਼ ਹੀ ਨੱਕ ਵਿਚੋਂ ਨਿਕਲ਼ਦੀ ਹੈ।

੬. ਕੰਨੇ, ਬਿਹਾਰੀ, ਲਾਂ, ਦੁਲਾਵਾਂ, ਹੋੜੇ, ਕਨੌੜੇ ਤੇ ਓ ਨਾਲ਼, ਨੱਕ ਦੀ ਆਵਾਜ਼ ਬਣਾਉਣ ਲਈ ਬਿੰਦੀ ਹੀ ਵਰਤੀ ਜਾਂਦੀ ਹੈ; ਟਿੱਪੀ ਨਹੀ।

੭. ਮੁਕਤੇ, ਸਿਹਾਰੀ, ਔਂਕੜ ਤੇ ਦੁਲੈਂਕੜ ਨਾਲ਼ ਨੱਕ ਦੀ ਆਵਾਜ਼ ਬਣਾਉਣ ਲਈ ਟਿੱਪੀ ਹੀ ਵਰਤੀ ਜਾਂਦੀ ਹੈ; ਬਿੰਦੀ ਨਹੀ।

੮. ਹ ਅੱਖਰ ਜਦੋਂ ਕਿਸੇ ਸ਼ਬਦ ਦੇ ਆਰੰਭ ਵਿਚ ਆਵੇ ਤਾਂ ਇਸ ਦਾ ਉਚਾਰਣ ਪੂਰਾ ਹੁੰਦਾ ਹੈ। ਜਦੋਂ ਇਹ ਅੱਖਰ ਕਿਸੇ ਸ਼ਬਦ ਦੇ ਵਿਚਕਾਰ ਜਾਂ ਅੰਤ ਵਿਚ ਆਵੇ ਤਾਂ ਇਸ ਦਾ ਉਚਾਰਣ ਅਧਾ ਰਹਿ ਜਾਂਦਾ ਹੈ। ਮਿਸਾਲ ਵਜੋਂ: ਹਰੀ ਤੇ ਰਹਿ, ਜ਼ਹਿਰ ਤੇ ਹਿਜਰ ਆਦਿ ਵਿਚ ਇਸ ਦੇ ਉਚਾਰਣ ਤੋਂ ਅੰਦਾਜ਼ਾ ਲਾ ਸਕਦੇ ਹਾਂ। ਇਸ ਲਈ ਹਰੇਕ ਥਾਂ ਤੇ ਅਧਾ ੍ਹ ਵਰਤਣ ਦੀ ਲੋੜ ਨਹੀ; ਕੁਝ ਸ਼ਬਦ ਪੜ੍ਹ, ਗੜ੍ਹ, ਚੜ੍ਹ, ਮੜ੍ਹ ਆਦਿ ਨੂੰ ਛੱਡ ਕੇ, ਸਾਨੂੰ ਲਿਖਤ ਵਿਚ ਪੂਰਾ ਹ ਹੀ ਵਰਤਣਾ ਚਾਹੀਦਾ ਹੈ। ਉਚਾਰਣ ਦੇ ਮਗਰ ਲੱਗ ਕੇ ਬਹੁਤੀ ਥਾਈਂ ਐਵੇਂ ਅਧੇ ੍ਹ ਦੇ ਚੱਕਰ ਵਿਚ ਪੈ ਕੇ ਲਿਖਤ ਨੂੰ ਬੇਲੋੜਾ ਔਖਾ ਨਹੀ ਬਣਾਉਣਾ ਚਾਹੀਦਾ।

੯. ਘ, ਝ, ਢ, ਧ ਤੇ ਭ, ਇਹ ਪੰਜ ਅੱਖਰ, ਸਬਦ ਦੇ ਸ਼ੁਰੂ ਵਿਚ ਆਉਣ ਤਾਂ ਇਹਨਾਂ ਦੀ ਆਵਾਜ਼ ਪੰਜਾਬੀ ਉਚਾਰਣ ਅਨੁਸਾਰ ਹੁੰਦੀ ਹੈ; ਅਰਥਾਤ ਆਪਣੀ ਲਾਈਨ ਵਾਲੇ ਪਹਿਲੇ ਅੱਖਰ ਦੇ ਨਾਲ਼ ਮਿਲ਼ ਜਾਂਦੀ ਹੈ। ਜਦੋਂ ਇਹ ਸ਼ਬਦ ਦੇ ਵਿਚਕਾਰ ਜਾਂ ਅਖੀਰ ਵਿਚ ਆਉਣ ਤਾਂ ਇਹਨਾਂ ਦੀ ਆਵਾਜ਼ ਹਿੰਦੀ/ਉਰਦੂ ਦੇ ਉਚਾਰਣ ਅਨੁਸਾਰ ਹੋ ਜਾਂਦੀ ਹੈ; ਅਰਥਾਤ ਆਪਣੀ ਲਾਈਨ ਦੇ ਤੀਸਰੇ ਅੱਖਰ ਨਾਲ਼ ਮਿਲ਼ ਜਾਂਦੀ ਹੈ।

੧੦ ਙ, ਞ, ਣ ਤੇ ੜ, ਇਹ ਚਾਰ ਅੱਖਰ ਕਿਸੇ ਸ਼ਬਦ ਦੇ ਸ਼ੁਰੂ ਵਿਚ ਨਹੀ ਆਉਂਦੇ। ਗੁਰਬਾਣੀ ਵਿਚ ਕਿਤੇ ਕਿਤੇ ਇਸ ਦਾ ਅਪਵਾਦ ਹੈ ਪਰ ਆਮ ਪੰਜਾਬੀ ਦੀ ਬੋਲ-ਚਾਲ ਵਿਚ, ਕਿਸੇ ਸ਼ਬਦ ਦੇ ਸ਼ੁਰੂ ਵਿਚ ਇਹ ਨਹੀ ਵਰਤੇ ਜਾਂਦੇ, ਬਲਕਿ ਙ ਤੇ ਞ ਅੱਜ ਕਲ੍ਹ ਬਹੁਤ ਹੀ ਘੱਟ ਵਰਤੇ ਜਾਂਦੇ ਹਨ। ਙ ਨੂੰ ਗ ਤੇ ਟਿੱਪੀ ਅਤੇ ਞ ਦੇ ਥਾਂ ਕਦੀ ਝ ਤੇ ਕਦੀ ਨ ਲਿਖ ਕੇ ਹੀ ਕੰਮ ਸਾਰ ਲਿਆ ਜਾਂਦਾ ਹੈ ਜੋ ਕਿ ਗ਼ਲਤ ਗੱਲ ਹੈ।

੧੧ ਅੱਖਰ ਨ ਤੇ ਣ ਅਕਸਰ ਹੀ ਇਕ ਦੂਜੇ ਦੇ ਥਾਂ ਗ਼ਲਤੀ ਨਾਲ਼ ਵਰਤ ਲਏ ਜਾਂਦੇ ਹਨ; ਖਾਸ ਕਰਕੇ ਹਿੰਦੀ ਪੜ੍ਹੇ ਲਿਖੇ ਸੱਜਣ ਇਹ ਗ਼ਲਤੀ ਦੂਜਿਆਂ ਨਾਲ਼ੋਂ ਵਧ ਕਰਦੇ ਹਨ।

੧੨ ਬਹੁਤ ਸਾਰੇ ਹਿੰਦੀ/ਉਰਦੂ ਵਿਚੋਂ ਆਏ ਜਾਂ ਅੰਗ੍ਰੇਜ਼ੀ ਅੱਖਰਾਂ ਵਿਚ ਲਿਖਣ ਸਮੇ ਵਰਤੇ ਗਏ, ਉਰਦੂ ਦੇ ਜ਼ੇਰ ਅਤੇ ਅੰਗ੍ਰੇਜ਼ੀ ਦੇ, ਈ ਤੇ ਆਈ ਵਾਲ਼ੇ, ਪੰਜਾਬੀ ਵਿਚ ਅਪਣਾਏ ਜਾ ਚੁੱਕੇ ਸ਼ਬਦਾਂ ਨੂੰ, ਗੁਰਮੁਖੀ ਲਿੱਪੀ ਵਿਚ ਲਿਖਣ ਸਮੇ ਸਿਹਾਰੀ ਦੀ ਵਰਤੋਂ ਕਰਨੀ, ਗ਼ਲਤ ਤਾਂ ਭਾਵੇਂ ਨਹੀ ਆਖੀ ਜਾ ਸਕਦੀ ਪਰ ਬੇਲੋੜੀ ਜ਼ਰੂਰ ਹੈ।

੧੩ ਅਧਕ ੱ ਇਕ ਅਜਿਹਾ ਗਰੀਬ ਚਿੰਨ੍ਹ ਹੈ ਜਿਸ ਦੀ, ਪੰਜਾਬੀ ਦੇ ਲੇਖਕ, ਕੰਪੋਜ਼ਰ ਪ੍ਰਕਾਸ਼ਕ ਆਦਿ ਸਭ ਤੋਂ ਵਧ ਦੁਰਵਰਤੋਂ ਕਰਦੇ ਹਨ। ਜਿਥੇ ਇਸ ਦੀ ਲੋੜ ਹੋਵੇ ਓਥੇ ਇਸ ਨੂੰ ਲਾਉਣਾ ਨਹੀ ਤੇ ਜਿਥੇ ਨਾ ਲੱਗਦਾ ਹੋਵੇ ਓਥੇ ਜ਼ਰੂਰ ਲਾ ਦਿੰਦੇ ਹਨ। ਖਾਸ ਕਰਕੇ ਪੱਛਮੀ ਪੰਜਾਬ ਤੋਂ ਆਏ ਹੋਏ ਲੇਖਕ ਸੱਜਣਾਂ ਨੇ ਤਾਂ ਜਿਵੇਂ ਕਿਤੇ ਤਹੱਈਆ ਹੀ ਕੀਤਾ ਹੋਵੇ ਇਸ ਵਿਚਾਰੇ ਅਧਕ ੱ ਦੀ ਮਿੱਟੀ ਪਲੀਤ ਕਰਨ ਦਾ। ਦਿੱਲੀ ਯੂਨੀਵਰਸਿਟੀ ਦੇ ਇਕ ਸਾਬਕਾ ਪ੍ਰੋਫ਼ੈਸਰ ਸਾਹਿਬ ਜੀ ਤੋਂ ਪਤਾ ਲਗਾ ਕਿ ਪੋਠੋਹਾਰ ਦੇ

ਇਲਾਕੇ ਵਿਚੋਂ ਆਉਣ ਵਾਲ਼ੇ ਲੇਖਕਾਂ ਦਾ ਨਾਂ ਹੀ ਉਹਨਾਂ ਵਿੱਦਿਅਕ ਅਦਾਰੇ ਵਿਚ, ਮਖੌਲ ਵਜੋਂ 'ਅਧਕਾਂ' ਪਾਇਆ ਹੋਇਆ ਸੀ; ਕਿਉਂਕਿ ਉਹ ਅਕਸਰ ਹੀ ਇਸ ਦੀ ਬੇਲੋੜੀ ਤੇ ਵਾਧੂ ਵਰਤੋਂ ਕਰਦੇ ਸਨ। ਉਹਨਾਂ ਦੀਆਂ ਲਿਖਤਾਂ ਪੜ੍ਹ ਕੇ ਵੇਖੋ; ਜਿਥੇ ਲੋੜ ਹੋਵੇਗੀ ਓਥੇ ਇਸ ਨੂੰ ਨਹੀ ਲਾਉਣਗੇ ਤੇ ਜਿਥੇ ਨਹੀ ਲੋੜ ਹੋਵੇਗੀ ਓਥੇ ਜ਼ਰੂਰ ਹੀ ਇਸ ਵਿਚਾਰੇ ਨੂੰ ਟਾਂਕਣਗੇ। ਅਸੀਂ ਅਜੇ ਤੱਕ ਇਹ ਨਹੀ ਜਾਣ ਸਕੇ ਕਿ ਅਧਕ ਕੇਵਲ ਜਿਸ ਅੱਖਰ ਦਾ ਦੋਹਰਾ ਉਚਾਰਣ ਹੋਵੇ, ਉਸ ਤੋਂ ਪਹਿਲੇ ਅੱਖਰ ਉਪਰ ਹੀ ਲਾਇਆ ਜਾਂਦਾ ਹੈ; ਹੋਰ ਕਿਤੇ ਨਹੀ। ਜਿਥੇ ਸ਼ੱਕ ਹੋਵੇ ਅਰਥਾਤ ਪੂਰਾ ਯਕੀਨ ਨਾ ਹੋਵੇ ਓਥੇ ਲਾਉਣ ਦੀ ਕੋਈ ਲੋੜ ਨਹੀ; ਇਸ ਤੋਂ ਬਿਨਾ ਵੀ ਸਰ ਸਕਦਾ ਹੈ। ਮਿਸਾਲ ਵਜੋਂ: ਵਰਤਮਾਨ ਸਮੇ ਅੰਦਰ ਪੱਤਰਾਂ ਦੇ ਸੰਪਾਦਕ ਸ਼ਬਦ 'ਕੁਝ' ਦੇ ਉਪਰ ਬੇਲੋੜਾ ਅਧਕ ਲਾ ਕੇ ਇਸ ਨੂੰ 'ਕੁੱਝ' ਬਣਾਉਣ ਵਿਚ ਅਣਗਹਿਲੀ ਨਹੀ ਕਰਦੇ। ਅਸੀਂ ਪੇਂਡੂ ਮਝੈਲ ਇਸ 'ਕੁਝ' ਨੂੰ 'ਕੁਸ਼' ਬੋਲਦੇ ਹਾਂ ਤੇ ਉਰਦੂ ਹਿੰਦੀ ਵਾਲ਼ੇ ਵੀ ਏਸੇ ਤਰ੍ਹਾਂ ਹੀ ਬੋਲਦੇ ਹਨ। ਹਿੰਦੀ ਵਿਚ ਇਸ ਨੂੰ 'ਕੁਛ' ਲਿਖਿਆ ਜਾਂਦਾ ਹੈ। ਕਈ ਸੱਜਣ ਇਸ ਨੂੰ 'ਕੁਸ' ਵੀ ਉਚਾਰਦੇ ਹਨ। ਪੱਛਮੀ ਪੰਜਾਬ ਦੇ ਸਿੱਖ ਲਿਖਾਰੀਆਂ ਨੇ ਇਸ ਨੂੰ 'ਕੁਝ' ਲਿਖਣਾ ਸ਼ੁਰੂ ਕਰ ਦਿਤਾ ਤੇ ਛਾਪੇ ਵਿਚ ਏਹੋ ਹੀ ਪ੍ਰਚੱਲਤ ਹੋ ਗਿਆ ਜਿਸ ਨੂੰ ਹੁਣ ਬਦਲ ਕੇ ਭੰਬਲ਼ਭੂਸੇ ਵਿਚ ਹੋਰ ਵਾਧਾ ਕਰਨ ਦੀ ਕੋਈ ਤੁਕ ਨਹੀ ਬਣਦੀ; ਪਰ ਇਹ ਮੈਨੂੰ ਸਮਝ ਨਹੀ ਆਉਂਦੀ ਕਿ ਤਕਰੀਬਨ ਹਰੇਕ ਸੰਪਾਦਕ ਹੀ ਇਸ ਉਪਰ ਬੇਲੋੜਾ ਅਧਕ ਲਾਉਣੋ ਕਿਉਂ ਨਹੀ ਉਕਦਾ! ਵੈਸੇ ਗੁਰਬਾਣੀ ਵਿਚ ਇਸ ਅਰਥ ਵਿਚ, ਇਹ ਸ਼ਬਦ ਇਹਨਾਂ ਰੂਪਾਂ ਵਿਚ ਆਇਆ ਹੈ: ਕਛ, ਕਛੁ, ਕਛੂ, ਕਛੂਅ, ਕਛੂਅਕ, ਕਿਛ, ਕਿਛੁ, ਕਿਛੂ, ਕਿਛੂਅ, ਕਿਛਹੁ, ਕਿਝੁ, ਕਿਝ; ਜਿਨ੍ਹਾਂ ਨੂੰ ਅਜੋਕੇ ਸਮੇ ਦੇ ਛਾਪੇਖਾਨੇ ਵਿਚ ਲਿਆ ਕੇ, ਪਹਿਲਾਂ ਹੀ ਵਲ਼ਗਣੋ ਬਾਹਰੀਆਂ ਹੋ ਚੁੱਕੀਆਂ ਉਲ਼ਝਣਾਂ ਵਿਚ ਹੋਰ ਵਾਧਾ ਕਰਨ ਦੀ ਕੋਈ ਲੋੜ ਨਹੀ। ਹੁਣ ਇਸ ਦਾ ਪ੍ਰਚੱਲਤ ਰੂਪ 'ਕੁਝ' ਹੀ ਠੀਕ ਹੈ। ਯਾਦ ਰਹੇ ਕਿ ਗੁਰਬਾਣੀ ਵਿਚ ਦੋ ਪਦ ਕੁਛ ਅਤੇ ਕੁਝ ਬਿਲਕੁਲ ਨਹੀਂ ਆਉਂਦੇ।

੧੪ ਬਹੁਤ ਵਾਰੀਂ ਅਸੀਂ ਬ – ਵ, ਛ – ਸ਼, ੳ – ਵ, ਮ – ਵ, ਰ – ੜ, ਯ – ਜ ਨੂੰ ਗ਼ਲਤੀ ਨਾਲ਼ ਜਾਂ ਸਹਿਜ ਸੁਭਾ ਵੀ ਇਕ ਦੂਜੇ ਦੇ ਥਾਂ ਵਰਤ ਜਾਂਦੇ ਹਾਂ।

੧੫ ਕੁਝ ਸਮੇ ਤੋਂ ਇਕ ਹੋਰ ਬੇਲੋੜਾ ਰੁਝਾਨ ਚੱਲਿਆ ਹੈ ਕਿ ਚਾ, ਪੜਾ, ਸੁਝਾ, ਭੈ, ਨਾਂ, ਲਟਕਾ ਆਦਿ ਪੰਜਾਬੀ ਦੇ ਸ਼ਬਦਾਂ ਦੇ ਪਿਛੇ 'ਅ' ਲਾਉਣ ਦਾ। ਇਹ ਠੀਕ ਹੈ ਕਿ ਅਜਿਹੇ ਸ਼ਬਦਾਂ ਦੇ ਪਿਛਲੇ 'ਾ' ਦੀ ਆਵਾਜ਼ ਵਿਚ, ਆਮ ਨਾਲ਼ੋਂ ਕੁਝ ਵਧ ਲਮਕਾ ਜਿਹਾ ਆ ਜਾਂਦਾ ਹੈ ਪਰ ਸਦੀਆਂ ਤੋਂ ਇਹ ਸ਼ਬਦ ਏਸੇ ਤਰ੍ਹਾਂ ਲਿਖੇ, ਪੜ੍ਹੇ, ਸਮਝੇ ਤੇ ਪ੍ਰਵਾਨੇ ਜਾ ਚੁੱਕੇ ਹੋਣ ਕਰਕੇ ਹੁਣ ਇਹਨਾਂ ਪਿਛੇ ਵਾਧੂ 'ਅ' ਟਾਂਕ ਕੇ ਜੋੜਾਂ ਵਿਚ ਬੇਲੋੜੇ ਭੁਲੇਖੇ ਪੈਦਾ ਕਰਨ ਤੋਂ ਬਿਨਾ ਕੋਈ ਹੋਰ ਲਾਭ ਨਹੀ ਹੈ। 'ਅਜੀਤ' ਅਖ਼ਬਾਰ ਖਾਸ ਕਰਕੇ ਇਸ ਬੇਲੋੜੇ ਐੜੇ ਨੂੰ ਓਸੇ ਤਰ੍ਹਾਂ ਹੀ ਵਰਤਣਾ ਨਹੀ ਭੁੱਲਦਾ ਜਿਵੇਂ ਕਿ 'ਪਰਵਾਰ' ਵਿਚਲੇ ਪਹਿਲੇ 'ਰ' ਨੂੰ ਸਿਹਾਰੀ ਲਾਉਣੋ ਨਹੀ ਉਕਦਾ। 'ਅਜੀਤ' ਤਾਂ ਪਤਾ ਨਹੀਂ ਚੰਗੇ ਭਲੇ ਸ਼ਬਦ 'ਤਹਿ' ਨੂੰ 'ਤੈਅ' ਬਣਾ ਕੇ ਕੀ ਸਿਧ ਕਰਨਾ ਚਾਹੁੰਦਾ ਹੈ!

੧੬ ਵਿਸ਼ਰਾਮ ਚਿੰਨ੍ਹ (Punctuation) ਲਾਉਣ ਦਾ ਪੰਜਾਬੀ ਵਿਚ ਪਹਿਲਾਂ ਰਿਵਾਜ ਨਹੀਂ ਸੀ। ਜੁੜਵੇਂ ਅੱਖਰਾਂ ਵਿਚ ਹੀ ਸਾਰਾ ਸਾਹਿਤ ਲਿਖਿਆ ਜਾਂਦਾ ਸੀ। ਸਿਰਫ ਵਾਕ ਦੇ ਅੰਤ ਤੇ ਦੋ ਡੰਡੀਆਂ ' ॥ ' ਲਾ ਕੇ ਵਾਕ ਪੂਰਾ ਕੀਤਾ ਜਾਂਦਾ ਸੀ। ਇਹ ਵਿਸ਼ਰਾਮ ਚਿੰਨ੍ਹ (ਪੰਕਚੁਏਸ਼ਨ) ਪੰਜਾਬੀ ਵਿਚ, ਅੰਗ੍ਰੇਜ਼ੀ ਵਿਚੋਂ ਵਿਦਵਾਨਾਂ ਨੇ ਲਿਆਂਦਾ ਹੈ ਤੇ ਇਸ ਨੂੰ ਓਸੇ ਤਰ੍ਹਾਂ ਜਿਉਂ ਦਾ ਤਿਉਂ ਹੀ ਵਰਤਣਾ ਚਾਹੀਦਾ ਹੈ, ਜਿਵੇਂ ਅੰਗ੍ਰੇਜ਼ੀ ਵਾਲ਼ੇ ਵਰਤਦੇ ਹਨ; ਸਿਵਾਏ ਇਕ ਫੁੱਲ ਸਟਾਪ ਤੋਂ, ਜੋ ਕਿ ਅੰਗ੍ਰੇਜ਼ੀ ਵਿਚ ' . ' ਹੈ ਪਰ ਅੱਜ ਕਲ੍ਹ ਪੰਜਾਬੀ ਦੇ ਸਾਰੇ ਨਵੀਨ ਸਾਹਿਤ ਵਿਚ ' । ' ਹੀ ਵਰਤਿਆ ਜਾਂਦਾ ਹੈ; ਇਹ ਢੁਕਵਾਂ ਵੀ ਹੈ।

## ਕੁਝ ਆਮ ਹੀ ਗ਼ਲਤ ਲਿਖੇ ਜਾਣ ਵਾਲ਼ੇ ਸਾਧਾਰਣ ਸ਼ਬਦ

| *ਸਹੀ* | *ਗ਼ਲਤ* | *ਸਹੀ* | *ਗ਼ਲਤ* | *ਸਹੀ* | *ਗ਼ਲਤ* |
|---|---|---|---|---|---|
| ਓਥੇ | ਉੱਥੇ | ਕਾਬਲ | ਕਾਬਿਲ | ਢੁਚਰਾਂ | ਢੁੱਚਰਾਂ |
| ਉਹਨਾਂ | ਉਨ੍ਹਾਂ | ਕਾਤਲ | ਕਾਤਿਲ | ਤੁੜਵਾ | ਤੁੱੜਵਾ |
| ਓਦੋਂ | ਉਦੋਂ | ਕਾਮਲ | ਕਾਮਿਲ | ਦਲ | ਦੱਲ |
| ਓਦਾਂ | ਉਦਾਂ | ਕਾਫ਼ਰ | ਕਾਫ਼ਿਰ | ਦਾ | ਦਾਅ |
| ਉਂਜ | ਉਂਝ | ਕੁਝ | ਕੁੱਝ | ਦੁਬਿਧਾ | ਦੁਬਿਦਾ |
| ਉਘਾ | ਉੱਘਾ | ਕੰਧਾ | ਕੰਦਾ | ਦਸਤਾਰ | ਦੱਸਤਾਰ |

| *ਸਹੀ* | *ਗ਼ਲਤ* | *ਸਹੀ* | *ਗ਼ਲਤ* | *ਸਹੀ* | *ਗ਼ਲਤ* |
|---|---|---|---|---|---|

| | | | | | |
|---|---|---|---|---|---|
| ਉਤੇ | ਉੱਤੇ | ਕਮਾ | ਕਮਾਅ | ਤਦ | ਤੱਦ |
| ਓਪਰਾ | ਉਪਰਾ | ਕੰਙਣ | ਕੰਗਣ | ਤੁਧ | ਤੁੱਧ |
| ਉਂਗਲ਼ | ਉਂਗਲ | ਕੌਮ | ਕੌਂਮ | ਧੰਨਵਾਦ | ਧੰਨਬਾਦ |
| ਉਪਲਬਧ | ਉਪਲਭਦ | ਕੁਦਰਤ | ਕੁੱਦਰਤ | ਨਾਂ | ਨਾਂਅ |
| ਅਤਰ | ਅੱਤਰ | ਕੰਬਣਾ | ਕੰਬਣਾਂ | ਪ੍ਰਸ਼ਾਦ | ਪ੍ਰਸ਼ਾਦਿ |
| ਆਸਟ੍ਰੇਲੀਆ | ਅਸਟਰੇਲੀਆ | ਕਾਇਨਾਤ | ਕਾਯਨਾਤ | ਪੰਝੀ | ਪੱਚੀ |
| ਆਖ਼ਰ | ਆਖ਼ਿਰ | ਖੱਪੜਾ | ਕੱਪੜ੍ਹਾ | ਪੜ੍ਹਨਾ | ਪੜ੍ਹਣਾ |
| ਅੰਗ੍ਰੇਜ਼ੀ | ਅੰਗਰੇਜ਼ੀ | ਕਿਸ ਤਰ੍ਹਾਂ | ਕਿੱਸਤਰ੍ਹਾਂ | ਪਾਣੀ | ਪਾਨੀ |
| ਅਪਮਾਨਤ | ਅਪਮਾਣਿਤ | ਖਾਣਾ | ਖਾਨਾ | ਪਧਰ | ਪੱਧਰ |
| ਅਧਰਕ | ਅਦਕਰ | ਖੰਭ | ਖੰਬ | ਪਿਆ | ਪਇਆ |
| ਆਂਡਾ | ਅੰਡਾ | ਖੁੰਬ | ਖੁੰਭ | ਫਰਵਾਰ | ਪਰਿਵਾਰ |
| ਅੰਮ੍ਰਿਤਸਰ | ਅੰਮ੍ਰਿਤ ਸਰ | ਖੁਭ | ਖੁਬ | ਪੰਧ | ਪੰਦ |
| ਐਨਕ | ਏਨਕ | ਖ਼ਤਰਨਾਕ | ਖੱਤਰਨਾਕ | ਪਚਾ | ਪਚਾਅ |
| ਇਕ ਦਮ | ਇਕਦੱਮ | ਗਿਧਾ | ਗਿੱਦਾ | ਪਰਵਾਰਕ | ਪਰਿਵਾਰਿਕ |
| ਈਚੋਗਿੱਲ | ਇਛੋਗਿੱਲ | ਗਿਆ | ਗਇਆ | ਪ੍ਰੋਗਰਾਮ | ਪਰੋਗਰਾਮ |
| ਏਦਾਂ | ਇੱਦਾਂ | ਗੁਪਤ | ਗੁੱਪਤ | ਪੱਡਾ | ਪੱਢਾ |
| ਇਹਨਾਂ | ਇਨ੍ਹਾਂ | ਮੰਡਾ | ਮੰਢਾ | ਪਿੜ | ਪਿੜ੍ਹ |
| ਇੰਜ | ਇੰਝ | ਗੰਢਾ | ਗੰਡਾ | ਪਟਕਾ | ਪੱਟਕਾ |
| ਏਧਰ | ਇਧਰ | ਗਿਝ | ਗਿੱਜ | ਫੜਨਾ | ਫੜ੍ਹਣਾ |
| ਏਥੇ | ਇੱਥੇ | ਗਭੇ | ਗੱਬੇ | ਫੜ | ਫੱੜ |
| ਸੰਬੋਧਨ | ਸੰਭੋਦਿਨ | ਗੁਰਦੁਆਰਾ | ਗੁਰਦਵਾਰਾ | ਬੁਜ਼ਦਿਲੀ | ਬੁੱਜਦਿਲੀ |
| ਸਭ | ਸੱਭ | ਚਰਨ | ਚਰਣ | ਬਾਵਾਸਤਾ | ਵਾਬਾਸਤਾ |
| ਸ਼੍ਰੋਮਣੀ | ਸ਼ਿਰੋਮਣੀ | ਚਾ | ਚਾਅ | ਬੱਸ | ਬਸ |
| ਸਾਬਤ | ਸਾਬਿਤ | ਚੜ੍ਹਾ | ਚੜ੍ਹਾਅ | ਬਿਲਕੁਲ | ਬਿੱਲਕੁੱਲ |
| ਸੁਭਾ | ਸੁਭਾਅ | ਚੜ੍ਹ | ਚੱੜ | ਬਾਣੀ | ਬਾਨੀ |
| ਸਭਿਅਕ | ਸੱਭਿਅਕ | ਚੌਲ਼ | ਚੋਲ | ਬਗੈਰ | ਵਗੈਰ |
| ਸਨਮਾਨਤ | ਸਨਮਾਣਿਤ | ਚੁੰਝ | ਚੁੰਜ | ਮਾਹਰ | ਮਾਹਿਰ |
| ਸਾਬਤ | ਸਾਬਿਤ | ਚੜ੍ਹਨਾ | ਚੜ੍ਹਣਾ | ਮੁਸ਼ਕਲ | ਮੁਸ਼ਕਿਲ |
| ਸਦਾ | ਸਦਾਅ | ਛਨਿਛਰਵਾਰ | ਸ਼ਨਿਚਰਵਾਰ | ਫੜਨਾ | ਫੜਣਾ |
| ਸਮਾਜਕ | ਸਮਾਜਿਕ | ਛੱਤ | ਸ਼ੱਤ | ਮੰਦਰ | ਮੰਦਿਰ |
| ਸ਼ੱਕ | ਛੱਕ | ਛਕਣਾ | ਸ਼ਕਣਾ | ਮੁੰਜ | ਮੁੰਝ |
| ਸ਼ੋਕ | ਛੋਕ | ਛਾਂ | ਛਾਂਅ | ਸਮਾ | ਸਮਾਂ |
| ਸੰਧਰਬ | ਸੰਧਰਭ | ਜੰਞ | ਜੰਝ | ਮੁੜਨਾ | ਮੁੜਣਾ |
| *ਸਹੀ* | *.ਗਲਤ* | *ਸਹੀ* | *.ਗਲਤ* | *ਸਹੀ* | *.ਗਲਤ* |
| ਸੰਪਾਦਕ | ਸੰਪਾਦਿਕ | ਜਜ਼ਬਾਤ | ਜਜ਼ਬਾਤਾਂ | ਮੰਦਰ | ਮੰਦਿਰ |
| ਸੰਭਾਲ਼ | ਸੰਬਾਲ | ਜਥਾ | ਜੱਥਾ | ਮਤਲਬ | ਮੱਤਲਬ |
| ਸੁਥਰਾ | ਸੁੱਥਰਾ | ਜਥੇਦਾਰ | ਜੱਥੇਦਾਰ | ਮੱਸ ਫੁੱਟ | ਮੁੱਛ ਫੁੱਟ |
| ਹਾਸਲ | ਹਾਸਿਲ | ਝੱਗਾ | ਝੱਘਾ | ਮੈਲਬਰਨ | ਮੈਲਬੌਰਨ |
| ਹੁਦਾਰ | ਉੱਧਾਰ | ਝਨਾਂ | ਚਨਾ | ਮੁਬਾਰਕ | ਮੁਬਾਰਿਕ |

| | | | | | |
|---|---|---|---|---|---|
| ਹਨ | ਹੁਣ | ਝੰਬ | ਝੰਭ | ਮੜ੍ਹਦਾ | ਮੱੜ੍ਹਦਾ |
| ਹਾਜਰ | ਹਾਜਿਰ | ਠੱਬ | ਟੱਭ | ਰਿਹਾ | ਰਹਿਆ |
| ਹਸ਼ਰ | ਹੱਸ਼ਰ | ਟੁਕੜਾ | ਟੁੱਕੜਾ | ਰਸ | ਰੱਸ |
| ਹੁਦਾਰ | ਉੱਧਾਰ | ਟਪਕ | ਟੱਪਕ | ਲਿਖਤ | ਲਿੱਖਤ |
| ਹੁਣ | ਹੁਨ | ਡੰਝ | ਡੰਜ | ਲੜਕੀ | ਲੱੜਕੀ |
| ਵੈਸਾਖੀ | ਬੈਸਾਖੀ | ਵੱਛਾ | ਬੱਛਾ | ਵਾਪਸ | ਵਾਪਿਸ |
| ਵੇਲ਼ਾ | ਬੇਲ਼ਾ | ਵੱਖੀ | ਬੱਖੀ | ਵਗੈਰਾ | ਬਗੈਰਾ |
| ਵਰਿਆਮਾ | ਬਰਿਆਮਾ | ਵੇਖੋ | ਬੇਖੋ | ਵਾੜਾ | ਬਾੜਾ |
| ਬਚਨ | ਵਚਨ | ਵੱਲ | ਬੱਲ | ਪਿੰਗਲਵਾੜਾ | ਪਿੰਗਲਬਾੜਾ |

ਇਹ ਸਿਰਫ ਪੰਜਾਬੀ ਸ਼ਬਦ ਜੋੜਾਂ ਵਿਚ ਸਰਲਤਾ ਲਿਆਉਣ ਤੇ ਅੰਗ੍ਰੇਜ਼ੀ ਵਾਂਗ ਇਕਸਾਰਤਾ ਵੱਲ ਵਧਣ ਦਾ ਨਿਮਾਣਾ ਜਿਹਾ ਯਤਨ ਹੀ ਹੈ। ਪੂਰੀ ਸ਼ੁਧਤਾਈ ਦਾ ਦਾਹਵਾ ਜਾਂ ਕਿਸੇ ਕਿਸਮ ਦੀ ਵਿਦਵਤਾ ਦਾ ਵਿਖਾਲ਼ਾ ਪਾਉਣਾ, ਇਸ ਯਤਨ ਦਾ, ਕਦਾਚਿਤ ਮਨੋਰਥ ਨਹੀ ਤੇ ਪੂਰਨ ਸ਼ੁਧਤਾਈ ਲਿਆਉਣੀ ਵੀ ਅਸੰਭਵਤਾ ਦੇ ਨੇੜੇ ਦੀ ਗੱਲ ਹੀ ਜਾਪਦੀ ਹੈ। ਪੰਜਾਬੀ ਯੂਨੀਵਰਸਿਟੀ ਵੱਲੋਂ ਛਾਪੇ ਗਏ ਵਿਸ਼ਾਲ ਗ੍ਰੰਥ, 'ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼' ਇਸ ਪਾਸੇ ਬਹੁਤ ਹੀ ਵੱਡਾ ਯਤਨ ਹੈ। ਇਸ ਤੋਂ ਸਹਾਇਤਾ ਲੈ ਕੇ ਸਾਨੂੰ ਇਕਸਾਰਤਾ ਵੱਲ ਵਧਣ ਦਾ ਯਤਨ ਕਰਨਾ ਚਾਹੀਦਾ ਹੈ। ਇਹ ਵੱਖਰੀ ਗੱਲ ਹੈ ਕਿ ਏਧਰ-ਓਧਰ ਕਾਫੀ ਊਣਤਾਈਆਂ ਇਸ ਵਿਚ ਵੀ ਹਨ ਪਰ ਇਸ ਵਰਗਾ ਹੋਰ ਕੋਈ ਉਦਮ ਅਜੇ ਤੱਕ ਨਹੀ ਹੋ ਸਕਿਆ।

ਏਸੇ ਵਿਸ਼ੇ ਬਾਰੇ ਪਾਠਕਾਂ ਨੂੰ ਵਿਚ ਇਕ ਸੱਚੀ ਵਾਰਤਾ ਸ਼ਾਇਦ ਦਿਲਚਸਪ ਰਹੇ: ਗੱਲ ਇਹ ੧੯੬੫ ਜਾਂ ੬੬ ਦੀ ਹੈ ਕਿ ਪਬਲਿਕ ਲਾਇਬ੍ਰੇਰੀ ਪਟਿਆਲਾ ਵਿਚ, ਇਕ ਸਮਾਗਮ ਏਸੇ ਸਬੰਧ ਵਿਚ ਕੀਤਾ ਜਾ ਰਿਹਾ ਸੀ। ਪ੍ਰਸਿਧ ਭਾਸ਼ਾ ਵਿਗਿਆਨੀ, ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਜੀ, ਨੇ ਪੰਜਾਬੀ ਦੇ ਸ਼ਬਦ-ਜੋੜਾਂ ਦੀ ਸਮੱਸਿਆ ਬਾਰੇ ਇਕ ਕਿਤਾਬਚਾ ਛਾਪ ਕੇ ਪੇਸ਼ ਕੀਤਾ ਸੀ ਤੇ ਇਸ ਉਪਰ ਹੀ ਵਿਚਾਰ ਹੋ ਰਹੀ ਸੀ। ਨਾ ਸੀ 'ਪੰਜਾਬੀ ਸ਼ਬਦ-ਜੋੜਾਂ ਦਾ ਪ੍ਰਮਾਣੀਕਰਣ'। ਮੈ ਵੀ, ਵੇਹਲ ਤੇ ਆਦਤ ਅਨੁਸਾਰ, ਡਰਦਾ ਡਰਦਾ ਪਿਛਵਾੜੇ ਜਿਹੇ ਪਈ ਕੁਰਸੀ ਉਪਰ ਜਾ ਬੈਠਾ, ਵਿਦਵਾਨਾਂ ਦੀ ਚੁੰਝ-ਚਰਚਾ ਸੁਣਨ। ਇਕ ਨੌਜਵਾਨ ਨੇ ਉਠ ਕੇ ਉਸ ਕਿਤਾਬਚੇ ਵਿਚ, ਇਕੋ ਸ਼ਬਦ ਨੂੰ ਦੋ ਤਰ੍ਹਾਂ ਲਿਖੇ ਹੋਣ ਕਰਕੇ ਪੁੱਛ ਲਿਆ, "ਪ੍ਰੋਫ਼ੈਸਰ ਸਾਹਿਬ ਕਿਤਾਬਚੇ ਦੇ ਬਾਹਰਵਾਰ ਤੁਸੀਂ 'ਪਰਮਾਣੀਕਰਣ' ਲਿਖਦੇ ਹੋ ਤੇ ਅੰਦਰ ਜਾ ਕੇ 'ਪ੍ਰਮਾਣੀਕਰਣ' ਦੋਹਾਂ ਵਿਚੋਂ ਸਹੀ ਕੇਹੜਾ ਹੈ!" ਇਹ ਸੁਣ ਕੇ ਹਾਲ ਵਿਚ ਹਾਸਾ ਖਿੱਲਰ ਗਿਆ। ਪ੍ਰੋਫ਼ੈਸਰ ਸਾਹਿਬ ਨੇ ਇਸ ਦਾ ਜਵਾਬ ਦਿਤਾ ਪਰ ਹੁਣ ਯਾਦ ਨਹੀ ਰਿਹਾ ਕਿ ਉਹਨਾਂ ਨੇ ਕਿਸ ਰੂਪ ਨੂੰ ਸਹੀ ਠਹਿਰਾਇਆ।

ਓਸੇ ਸਮਾਗਮ ਵਿਚ ਹੀ ਪੰਜਾਬੀ ਯੂਨੀਵਰਸਿਟੀ ਦੇ ਪਹਿਲੇ ਤੇ ਤਤਕਾਲੀ ਵਾਈਸ ਚਾਂਸਲਰ, ਸਿੱਖੀ ਤੇ ਸਾਹਿਤ ਦੇ ਧੁਰੰਤਰ ਵਿਦਵਾਨ, ਜਿਨ੍ਹਾਂ ਨੂੰ ਗੁਰਬਾਣੀ ਦੇ ਮਸਲੇ ਤੇ ਪ੍ਰਿੰ. ਸਾਹਿਬ ਸਿੰਘ ਜੀ ਵੀ ਆਪਣੇ ਉਸਤਾਦ ਸਮਾਨ ਸਤਿਕਾਰਦੇ ਸਨ, ਭਾਈ ਜੋਧ ਸਿੰਘ ਜੀ ਵੀ ਬੋਲੇ। ਉਹਨਾਂ ਨੇ ਸ਼ਬਦ-ਜੋੜਾਂ ਨੂੰ ਗੁਰਬਾਣੀ ਅਨੁਸਾਰ ਕਰਨ ਦਾ ਸੁਝਾ ਦਿਤਾ ਜੋ ਕਿ ਮੈਨੂੰ ਉਸ ਸਮੇ ਬਿਲਕੁਲ ਨਹੀਂ ਜਚਿਆ। ਇਸ ਕਰਕੇ ਕਿ ਗੁਰਬਾਣੀ ਵਿਆਕਣ ਅਨੁਸਾਰ ਇਕ ਸ਼ਬਦ (ਲਫ਼ਜ਼) ਨੂੰ ਓਥੇ, ਅਰਥਾਂ ਅਨੁਸਾਰ, ਇਕ ਤੋਂ ਵਧ ਰੂਪਾਂ ਵਿਚ ਲਿਖਿਆ ਜਾਂਦਾ ਹੈ ਜੋ ਕਿ ਅਜੋਕੇ ਸਮੇ ਵਿਚ ਸੰਭਵ ਨਹੀ ਹੈ ਕਿ ਅਸੀ ਇਤਿਹਾਸ ਨੂੰ ਚਾਰ ਸਦੀਆਂ ਪਿੱਛੇ ਵੱਲ ਮੋੜਾ ਦੇ ਸਕੀਏ ਪਰ ਅੱਜ ਮੈਂ ਜਦੋਂ ਗਹੁ ਨਾਲ਼ ਵੇਖਦਾ ਹਾਂ ਤਾਂ ਉਹਨਾਂ ਦੀ ਗੱਲ ਮੈਨੂੰ ਓਨੀ ਅਜਚਵੀਂ ਨਹੀ ਲੱਗਦੀ ਜਿੰਨੀ ਓਦੋਂ ਲੱਗੀ ਸੀ। ਕਿਸੇ ਹੱਦ ਤੱਕ ਇਸ ਮਸਲੇ ਤੇ ਅਸੀਂ ਗੁਰਬਾਣੀ ਤੋਂ ਸੇਧ ਲੈ ਵੀ ਸਕਦੇ ਹਾਂ। ਡਿਊਟੀ ਦਾ ਸਮਾ ਹੋ ਜਾਣ ਕਰਕੇ ਮੈ ਤਾਂ ਉਸ ਵਿਦਵਾਨਾਂ ਦੇ ਸਮਾਗਮ ਵਿਚੋਂ ਉਠ ਆਇਆ। ਪਿੱਛੋਂ ਕੀ ਹੋਇਆ, ਕੋਈ ਪਤਾ ਨਹੀ।

ਮੈ ਤਾਂ ਇਸ ਹੱਕ ਵਿਚ ਵੀ ਹਾਂ ਕਿ ਜੇਹੜੀ ਨਵੀ ਵਸਤੂ ਦਾ, ਜਿਸ ਨੇ ਈਜਾਦ ਕਰਨ ਵੇਲ਼ੇ ਜੋ ਨਾਂ ਰੱਖਿਆ ਉਸ ਨੂੰ ਤਰਜਮਾਉਣ ਵਿਚ ਉਚੇਚੀ ਸਿਰ ਖਪਾਈ ਕਰਨ ਨਾਲ਼ੋਂ ਉਸ ਨੂੰ ਜਿਉਂ ਦਾ ਤਿਉਂ ਪੰਜਾਬੀ ਅੱਖਰਾਂ ਵਿਚ ਲਿਖ ਕੇ ਅਪਣਾ ਲੈਣਾ ਚਾਹੀਦਾ ਹੈ। ਟੈਲੀਫ਼ੋਨ ਦਾ ਦੂਰਭਾਸ਼, ਟੈਲੀਵੀਯਨ ਦਾ ਦੂਰ ਦਰਸ਼ਨ, ਰੇਡੀਓ ਦਾ ਆਕਾਸ਼ਵਾਣੀ, ਟ੍ਰੈਕਟਰ ਦਾ ਭੂਮੀਖੋਦ ਯੰਤਰ, ਲੈਟਰ ਬਾਕਸ ਦਾ ਪੱਤਰ ਘੁਸੇੜੂ ਪਾਤਰ ਬਣਾ ਕੇ ਅਸੀਂ ਕੀ ਕੱਦੂ ਵਿਚ ਤੀਰ ਮਾਰ ਰਹੇ ਹਾਂ; ਇਹ ਮੇਰੀ ਸਮਝ ਤੋਂ ਬਾਹਰੀ ਬਾਤ ਹੈ।

## ਅਧਕ ੱ ਵਿਚਾਰਾ ਕੀ ਕਰੇ!

ਵੈਸੇ ਤਾਂ ਪੰਜਾਬੀ ਦੇ ਸ਼ਬਦ ਜੋੜਾਂ ਵਿਚ ਐਸੀ ਆਪਾ ਧਾਪੀ ਪਈ ਹੋਈ ਹੈ ਕਿ ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿਚ:

*ਅੰਨ੍ਹੀ ਕਉ ਬੋਲ਼ਾ ਘੜੀਸੈ॥*
*ਨ ਉਸ ਸੁਣੈ ਨ ਉਸ ਦੀਸੈ॥*

ਵਾ.ਲੀ ਹਾਲਤ ਹੀ ਹੈ। ਇੰਟਰਨੈਟ ਤੇ ਕੰਪਿਊਟਰ ਦੇ ਸਦਕਾ ਬਹੁਤ ਸਾਰੇ ਪਰਚੇ ਲਿਖਾਰੀਆਂ ਦੇ ਸ਼ਬਦ ਜੋੜਾਂ ਨੂੰ ਬਦਲਣ ਦੀ ਜ਼ਹਿਮਤ ਉਠਾਏ ਬਿਨਾ ਹੀ, ਜਿਵੇਂ ਉਹ ਲਿਖ ਕੇ ਘੱਲਦੇ ਹਨ ਓਵੇਂ ਹੀ ਛਾਪ ਦਿੰਦੇ ਹਨ। ਹਰੇਕ ਵਿਦਵਾਨ ਆਪਣੇ ਸ਼ਬਦ ਜੋੜਾਂ ਨੂੰ ਸਹੀ ਤੇ ਦੂਸਰੇ ਦਿਆਂ ਨੂੰ ਇਮਾਨਦਾਰੀ ਨਾ.ਲ ਗ਼ਲਤ ਸਮਝਦਾ ਹੈ। ਪਹਿਲਾਂ ਲੇਖਕ ਹੱਥ ਲਿਖਤ ਰਚਨਾਵਾਂ ਪਰਚਿਆਂ ਦੇ ਸੰਪਾਦਕਾਂ ਨੂੰ ਭੇਜਿਆ ਕਰਦੇ ਸਨ। ਇਸ ਤਰ੍ਹਾਂ ਪ੍ਰੋਫੈਸ਼ਨਲ ਕੰਪੋਜ਼ਰ, ਕੰਪੋਜ਼ ਕਰਨ ਸਮੇ ਉਹਨਾਂ ਨੂੰ ਸੋਧ ਕੇ ਦਰੁਸਤ ਹੋਣ ਦੇ ਵਾਹਵਾ ਨੇੜੇ ਲੈ ਆਇਆ ਕਰਦੇ ਸਨ। ਉਸ ਸਮੇ ਹੁਣ ਨਾ.ਲੋਂ ਕਿਤੇ ਘਟ ਇਹ 'ਘੀਚਮਚੋ.ਲਾ' ਪੈਂਦਾ ਸੀ।

ਇਸ ਸਾਰੇ ਕੁਝ ਨੂੰ ਪਾਸੇ ਵੀ ਛੱਡ ਦਈਏ ਤੇ ਇਕੱਲੇ ਅਧਕ ੱ ਦੀ ਹੀ ਗੱਲ ਕਰੀਏ ਤਾਂ ਸਾਨੂੰ ਪਤਾ ਲੱਗੂਗਾ ਕਿ ਅਧਕ ੱ ਇਕ ਅਜਿਹਾ ਗਰੀਬ ਚਿੰਨ੍ਹ ਹੈ ਜਿਸ ਦੀ, ਪੰਜਾਬੀ ਦੇ ਲੇਖਕ, ਕੰਪੋਜ਼ਰ, ਪ੍ਰਕਾਸ਼ਕ ਆਦਿ ਸਭ ਤੋਂ ਵਧ ਦੁਰਵਰਤੋਂ ਕਰਦੇ ਹਨ। ਜਿਥੇ ਇਸ ਦੀ ਲੋੜ ਹੋਵੇ ਓਥੇ ਇਸ ਨੂੰ ਲਾਉਣਾ ਨਹੀਂ ਤੇ ਜਿਥੇ ਨਾ ਲੱਗਦਾ ਹੋਵੇ ਓਥੇ ਜ਼ਰੂਰ ਲਾ ਦਿੰਦੇ ਹਨ। ਖਾਸ ਕਰਕੇ ਪੱਛਮੀ ਪੰਜਾਬ ਤੋਂ ਆਏ ਹੋਏ ਲੇਖਕ ਸੱਜਣਾਂ ਨੇ ਤਾਂ ਜਿਵੇਂ ਕਿਤੇ ਤਹੱਈਆ ਹੀ ਕੀਤਾ ਹੋਇਆ ਹੋਵੇ ਇਸ ਵਿਚਾਰੇ ਅਧਕ ੱ ਦੀ ਮਿੱਟੀ ਪਲੀਤ ਕਰਨ ਦਾ। ਦਿੱਲੀ ਯੂਨੀਵਰਸਿਟੀ ਦੇ ਇਕ ਸਾਬਕ ਪ੍ਰੋਫ਼ੈਸਰ ਸਾਹਿਬ ਜੀ ਤੋਂ ਪਤਾ ਲਗਾ ਕਿ ਪੋਠੋਹਾਰ ਦੇ ਇਲਾਕੇ ਵਿਚੋਂ ਆਉਣ ਵਾ.ਲੇ ਲੇਖਕਾਂ ਦਾ ਨਾਂ ਹੀ ਉਹਨਾਂ ਵਿੱਦਿਅਕ ਅਦਾਰੇ ਵਿਚ, ਮਖੌਲ ਵਜੋਂ ਅਧਕਾਂ ਪਾਇਆ ਹੋਇਆ ਸੀ; ਕਿਉਂਕਿ ਉਹ ਅਕਸਰ ਹੀ ਇਸ ਦੀ ਬੇਲੋੜੀ ਤੇ ਵਾਧੂ ਵਰਤੋਂ ਕਰਦੇ ਸਨ/ਹਨ। ਉਹਨਾਂ ਦੀਆਂ ਲਿਖਤਾਂ ਪੜ੍ਹ ਕੇ ਵੇਖੋ; ਜਿਥੇ ਲੋੜ ਹੋਵੇਗੀ ਓਥੇ ਇਸ ਨੂੰ ਨਹੀ ਲਾਉਣਗੇ ਤੇ ਜਿਥੇ ਨਹੀ ਲੋੜ ਹੋਵੇਗੀ ਓਥੇ ਜ਼ਰੂਰ ਹੀ ਇਸ ਵਿਚਾਰੇ ਨੂੰ ਟਾਂਕਣਗੇ। ਅਸੀਂ ਅਜੇ ਤੱਕ ਇਹ ਨਹੀ ਜਾਣ ਸਕੇ ਕਿ ਅਧਕ ਕੇਵਲ ਜਿਸ ਅੱਖਰ ਦਾ ਦੋਹਰਾ ਜਾਂ ਡੇੜ੍ਹਾ ਉਚਾਰਣ ਹੋਵੇ, ਉਸ ਤੋਂ ਪਹਿਲੇ ਅੱਖਰ ਉਪਰ ਹੀ ਲਾਇਆ ਜਾਂਦਾ ਹੈ; ਹੋਰ ਕਿਤੇ ਨਹੀ। ਜਿਥੇ ਸ਼ੱਕ ਹੋਵੇ ਅਰਥਾਤ ਪੂਰਾ ਯਕੀਨ ਨਾ ਹੋਵੇ ਓਥੇ ਲਾਉਣ ਦੀ ਕੋਈ ਲੋੜ ਨਹੀ; ਇਸ ਤੋਂ ਬਿਨਾ ਵੀ ਸਰ ਸਕਦਾ ਹੈ। ਮਿਸਾਲ ਵਜੋਂ: ਵਰਤਮਾਨ ਸਮੇ ਅੰਦਰ ਪੱਤਰਾਂ ਦੇ ਸੰਪਾਦਕ ਸ਼ਬਦ 'ਕੁਝ' ਦੇ ਉਪਰ ਬੇਲੋੜਾ ਅਧਕ ਲਾ ਕੇ ਇਸਨੂੰ 'ਕੁੱਝ' ਬਣਾਉਣ ਵਿਚ ਅਣਗਹਿਲੀ ਨਹੀ ਕਰਦੇ। ਅਸੀਂ ਪੇਂਡੂ ਮਝੈਲ ਇਸ 'ਕੁਝ' ਨੂੰ 'ਕੁਸ਼' ਬੋਲਦੇ ਹਾਂ ਤੇ ਉਰਦੂ ਹਿੰਦੀ ਵਾ.ਲੇ ਵੀ ਏਸੇ ਤਰ੍ਹਾਂ ਹੀ ਬੋਲਦੇ ਹਨ। ਹਿੰਦੀ ਵਿਚ ਇਸਨੂੰ 'ਕੁਛ' ਲਿਖਿਆ ਜਾਂਦਾ ਹੈ। ਕਈ ਸੱਜਣ ਸ਼ ਤੇ ਛ ਦਾ ਉਚਾਰਨ ਨਾ ਸੱਕਣ ਕਾਰਨ, ਇਸਨੂੰ 'ਕੁਸ' ਵੀ ਉਚਾਰਦੇ ਹਨ। ਕੇਂਦਰੀ ਪੰਜਾਬ ਦੇ, ਪ੍ਰੋ. ਸਾਹਿਬ ਸਿੰਘ ਜੀ, ਸ. ਗੁਰਬਖ਼ਸ਼ ਸਿੰਘ ਜੀ ਆਦਿ ਸਿੱਖ ਲਿਖਾਰੀਆਂ ਨੇ ਇਸ ਨੂੰ 'ਕੁਝ' ਲਿਖਣਾ ਸ਼ੁਰੂ ਕਰ ਦਿਤਾ ਤੇ ਛਾਪੇ ਵਿਚ ਏਹੋ ਹੀ ਪ੍ਰਚੱਲਤ ਹੋ ਗਿਆ ਜਿਸਦਾ ਇਹ ਛਪੇ ਸਾਹਿਤ ਵਿਚ ਪ੍ਰਵਾਨਿਆ ਜਾ ਚੁੱਕਾ ਰੂਪ ਬਦਲ ਕੇ, ਹੁਣ ਭੰਬ.ਲਭੂਸੇ ਵਿਚ ਹੋਰ ਵਾਧਾ ਕਰਨ ਦੀ ਕੋਈ ਤੁਕ ਨਹੀ ਬਣਦੀ; ਪਰ ਇਹ ਮੈਨੂੰ ਸਮਝ ਨਹੀ ਆਉਂਦੀ ਕਿ ਤਕਰੀਬਨ ਹਰੇਕ ਸੰਪਾਦਕ ਹੀ ਇਸ ਉਪਰ ਬੇਲੋੜਾ ਅਧਕ ਲਾਉਣੋ ਕਿਉਂ ਨਹੀ ਉਕਦਾ! ਵੈਸੇ ਗੁਰਬਾਣੀ ਵਿਚ ਇਸ ਅਰਥ ਵਾਸਤੇ, ਇਹ ਸ਼ਬਦ ਇਹਨਾਂ ਰੂਪਾਂ ਵਿਚ ਵੀ ਆਇਆ ਹੈ: ਕਛ, ਕਛੁ, ਕਛੂ, ਕਛੂਅ, ਕਛੂਅਕ, ਕਿਛ, ਕਿਛੁ, ਕਿਛੂ, ਕਿਛੂਅ, ਕਿਛਹੂ, ਕਿਝੁ, ਕਿਝ; ਜਿਨ੍ਹਾਂ ਨੂੰ ਅਜੋਕੇ ਸਮੇ ਦੇ ਛਾਪੇਖਾਨੇ ਵਿਚ ਲਿਆ ਕੇ, ਪਹਿਲਾਂ ਹੀ ਵ.ਲਗਣੋ ਬਾਹਰੀਆਂ ਹੋ ਚੁੱਕੀਆਂ ਉ.ਲਝਣਾਂ ਵਿਚ ਹੋਰ ਵਾਧਾ ਕਰਨ ਦੀ ਕੋਈ ਲੋੜ ਨਹੀ। ਹੁਣ ਇਸ ਦਾ ਪ੍ਰਚੱਲਤ ਰੂਪ 'ਕੁਝ' ਹੀ ਠੀਕ ਹੈ। ਯਾਦ ਰਹੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾ ਤੇ 'ਕੁਝ' ਸ਼ਬਦ ਆਇਆ ਹੈ ਤੇ ਨਾ ਹੀ 'ਕੁਛ'।

ਪੰਜਾਬੀ ਵਿਚ ਇਹਨਾਂ ਕੁਝ ਗਿਣਵੇ ਚੁਣਵੇਂ ਥਾਂਵਾਂ ਤੋਂ ਬਿਨਾ, ਹੋਰ ਥਾਂਵਾਂ ਤੇ ਅਧਕ ਨਾ ਵੀ ਲੱਗੇ ਤਾਂ ਅਰਥਾਂ ਵਿਚ ਫਿਰ ਵੀ ਕੋਈ ਫਰਕ ਨਹੀ ਪੈਂਦਾ:

| | |
|---|---|
| ਪਦ *(ਪਦਵੀ)* | ਪੱਦ *(ਅਸ਼ੁਧ ਹਵਾ)* |
| ਕਦ *(ਕਦੋਂ)* | ਕੱਦ *(ਸਾਈਜ਼)* |
| ਪਤ *(ਇਜ਼ਤ)* | ਪੱਤ *(ਪੱਤੇ)* |
| ਭਲਾ (*ਚੰਗਾ*) | ਭੱਲਾ (*ਖਾਣ ਵਾ.ਲਾ*) |
| ਪਤਾ *(ਸਿਰਨਾਵਾਂ)* | ਪੱਤਾ (*ਦਰੱਖ਼ਤ ਦਾ ਪੱਤਾ*) |
| ਬੱਚਾ (ਬਾਲਕ) | ਬਚਾ (ਬਚਾਉਣਾ) |
| ਪੱਤਣ *(ਪੋਰਟ)* | ਪਤਨ *(ਗਿਰਾਵਟ)* |
| ਗੁਦਾ *(ਪਿੱਠ)* | ਗੁੱਦਾ *(ਪਲਪ)* |
| ਜਤ *(ਸੰਜਮ)* | ਜੱਤ *(ਵਾ.ਲ)* |
| ਧੁਪ (ਧੋਣਾ) | ਧੁੱਪ (ਸੂਰਜ ਦੀ) |
| ਸਦਾ (*ਹਮੇਸ਼ਾਂ*) | ਸੱਦਾ (*ਬੁਲਾਵਾ*) |
| ਸਜਾ (ਜੁਰਮਾਨਾ) | ਸੱਜਾ (ਰਾਈਟ) |

# ਜੱਜੇ ਦੀਆਂ ਲੱਤਾਂ 'ਚ ਆ ਅੜੀ ਬੇਲੋੜੀ ਬਿੰਦੀ।

ਏਥੇ ਮੈਂ ਹਿੰਦੁਸਤਾਨੀ ਬੀਬੀਆਂ ਦੇ ਮੱਥੇ ਉਪਰ ਚਿਪਕਾਈ ਜਾਣ ਵਾਲ਼ੀ ਬਿੰਦੀ ਦਾ ਜ਼ਿਕਰ ਨਹੀ ਕਰਨ ਲੱਗਾ। ਉਹ ਬਿੰਦੀ ਤਾਂ ਸ਼ਾਇਦ ਭਾਰਤੀ ਇਸਤਰੀ ਦੇ ਮੇਕਅਪ ਦਾ ਹਿੱਸਾ ਬਣ ਕੇ, ਕਿਸੇ ਬੀਬੀ ਦੇ ਸੁਹੱਪਣ ਵਿਚ ਵਾਧਾ ਕਰਦੀ ਹੋਵੇਗੀ ਜਾਂ ਘਟੋ ਘਟ ਅਜਿਹਾ ਸਮਝਿਆ ਜਾਂਦਾ ਹੈ ਕਿ ਉਹ ਕਰਦੀ ਹੈ। ਇਹ ਤਾਂ ਮੰਨਣਾ ਹੀ ਪਵੇਗਾ ਕਿ ਜੇਹੜੀ ਵਸਤੂ ਸਦੀਆਂ ਤੋਂ ਨਹੀ ਬਲਕਿ ਦਹਿ ਸਦੀਆਂ ਤੋਂ ਇਸਤਰੀ ਦੇ ਸ਼ਿੰਗਾਰ ਦਾ ਹਿੱਸਾ ਚੱਲੀ ਆ ਰਹੀ ਹੈ ਤੇ ਕਿਸੇ ਨੇ ਇਸ ਨੂੰ ਹਟਾਉਣ ਦਾ ਯਤਨ ਨਹੀ ਕੀਤਾ ਤਾਂ ਨਿਸਚੇ ਹੀ ਇਹ ਸੁੰਦਰਤਾ ਵਿਚ ਵਾਧਾ ਕਰਦੀ ਹੀ ਹੋਵੇਗੀ! ਪਰ ਮੈਂ ਤਾਂ ਉਸ ਬਿੰਦੀ ਦਾ ਜ਼ਿਕਰ ਕਰਨ ਲੱਗਾ ਹਾਂ ਜੋ ਗੁਰਮੁਖੀ ਲਿਖਤ ਦੇ ਤੇਰਵੇਂ ਅੱਖਰ, ਜ ਦੇ ਪੈਰ ਵਿਚ ਅੜ ਕੇ, ਪੰਜਾਬੀ ਲਿਖਤ ਦੀ ਖ਼ੂਬਸੂਰਤੀ ਵਿਚ ਵਾਧਾ ਕਰਨ ਦੀ ਥਾਂ, ਇਸ ਦੀ ਬਦਸੂਰਤੀ ਵਿਚ ਘਨੇਰਾ ਯੋਗਦਾਨ ਪਾ ਰਹੀ ਹੈ।

ਪਹਿਲਾਂ ਪਹਿਲ ਗੁਰਮੁਖੀ ਦੇ ਪੈਂਤੀ ਅੱਖਰ ਹੀ ਹੁੰਦੇ ਸਨ ਤੇ ਪੰਜਾਬੀ ਉਚਾਰਣ ਅਨੁਸਾਰ ਇਹਨਾਂ ਨਾਲ ਸਰ ਜਾਂਦਾ ਸੀ; ਇਸ ਲਈ ਇਸ ਵਰਣਮਾਲ਼ਾ ਦਾ ਨਾਂ ਵੀ 'ਪੈਂਤੀ' ਹੀ ਸੀ ਤੇ ਹੈ। ਫਿਰ ਫ਼ਾਰਸੀ ਦੇ ਸ਼ਬਦਾਂ ਦਾ, ਸਮੇ ਅਨੁਸਾਰ ਪੰਜਾਬੀ ਵਿਚ ਪ੍ਰਵੇਸ਼ ਕਰ ਜਾਣ ਕਰਕੇ, ਉਹਨਾਂ ਦਾ ਸਹੀ ਉਚਾਰਨ ਕਰਨ ਵਾਸਤੇ ਕੁਝ ਹੋਰ ਅੱਖਰਾਂ ਦੀ ਲੋੜ ਪਈ ਤਾਂ ਵਿਦਵਾਨਾਂ ਨੇ ਪੰਜ ਅੱਖਰ ਪਹਿਲਿਆਂ ਦੇ ਪੈਰੀਂ ਬਿੰਦੀਆਂ ਲਾ ਕੇ, ਹੋਰ ਵਧਾ ਲਏ ਤੇ ਇਸ ਤਰ੍ਹਾਂ ਇਸ ਨਵੀ ਸਮੱਸਿਆ ਦਾ ਹੱਲ ਕੱਢ ਕੇ ਕਾਰਜ ਸਾਰ ਲਿਆ; ਜਿਵੇਂ:

ਸ਼ ਖ਼ ਗ਼ ਜ਼ ਫ਼

ਲੱਲੇ ਦੇ ਪੈਰ ਵਿਚ ਬਿੰਦੀ ਲਾ ਕੇ, ਲ਼ ਬਣਾ ਕੇ, ਇਸ ਦਾ ਤਾਲ਼ਵੀ ਉਚਾਰਨ ਕਰਨ ਦਾ ਪ੍ਰਸੰਗ, ਇਹਨਾਂ ਪੰਜ ਅੱਖਰਾਂ ਤੋਂ ਵੱਖਰਾ ਹੈ। ਇਸ ਬਾਰੇ ਵੀ ਕੁਝ ਵਿਦਵਾਨ ਬੇਲੋੜਾ ਭੰਬਲ਼ਭੂਸਾ ਜਿਹਾ ਪੈਦਾ ਕਰਨ ਲਈ, ਲ਼ ਦੀ ਥਾਂ ਲ੍ਹ, ਅਰਥਾਤ, ਲੱਲੇ ਦੇ ਪੈਰ ਵਿਚ ਬਿੰਦੀ ਦੀ ਥਾਂ ੍ਹ ਪਾ ਕੇ ਲਿਖਣ ਦੀ ਗ਼ਲਤ ਜਿਦ ਕਰਦੇ ਹਨ।

ਕਿਉਂਕਿ ਪੰਜਾਬੀ ਉਚਾਰਨ ਵਿਚ ਪਹਿਲਾਂ ਇਹਨਾਂ ਆਵਾਜ਼ਾਂ ਦੀ ਮੌਜੂਦਗੀ ਨਾ ਹੋਣ ਕਰਕੇ, ਇਹਨਾਂ ਨੂੰ ਦਰਸਾਉਣ ਲਈ ਵੱਖਰੇ ਅੱਖਰਾਂ ਦੀ ਲੋੜ ਨਹੀਂ ਸੀ। ਜਦੋਂ ਫ਼ਾਰਸੀ ਵਿਚੋਂ ਆਏ ਲਫ਼ਜ਼ਾਂ ਨੂੰ ਗੁਰਮੁਖੀ ਲਿਖਤ ਵਿਚ ਲਿਆਉਣ ਦੀ ਲੋੜ ਪਈ, ਤਾਂ ਪੰਜਾਂ ਅੱਖਰਾਂ ਦੇ ਪੈਰੀਂ ਬਿੰਦੀਆਂ ਲਾ ਕੇ ਕੰਮ ਸਾਰ ਲਿਆ ਗਿਆ ਪਰ ਹੁਣ ਤਾਂ ਜਿਵੇਂ ਬੇਲੋੜੀ ਬਿੰਦੀ ਹਰ ਥਾਂ ਲਾਉਣ ਦਾ ਇਹ ਰਿਵਾਜ਼ ਜਿਹਾ ਹੀ ਪੈ ਗਿਆ ਹੈ। ਮੁਢਲੇ ਪੰਜਾਬੀ ਸ਼ਬਦਾਂ ਦੇ ਉਚਾਰਨ ਲਈ ਇਹਨਾਂ ਦੀ ਲੋੜ ਨਹੀਂ ਸੀ। ਸੋ ਜੇ ਇਹ ਬਿੰਦੀ ਕਿਤੇ ਵਰਤਣੋ ਰਹਿ ਵੀ ਜਾਵੇ ਤਾਂ ਪੰਜਾਬੀ ਦੇ ਉਚਾਰਨ ਵਿਚ ਕੋਈ ਦੋਸ਼ ਨਹੀ। ਹਾਂ, ਜੇ ਇਹ ਬੇਲੋੜੀ ਲਾਈ ਜਾਵੇ ਤਾਂ ਪੂਰੀ ਦੀ ਪੂਰੀ ਹੀ ਗ਼ਲਤ ਹੈ।

ਪੰਜਾਬੀ ਦੇ ਨਵੇਂ ਲਿਖਾਰੀ ਸ਼ਾਇਦ ਇਕ ਦੂਜੇ ਤੋਂ ਅੱਗੇ ਲੰਘਣ ਲਈ, ਵਧ ਤੋਂ ਵਧ ਬਿੰਦੀਆਂ ਲਾ ਕੇ ਹੀ ਆਪਣੀ ਵਿਦਿਅਕ ਦੌੜ ਦੀ ਪਰਾਪਤੀ ਦਾ ਪ੍ਰਗਟਾਵਾ ਕਰਨਾ ਚਾਹੁੰਦੇ ਹੋਣ ਤੇ ਇਸ 'ਮਹਾਨ ਕਾਰਜ' ਵਿਚ ਦੂਜਿਆਂ ਨੂੰ ਪਛਾੜਨ ਦਾ ਇਹ ਆਪਣੀਆਂ ਲਿਖਤਾਂ ਵਿਚ ਬਿੰਦੀਆਂ ਦੇ ਵਾਧੇ ਵਾਲ਼ਾ, ਸਭ ਤੋਂ ਸੌਖਾ ਢੰਗ ਉਹਨਾਂ ਨੇ ਅਪਣਾ ਲਿਆ ਹੋਵੇ! ਏਥੋਂ ਤੱਕ ਕਿ ਪੰਜਾਬੀ ਦੇ ਟੀਚਰ ਵੀ ਇਸ ਦੌੜ ਵਿਚ ਨਵੇਂ ਲਿਖਾਰੀਆਂ ਤੋਂ ਪਿੱਛੇ ਨਹੀ ਰਹਿੰਦੇ। ਠੀਕ ਵੀ ਹੈ:

*ਤਾਏ ਦੀ ਧੀ ਚੱਲੀ ਤੇ ਮੈਂ ਕਿਉਂ ਰਹਾਂ 'ਕੱਲੀ।*

ਦੱਸੋ ਭਈ:

ਤਰਜ਼ੀਹ, ਕਾਰਜ਼, ਪੰਜ਼ਾਬ, ਬੈਲਜ਼ੀਅਮ, ਮਜ਼ਬੂਰ, ਬਰਿਜ਼, ਫਰਿਜ਼, ਲੈਂਗੁਵੇਜ਼, ਕਾਲਜ਼, ਜ਼ਾਰੀ, ਫੌਜ਼, ਜ਼ੋ, ਬਿਜ਼ਲੀ, ਹਜ਼ਮ, ਜ਼ਾਂਦਾ, ਗੁਜ਼ਰਾਤ, ਵਜ਼ਦ, ਪੇਜ਼, ਏਜ਼, ਹੇਜ਼, ਮੈਰਿਜ਼, ਹਾਜ਼ਮਾ, ਅਪਾਹਜ਼, ਤਰਜ਼ਮਾਨ, ਜ਼ਲਵਾ, ਰਿਫ਼ਿਊਜ਼ੀ, ਜ਼ੁਰਅਤ, ਜ਼ਬਤ, ਤਵੱਜ਼ੋਂ, ਰੰਜ਼ਸ਼, ਜ਼ਾਮਨ, ਤਜ਼ਰਬਾ, ਬਾਵਜ਼ੂਦ, ਜ਼ੋੜ, ਸਟੇਜ਼, ਹਾਜ਼ਰੀ, ਅਜ਼ੇ, ਮੌਜ਼ੂਦ, ਬਜ਼ਟ, ਬੀਜ਼, ਅੰਜ਼ਾਮ, ਹਿਜ਼ਰਤ, ਇਨਚਾਰਜ਼, ਸਮਾਜ਼, ਰਾਜ਼ੀ, ਪ੍ਰੈਸਟੀਜ਼, ਪਾਜ਼, ਮੈਸਿਜ਼, ਖੱਜ਼ਲ, ਦਰਜ਼, ਭਤੀਜ਼ਾ, ਮੌਜ਼, ਸੰਜ਼ੀਦਾ, ਕਾਰਜ਼, ਮੈਨੇਜ਼ਿੰਗ, ਸੋਲਜ਼ਰ, ਵਜ਼ੋਂ, ਸਮਾਜ਼, ਮੈਰਿਜ਼ ਆਦਿ .....

ਵਾਲ਼ੇ ਚੰਗੇ ਭਲੇ ਜ ਦੀਆਂ ਲੱਤਾਂ ਵਿਚ ਬੇਲੋੜੀ ਬਿੰਦੀ ਫਸਾ ਕੇ, ਪੰਜਾਬੀ ਉਚਾਰਨ ਦੀ ਯੱਖਣਾ ਪੁੱਟਣ ਦਾ 'ਸ਼ੁਭ ਕਾਰਜ' ਕਰਕੇ, ਅਸੀਂ ਕੀ ਕੱਦੂ ਵਿਚ ਤੀਰ ਮਾਰ ਰਹੇ ਹਾਂ! ਇਹ ਮੰਨਣ ਵਿਚ ਨਹੀ ਆਉਂਦਾ ਕਿ ਡਾ. ਮਹੀਪ ਸਿੰਘ ਵਰਗਾ ਚਾਰ ਜ਼ਬਾਨਾਂ ਦਾ ਵਿਦਵਾਨ, ਤਰਜੀਹ ਨੂੰ ਤਰਜ਼ੀਹ ਲਿਖਦਾ ਹੋਵੇ। ਇਹ ਮੰਨਣਾ ਵੀ ਬੜਾ ਹੀ ਔਖਾ ਲੱਗਦਾ ਹੈ ਕਿ ਪੋਸਟ ਗਰੈਜੂਏਟ ਕਾਲਜ ਦੇ ਪੰਜਾਬੀ ਵਿਭਾਗ ਦਾ ਮੁਖੀ, ਸੁਰਿੰਦਰ ਮੰਡ, ਅਜੇ ਨੂੰ ਅਜ਼ੇ ਲਿਖਣ ਦੀ ਗ਼ਲਤੀ ਕਰਦਾ ਹੋਵੇ! ਫਿਰ ਇਹ ਗ਼ਲਤੀ ਹੈ ਕਿਥੇ! ਕਿਤੇ ਇਹ ਤਾਂ ਨਹੀ ਕਿ ਕੰਪਿਊਟਰ ਵਿਚ ਫ਼ੌਂਟ ਦੀ ਬਦਲੀ ਕਰਨ ਸਮੇ ਅਜਿਹੀਆਂ ਗ਼ਲਤੀਆਂ ਸਹਿਵਨ ਹੀ ਹੋ ਜਾਂਦੀਆਂ ਹੋਣ ਤੇ ਜੋ ਪਰੂਫ਼ ਰੀਡਰ ਠੀਕ ਕਰਨ ਵੱਲੋਂ ਅਣਗਹਿਲੀ ਕਰ ਜਾਂਦੇ ਹੋਣ! ਅਜਿਹਾ ਕੁਝ ਮੇਰੇ ਲੇਖਾਂ ਨਾਲ਼ ਵੀ ਹੋ ਜਾਂਦਾ ਹੈ। ਮੈਂ ਕੁਝ ਅਤੇ ਸਭ ਦੇ ਉਤੇ ਅਧਕ ਲਾਉਣ ਦੇ ਹੱਕ ਵਿਚ ਨਹੀ ਤੇ ਕਦੀ ਵੀ ਨਹੀਂ ਲਾਉਂਦਾ ਪਰ ਮੇਰੇ ਹਰ ਲੇਖ ਵਿਚ, ਛਪਣ ਸਮੇ ਕੁਝ ਅਤੇ ਸਭ ਉਪਰ ਇਹ ਅਧਕ ਬਦੋ ਬਦੀ ਥੱਪਿਆ ਹੋਇਆ ਹੁੰਦਾ ਹੈ, ਜੋ ਮੈਨੂੰ ਬੜਾ ਹੀ ਚੁਭਦਾ ਹੈ ਪਰ ਸੰਪਾਦਕ ਕਿਤੇ ਨਾਰਾਜ਼ ਨਾ ਹੋ ਜਾਵੇ,

ਸੋਚ ਕੇ ਮੈ ਚੁੱਪ ਰਹਿੰਦਾ ਹਾਂ। ਇਕ ਸੰਪਾਦਕ ਜੀ ਨੇ ਇਸ ਗੱਲ ਦਾ ਵਾਹਵਾ ਗੁੱਸਾ ਕਰ ਲਿਆ ਸੀ। ਇਸ ਦੇ ਬਾਵਜੂਦ ਵੀ ਉਹ ਮੇਰੇ ਹਰੇਕ ਲੇਖ ਵਿਚਲੇ ਕੁਝ ਅਤੇ ਸਭ ਉਪਰ ਅਧਕ ਲਾਉਂਦਾ ਹੈ। ਮੈ ਫਿਰ ਏਹੀ ਸਮਝਿਆ ਕਿ ਫ਼ੌਂਟ ਦੀ ਬਦਲੀ ਸਮੇ ਇਹ ਅਧਕ ਮੇਰੇ ਕੁਝ ਅਤੇ ਸਭ ਉਪਰ ਸਵਾਰ ਹੋ ਕੇ, ਇਹਨਾਂ ਨੂੰ ਕੁੱਝ ਅਤੇ ਸੱਭ ਬਣਾ ਧਰਦਾ ਹੈ, ਜੋ ਕਿ ਕਤਈ ਗ਼ਲਤ ਹੈ। ਇਹ ਸ਼ਾਇਦ ਫ਼ੌਂਟ ਬਦਲੀ ਕਾਰਨ ਹੀ ਹੁੰਦਾ ਹੈ; ਸੰਪਾਦਕ ਦਾ ਇਸ ਵਿਚ ਕੋਈ ਕਸੂਰ ਨਾ ਹੀ ਹੋਵੇ!

ਇਹ ਤਾਂ ਸ਼ਾਇਦ ਸੂਝਵਾਨ ਲਿਖਾਰੀਆਂ ਨੂੰ ਦੱਸਣ ਦੀ ਲੋੜ ਨਾ ਹੀ ਹੋਵੇ ਕਿ ਜਿਥੇ ਅੰਗ੍ਰੇਜ਼ੀ ਦੇ ਅੱਖਰ ge, dge, j ਹੋਣ, ਉਹਨਾਂ ਵਾਲ਼ੇ ਸ਼ਬਦਾਂ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਣ ਸਮੇ, ਅੰਤ ਵਿਚ ਜ ਹੁੰਦਾ ਹੈ ਨਾ ਕਿ ਜ਼। ਜਿਥੇ ਸ਼ਬਦ ਦੇ ਅੰਤ ਵਿਚ s ਜਾਂ z ਹੋਵੇ ਓਥੇ ਹੀ ਜ ਦੇ ਪੈਰ ਵਿਚ ਬਿੰਦੀ ਲਾ ਕੇ ਜ਼ ਬਣਾਉਣ ਦੀ ਲੋੜ ਪੈਂਦੀ ਹੈ। ਐਵੇਂ ਨਹੀਂ ਅੰਨ੍ਹੇ ਵਾਹ ਸਾਰੇ ਥਾਂਵਾਂ ਤੇ ਹੀ ਜ ਦੇ ਪੈਰ ਵਿਚ ਬਿੰਦੀ ਜੜ ਦੇਣੀ ਚਾਹੀਦੀ। ਅਜਿਹਾ ਕਰਨਾ ਕਤਈ ਗ਼ਲਤ ਹੈ। ਮੇਰੇ ਪੌਣੇ ਕੁ ਚਾਰ ਦਹਾਕੇ ਪਹਿਲਾਂ ਦੇਸ ਛੱਡਣ ਉਪ੍ਰੰਤ, ਇਸ ਜ ਵਾਲ਼ੀ ਬਿੰਦੀ ਦਾ, ਪੰਜਾਬ ਵਿਚਲੇ ਪੜ੍ਹੇ ਲਿਖੇ ਵਿਅਕਤੀ ਏਨਾ ਦੁਰਉਪਯੋਗ ਕਰਨ ਲੱਗ ਪਏ ਹਨ ਕਿ ਕਦੀ ਕਦੀ ਮੈਨੂੰ ਸ਼ੱਕ ਪੈਣ ਲੱਗ ਜਾਂਦਾ ਹੈ ਕਿ ਕਿਤੇ ਮੈਂ ਹੀ ਗ਼ਲਤ ਨਾ ਹੋਵਾਂ! ਜਦੋਂ ਏਨੇ ਲੋਕ ਕਿਸੇ ਗੱਲ ਨੂੰ ਕਰਨ ਤਾਂ ਸ਼ੱਕ ਪੈਦਾ ਹੋ ਜਾਣਾ ਕੋਈ ਬਹੁਤੀ ਅਣਹੋਣੀ ਗੱਲ ਨਹੀ ਹੁੰਦੀ। ਅਜਿਹਾ ਵੀ ਹੁੰਦਾ ਹੈ ਕਿ ਬਹੁਤੇ ਵਿਅਕਤੀਆਂ ਵੱਲੋਂ ਕਿਸੇ ਗ਼ਲਤੀ ਨੂੰ ਮੁੜ ਮੁੜ ਕਰਨ ਨਾਲ਼ ਉਹ ਦਰੁਸਤ ਹੀ ਮੰਨੀ ਜਾਣ ਲੱਗ ਪੈਂਦੀ ਹੈ। ਮਿਸਾਲ ਵਜੋਂ ਛੇ ਕੁ ਦਹਾਕੇ ਪਹਿਲਾਂ, ਗਿ. ਹੀਰਾ ਸਿੰਘ ਦਰਦ ਵੱਲੋਂ ਕਿਤੇ ਉਰਦੂ ਦੇ ਲਫ਼ਜ਼ ਜਜ਼ਬਾਤ ਨੂੰ ਜਜ਼ਬਾਤਾਂ ਲਿਖਿਆ ਗਿਆ। ਅੱਜ ਬਹੁਤ ਸਾਰੇ ਲਿਖਾਰੀ ਇਉਂ ਹੀ ਲਿਖੀ ਜਾ ਰਹੇ ਹਨ, ਬਿਨਾ ਇਹ ਵਿਚਾਰੇ ਦੇ ਕਿ ਉਰਦੂ ਦੇ ਇਕ ਵਚਨ ਜਜ਼ਬਾ ਨੂੰ ਬਹੁ ਵਚਨ ਬਣਾਉਣ ਲਈ ਜਜ਼ਬਾਤਾਂ ਲਿਖਣਾ ਗ਼ਲਤ ਹੈ। ਇਸ ਨੂੰ ਜਜ਼ਬਾਤ ਲਿਖਣਾ ਸਹੀ ਹੈ। ਇਸ ਨੂੰ ਗੂਹੜਾ ਪੰਜਾਬੀ ਰੰਗ ਚਾੜ੍ਹਨਾ ਹੋਵੇ ਤਾਂ ਜਜ਼ਬੇ ਆਖਿਆ ਜਾ ਸਕਦਾ ਹੈ।

ਪਹਿਲਾਂ ਨਾਲ਼ੋਂ ਹੁਣ ਵਧ ਪੰਜਾਬੀ ਦੇ ਸ਼ਬਦ ਜੋੜਾਂ ਵਿਚ ਗ਼ਲਤੀਆਂ ਹੋਣ ਦੇ ਕੁਝ ਕਾਰਨਾਂ ਵਿਚੋਂ ਇਕ ਇਹ ਵੀ ਹੈ ਕਿ ਹਰੇਕ ਲਿਖਾਰੀ ਆਪਣੀ ਸਮਝ ਅਨੁਸਾਰ ਲਿਖਦਾ ਹੈ ਤੇ ਇੰਟਰਨੈਟ ਉਪਰ ਪ੍ਰਕਾਸ਼ਨਾਵਾਂ ਛਪਣ ਕਰਕੇ, ਜੋ ਵੀ ਲੇਖਕ ਲਿਖਦਾ ਹੈ ਓਸੇ ਰੂਪ ਵਿਚ ਛਪ ਜਾਂਦਾ ਹੈ। ਸੰਪਾਦਕਾਂ ਪਾਸ ਨਾ ਸਮਾ ਹੁੰਦਾ ਹੈ ਆਈ ਲਿਖਤ ਨੂੰ ਸੋਧਣ ਦਾ ਤੇ ਨਾ ਹੀ ਉਹ ਇਸ ਦੀ ਲੋੜ ਸਮਝਦੇ ਹਨ। ਇਸ ਲਈ ਇਹਨੀਂ ਦਿਨੀਂ ਇਸ ਪੱਖ ਤੋਂ ਘੀਚਮਚੋਲ਼ਾ ਪਹਿਲਾਂ ਨਾਲ਼ੋਂ ਕਿਤੇ ਵਧ ਹੈ। ਅੰਗ੍ਰੇਜ਼ੀ ਵਾਂਗ ਅਸੀਂ ਸ਼ਬਦ ਜੋੜਾਂ ਦੇ ਸਹੀਪਣ ਨੂੰ ਕਾਇਮ ਰੱਖਣਾ ਜਰੂਰੀ ਨਹੀ ਸਮਝਦੇ। ਫਿਰ ਪੰਜਾਬੀ ਦੇ ਸ਼ਬਦ ਜੋੜਾਂ ਦੀ ਇਕਸਾਰਤਾ ਦਾ ਮਸਲਾ ਅਜੇ ਤੱਕ ਕੋਈ ਸੰਸਥਾ ਸੁਲਝਾ ਨਹੀ ਸਕੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਸ ਪਾਸੇ ਉਦਮ ਕੀਤਾ ਸੀ ਤੇ ੧੫੯ ਵਿਦਵਾਨਾਂ ਦੀ ਰਾਇ ਲੈ ਕੇ, ਉਹਨਾਂ ਨੇ ਇਸ ਮਸਲੇ ਬਾਰੇ ਇਕ 'ਪੰਜਾਬੀ ਸ਼ਬਦ-ਰੂਪ ਅਤੇ ਸ਼ਬਦ-ਜੋੜ ਕੋਸ਼' ਨਾਮੀ, ਵੱਡਾ ਗ੍ਰੰਥ ਵੀ ਰਚਿਆ ਸੀ ਪਰ ਉਸ ਵਿਚ ਮਿਥੇ ਗਏ ਨਿਯਮਾਂ ਉਪਰ ਵੀ, ਉਸ ਸਮੇ ਸਾਰੇ ਵਿਦਵਾਨਾਂ ਦੀ ਸੰਮਤੀ ਨਹੀ ਸੀ ਹੋ ਸਕੀ। ਇਸ ਤੋਂ ਇਲਾਵਾ ਖ਼ੁਦ ਯੂਨੀਵਰਸਿਟੀ ਆਪਣੀਆਂ ਪ੍ਰਕਾਸ਼ਨਾਵਾਂ ਵਿਚ ਵੀ, ਆਪਣੇ ਬਣਾਏ ਹੋਏ ਨਿਯਮਾਂ ਉਪਰ ਅਮਲ ਨਹੀ ਕਰਦੀ। ਇਸ ਗੱਲ ਦਾ ਕੁਝ ਕੁ ਅਹਿਸਾਸ ਮੈਨੂੰ ਪਹਿਲਾਂ ਇਸ ਗ੍ਰੰਥ ਦੀ ਭੂਮਿਕਾ ਪੜ੍ਹ ਕੇ ਹੋਇਆ ਸੀ। ਮੇਰੀ ਪਿਛਲੀ ਪਟਿਆਲਾ ਫੇਰੀ ਦੌਰਾਨ ਮੈਨੂੰ ਯੂਨੀਵਰਸਿਟੀ ਦੇ ਵਿਦਵਾਨ ਪ੍ਰੋਫ਼ੈਸਰਾਂ ਵੱਲੋਂ ਕੁਝ ਗ੍ਰੰਥ ਤੋਹਫ਼ੇ ਵਜੋਂ ਬਖ਼ਸ਼ੇ ਗਏ। ਉਹਨਾਂ ਵਿਚੋਂ ਇਕ ਗ੍ਰੰਥ 'ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ', ਲਿਖਤ ਡਾ. ਗੁਰਬਚਨ ਸਿੰਘ ਨਈਅਰ, ਮੈਂ ਆਪਣੇ ਨਾਲ਼ ਏਥੇ ਸਿਡਨੀ ਵਿਚ ਵੀ ਲੈ ਆਇਆ। ਹੁਣ ਜਦੋਂ ਮੈਂ ਇਸ ਕਿਤਾਬ ਨੂੰ ਪੜ੍ਹ ਰਿਹਾ ਹਾਂ ਤਾਂ ਪਤਾ ਲੱਗਿਆ ਕਿ ਜਿੰਨੀ ਯੱਖਣਾ ਪੰਜਾਬੀ ਦੇ ਸ਼ਬਦ ਜੋੜਾਂ ਦੀ ਇਸ ਕਿਤਾਬ ਵਿਚ ਪੁੱਟੀ ਗਈ ਹੈ, ਇਸ ਤੋਂ ਵਧ ਮੈਂ ਹੋਰ ਕਿਤੇ ਨਹੀ ਵੇਖੀ। ਲੱਗਦਾ ਹੈ ਕਿ ਜਿਵੇਂ ਜੋ ਇਸ ਕਿਤਾਬ ਦੇ ਲੇਖਕ ਨੇ, ਕਾਹਲ਼ੀ ਵਿਚ ਲਿਖ ਦਿਤਾ, ਉਸ ਦੀ ਪਰੂਫ਼ ਰੀਡਿੰਗ ਕਰਕੇ, ਸ਼ਬਦ ਜੋੜਾਂ ਨੂੰ ਸੋਧਣ ਦੀ ਲੋੜ ਹੀ ਨਹੀ ਸਮਝੀ ਗਈ। ਇਹ ਉਸ ਸੰਸਥਾ ਦਾ ਹਾਲ਼ ਹੈ ਜੋ ਕੇਵਲ ਤੇ ਕੇਵਲ ਪੰਜਾਬੀ ਭਾਸ਼ਾ ਦੀ ਸਰਬਪੱਖੀ ਉਨਤੀ ਵਾਸਤੇ ਹੀ ਹੋਂਦ ਵਿਚ ਲਿਆਂਦੀ ਗਈ ਸੀ। ਬਾਕੀ ਅਦਾਰਿਆਂ ਦਾ ਤਾਂ ਫਿਰ ਰੱਬ ਹੀ ਰਾਖਾ ਹੋ ਸਕਦਾ ਹੈ!

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪ੍ਰਕਾਸ਼ਨਾਵਾਂ ਵਿਚ, ਚਾਰ ਕੁ ਦਹਾਕੇ ਪਹਿਲਾਂ, ਬਾਕੀਆਂ ਨਾਲ਼ੋਂ ਸ਼ਬਦ ਜੋੜਾਂ ਦੀ ਸ਼ੁਧਤਾ ਤੇ ਸਰਲਤਾ ਵਧੇਰੇ ਹੋਇਆ ਕਰਦੀ ਸੀ ਪਰ ਹੁਣ ਓਥੇ ਵੀ ਥੋਹੜੇ ਜਿਹੇ ਘਾਟੇ ਨਾਲ਼, ਇਹੋ ਹਾਲ ਹੋ ਗਿਆ ਹੈ।

ਇਸ ਤੋਂ ਇਲਵਾ ਕੁਝ ਸ਼ਬਦ ਪੰਜਾਬੀ ਵਿਚ ਅਜਿਹੇ ਵੀ ਵਰਤੇ ਜਾਂਦੇ ਹਨ ਜਿਨ੍ਹਾਂ ਵਿਚ ਬਿੰਦੀ ਲਾਉਣ ਨਾਲ਼ ਜਾਂ ਨਾ ਲਾਉਣ ਨਾਲ਼, ਉਹਨਾਂ ਦੇ ਅਰਥਾਂ ਵਿਚ ਫਰਕ ਪੈ ਜਾਂਦਾ ਹੈ। ਉਹਨਾਂ ਵਿਚੋਂ ਕੁਝ ਇਸ ਪ੍ਰਕਾਰ ਹਨ:

ਰਾਜ਼ (ਭੇਤ) ਤੇ ਰਾਜ (ਰਿਆਸਤ), ਜਾਤ (ਜਾਤੀ) ਤੇ ਜ਼ਾਤ (ਨਿਜ), ਜਨ (ਵਿਅਕਤੀ) ਤੇ ਜ਼ਨ (ਔਰਤ)

ਇਹਨਾਂ ਨੂੰ ਲਿਖਣ ਛਾਪਣ ਵੇਲ਼ੇ, ਅਸੀਂ ਇਹਨਾਂ ਦੇ ਅਰਥਾਂ ਵਿਚ ਕੋਈ ਫਰਕ ਨਹੀ ਸਮਝਦੇ।

ਜੇ ਅਸੀਂ ਇਸ ਗੱਲ ਨੂੰ ਯਾਦ ਰੱਖ ਲਈਏ ਤਾਂ ਬੇਲੋੜੀ ਬਿੰਦੀ ਤੋਂ ਕਿਸੇ ਹੱਦ ਤੱਕ, ਬਲਕਿ ਵਾਹਵਾ ਹੀ, ਸਾਡਾ ਛੁਟਕਾਰਾ ਹੋ ਸਕਦਾ ਹੈ। ਗੱਲ ਇਉਂ ਹੈ ਕਿ ਬੇਲੋੜੇ ਅਧਕ ਵਾਂਗ ਹੀ, ਜਿਥੇ ਸੌ ਫ਼ੀ ਸਦੀ ਸਾਨੂੰ ਯਕੀਨ ਨਾ ਹੋਵੇ ਓਥੇ ਬਿੰਦੀ ਲਾਉਣ ਦੀ ਜ਼ਹਿਮਤ ਅਸੀਂ ਨਾ ਉਠਾਈਏ। ਇਸ ਤੋਂ ਬਿਨਾ ਵੀ ਸਰ ਸਕਦਾ ਹੈ। ਜੇਕਰ ਕਿਤੇ ਬਹੁਤ ਹੀ ਥੋਹੜੇ ਥਾਂਵਾਂ ਉਪਰ ਬਿੰਦੀ ਲਾਉਣੋ ਅਸੀਂ ਉਕ ਵੀ ਗਏ ਤਾਂ ਸਿਆਣਾ ਪਾਠਕ ਖ਼ੁਦ ਹੀ ਇਸ ਦਾ ਸਹੀ ਉਚਾਰਨ ਕਰ ਲਵੇਗਾ। ਜੇ ਬੇਲੋੜੀਆਂ ਫਾਲਤੂ ਬਿੰਦੀਆਂ ਸਾਡੀਆਂ ਲਿਖਤਾਂ

ਵਿਚ ਹੋਣ ਦੇ ਬਾਵਜੂਦ ਵੀ ਪਾਠਕ ਇਹਨਾਂ ਲਿਖਤਾਂ ਨੂੰ ਪੜ੍ਹ ਕੇ ਸਮਝ ਲੈਂਦੇ ਹਨ ਤਾਂ ਕਿਤੇ ਰਹਿ ਗਈ ਬਿੰਦੀ ਤੋਂ ਬਿਨਾ ਵੀ ਉਹ ਸਾਰ ਹੀ ਲੈਣਗੇ; ਇਸ ਬਾਰੇ ਸਾਨੂੰ ਬੇਲੋੜਾ ਫਿਕਰ ਕਰਨ ਦੀ ਲੋੜ ਨਹੀਂ।

## ਪੈਰ ਵਾਲ਼ੇ ਹਾਹੇ ੍ਹ ਦੀ ਅਯੋਗ ਵਰਤੋਂ

ਮੈਂ ਆਪਣੀ ਛਪੀ ਹੋਈ ਕਿਤਾਬ ਨਹੀਂ ਪੜ੍ਹ ਸਕਦਾ। ਇਸ ਦਾ ਇਕ ਮੁਖ ਕਾਰਨ ਇਹ ਹੈ ਕਿ ਪ੍ਰਕਾਸ਼ਕ ਪਤਾ ਨਹੀਂ ਕੀ ਕਰਦੇ ਹਨ; ਜੇਹੜਾ ਵੀ ਪੰਨਾ ਮੇਰੀ ਨਿਗਾਹ ਤੋਂ ਬਚ ਜਾਂਦਾ ਹੈ ਉਸ ਤੇ ਹੀ ਕੋਈ ਨਾ ਕੋਈ ਗ਼ਲਤੀ ਛਾਪ ਦਿੰਦੇ ਹਨ। ਟਾਈਪ ਕਰਦੇ ਸਮੇ ਜੇਹੜੀ ਸ਼ਬਦ ਜੋੜ ਦੀ ਕੋਈ ਗ਼ਲਤੀ ਮੇਰੇ ਕੋਲ਼ੋਂ ਰਹਿ ਜਾਂਦੀ ਹੈ ਉਹ ਤਾਂ ਓਵੇਂ ਜਿਵੇਂ ਹੀ ਰੱਖਦੇ ਹਨ ਪਰ ਜੇਹੜੀ ਮੇਰੀ ਸਹੀ ਲਿਖੀ ਹੋਈ ਹੁੰਦੀ ਹੈ ਉਸ ਨੂੰ ਆਪਣੀ ਮਰਜੀ ਅਨੁਸਾਰ ਬਦਲ ਦਿੰਦੇ ਹਨ। ਇਹ ਕੁਝ ਇਕ ਵਾਰ ਨਹੀ ਬਾਵਜੂਦ ਹਰ ਤਰ੍ਹਾਂ ਦੀ ਸਾਵਧਾਨੀ ਵਰਤਣ ਦੇ, ਇਸ ਕਾਰਜ ਲਈ ਲੱਖਾਂ ਰੁਪਏ ਕਿਰਾਇਆ ਖ਼ਰਚ ਕੇ, ਕਿਤਾਬ ਛਪਣ ਸਮੇ ਆਪ ਅੰਮ੍ਰਿਤਸਰ ਜਾ ਕੇ ਵੀ ਮੈਂ ਇਸ ਵਿਚ ਸੁਧਾਰ ਨਹੀ ਕਰ ਸਕਿਆ। ਨਤੀਜਾ ਇਹ ਹੁੰਦਾ ਹੈ ਕਿ ਜਿੰਨਾ ਮੈਂ ਇਸ ਬਾਰੇ ਯਤਨ ਕਰਦਾ ਹਾਂ ਓਨਾ ਹੀ ਦੂਜੀਆਂ ਕਿਤਾਬਾਂ ਨਾਲ਼ੋਂ ਮੇਰੀਆਂ ਕਿਤਾਬਾਂ ਵਿਚ ਵਧ ਗ਼ਲਤੀਆਂ ਰਹਿ ਜਾਂਦੀਆਂ ਹਨ ਤੇ ਇਸ ਬਾਰੇ ਧਿਆਨ ਨਾਲ਼ ਪੜ੍ਹਨ ਵਾਲ਼ੇ ਪਾਠਕ ਮੈਨੂੰ ਕੋਸਦੇ ਵੀ ਹਨ। ਬਹੁਤੇ ਪਾਠਕ ਇਹ ਨਹੀ ਜਾਣਦੇ ਕਿ ਸ਼ਬਦ ਜੋੜਾਂ ਬਾਰੇ ਲੇਖਕ ਦੀ ਨਹੀ ਪ੍ਰਕਾਸ਼ਕ ਦੇ ਪਰੂਫ਼ ਰੀਡਰ ਦੀ ਮਰਜੀ ਚੱਲਦੀ ਹੈ।

ਇਸ ਦਾ ਇਹ ਵੀ ਕਾਰਨ ਹੋ ਸਕਦਾ ਹੈ ਕਿ ਸ਼ਾਇਦ ਮੇਰੇ ਫ਼ੌਂਟ ਤੋਂ ਉਹ ਆਪਣੇ ਵਰਤੇ ਜਾਣ ਵਾਲ਼ੇ ਕਿਸੇ ਹੋਰ ਫ਼ੌਂਟ ਵਿਚ ਮੇਰੀ ਲਿਖਤ ਜਦੋਂ ਕਨਵਰਟ ਕਰਦੇ ਹੋਣ ਓਦੋਂ ਫਰਕ ਪੈ ਜਾਂਦਾ ਹੋਵੇ ਜੇਹੜਾ ਕਿ ਪਰੂਫ਼ ਰੀਡਰ ਵੱਲੋਂ ਮਾਰੀ ਜਾਣ ਵਾਲ਼ੀ ਓਪਰੀ ਨਿਗਾਹ ਦੀ ਮਾਰ ਹੇਠ ਆਉਣੋ ਰਹਿ ਜਾਂਦਾ ਹੋਵੇ! ਇਹ ਵੀ ਪੰਜਾਬੀ ਬੋਲੀ ਦੀ ਬਦਕਿਸਮਤੀ ਹੈ ਕਿ ਹਰੇਕ ਕੰਪਿਊਟਰ ਨੂੰ 'ਕੁਤਕਤਾਰੀਆਂ' ਕੱਢਣ ਵਾਲ਼ਾ ਕੰਪਿਊਟਰ 'ਐਕਸਪਰਟ' ਆਪਣੀ ਢਾਈ ਪਾ ਖਿਚੜੀ ਵੱਖਰੀ ਰਿੰਨ੍ਹਣ ਦੇ ਚਾ ਵਿਚ, ਪਹਿਲਾਂ ਬਣੇ ਫ਼ੌਂਟ ਵਿਚ ਦੋ ਚਾਰ ਅੱਖਰ ਵੱਖਰੇ ਸ਼ਾਮਲ ਕਰਕੇ, ਆਪਣਾ ਇਕ ਵੱਖਰਾ ਹੀ ਫ਼ੌਂਟ ਬਣਾ ਧਰਦਾ ਹੈ। ਸੈਂਕੜਿਆਂ ਦੀ ਗਿਣਤੀ ਵਿਚ ਪੰਜਾਬੀ ਦੇ ਫ਼ੌਂਟ ਅਜਿਹੇ ਵਿਦਵਾਨਾਂ ਦੇ 'ਉਪਜਾਊ' ਦਿਮਾਗ਼ਾਂ ਦੀ ਕਿਰਪਾ ਨਾਲ਼ ਬਣ ਚੁੱਕੇ ਹਨ। ਅੰਗ੍ਰੇਜ਼ੀ ਟਾਈਪਣ ਸਮੇ ਜੇਹੜਾ ਵੀ ਅੱਖਰ ਕੰਪਿਊਟਰ ਤੇ ਦੱਬੀਏ ਉਸ ਤੋਂ ਬਿਨਾ ਹੋਰ ਕੋਈ ਅੱਖਰ ਨਹੀ ਪੈਂਦਾ; ਰੂਪ ਭਾਵੇਂ ਉਸ ਦੇ ਵੱਖਰੇ ਫ਼ੌਂਟਾਂ ਕਰਕੇ ਵੱਖਰੇ ਹੋਣ। ਅਜਿਹਾ ਨਹੀ ਕਿ ਅ ਦੱਬਣ ਨਾਲ਼ ਕਦੇ ਓ, ਕਦੇ ਐੜਾ, ਕਦੇ ਕੰਨਾ ਤੇ ਕਦੇ ਕੁਝ ਹੋਰ ਪੈ ਜਾਵੇ; ਅ ਦਾ ਅ ਹੀ ਪਵੇਗਾ।

ਕੁਝ ਦਿਨ ਹੋਏ ਮੈਨੂੰ ਇਕ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਐਤਵਾਰੀ ਦੀਵਾਨ ਵਿਚ ਧਾਰਮਿਕ ਵਿਖਿਆਨ ਦੇਣ ਹਿਤ ਸੱਦ ਲਿਆ। ਰੇਲ ਗੱਡੀ ਵਿਚ ਓਥੇ ਜਾਂਦਿਆਂ ਤਕਰੀਬਨ ਦੋ ਕੁ ਘੰਟਿਆਂ ਦਾ ਸਮਾ ਲੱਗ ਜਾਣਾ ਸੀ। ਮੈਂ ਆਪਣੇ ਨਾਲ਼ ਆਪਣੀ ਕਿਤਾਬ 'ਸਚੇ ਦਾ ਸਚਾ ਢੋਆ' ਦੀ ਚੌਥੀ ਐਡੀਸ਼ਨ ਦੀਆਂ ਕੁਝ ਕਾਪੀਆਂ ਚੁੱਕ ਲਈਆਂ ਤਾਂ ਕਿ ਓਥੇ ਆਉਣ ਵਾਲ਼ੇ ਪੜ੍ਹਨ ਦਾ ਸ਼ੌਕ ਰੱਖਣ ਵਾਲ਼ਿਆਂ ਦੇ ਹੱਥਾਂ ਵਿਚ ਅਪੜਾਈਆਂ ਜਾ ਸਕਣ। ਰਸਤੇ ਵਿਚ ਪੜ੍ਹਨ ਵਾਸਤੇ ਮੈਂ ਹੋਰ ਕੋਈ ਕਿਤਾਬ ਨਾ ਚੁੱਕੀ। ਚੱਲਦੀ ਗੱਡੀ ਵਿਚ ਬੈਠਿਆਂ ਕੁਝ ਸਮੇ ਬਾਅਦ ਮੈ ਅਣਮੰਨੇ ਜਿਹੇ ਮਨ ਨਾਲ਼ ਆਪਣੀ ਕਿਤਾਬ ਖੋਹਲੀ ਤਾਂ ਕਿਤਾਬ ਦਾ ਪੰਨਾ ੭੧ ਮੇਰੇ ਸਾਹਮਣੇ ਖੁਲ੍ਹ ਗਿਆ। ਕੁਝ ਹੀ ਲਾਈਨਾਂ ਪੜ੍ਹਨ ਪਿੱਛੋਂ ਇਕ ਸ਼ਬਦ ਉਪਰ ਨਿਗਾਹ ਪਈ ਤਾਂ ਓਥੇ ਸ਼ਬਦ 'ਬੁਲ੍ਹਾ' ਅਤੇ 'ਬੁਲ੍ਹੇ' ਲਿਖੇ ਪੜ੍ਹੇ। ਖਿਝ ਕੇ ਮੈ ਓਸੇ ਵੇਲ਼ੇ ਕਿਤਾਬ ਬੰਦ ਕਰਕੇ ਖ਼ੁਦ ਨੂੰ ਕੋਸਿਆ ਤੇ ਅੱਗੋਂ ਤੋਂ ਸ਼ਬਦ ਜੋੜਾਂ ਨੂੰ ਸੋਧਣ ਲਈ ਟੱਕਰਾਂ ਮਾਰਨ ਤੋਂ ਤੋਬਾ ਕਰ ਲਈ, ਇਹ ਸੋਚ ਕੇ ਕਿ ਇਸ ਕਾਰਜ ਨੂੰ ਮੁਕੰਮਲ ਤੌਰ ਤੇ ਪ੍ਰਕਾਸ਼ਕਾਂ ਦੇ ਹੀ ਰਹਿਮੋ ਕਰਮ ਉਪਰ ਛੱਡ ਦੇਣਾ ਚਾਹੀਦਾ ਹੈ। ਵਿਚਾਰਿਆ ਕਿ ਜਦੋਂ ਏਨੀ ਖੇਚਲ਼, ਖ਼ਰਚ ਅਤੇ ਟੈਨਸ਼ਨ ਲੈਣ ਪਿੱਛੋਂ ਵੀ ਇਹ ਹਾਲ ਹੋਣਾ ਹੈ ਤਾਂ ਕੀ ਲਾਭ ਇਹ ਕੁਝ ਕਰਨ ਦਾ! ਇਹ ਵੀ ਵਿਚਾਰ ਆਈ ਕਿ ਸ਼ਾਇਦ ਮੇਰੇ ਵੱਲੋਂ ਟਾਈਪੇ ਖਰੜੇ ਵਿਚ ਹੀ ਇਹ ਗ਼ਲਤੀ ਰਹਿ ਗਈ ਹੋਵੇ! ਸ਼ਾਮ ਨੂੰ ਵਾਪਸ ਆ ਕੇ ਕੰਪਿਊਟਰ ਵਿਚੋਂ ਖਰੜਾ ਵੇਖਿਆ ਤਾਂ ਓਥੇ ਬਿਲਕੁਲ ਠੀਕ ਸ਼ਬਦ 'ਬੁੱਲਾ' ਤੇ 'ਬੁੱਲੇ' ਹੀ ਸਹੀ ਰੂਪ ਵਿਚ ਮੌਜੂਦ ਸਨ। ਫਿਰ ਜਾਣ ਬੁਝ ਕੇ ਇਹਨਾਂ ਨੂੰ ਗ਼ਲਤ ਕਰ ਦੇਣ ਦਾ ਕਿਸ ਨੂੰ ਕੀ ਲਾਭ? ਇਹ ਗੱਲ ਪੱਲੇ ਨਹੀ ਪੈ ਰਹੀ। ਹਾਂ, ਇਕ ਵਿਚਾਰ ਇਉਂ ਆਉਂਦਾ ਹੈ ਕਿ ਸ਼ਾਇਦ ਪਰੂਫ਼ ਰੀਡਰ ਇਹ ਸਮਝਦਾ ਹੋਵੇ ਕਿ ਮੈ 'ਬੁਲ੍ਹਾ' ਤੇ 'ਬੁਲ੍ਹੇ' ਦੇ ਥਾਂ ਗ਼ਲਤੀ ਨਾਲ਼ ਇਹਨਾਂ ਨੂੰ ਬਿਨਾ ੍ਹ ਲਾਏ ਲਿਖ ਦਿਤਾ ਹੋਵੇ ਪਰ ਉਸ ਸੱਜਣ ਨੂੰ ਇਹ ਸਮਝ ਨਹੀ ਕਿ ਇਹ ੍ਹ ਲੱਗਣ ਤੇ ਨਾ ਲੱਗਣ ਨਾਲ਼ ਅਰਥਾਂ ਵਿਚ ਫਰਕ ਪੈ ਜਾਂਦਾ ਹੈ। 'ਬੁੱਲਾ' ਦਾ ਮਤਲਬ ਹੈ ਹਵਾ ਦਾ ਬੁੱਲਾ, ਅਰਥਾਤ ਇਕ ਦਮ ਆਇਆ ਤੇ ਚੱਲਿਆ ਗਿਆ ਹਵਾ ਦਾ ਤੇਜ ਝੋਂਕਾ, ਜਦੋਂ ਕਿ 'ਬੁਲ੍ਹਾ' ਨਾਂ ਹੈ ਇਕ ਅਠਾਰਵੀਂ ਸਦੀ ਵਿਚ, ਕਸੂਰ ਸ਼ਹਿਰ ਦੇ ਵਸਨੀਕ ਸੂਫ਼ੀ ਫ਼ਕੀਰ ਦਾ।

ਬਹੁਤ ਸਮਾ ਪਹਿਲਾਂ ਗੁਰਮੁਖੀ ਵਿਚ ਵੀ ਦੇਵ ਨਾਗਰੀ ਵਾਂਗ ਕੁਝ ਅੱਖਰ ਜਿਹਾ ਕਿ ਰ, ਹ, ਵ, ਯ, ਨ ਪੈਰਾਂ ਵਿਚ ਪਾਉਣ ਦਾ ਰਿਵਾਜ ਹੁੰਦਾ ਸੀ ਤੇ ਹੈ। ਕੁਝ ਸਮੇ ਤੋਂ ਪੰਜਾਬੀ ਲਿਖਤ ਵਿਚ ਇਹਨਾਂ ਦਾ ਰਿਵਾਜ ਘਟਾਇਆ ਜਾ ਰਿਹਾ ਹੈ ਤਾਂ ਕਿ ਪੰਜਾਬੀ ਦੀ ਲਿਖਤ ਵਿਚ ਸਰਲਤਾ ਲਿਆਂਦੀ ਜਾ ਸਕੇ। ਹੁਣ ਆਮ ਤੌਰ ਤੇ ਦੋ ਹੀ ਅੱਖਰ ਪੈਰਾਂ ਵਿਚ ਵਰਤੇ ਜਾਂਦੇ ਹਨ: ਇਕ ੍ਰ ਤੇ ਦੂਜਾ ੍ਹ।

ਘ, ਝ, ਢ, ਧ ਤੇ ਭ ਵਾਂਗ, ਹ ਵੀ ਜਦੋਂ ਸ਼ਬਦ ਦੇ ਆਰੰਭ ਵਿਚ ਆਵੇ ਤਾਂ ਇਸ ਦਾ ਪੰਜਾਬੀ ਉਚਾਰਨ ਅਨੁਸਾਰ ਪੂਰਾ ਉਚਾਰਨ ਹੁੰਦਾ ਹੈ; ਪਰ ਜਦੋਂ ਇਹ ਸ਼ਬਦ ਦੇ ਵਿਚਾਰ ਜਾਂ ਅੰਤ ਵਿਚ ਆਵੇ ਤਾਂ ਇਹਨਾਂ ਦਾ ਉਚਾਰਨ ਹਿੰਦੀ ਉਰਦੂ ਵਾਂਗ ਅੱਧਾ ਹੋ ਜਾਂਦਾ ਹੈ। ਇਸ ਲਈ ਹਰੇਕ ਥਾਂ ਇਸ ਅਧੇ ੍ਹ ਹਾਹੇ ਨੂੰ ਵਰਤਣ ਦੀ ਲੋੜ ਨਹੀ; ਪੂਰਾ ਲਿਖਣ ਨਾਲ਼ ਹੀ ਇਸ ਦੇ ਸਥਾਨ ਅਨੁਸਾਰ ਇਸ ਦਾ ਉਚਾਰਨ ਸਹੀ ਹੋ ਜਾਂਦਾ ਹੈ; ਜਿਵੇਂ 'ਹਰੀ' ਤੇ 'ਰਹਿ', ਘਰ ਤੇ ਰਘ, ਝੁਕ ਤੇ ਕੁਝ, ਢੱਕ ਤੇ ਕਢ, ਧੁੱਤ ਤੇ ਤੁਧ, ਭੱਸ ਤੇ ਸਭ ਵਿਚਲੇ ਰ, ਘ, ਝ, ਧ, ਢ ਦੇ ਦੋਹਾਂ ਵਿਚਲੇ ਇਹਨਾਂ ਅੱਖਰਾਂ ਦੇ ਉਚਾਰਨ ਵਿਚ ਫਰਕ ਹੈ ਪਰ ਲਿਖਤ ਵਿਚ ਇਹਨਾਂ ਦਾ ਅਸੀਂ ਅੱਧਾ ਰੂਪ ਨਹੀ ਲਿਖਦੇ। ਇਹ ਸਾਨੂੰ ਪਤਾ ਹੀ ਹੈ ਕਿ ਇਹਨਾਂ ਦਾ ਉਚਾਰਨ ਕੀ ਹੈ। ਏਸੇ ਤਰ੍ਹਾਂ ਹਰੇਕ ਥਾਂ ਸਾਨੂੰ ੍ਹ ਅੱਧਾ ਬੇਲੋੜਾ ਵਰਤ ਕੇ ਸ਼ਬਦ ਜੋੜਾਂ ਦੀ ਔਖਿਆਈ ਵਿਚ ਵਾਧਾ ਕਰਨ ਦੀ ਕੋਈ ਮਜਬੂਰੀ ਨਹੀ। ਜਿਥੇ ਸਾਨੂੰ ਮਹਿਸੂਸ ਹੋਵੇ ਕਿ ਏਥੇ ਪੂਰਾ ਹ ਨਹੀ ਬੋਲਦਾ ਤਾਂ ਵੀ ਬੋਲਣ ਦੇ ਬਾਵਜੂਦ ਵੀ ਸ਼ਬਦ ਦੇ ਵਿਚਾਲ਼ੇ ਜਾਂ ਅੰਤ ਵਿਚ ਪੂਰਾ ਹ ਹੀ ਲਿਖਿਆ ਜਾਣਾ ਚਾਹੀਦਾ ਹੈ। ਅਜਿਹਾ ਕਰਨ ਨਾਲ਼ ਪੰਜਾਬੀ ਸ਼ਬਦ ਜੋੜਾਂ ਦੀ ਸਰਲਤਾ ਵਿਚ ਵਾਧਾ ਹੁੰਦਾ ਹੈ।

ਕੁਝ ਸੱਜਣ ਲ ਦਾ ਤਾਲ਼ਵੀ ਉਚਾਰਣ ਲਿਖਤ ਵਿਚ ਲਿਆਉਣ ਸਮੇ ਲੱਲੇ ਦੇ ਪੈਰ ਵਿਚ ਅੱਧੇ ੍ਹ ਦੀ ਵਰਤੋਂ ਕਰਦੇ ਹਨ ਜੋ ਕਿ ਕਤਈ ਗ਼ਲਤ ਹੈ। ਇਸ ਵਾਸਤੇ ਬਹੁਤ ਸਮਾ ਪਹਿਲਾਂ ਡਾ. ਗੁਰਚਰਨ ਸਿੰਘ ਜੀ ਨੇ ਲੱਲੇ ਦੇ ਪੈਰ ਵਿਚ ਬਿੰਦੀ ਲਾ ਕੇ, ਲ਼ ਨੂੰ ਵਰਤੋਂ ਵਿਚ ਲਿਆ ਕੇ ਇਹ ਮਸਲਾ ਹੱਲ ਕਰ ਦਿਤਾ ਹੋਇਆ ਹੈ। ਇਸ ਬਾਰੇ ਹੋਰ ਭੰਬਲ਼ਭੂਸਾ ਪੈਦਾ ਕਰਨ ਦਾ ਕੋਈ ਲਾਭ ਨਹੀ।

ਬਹੁ ਗਿਣਤੀ ਵਿਚ ਲੇਖਕ 'ਇਨ੍ਹਾਂ' ਤੇ 'ਉਨ੍ਹਾਂ' ਨੂੰ ਇਸ ਰੂਪ ਵਿਚ ਲਿਖਦੇ ਹਨ ਤੇ ਮੈਂ ਵੀ ਦਹਾਕਿਆਂ ਤੱਕ ਇਸ ਤਰ੍ਹਾਂ ਹੀ ਲਿਖਦਾ ਆ ਰਿਹਾ ਸਾਂ ਪਰ ਕੁਝ ਸਾਲਾਂ ਤੋਂ ਸਮਝ ਆਈ ਹੈ ਕਿ ਇਹਨਾਂ ਦਾ ਸਰਲ ਰੂਪ 'ਇਹਨਾਂ' ਤੇ 'ਉਹਨਾਂ' ਹੀ ਠੀਕ ਹੈ।

ਇਸ ਤਰ੍ਹਾਂ ਲਿਖੇ ਜਾਂਦੇ ਕੁਝ ਸ਼ਬਦ ਉਦਾਰਹਨ ਵਜੋਂ ਇਸ ਪ੍ਰਕਾਰ ਹਨ:

| ੍ਹ ਸਮੇਤ ਅਤੇ ੍ਹ ਤੋਂ ਬਿਨਾ ਪਰ ਵੱਖਰੇ ਅਰਥਾਂ ਵਿਚ ਲਿਖੇ ਜਾਣ ਵਾਲ਼ੇ ਕੁਝ ਸ਼ਬਦ | | ਸਿਰਫ ੍ਹ ਨਾਲ਼ ਲਿਖੇ ਜਾਣ ਵਾਲ਼ੇ ਕੁਝ ਸ਼ਬਦ | ੍ਹ ਤੋਂ ਬਿਨਾ ਲਿਖੇ ਜਾਣ ਵਾਲ਼ੇ ਕੁਝ ਸ਼ਬਦ |
|---|---|---|---|
| ਜੜ੍ਹ | ਜੜ | ਮੜ੍ਹੀ | ਲੜ |
| ਗੜ੍ਹੀ | ਗੜੀ | ਖੁਲ੍ਹ | ਲੜੀ |
| ਗਲ੍ਹ | ਗੱਲ | ਖੁਲ੍ਹਾ | ਕੁੜੀ |
| ਨਲ੍ਹ | ਨਲ਼ | ਪੜ੍ਹ | ਲੜਨਾ |
| ਫੜ੍ਹ | ਫੜ | ਖੁਲ੍ਹ | ਜੜਨਾ |
| ਫੜ੍ਹੀ | ਫੜੀ | ਕੜ੍ਹ | ਜੁੜਨਾ |
| ਕੜ੍ਹੀ | ਕੜੀ | ਚੜ੍ਹ | ਮੁੜਨਾ |
| ਪੜ੍ਹੀ | ਪੜੀ | ਚੜ੍ਹੀ | ਮਾੜਾ |
| ਜੜ੍ਹੀ | ਜੜੀ | ਹੜ੍ਹ | ਸਾੜਾ |
| ਖੜ੍ਹਨਾ | ਖੜਨਾ | ਗੜ੍ਹ | ਮੋੜ |
| ਤਰ੍ਹਾਂ | ਤਰਾਂ | ਦ੍ਰਿੜ੍ਹ | ਜੋੜ |
| ਚਲ੍ਹਾ | ਚਲਾ | ਦ੍ਰਿੜ੍ਹਤਾ | ਲੋੜ |
| ਬੁਲ੍ਹਾ | ਬੁੱਲਾ | ਚੜ੍ਹਤ | ਪਿੜ |
| ਬੁਲ੍ਹ | ਬੁੱਲ | ਕੁੜ੍ਹ | ਗਿੜ |
| ਜੜ੍ਹੀ | ਜੜੀ | ਮੜ੍ਹ | ਗੇੜ |

ਸੌ ਹੱਥ ਰੱਸਾ ਸਿਰੇ ਤੇ ਗੰਢ: ਜਿਥੇ ਪੂਰਾ ਯਕੀਨ ਨਾ ਹੋਵੇ ਕਿ ਪੈਰ ਵਿਚ ੍ਹ ਲਿਖਣਾ ਹੈ ਜਾਂ ਨਹੀ ਓਥੇ ਕਿਸੇ ਵੀ ਚੱਕਰ ਵਿਚ ਪੈਣ ਤੋਂ ਬਿਨਾ ਹੀ ਇਸ ਨੂੰ ਵਰਤਣ ਤੋਂ ਗੁਰੇਜ਼ ਕੀਤਾ ਜਾ ਸਕਦਾ ਹੈ ਜਿਵੇਂ ਜ ਦੇ ਪੈਰ ਵਿਚ ਬਿੰਦੀ ਲਾ ਕੇ ਜ਼ ਬਣਾਉਣ ਤੋਂ ਅਤੇ ਅਧਕ ਵਰਤਿਆ ਤੋਂ ਬਿਨਾ ਸਰ ਜਾਂਦਾ ਹੈ।

## ਗੱਲ ਚੱਲੀ ਗੁਰਮੁਖੀ ਵਿਚ ਤਿੰਨ ਹੋਰ ਚਿੰਨ੍ਹਾਂ ਦੀ

ਗੱਲ ਇਹ ੧੯੫੮ ਦੀਆਂ ਗਰਮੀਆਂ ਦੇ ਮਈ ਮਹੀਨੇ ਦੀ ਹੈ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਸੰਗੀਤ ਕਲਾਸ ਵਿਚ, ਸਾਨੂੰ ਪ੍ਰੋਫ਼ੈਸਰ ਰਾਜਿੰਦਰ ਸਿੰਘ ਜੀ ਭੈਰਉਂ ਰਾਗ ਵਿਚ ਦਾਦਰਾ ਤਾਲ ਦਾ ਸ਼ਬਦ ਸਿਖਾ ਰਹੇ ਸਨ। ਸ਼ਬਦ ਸੀ, "ਗੁਰ ਕੀ ਮੂਰਤਿ ਮਨ ਮਹਿ ਧਿਆਨੁ॥' ਜਦੋਂ ਅੰਤਰੇ ਵਿਚ ਇਹ ਤੁਕ ਆਈ, "ਗੁਰ ਪ੍ਰਸਾਦਿ ਊਰਧ ਕਮਲ ਬਿਗਾਸ॥" ਤਾਂ ਬੋਰਡ ਉਪਰ ਇਸ ਦੀ ਨੋਟੇਸ਼ਨ ਲਿਖਣ ਸਮੇ ਜਦੋਂ 'ਊਰਧ' ਲਫ਼ਜ਼ ਆਇਆ ਤਾਂ ਇਹਨਾਂ ਤਿੰਨਾਂ ਅੱਖਰਾਂ ਨੂੰ ਤਾਰ ਸਪਤਕ ਦੇ 'ਸਾਂ' ਦੀਆਂ ਦੋ ਮਾਤਰਾਂ ਵਿਚ ਬੋਲਣਾ ਸੀ। ਇਸ ਨੁਕਤੇ ਨੂੰ ਸਮਝਾਉਣ ਲਈ ਉਹ ਦੱਸਣ ਕਿ ਜਿਸ ਤਰ੍ਹਾਂ ਅੰਗ੍ਰੇਜ਼ੀ ਦਾ ਵਰਡ 'ਆਰਟ' ਬੋਲਣਾ ਹੈ, ਕੀਰਤਨ ਕਰਦੇ ਸਮੇ ਓਸੇ ਤਰ੍ਹਾਂ ਇਸ ਲਫ਼ਜ਼ 'ਊਰਧ' ਨੂੰ ਬੋਲਣਾ ਹੈ। ਅਰਥਾਤ 'ਊ' ਅਤੇ 'ਧ' ਦੇ ਵਿਚਕਾਰਲੇ ਰ ਨੂੰ ਇਸ ਤਰ੍ਹਾਂ ਬੋਲਣਾ ਹੈ ਕਿ ਇਸ ਦੀ ਮਾਤਰਾ ਵੱਖਰੀ ਨਾ ਲੱਗੇ ਜਿਵੇਂ 'ਆਰਟ' ਸ਼ਬਦ ਵਿਚ r ਬੋਲਣੀ ਹੈ; ਏਥੇ ਵੀ ਰ ਨੂੰ ਉਸ r ਵਾਂਙ ਹੀ ਬੋਲਣਾ ਹੈ। ਹੋਰ ਕਿਸੇ ਵਿਦਿਆਰਥੀ ਨੂੰ ਇਸ ਗੱਲ ਦੀ ਸਮਝ ਆਈ ਹੋਵੇ ਚਾਹੇ ਨਾ ਪਰ ਮੇਰੇ ਖਾਨੇ ਵਿਚ ਤਾਂ ਇਹ ਗੱਲ ਓਦੋਂ ਬਿਲਕੁਲ ਨਹੀਂ ਸੀ ਵੜੀ।

ਇਹ ਤਾਂ ਆਪਾਂ ਸਾਰੇ ਜਾਣਦੇ ਹੀ ਹਾਂ ਕਿ ਸੰਸਾਰ ਦੀ ਕੋਈ ਵੀ ਲਿੱਪੀ ਮਨੁਖ ਦੇ ਹਰੇਕ ਭਾਵ ਨੂੰ ਪਰਗਟ ਕਰਨ ਵਿਚ ਪੂਰੀ ਤਰ੍ਹਾਂ ਸਫ਼ਲ ਨਹੀਂ ਹੈ। ਮਨੁਖ ਨੂੰ ਬਹੁਤ ਕੁਝ ਆਪਣੇ ਹਾਵਾਂ ਭਾਵਾਂ ਨਾਲ਼ ਹੀ ਦਰਸਾਉਣਾ ਪੈਂਦਾ ਹੈ ਜੋ ਅੱਖਰਾਂ ਰਾਹੀਂ ਨਹੀਂ ਪ੍ਰਗਟਾਇਆ ਜਾ ਸਕਦਾ।

ਪੁਰਾਤਨ ਪੰਜਾਬੀ ਉਚਾਰਨ ਅਨੁਸਾਰ ਗੁਰਮੁਖੀ ਲਿੱਪੀ ਦੇ ਅੱਖਰ ਤਕਰੀਬਨ ਸੰਪੂਰਨ ਹਨ। ਪੰਜਾਬੀ ਭਾਸ਼ਾ ਹੋਰ ਕਿਸੇ ਵੀ ਲਿੱਪੀ ਵਿਚ ਗੁਰਮੁਖੀ ਨਾਲ਼ੋਂ ਵਧ ਢੁਕਵੇਂ ਤਰੀਕੇ ਨਾਲ਼ ਨਹੀਂ ਲਿਖੀ ਜਾ ਸਕਦੀ। ਪੰਜਾਬੀ ਵਾਸਤੇ ਸਭ ਤੋਂ ਢੁਕਵੀਂ ਲਿੱਪੀ ਸਿਰਫ਼ ਗੁਰਮੁਖੀ ਹੀ ਹੈ। ਜੇਹੜੀਆਂ ਆਵਾਜ਼ਾਂ ਪਹਿਲਾਂ ਪੰਜਾਬੀ ਬੋਲੀ ਵਿਚ ਨਹੀਂ ਸਨ ਤੇ ਬਾਅਦ ਵਿਚ ਅਰਬੀ, ਫ਼ਾਰਸੀ ਬੋਲੀਆਂ ਵਿਚੋਂ ਪੰਜਾਬੀ ਵਿਚ ਆਏ ਕੁਝ ਸ਼ਬਦਾਂ ਵਿਚਲੀਆਂ ਆਵਾਜ਼ਾਂ ਨੂੰ ਦਰਸਾਉਣ ਲਈ, ਉਹਨਾਂ ਦੇ ਨੇੜੇ ਤੇੜੇ ਬੋਲੇ ਜਾਣ ਵਾਲ਼ੇ ਅੱਖਰਾਂ ਦੇ ਪੈਰੀਂ ਬਿੰਦੀ ਲਾ ਕੇ, ਪੰਜ ਹੋਰ ਅੱਖਰਾਂ ਦਾ ਵਾਧਾ ਕੀਤਾ ਗਿਆ। ਫਿਰ ਪੰਜਾਬੀ ਦੇ ਇਕ ਹੋਰ ਅੱਖਰ ਲ ਦਾ ਤਾਲਵੀ ਉਚਾਰਣ ਵੀ ਹੁੰਦਾ ਹੈ ਜਿਸ ਨੂੰ ਪਹਿਲਾਂ ਗੁਰਮੁਖੀ ਵਿਚ ਨਹੀਂ ਸ਼ਾਮਲ ਕੀਤਾ ਗਿਆ ਸੀ ਪਰ ਅੱਧੀ ਕੁ ਸਦੀ ਪਹਿਲਾਂ, ਪਟਿਆਲ਼ੇ ਤੋਂ ਡਾ. ਗੁਰਚਰਨ ਸਿੰਘ ਨੇ, ਆਪਣੀ ਕਿਤਾਬ 'ਆਧੁਨਿਕ ਪੰਜਾਬੀ ਲੇਖ' ਦੀ ਭੂਮਿਕਾ ਵਿਚ, ਲ ਦੇ ਪੈਰ ਵਿਚ ਬਿੰਦੀ ਲਾ ਕੇ, ਇਸ ਨੂੰ ਲ਼ ਬਣਾ ਕੇ, ਵਰਤਣ ਦਾ ਸੁਝਾ ਦਿਤਾ ਜੋ ਕਿ ਮੇਰੇ ਖਿਆਲ ਵਿਚ ਓਵੇਂ ਹੀ ਇਹ ਗੱਲ ਜਚਦੀ ਹੈ ਜਿਵੇਂ ਦੂਜੇ ਅੱਖਰਾਂ ਦੇ ਪੈਰਾਂ ਵਿਚ ਬਿੰਦੀਆਂ ਲਾ ਕੇ ਬਣਾਏ ਗਏ ਲੋੜੀਂਦੇ ਅੱਖਰਾਂ ਬਾਰੇ ਢੁਕਦੀ ਹੈ। ਪੰਜਾਬੀ ਵਿਚ ਬਹੁਤ ਸਾਰੇ ਸ਼ਬਦ ਹਨ ਜਿਨ੍ਹਾਂ ਵਿਚ ਲ ਦਾ ਉਚਾਰਣ ਤਾਲੂ ਵਿਚ ਹੁੰਦਾ ਹੈ; ਉਦਾਹਰਣ ਵਜੋਂ: ਗਲ਼, ਮਲ਼, ਭਲ਼, ਹਲ਼, ਤਾਲ਼ੂ, ਕਚਾਲ਼ੂ, ਪੰਜਾਲ਼ੀ, ਜੁਲ਼ਾ, ਮੈਲ਼, ਮੇਲ਼, ਵਾਲ਼ਾ, ਕਾਲ਼ਾ, ਮਾਲ਼ਾ, ਸਾਲ਼ਾ, ਘਾਲ਼ਾ, ਭੰਬਲਭੂਸਾ, ਗੋਤਕਨਾਲ਼ਾ ਆਦਿ। ਗੁਜਰਾਤੀ ਵਿਚ ਇਸ ਦੇ ਉਚਾਰਨ ਵਾਸਤੇ ਸੁਤੰਤਰ ਅੱਖਰ ਹੈ ਪਰ ਪੰਜਾਬੀ/ਹਿੰਦੀ ਵਿਚ ਨਹੀਂ। ਥੋਹੜੀ ਗਿਣਤੀ ਵਿਚ ਪੰਜਾਬੀ ਦੇ ਲਿਖਾਰੀ ਬਜਿਦ ਹਨ ਕਿ ਅਜਿਹਾ ਉਚਾਰਨ ਲੱਲੇ ਦੇ ਪੈਰ ਵਿਚ ੍ ਲਾ ਕੇ ਲਿਖਣਾ ਚਾਹੀਦਾ ਹੈ, ਜੋ ਕਿ ਬਿਲਕੁਲ ਹੀ ਗ਼ਲਤ ਹੈ; ਕਿਉਂਕਿ ਜਦੋਂ ਅਸੀਂ ਗਲ਼ (ਗਲ਼ਾ) ਨੂੰ ਪੈਰੀਂ ੍ ਲਾ ਕੇ ਲਿਖਾਂਗੇ ਤਾਂ ਉਹ ਗਲ੍ਹ ਬਣ ਜਾਵੇਗਾ, ਗਲ਼ ਨਹੀਂ। ਇਸ ਤਰ੍ਹਾਂ ਹੀ ਕੁਝ ਹੋਰ ਸ਼ਬਦਾਂ ਬਾਰੇ ਵੀ ਭੁਲੇਖਾ ਪੈ ਸਕਦਾ ਹੈ। ਇਸ ਲਈ ਲੱਲੇ ਦੇ ਪੈਰਾਂ ਵਿਚ ੍ ਪਾ ਕੇ ਇਸ ਆਵਾਜ਼ ਨੂੰ ਪਰਗਟ ਕਰਨਾ ਕਤਈ ਗ਼ਲਤ ਤਰੀਕਾ ਹੈ।

ਫਿਰ ਮੁੜੀਏ ਅੰਗ੍ਰੇਜ਼ੀ ਸ਼ਬਦਾਂ ਦੇ ਵਿਚਕਾਰਲੇ ਆਰ r ਵੱਲ। ਅੰਗ੍ਰੇਜ਼ੀ ਦੇ ਬਹੁਤ ਸਾਰੇ ਸ਼ਬਦ ਅਜਿਹੇ ਹਨ ਜਿਨ੍ਹਾਂ ਦੇ ਵਿਚਕਾਰ ਜਾਂ ਅੰਤ ਵਿਚ ਆਈ ਆਰ r ਨੂੰ ਪੂਰਾ ਨਹੀਂ ਬੋਲਿਆ ਜਾਂਦਾ; ਜਿਵੇਂ ਕਿ ਆਰਟ, ਸਮਾਰਟ, ਚਾਰਟ, ਕਾਰਟ, ਪਾਰਟ, ਹਾਰਟ, ਕਾਰਡ, ਵਾਟਰ, ਬਟਰ ਆਦਿ ਪਰ ਉਹਨਾਂ ਨੇ ਅੰਗ੍ਰੇਜ਼ੀ ਦੀ ਵਰਣਮਾਲਾ ਵਿਚ ਅਜਿਹੀ ਆਵਾਜ਼ ਲਈ ਕੋਈ ਚਿੰਨ੍ਹ ਨਹੀਂ ਚਿਤਵਿਆ। ਉਹ ਖ਼ੁਦ ਹੀ ਜਾਣਦੇ ਹਨ ਕਿ ਇਸ r ਦਾ ਪੂਰਾ ਉਚਾਰਨ ਕਿੱਥੇ ਕਰਨਾ ਹੈ ਤੇ ਕਿੱਥੇ ਨਹੀਂ ਕਰਨਾ। ਇਸ ਤਰ੍ਹਾਂ ਸ਼ਬਦ ਦੇ ਵਿਚਕਾਰ ਆਉਣ ਵਾਲ਼ੀ L ਨੂੰ ਵੀ ਉਹ ਪੂਰੀ ਤਰ੍ਹਾਂ ਨਹੀਂ ਬੋਲਦੇ; ਜਿਵੇਂ ਕਿ ਚਾਕ, ਵਾਕ, ਟਾਕ, ਚਾਈਲਡ, ਮਾਇਲਡ ਆਦਿ।

ਅੰਗ੍ਰੇਜ਼ਾਂ ਦੀ ਤਾਂ, "ਮਥਰਾ (ਈ) ਤੀਨ ਲੋਕ ਸੇ ਨਿਆਰੀ" ਹੈ। ਉਹ ਤਾਂ ਛੱਬੀ ਅੱਖਰਾਂ ਨਾਲ਼ ਹੀ ਤਕਰੀਬਨ ਅੱਧੀ ਦੁਨੀਆ ਨੂੰ ਗਧੀ ਗੇੜੇ ਪਾਈ ਫਿਰਦੇ ਹਨ।

ਅੰਗ੍ਰੇਜ਼ੀ ਸ਼ਬਦਾਂ ਨੂੰ ਹਿੰਦੀ ਵਿਚ ਲਿਖਣ ਸਮੇ, ਸ਼ਬਦ ਦੇ ਵਿਚਕਾਰ ਆਉਣ ਵਾਲ਼ੀ r ਵਾਲ਼ੇ ਥਾਂਵਾਂ ਤੇ ਪੂਰਾ ਰਾਰਾ ਲਿਖਣ ਦੇ ਥਾਂ, ਉਸ ਤੋਂ ਅਗਲੇ ਅੱਖਰ ਉਪਰ ਟੇਢੀ ਜਿਹੀ ਟਿੱਪੀ ਲਾ ਕੇ, ਇਕ ਚਿੰਨ੍ਹ ਬਣਾਇਆ ਜਾਂਦਾ ਹੈ ਤੇ ਸ਼ਬਦ ਦੇ ਵਿਚਕਾਰ ਆਉਣ ਵਾਲ਼ੇ ਪੂਰੇ ਲੱਲੇ ਦੀ ਥਾਂ ਅੱਧਾ ਲੱਲਾ ਵਰਤਿਆ ਜਾਂਦਾ ਹੈ। ਗੁਰਮੁਖੀ ਵਿਚ ਅਜਿਹਾ ਕੋਈ ਪ੍ਰਬੰਧ ਨਹੀਂ ਹੈ। ਇਸ ਲਈ ਕੋਈ ਹਰਜ ਨਹੀਂ ਜੇ ਅਸੀਂ ਵੀ ਹਿੰਦੀ ਵਾਲ਼ੇ ਤਰੀਕੇ ਅਨੁਸਾਰ ਹੀ, ਓਸੇ ਟੇਢੀ ਜਿਹੀ ਟਿੱਪੀ ਨੂੰ ਵਰਤ ਕੇ, ਅੰਗ੍ਰੇਜ਼ੀ ਸ਼ਬਦਾਂ ਦੇ ਵਿਚਕਾਰ ਆਉਣ ਵਾਲ਼ੇ 'ਰ' ਨੂੰ ਦਰਸਾ ਸਕੀਏ।

ਪਿਛਲੀਆਂ ਦੋ ਸਦੀਆਂ ਦੇ ਸਮੇ ਦੌਰਾਨ ਅੰਗ੍ਰੇਜ਼ੀ ਭਾਸ਼ਾ ਦੇ ਬਹੁਤ ਸਾਰੇ ਸ਼ਬਦ ਪੰਜਾਬੀ ਵਿਚ ਘੁਲ਼ ਮਿਲ਼ ਗਏ ਹਨ ਜਿਵੇਂ ਕਿ ਅਰਬੀ, ਫ਼ਾਰਸੀ ਆਦਿ ਦੇ ਪਹਿਲਾਂ ਹੀ ਪੰਜਾਬੀ ਵਿਚ ਮੌਜੂਦ ਹਨ ਤੇ ਉਹ ਹੁਣ ਪੰਜਾਬੀ ਦੇ ਹੀ ਬਣ ਚੁੱਕੇ ਹਨ; ਉਹਨਾਂ ਨੂੰ ਕੋਈ ਵਖਰਿਆ ਨਹੀਂ ਸਕਦਾ। ਜਿਵੇਂ ਕਿ ਟੈਸ, ਮੈਸ, ਟੈਲ, ਐਸ, ਗੈਸ, ਹੈਲ, ਚੈਕ, ਪੈਗ ਆਦਿ। ਇਹਨਾਂ ਸਾਰੇ ਸ਼ਬਦਾਂ ਦੇ ਪਹਿਲੇ ਅੱਖਰ ਉਪਰਲੀਆਂ ਦੋਲਾਵਾਂ ਦੇ ਨਾਲ਼ ਅੱਧਕ ਵੀ ਬੋਲਦਾ ਹੈ ਪਰ ਪੰਜਾਬੀ ਲਿਖਤ ਵਿਚ ਜੇ ਬਿਹਾਰੀ, ਲਾਂ, ਦੁਲਾਵਾਂ, ਹੋੜਾ, ਕਨੌੜਾ ਦੇ ਨਾਲ਼ ਅੱਧਕ ਜਾਂ ਟਿੱਪੀ ਲੱਗੀ ਹੋਈ ਹੋਵੇ ਤਾਂ ਉਹ ਸ਼ਬਦ ਦੇ ਲਿਖਤੀ ਰੂਪ ਦੀ ਸੋਭਾ ਘਟਾਉਂਦੀ ਹੈ। ਸ਼ਾਇਦ ਏਸੇ ਕਰਕੇ ਹੀ ਸਿਆਣਿਆਂ ਨੇ ਸ਼ੁਰੂ ਵਿਚ ੳ ਉਪਰ ਅੱਧਕ ਜਾਂ ਟਿਪੀ ਲਾਉਣੀ ਯੋਗ ਨਹੀਂ ਸੀ ਸਮਝੀ। ਜਦੋਂ ਕਿ ਬਾਕੀ ਅੱਖਰਾਂ ਦੇ ਔਂਕੜ, ਦੁਲੈਂਕੜੇ ਆਦਿ ਨਾਲ਼ ਟਿੱਪੀ ਲਾਈ ਜਾਂਦੀ ਹੈ ਪਰ ਜਦੋਂ ੳ ਦੀ ਵਾਰੀ ਆਉਂਦੀ ਹੈ ਤਾਂ ਉਸ ਨਾਲ਼ ਟਿੱਪੀ ਦੇ ਥਾਂ ਬਿੰਦੀ ਹੀ ਲਾਈ ਜਾਂਦੀ ਹੈ; ਟਿੱਪੀ ਨਹੀਂ ਲਾਈ ਜਾਂਦੀ। ਇਸ ਕਰਕੇ ਅੰਗ੍ਰੇਜ਼ੀ ਦੇ ਅਜਿਹੇ ਸ਼ਬਦਾਂ ਵਿਚ ਅੱਧਕ ਬੋਲਣ ਦੇ ਬਾਵਜੂਦ ਵੀ ਲਿਖਤ ਵਿਚ ਲੱਗਾ ਹੋਇਆ ਸੋਭਦਾ ਨਹੀਂ। ਇਸ ਲਈ ਪੰਜਾਬੀ ਵਿਚ ਇਸ ਭਾਵ ਨੂੰ ਦਰਸਾਉਣ ਲਈ ਇਕ ਨਵਾਂ ਚਿੰਨ੍ਹ ਸਿਰਜਣ ਦੀ ਲੋੜ ਹੈ। ਮੇਰੇ ਖਿਆਲ ਵਿਚ ਜੇ ਦੁਲਾਵਾਂ ਦਾ ਪਿਛਲਾ ਅੰਤ ਆਪਸ ਵਿਚ ਜੋੜ ਕੇ, ਅਜਿਹਾ ਚਿੰਨ੍ਹ ਸਿਰਜ ਲਿਆ ਜਾਵੇ ਤਾਂ ਇਸ ਵਿਚ ਕੋਈ ਹਰਜ ਨਹੀਂ; ਜਾਂ ਫਿਰ ਵਿਦਵਾਨ ਸੱਜਣ ਕੋਈ ਹੋਰ ਤਰੀਕਾ ਵਰਤ ਲੈਣਾ ਵੀ ਯੋਗ ਸਮਝ ਸਕਦੇ ਹਨ।

ਇਹਨੀਂ ਦਿਨੀਂ ਪੰਜਾਬੀ ਪੱਤਰਕਾਰੀ ਵਿਚ ਬਹੁਤ, ਥਾਂਵਾਂ ਤੇ ੳ ਉਪਰ ਵੀ ਅੱਧਕ ਲਾ ਕੇ, ਸ਼ਬਦ ਦੇ ਲਿਖਤੀ ਸਰੂਪ ਨੂੰ ਵਿਗਾੜਿਆ ਜਾਂਦਾ ਹੈ।

ਫਿਰ ਅੰਗ੍ਰੇਜ਼ੀ ਭਾਸ਼ਾ ਵਿਚ ਕਨੌੜੇ ਤੇ ਕੰਨੇ ਦੇ ਵਿਚਕਾਰਲੀ ਇਕ ਆਵਾਜ਼ ਹੈ; ਜਿਵੇਂ ਕਿ ਡੌਟ, ਸ਼ੌਪ, ਕੌਟ, ਪੌਟ, ਸਟੌਪ, ਨੌਲਜ, ਕੌਲਜ ਆਦਿ। ਇਹ ਆਵਾਜ਼ ਪਹਿਲਾਂ ਹਿੰਦੀ/ਪੰਜਾਬੀ ਵਿਚ ਨਹੀਂ ਸੀ ਹੁੰਦੀ। ਹਿੰਦੀ ਵਾਲਿਆਂ ਨੇ ਚਿਰੋਕਣਾ ਹੀ ਇਸ ਦਾ ਹੱਲ ਕਢ ਲਿਆ ਹੋਇਆ ਹੈ। ਉਹ ਕੰਨੇ ਦੇ ਉਪਰ ਅੱਧਕ ਲਾ ਕੇ, ਇਸ ਆਵਾਜ਼ ਨੂੰ ਦਰਸਾ ਦਿੰਦੇ ਹਨ। ਇਸ ਲਈ ਸਾਨੂੰ ਇਹ ਕੰਨੇ ਉਪਰ ਅੱਧਕ ਲਾਉਣ ਵਾਲਾ, ਸੌਖਾ ਜਿਹਾ ਤਰੀਕਾ ਹੀ ਅਪਨਾ ਲੈਣਾ ਚਾਹੀਦਾ ਹੈ।

ਯਾਦ ਰਹੇ ਕਿ ਬੋਲੀ ਤੇ ਲਿੱਪੀ ਗੁਰਬਾਣੀ ਵਾਂਙ ਕੋਈ "ਖਸਮ ਕੀ ਬਾਣੀ" ਨਹੀਂ ਹਨ ਕਿ ਸਮੇ ਸਮੇ ਲੋੜ ਅਨੁਸਾਰ ਇਹਨਾਂ ਵਿਚ, ਉਚਾਰਨ ਨੂੰ ਮੁਖ ਰੱਖ ਕੇ ਵਾਧਾ ਜਾਂ ਸੁਧਾਰ ਨਹੀਂ ਹੋ ਸਕਦਾ ਬਲਕਿ ਸਮੇ ਸਮੇ ਇਹਨਾਂ ਵਿਚ ਵਾਧਾ ਤੇ ਸੁਧਾਰ ਹੁੰਦੇ ਆਏ ਹਨ। ਸਭ ਤੋਂ ਪਹਿਲਾਂ ਇਸ ਵਿਚ ਸੁਧਾਰ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਂਰਾਜ ਨੇ ਕੀਤਾ ਅਤੇ ਗੁਰਬਾਣੀ ਤੇ ਸਿੱਖ ਇਤਿਹਾਸ ਨੂੰ ਇਸ ਲਿੱਪੀ ਵਿਚ ਲਿਖਵਾਇਆ ਜਿਸ ਕਰਕੇ ਇਸ ਦਾ ਨਾਂ ਗੁਰਮੁਖੀ ਪ੍ਰਸਿਧ ਹੋਇਆ। ਕੁਝ ਸੱਜਣਾਂ ਨੇ ਇਉਂ ਵੀ ਸਮਝ ਲਿਆ ਕਿ ਗੁਰਮੁਖੀ ਅੱਖਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਣਾਏ ਸਨ ਤੇ ਇਸ ਲਈ ਹੀ ਇਹਨਾਂ ਨੂੰ ਗੁਰਮੁਖੀ ਆਖਿਆ ਜਾਂਦਾ ਹੈ। ਖੋਜੀਆਂ ਨੇ ਸਾਬਤ ਕਰ ਦਿਤਾ ਹੈ ਕਿ ਅਜਿਹੇ ਜਾਂ ਇਹਨਾਂ ਨਾਲ਼ ਮਿਲਦੇ ਜੁਲਦੇ ਅੱਖਰ ਬ੍ਰਹਮੀ, ਸ਼ਾਰਦਾ, ਮਹਾਜਨੀ ਆਦਿ ਲਿੱਪੀਆਂ ਵਿਚ, ਗੁਰੂ ਸਾਹਿਬਾਨ ਤੋਂ ਪਹਿਲਾਂ ਹੀ ਮੌਜੂਦ ਸਨ। ਦੂਜੇ ਗੁਰੂ ਜੀ ਤੋਂ ਪਹਿਲਾਂ ਇਹਨਾਂ ਅੱਖਰਾਂ ਦੀ ਮੌਜੂਦਗੀ ਦੀ ਗਵਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਵੀ ਮਿਲ਼ਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਅੰਦਰ 'ਪੱਟੀ ਲਿਖੀ' (ਪੰਨਾ ੪੩੨) ਨਾਮੀ ਬਾਣੀ ਜੋ ਲਿਖੀ ਹੈ ਉਸ ਵਿਚ ਇਹ ਅੱਖਰ ਵਰਤੇ ਹਨ। ਇਸ ਦੇ ਨਾਲ਼ ਲੱਗਵੀਂ ਹੀ, ਪੰਨਾ ੪੩੪ ਉਪਰ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ 'ਪਟੀ' ਵੀ ਦਰਜ ਹੈ। ਫਿਰ ਪਹਿਲੇ ਗੁਰੂ ਜੀ ਦੇ ਸਮਕਾਲੀ ਭਗਤ ਕਬੀਰ ਜੀ ਨੇ ਵੀ ਗਉੜੀ ਰਾਗ ਅੰਦਰ ਉਚਾਰੀ 'ਬਾਵਨ ਅੱਖਰੀ' ਨਾਮੀ ਬਾਣੀ, ਜੋ ਪੰਨਾ ੩੪੦ ਉਪਰ ਅੰਕਤ ਹੈ, ਵਿਚ ਵੀ ਗੁਰਮੁਖੀ ਅੱਖਰਾਂ ਨੂੰ ਹੀ ਵਰਤਿਆ ਹੈ। ਯਾਦ ਰਹੇ ਕਿ ਸੰਸਕ੍ਰਿਤ ਦੀ ਲਿੱਪੀ ਦੇ ਬਵੰਜਾ ਅੱਖਰ ਹੁੰਦੇ ਹਨ। ਇਹ ਹੈਰਾਨੀ ਦੀ ਗੱਲ ਹੈ ਕਿ ਕਾਂਸ਼ੀ ਵਿਚ ਰਹਿਣ ਵਾਲ਼ੇ ਭਗਤ ਕਬੀਰ ਜੀ ਵੀ ਗੁਰਮੁਖੀ ਵਾਲ਼ੇ ਅੱਖਰਾਂ ਦਾ ਹੀ ਵਰਨਣ ਕਰਦੇ ਹਨ, ਜੋ ਕਿ ਇਕ ੜ ਅਤੇ ੲ ਨੂੰ ਛੱਡ ਕੇ, ਬਾਕੀ ਸਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਙ ਹੀ ਅਜੋਕੀ ਗੁਰਮੁਖੀ ਲਿੱਪੀ ਦੇ ਅੱਖਰ ਹਨ। ਹਾਂ, ਇਹ ਗੱਲ ਜਰੂਰ ਹੈ ਕਿ ਮੌਜੂਦਾ ਤਰਤੀਬ ਇਹਨਾਂ ਅੱਖਰਾਂ ਨੂੰ, ਦੂਜੇ ਗੁਰੂ ਜੀ ਨੇ ਹੀ ਦੇ ਕੇ, ਇਸ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ।

ਇਹਨਾਂ ਅੱਖਰਾਂ ਨੂੰ 'ਸੇਕਰਡ ਕਾਉ' (ਪਵਿਤਰ ਗਊ) ਬਣਾ ਕੇ, ਸੰਸਕ੍ਰਿਤ ਵਾਂਙ, ਮਨੁਖੀ ਸਮੂੰਹ ਦੀ ਸਮਝੋਂ ਬਾਹਰ ਕਰਕੇ, ਵਾਧੂ ਭੰਬਲ਼ਭੂਸੇ ਪੈਦਾ ਕਰਨ ਦੀ ਕੋਈ ਲੋੜ ਨਹੀਂ। ਬੋਲੀ ਇਕ ਮਨੁਖ ਦਾ ਗਿਆਨ ਦੂਜੇ ਮਨੁਖ/ਮਨੁਖਾਂ ਤੱਕ ਬੋਲ ਕੇ ਪੁਚਾਉਣ ਦਾ ਕੇਵਲ ਸਾਧਨ ਮਾਤਰ ਹੈ ਅਤੇ ਲਿੱਪੀ ਇਸ ਗਿਆਨ ਨੂੰ ਲਿਖਤ ਵਿਚ ਲਿਆਉਣ ਦਾ ਵਸੀਲਾ; ਇਸ ਕਰਕੇ ਸਮੇ ਦੀ ਲੋੜ ਅਨੁਸਾਰ ਜੇ ਗੁਰਮੁਖੀ ਲਿੱਪੀ ਵਿਚ ਇਹਨਾਂ ਤਿੰਨ ਚਿੰਨ੍ਹਾਂ ਦਾ ਹੋਰ ਵਾਧਾ ਕਰ ਲਿਆ ਜਾਵੇ ਤਾਂ ਇਹ ਸੰਪੂਰਨਤਾ ਵੱਲ ਇਕ ਹੋਰ ਕਦਮ ਹੋਵੇਗਾ ਨਾ ਕਿ ਕੋਈ ਪਾਪ ਕਰਮ।

ਇਸ ਪ੍ਰਥਾਇ ਵਿਦਵਾਨਾਂ ਦੇ ਵਿਚਾਰਾਂ ਦਾ ਸਵਾਗਤ ਹੈ।

# ਸੰਤ ਫ਼ਤਿਹ ਸਿੰਘ ਜੀ

ਗੱਲ ਇਹ ੧੯੫੯ ਦੇ ਅਖੀਰਲੇ ਮਹੀਨਿਆਂ ਦੀ ਹੈ ਜਦੋਂ ਸ਼੍ਰੋਮਣੀ ਗੁ. ਪ੍ਰ. ਕਮੇਟੀ ਦੀ ੧੯੬੦ ਵਾਲ਼ੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੀਆਂ ਟਿਕਟਾਂ ਵੰਡਣ ਲਈ ਸਰਗਰਮੀਆਂ ਚੱਲ ਰਹੀਆਂ ਸਨ। ਇਹਨਾਂ ਸਰਗਰਮੀਆਂ ਦਾ ਕੇਂਦਰ ਉਸ ਵੇਲ਼ੇ ਦੇ ਅਕਾਲੀ ਦੇ ਪ੍ਰਧਾਨ, ਮਾਸਟਰ ਤਾਰਾ ਸਿੰਘ ਜੀ ਦੀ ਰਿਹਾਇਸ਼ ਸੀ। ਇਸ ਰਿਹਾਇਸ਼ ਦੀ ਕੰਧ ਸ਼ਹੀਦ ਸਿੱਖ ਮਿਸਨਰੀ ਕਾਲਜ ਦੇ ਨਾਲ਼ ਸਾਂਝੀ ਹੋਣ ਕਰਕੇ, ਸਾਰੇ ਆਗੂ ਮਿਸਨਰੀ ਕਾਲਜ ਦੀ ਗਰਾਊਂਡ ਵਿਚ ਹੀ ਖਲੋਤੇ ਹੋਏ ਏਧਰ ਓਧਰ ਫਿਰਦੇ ਤੇ ਆਪਣੀ ਆਪਣੀ ਕਿਸਮਤ ਦੀ ਉਡੀਕ ਕਰ ਰਹੇ ਸਨ। ਇਸ ਸਮੇ ਸਾਡੇ ਹਲਕੇ ਬਿਆਸ ਤੋਂ ਸਿਟਿੰਗ ਮੈਂਬਰ ਸ. ਦਲੀਪ ਸਿੰਘ ਮਹਿਤਾ, ਆਪਣੀ ਇਕ ਲੰਙੀ ਲੱਤ ਨਾਲ਼ ਸਪੈਸ਼ਲ ਤੋਰ ਤੁਰਦੇ ਹੋਏ, ਵਧ ਸਰਗਰਮ ਦਿਸਦੇ ਸਨ ਜੋ ਕਿ ਮਾਸਟਰ ਜੀ ਦੇ ਘਰ ਕਾਲਜ ਦੀ ਸਾਂਝੀ ਕੰਧ ਵਿਚਲੇ ਛੋਟੇ ਜਿਹੇ ਬੂਹੇ ਥਾਣੀ, ਕਦੇ ਮਾਸਟਰ ਜੀ ਦੇ ਘਰੋਂ ਨਿਕਲਦੇ ਤੇ ਕਦੇ ਵੜਦੇ ਸਨ। ਉਹਨਾਂ ਦੀ ਖ਼ੁਸ਼ੀ ਦਾ ਕਾਰਨ ਇਹ ਸੀ ਕਿ ਇਸ ਵਾਰੀਂ ਉਹ ਆਪ ਚੋਣ ਨਹੀ ਸਨ ਲੜ ਰਹੇ ਤੇ ਇਸ ਤਰ੍ਹਾਂ ਖ਼ੁਦ ਨੂੰ ਉਹ 'ਕਿੰਗ ਮੇਕਰਾਂ' ਵਿਚ ਸ਼ਾਮਲ ਸਮਝ ਰਹੇ ਸਨ। ਏਸੇ ਸਮੇ ਮੇਰੀ ਨਿਗਾਹ ਜ. ਜੀਵਨ ਸਿੰਘ ਉਮਰਾਨੰਗਲ ਉਪਰ ਪਈ ਜੋ ਆਪਣੇ ਸਭ ਤੋਂ ਲੰਮੇ ਕੱਦ, ਸੁੰਦਰ ਵਿਸ਼ਾਲ, ਵਧ ਕਾਲ਼ੇ ਤੇ ਘੱਟ ਚਿੱਟੇ ਦਾਹੜੇ ਕਰਕੇ, ਸਭ ਤੋਂ ਵਧ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਰੂਪ ਵਿਚ ਜਲਵਾਗਰ ਹੋ ਰਹੇ ਸਨ। ਓਦੋਂ ਤੋਂ ਹੀ ਉਹਨਾਂ ਦੀ ਦਰਸ਼ਨੀ ਸ਼ਖ਼ਸੀਅਤ ਦਾ ਮੇਰੇ ਮਨ ਉਪਰ ਉਹਨਾਂ ਦੇ ਅਖੀਰ ਤੱਕ ਬੜਾ ਚੰਗਾ ਪ੍ਰਭਾਵ ਰਿਹਾ।

ਇਸ ਸਮੇ ਹੀ ਮੇਰੇ ਇਕ ਜਮਾਤੀ ਅਮਰ ਸਿੰਘ ਜੰਮੂ ਨੇ ਆਖਿਆ, "ਅਹੁ ਸੰਤ ਫ਼ਤਿਹ ਸਿੰਘ ਵਾ!" ਮੈ ਉਸ ਪਾਸੇ ਵੱਲ ਵੇਖਿਆ। ਇਕ ਕੱਦੋਂ ਕੁਝ ਮਧਰੇ ਪਰ ਗੋਲਾਈ ਵਿਚ ਕੁਝ ਵਧੇਰੇ ਕੱਦ ਵਾਲ਼ੇ ਵਿਅਕਤੀ ਉਪਰ ਮੇਰੀ ਨਿਗਾਹ ਪਈ ਜਿਸ ਦੇ ਹੱਥ ਵਿਚ ਵੱਡੀ ਕ੍ਰਿਪਾਨ ਸੀ ਤੇ ਗੱਲ ਵਿਚ ਚਿੱਟਾ ਪਰਨਾ। ਗਾਤਰੇ ਛੋਟੀ ਕ੍ਰਿਪਾਨ ਵੀ ਸੋਭਾਇਮਾਨ ਸੀ। ਤੇੜ ਗੋਡਿਆਂ ਤੱਕ ਕਛਹਿਰਾ ਅਤੇ ਚੇਹਰੇ ਦੇ ਮੁਤਾਬਿਕ ਹੀ ਸੁੰਦਰ ਕਰੜਬਰੜਾ ਦਾਹੜਾ।

ਗੱਲ ਆਈ ਗਈ ਹੋ ਗਈ। ੧੯੬੦ ਦੀਆਂ ਗੁਰਦੁਅਰਾ ਚੋਣਾਂ, ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਹੇਠ, ਸ਼੍ਰੋਮਣੀ ਅਕਾਲੀ ਦਲ ਨੇ ਜਿੱਤ ਲਈਆਂ। ਨਹਿਰੂ ਦੇ ਥਾਪੜੇ ਤੇ ਸਰਦਾਰ ਕੈਰੋਂ ਦੀ ਸਾਰੀ ਤਾਕਤ ਨਾਲ਼, ਅਕਾਲੀ ਦਲ ਦੇ ਵਿਰੋਧੀ ਸਾਰੇ ਦਲਾਂ ਦਾ ਦਲ਼ੀਆ ਕਰਕੇ ਬਣਾਏ ਗਏ, 'ਸਾਧ ਸੰਗਤ ਬੋਰਡ' ਦੇ ਹੱਥ ਕੇਵਲ ਤਿੰਨ ਕਾਣੇ ਹੀ ਆਏ; ਅਰਥਾਤ ੧੪੦ ਵਿਚੋਂ ਸਾਧ ਸੰਗਤ ਬੋਰਡ ਦੇ ਸਿਰਫ ਤਿੰਨ ਉਮੀਦਵਾਰ ਹੀ ਜਿੱਤੇ।

ਇਹ ਚੋਣਾਂ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬੇ ਦੇ ਇਸ਼ੂ ਤੇ ਲੜੀਆਂ ਤੇ ਜਿੱਤੀਆਂ ਸਨ; ਇਸ ਲਈ ਜਿੱਤ ਉਪ੍ਰੰਤ ਇਸ ਦੀ ਪਰਾਪਤੀ ਲਈ ਉਦਮ ਕਰਨਾ ਵੀ ਜਰੂਰੀ ਸੀ। ਸ਼੍ਰੋਮਣੀ ਅਕਾਲੀ ਦਲ ਨੇ ਗੁਰਦੁਆਰਾ ਰਾਮਸਰ ਦੀ ਸਾਹਮਣੀ ਗਰਾਊਂਡ ਵਿਚ, ਪੰਡਿਤ ਸੁੰਦਰ ਦਾਸ ਦੀ ਪ੍ਰਧਾਨਗੀ ਹੇਠ, ਬੜੀ ਭਾਰੀ ਕਾਨਫ੍ਰੰਸ ਰੱਖੀ। ਇਸ ਵਿਚ ਡਾ. ਕਿਚਲੂ, ਸੋਸ਼ਲਿਸਟ ਲੀਡਰ ਸ਼੍ਰੀ ਤ੍ਰਿਲੋਕੀ ਸਿੰਘ ਸਮੇਤ ਕਈ ਵਿਰੋਧੀ ਧਿਰ ਦੇ ਹੋਰ ਆਗੂ ਵੀ ਆਏ ਤੇ ਸਾਰਿਆਂ ਨੇ ਪੰਜਾਬੀ ਸੂਬੇ ਦੀ ਮੰਗ ਨੂੰ ਜਾਇਜ਼ ਮੰਨ ਕੇ, ਸਰਕਾਰ ਨੂੰ ਇਹ ਪੂਰੀ ਕਰਨ ਲਈ ਆਪਣੇ ਭਾਸ਼ਨਾਂ ਵਿਚ ਆਖਿਆ। ਉਸ ਕਾਨਫ੍ਰੰਸ ਵਿਚ ਪਹਿਲੀ ਤੇ ਅਖੀਰਲੀ ਵਾਰ ਮੈਂ ਸ. ਜਗਦੇਵ ਸਿੰਘ ਤਲਵੰਡੀ ਦੇ ਪਿਤਾ, ਜ. ਛਾਂਗਾ ਸਿੰਘ ਨੂੰ ਵੇਖਿਆ, ਜੋ ਕਾਨਫ੍ਰੰਸ ਦੇ ਸ਼ੁਰੂ ਹੋਣ ਤੋਂ ਪਹਿਲਾਂ, ਹਾਜਰੀਨਾਂ ਨੂੰ ਸਟੇਜ ਤੋਂ ਆਪਣੇ ਭਾਸ਼ਨ ਰਾਹੀਂ ਹਸਾ ਹਸਾ ਕੇ, ਉਹਨਾਂ ਦੇ ਢਿਡੀਂ ਪੀੜਾਂ ਪਾ ਰਹੇ ਸਨ। ਕਹਿ ਕੀ ਰਹੇ ਸਨ, ਇਸ ਬਾਰੇ ਮੈਨੂੰ ਹੁਣ ਕੁਝ ਵੀ ਯਾਦ ਨਹੀ। ਉਸ ਕਾਨਫ੍ਰੰਸ ਵਿਚ ਫੈਸਲਾ ਹੋਇਆ ਕਿ ਮਾਸਟਰ ਜੀ ਦੀ ਅਗਵਾਈ ਹੇਠ ਦਿੱਲੀ ਨੂੰ ਜਥਾ ਭੇਜਿਆ ਜਾਵੇ। ਸਰਕਾਰ ਨੇ ਇਸ ਕਾਰਜ ਲਈ ਨਿਸਚਿਤ ਦਿਨ ਤੋਂ ਕੁਝ ਦਿਨ ਪਹਿਲਾਂ ਹੀ ਇਕ ਦਿਨ ਦੀ ਅੱਧੀ ਰਾਤ ਨੂੰ ਛਾਪਾ ਮਾਰ ਕੇ, ਸਾਰੇ ਅਕਾਲੀ ਆਗੂ ਫੜ ਕੇ ਜੇਹਲੀਂ ਤੁੰਨ ਦਿਤੇ। ਅਧੀ ਰਾਤ ਨੂੰ ਮਾਸਟਰ ਜੀ ਦੇ ਘਰ ਮੂਹਰੇ ਭਾਰੀ ਗਿਣਤੀ ਵਿਚ ਪੁਲਸ ਨੇ ਆ ਕੇ ਮਾਸਟਰ ਜੀ ਨੂੰ ਫੜ ਕੇ ਗੱਡੀ ਵਿਚ ਬੈਠਾ ਲਿਆ ਤੇ ਚੱਲਦੀ ਬਣੀ। ਅਸੀਂ ਜ਼ਿੰਦਾਬਾਦ ਮੁਰਦਾਬਾਦ ਹੀ ਕਰਦੇ ਰਹਿ ਗਏ। ਅਗਲੇ ਦਿਨ ਦੀ ਅਖ਼ਬਾਰ ਤੋਂ ਪਤਾ ਲੱਗਾ ਕਿ ਇਕੱਲਾ ਪੰਜਾਬ ਹੀ ਨਹੀ ਸਗੋਂ ਦਿੱਲੀ ਸਮੇਤ ਹੋਰ ਥਾਂਵਾਂ ਤੋਂ ਵੀ ਅਕਾਲੀ ਵਰਕਰਾਂ ਨੂੰ ਉਹਨਾਂ ਦੇ ਘਰਾਂ ਵਿਚੋਂ ਫੜ ਕੇ ਜੇਹਲਾਂ ਵਿਚ ਬੰਦ ਕਰ ਦਿਤਾ ਗਿਆ ਹੈ ਤਾਂ ਕਿ ਉਹ ਪੰਜਾਬੀ ਸੂਬੇ ਦੀ ਪਰਾਪਤੀ ਲਈ ਕੋਈ ਰੌਲ਼ਾ ਰੱਪਾ ਨਾ ਪਾਉਣ।

ਇਹਨਾਂ ਗ੍ਰਿਫ਼ਤਾਰੀਆਂ ਨਾਲ਼ ੧੯੬੦ ਵਾਲ਼ਾ ਪੰਜਾਬੀ ਸੂਬੇ ਦਾ ਮੋਰਚਾ ਸ਼ੁਰੂ ਹੋ ਗਿਆ ਤੇ ਇਸ ਦੀ ਅਗਵਾਈ ਦੀ ਜੁੰਮੇਵਾਰੀ ਸੰਤ ਫ਼ਤਿਹ ਸਿੰਘ ਜੀ ਦੇ ਮੋਢਿਆਂ ਤੇ ਆ ਪਈ। ਮੈ ਓਹਨੀਂ ਦਿਨੀਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚ ਗੁਰਮਤਿ ਸੰਗੀਤ ਦੀ ਸਿੱਖਿਆ ਪਰਾਪਤ ਕਰਦਾ ਸਾਂ ਤੇ ਕਦੀ ਕਦੀ ਸੱਤਿਆਗ੍ਰਹੀ ਜਥਾ ਤੋਰਨ ਤੋਂ ਪਹਿਲਾਂ ਤੇ ਪਿੱਛੋਂ ਦੇਰ ਰਾਤ ਤੱਕ ਜਾਰੀ ਰਹਿਣ ਵਾਲ਼ੇ, ਗੁਰਦੁਆਰਾ ਮੰਜੀ ਸਾਹਿਬ ਵਿਖੇ, ਸ਼ਾਮ ਦੇ ਦੀਵਾਨਾਂ ਵਿਚ ਹੋਣ ਵਾਲ਼ੀਆਂ ਤਕਰੀਰਾਂ ਸੁਣਨ ਚਲਿਆ ਜਾਂਦਾ ਸਾਂ। ਕਦੀ ਕਦੀ ਸੰਤ ਜੀ ਵੀ ਓਥੇ ਤਕਰੀਰ ਕਰਿਆ ਕਰਦੇ ਸਨ; ਰੋਜ ਨਹੀ। ਮਾਸਟਰ ਜੀ ਦੀ ਪੰਜਾਬੀ ਸੂਬੇ ਦੀ ਵਿਆਖਿਆ ਤੋਂ ਉਲ਼ਟ ਸੰਤ ਜੀ ਬੜਾ ਸਪੱਸ਼ਟ ਆਖਿਆ ਕਰਦੇ ਸਨ ਕਿ ਸਾਨੂੰ ਫ਼ੀ ਸਦੀਆਂ ਦੀ ਕੋਈ ਪਕੜ ਨਹੀ; ਸਰਕਾਰ ਸਿਰਫ਼ ਇਹ ਐਲਾਨ ਕਰ ਦੇਵੇ ਕਿ ਫਲਾਣੇ ਥਾਂ ਦੀ ਬੋਲੀ ਪੰਜਾਬੀ ਅਤੇ ਉਸ ਦੀ ਲਿੱਪੀ ਗੁਰਮੁਖੀ ਹੈ। ਉਸ ਥਾਂ ਤੇ ਗਿਣਤੀ ਭਾਵੇਂ ਕਿਸੇ ਫਿਰਕੇ ਦੀ ਹੋਵੇ ਇਸ ਨਾਲ਼ ਸਾਡਾ ਕੋਈ ਵਾਸਤਾ ਨਹੀ। ਇਸ ਦੇ ਉਲ਼ਟ ਮਾਸਟਰ ਜੀ ਦੀ ਪੰਜਾਬੀ ਸੂਬੇ ਦੀ ਬਣਤਰ ਵਿਚ ਫ਼ੀ ਸਦੀਆਂ ਦਾ 'ਰੋਲ਼ਘਚੋਲ਼ਾ' ਹੁੰਦਾ ਸੀ। ਇਕ ਦਿਨ ਸੰਤ ਜੀ ਨੇ ਆਪਣੇ ਭਾਸ਼ਨ ਵਿਚ ਇਉਂ ਵੀ ਆਖਿਆ:

ਸਾਡੀ ਸਰਕਾਰ ਨਾਲ਼ ਲੜਾਈ ਕੋਈ ਲੰਮੀ ਚੌੜੀ ਨਹੀ; ਸਿਰਫ਼ ਚਾਰ ਉਂਗਲ਼ਾਂ ਦੀ ਹੀ ਹੈ। ਇਉਂ ਆਖਣ ਸਮੇ ਉਹਨਾਂ ਨੇ ਆਪਣਾ ਸਿਰ ਥੋਹੜਾ ਕੁ ਅੱਗੇ ਨੂੰ ਝੁਕਾ ਕੇ ਆਖਿਆ ਕਿ ਸਰਕਾਰ ਆਖਦੀ ਹੈ ਕਿ ਅਸੀਂ ਇਸ ਤਰ੍ਹਾਂ ਰਹੀਏ ਤੇ ਫਿਰ ਥੋਹੜਾ ਕੁ ਸਿਰ ਨੂੰ ਉਤਾਹ ਚੁੱਕ ਕੇ ਆਖਿਆ ਕਿ ਅਸੀਂ ਇਸ ਤਰ੍ਹਾਂ ਰਹਿਣਾ ਚਾਹੁੰਦੇ ਹਾਂ।

ਇਸ ਮੋਰਚੇ ਵਿਚ ਸੰਤ ਜੀ ਦੀ ਅਗਵਾਈ ਹੇਠ ੫੭੧੨੯ ਵਿਅਕਤੀ ਜੇਹਲਾਂ ਵਿਚ ਗਏ। ਫਿਰ ਸਰਕਾਰ ਤੇ ਇਖ਼ਲਾਕੀ ਦਬਾ ਪਾਉਣ ਲਈ ਸੰਤ ਜੀ ਨੇ ਮਰਨ ਵਰਤ ਵੀ ਰੱਖਿਆ ਪਰ ਓਹਨੀਂ ਦਿਨੀਂ, ਪੰਡਿਤ ਨਹਿਰੂ ਦੇ ਥਾਪੜੇ ਨਾਲ਼, ਮੁਖ ਮੰਤਰੀ ਸਰਦਾਰ ਪਰਤਾਪ ਸਿੰਘ ਕੈਰੋਂ ਦੀ ਤੂਤੀ ਬੋਲਦੀ ਸੀ। ਉਸ ਨੇ ਮਾਸਟਰ ਜੀ ਨੂੰ ਜੇਹਲੋਂ ਚੁੱਕ ਕੇ ਸੰਤ ਜੀ ਦੀ ਵਰਤ ਵਾਲ਼ੀ ਕੁਟੀਆ ਵਿਚ ਲਿਆ ਛੱਡਿਆ ਤੇ ਫਿਰ ਜੋ ਕੁਝ ਹੋਇਆ ਉਸ ਦਾ ਵੀ ਆਪਣਾ ਇਕ ਵਿਸਥਾਰਤ ਇਤਿਹਾਸ ਹੈ।

ਸੰਤ ਜੀ ਦੇ ਵਰਤ ਛੱਡਣ ਕਾਰਨ ਮੋਰਚੇ ਦੀ ਮੁਲਤਵੀ ਉਪ੍ਰੰਤ ਸੰਤ ਜੀ ਦੀਆਂ, ਪਹਿਲਾਂ ਪੰਡਿਤ ਨਹਿਰੂ ਨਾਲ਼ ਤੇ ਫਿਰ ਸ਼ਾਸਤਰੀ ਜੀ ਨਾਲ ਮੁਲਾਕਾਤਾਂ ਹੁੰਦੀਆਂ ਰਹੀਆਂ ਜਿਨ੍ਹਾਂ ਦਾ ਵਰਨਣ ਸੰਤ ਜੀ ਨੇ ਆਪਣੀ ਇਕ ਕਿਤਾਬ ਵਿਚ ਵਿਸਥਾਰ ਸਹਿਤ ਕੀਤਾ ਹੈ। ਇਹਨਾਂ ਮੁਲਾਕਾਤਾਂ ਦਾ ਨਤੀਜਾ, "ਪੰਚਾਂ ਦਾ ਕਿਹਾ ਸਿਰ ਮੱਥੇ ਪਰ ਪਰਨਾਲ਼ਾ ਓਥੇ ਦਾ ਓਥੇ।" "ਜੈਸੇ ਥੇ" ਵਾਲ਼ੀ ਗੱਲ ਹੀ ਰਹੀ। ਇਹਨਾਂ ਮੁਲਾਕਾਤਾਂ ਤੋਂ ਸੰਤ ਜੀ ਦਾ ਵਿਚਾਰ ਬਣਿਆ ਸੀ ਕਿ ਜਿਥੇ ਪੰਡਿਤ ਨਹਿਰੂ ਜਜ਼ਬਾਤੀ ਤੇ ਬੜਬੋਲਾ ਸੀ ਓਥੇ ਸ਼ਾਸਤਰੀ ਮਿਠਬੋਲੜਾ ਤੇ ਸਿਆਸੀ ਤੌਰ ਤੇ ਬੜਾ ਡੂੰਘਾ ਬੰਦਾ ਸੀ।

ਇਸ ਗੱਲ ਬਾਤ ਦੀ ਅਸਫ਼ਲਤਾ ਪਿੱਛੋਂ, ਕੀਤੇ ਇਕਰਾਰ ਮੁਤਾਬਿਕ ਮਾਸਟਰ ਜੀ ਨੇ ਵਰਤ ਰੱਖਿਆ ਜੋ ਭਰੋਸਿਆਂ ਤੋਂ ਵਧ ਕੁਝ ਨਾ ਪਰਾਪਤ ਕਰ ਸਕਿਆ ਤੇ ਇਸ ਵਰਤ ਦੇ ਛੱਡਣ ਕਾਰਨ ਮਾਸਟਰ ਜੀ ਦੀ ਸਾਖ ਸਿੱਖ ਪੰਥ ਵਿਚੋਂ ਡਿਗ ਪਈ। ਏਸੇ ਦੌਰਾਨ ਪੰਜਾਬ ਸਮੇਤ ਸਾਰੇ ਦੇਸ ਵਿਚ ਆਮ ਚੋਣਾਂ ਵੀ ਹੋਈਆਂ ਤੇ ਸੈਂਟਰ ਤੇ ਸਾਰੇ ਸੂਬਿਆਂ ਵਿਚ ਕਾਂਗਰਸ ਦੀਆਂ ਸਰਕਾਰਾਂ ਬਣੀਆਂ। ਸਰਦਾਰ ਕੈਰੋਂ ਨਹਿਰੂ ਦੇ ਥਾਪੜੇ ਨਾਲ਼ ਹਾਰ ਕੇ ਵੀ ਜਿੱਤ ਗਿਆ ਤੇ ਪੰਜਾਬ ਦਾ ਮੁਖ ਮੰਤਰੀ ਬਣਿਆ ਰਿਹਾ। ਜਿੱਤਣ ਵਾਲ਼ਾ ਜਥੇਦਾਰ ਮੋਹਨ ਸਿੰਘ ਤੁੜ ਜਿੱਤ ਕੇ ਵੀ ਜੇਹਲ ਵਿਚ ਹੀ ਬੰਦ ਰਿਹਾ। ਸਰਹਾਲੀ ਤੇ ਪੱਟੀ, ਦੋਹਾਂ ਸੀਟਾਂ ਦੇ ਚੋਣ ਇਨਚਾਰਜ ਸੰਤ ਜੀ ਸਨ। ਪੱਟੀ ਤੋਂ ਸਰਦਾਰ ਕੈਰੋਂ ਦਾ ਭਣਵਈਆ ਸ. ਹਰਦੀਪ ਸਿੰਘ ਇਲੈਕਸ਼ਨ, ਅਕਾਲੀ ਦਲ ਦੇ ਸ. ਹਜਾਰਾ ਸਿੰਘ ਗਿੱਲ ਤੋਂ ਹਾਰਿਆ ਸੀ। ਗਿੱਲ ਨੂੰ, ਜਿੱਤਣ ਦੇ ਬਾਵਜੂਦ ਵੀ ਸਰਦਾਰ ਕੈਰੋਂ ਨੇ, ਜੇਹਲ ਵਿਚੋਂ ਹੀ ਨਾ ਨਿਕਲਣ ਦਿਤਾ। ਇਸ ਦਾ ਵਿਸਥਾਰ ਮੈ ਇਕ ਹੋਰ ਲੇਖ ਵਿਚ ਦੱਸ ਚੁੱਕਾ ਹਾਂ। ਨਾ ਉਸ ਸਹੁੰ ਚੁੱਕੀ ਤੇ ਨਾ ਮੈਂਬਰ ਬਣਿਆ। ਫਿਰ ੧੯੬੭ ਵੇਲ਼ੇ ਉਹ ਦੋਬਾਰਾ ਮੈਂਬਰ ਬਣਿਆ ਪਰ ਸ. ਗੁਰਨਾਮ ਸਿੰਘ ਦੇ ਮੁਕਾਬਲੇ, ਜ. ਹਰਚਰਨ ਸਿੰਘ ਹੁਡਿਆਰਾ ਦਾ ਸਾਥ ਦੇਣ ਕਰਕੇ, ਸਰਕਾਰੀ ਲਾਭਾਂ ਤੋਂ ਵਾਂਝਾ ਹੀ ਰਿਹਾ।

ਇਸ ਵਾਤਾਵਰਣ ਵਿਚ, ੧੯੬੨ ਵਿਚ ਜਥੇਦਾਰ ਜੀਵਨ ਸਿੰਘ ਉਮਰਨੰਗਲ ਨੇ ਬੀਂਡੀ ਜੁੱਪ ਕੇ, ਮਾਸਟਰ ਜੀ ਨੂੰ ਘੇਰ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਪੇਸ਼ ਹੋਣ ਲਈ ਮਜਬੂਰ ਕਰ ਦਿਤਾ। ਸ. ਲਛਮਣ ਸਿੰਘ ਗਿੱਲ ਨੇ ਉਸ ਦਾ ਮੁਢ ਵਿਚ ਹੀ ਸਾਥ ਦਿਤਾ ਤੇ ਫਿਰ ਸੰਤ ਜੀ ਵੀ ਬਾਕੀ ਸਾਥੀਆਂ ਸਮੇਤ ਉਸ ਗਰੁਪ ਨਾਲ਼ ਸ਼ਾਮਲ ਹੋ ਗਏ। ਤਖ਼ਤ ਵੱਲੋਂ, ਮਾਸਟਰ ਜੀ ਨੂੰ, ਸਮੇਤ ਉਸ ਸਮੇ ਵਰਤ ਛੱਡਣ ਦਾ ਫ਼ੈਸਲਾ ਕਰਨ ਵਾਲੀ ਕਮੇਟੀ ਦੇ ਮੈਬਰਾਂ ਦੇ, 'ਤਨਖਾਹ' ਲਾਈ ਗਈ। ਇਸ 'ਤਨਖਾਹ' ਨੂੰ ਆਧਾਰ ਬਣਾ ਕੇ ਮਾਸਟਰ ਜੀ ਦੇ ਖ਼ਿਲਾਫ਼ ਪ੍ਰਚਾਰ ਸ਼ੁਰੂ ਹੋ ਗਿਆ। ਇਸ ਘਟਨਾ ਤੋਂ ਅਕਾਲੀ ਦਲ ਦੇ ਦੁਫਾੜ ਹੋਣ ਦਾ ਮੁਢ ਬੱਝਿਆ। ਵਧਦੀ ਵਧਦੀ ਗੱਲ ਏਥੋਂ ਤੱਕ ਪੁੱਜ ਗਈ ਕਿ ਇਕ ਧੜੇ ਨੇ ਵੱਖ ਹੋ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਮੀਟਿੰਗ ਕਰਕੇ, ਸੰਤ ਜੀ ਨੂੰ ਦਲ ਦਾ ਪ੍ਰਧਾਨ ਬਣਾ ਲਿਆ ਤੇ ਸ਼੍ਰੋਮਣੀ ਕਮੇਟੀ ਉਪਰ ਕਬਜੇ ਦੇ ਯੁਧ ਦਾ ਬਿਗਲ ਵਜਾ ਦਿਤਾ। ਅਖ਼ਬਾਰ ਵੀ 'ਕੌਮੀ ਦਰਦ' ਮਾਸਟਰ ਜੀ ਦੇ 'ਜਥੇਦਾਰ' ਦੇ ਮੁਕਾਬਲੇ ਤੇ ਸ਼ੁਰੂ ਕਰ ਦਿਤਾ। ੨ ਅਕਤੂਬਰ, ੧੯੬੨ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਕ੍ਰਿਪਾਲ ਸਿੰਘ ਚੱਕ ਸ਼ੇਰਾ ਦੇ ਮੁਕਾਬਲੇ, ਸੰਤ ਗਰੁਪ ਦੇ ਉਮੀਦਵਾਰ, ਸੰਤ ਚੰਨਣ ਸਿੰਘ ਜੀ, ਦੋ ਵੋਟਾਂ ਦੇ ਵਾਧੇ ਨਾਲ਼ ਪ੍ਰਧਾਨ ਚੁਣੇ ਗਏ।

ਫਿਰ ੧੯੬੫ ਦੀ ਸ਼੍ਰੋਮਣੀ ਕਮੇਟੀ ਦੀ ਜਨਰਲ ਚੋਣ ਵਿਚ ਮਾਸਟਰ ਜੀ ਦੇ ਮੁਕਾਬਲੇ ਸੰਤ ਜੀ ਦੇ ਗਰੁਪ ਨੂੰ, ੧੪੦ ਵਿਚੋਂ ੯੫ ਸੀਟਾਂ ਜਿੱਤਣ ਨਾਲ਼ ਸਪੱਸ਼ਟ ਬਹੁਮੱਤ ਮਿਲ਼ ਗਿਆ ਅਤੇ ਮਾਸਟਰ ਧੜੇ ਨੂੰ ੪੫ ਸੀਟਾਂ ਹੀ ਮਿਲ਼ੀਆਂ। ਮਾਸਟਰ ਤਾਰਾ ਸਿੰਘ ਜੀ ਸੰਤ ਜੀ ਦੇ ਸਿਆਸੀ ਰਾਹ ਤੋਂ ਹਟਣ ਦਾ ਐਲਾਨ ਕਰ ਕੇ, ਛੇ ਮਹੀਨੇ ਲਈ ਅਗਿਆਤਵਾਸ ਵਿਚ ਚਲੇ ਗਏ।

ਮਾਸਟਰ ਜੀ ਦੇ ਸਿੱਖ ਸਿਆਸਤ ਤੋਂ ਇਸ ਤਰ੍ਹਾਂ ਅਗਿਆਤਵਾਸ ਲੈਣ ਨਾਲ਼ ਹੁਣ ਪੰਜਾਬੀ ਸੂਬੇ ਬਾਰੇ ਜਦੋ ਜਹਿਦ ਸ਼ੁਰੂ ਹੋਈ ਸਿੱਖਾਂ ਦੇ ਆਗੂ, ਸੰਤ ਫ਼ਤਿਹ ਸਿੰਘ ਜੀ ਅਤੇ ਸਰਕਾਰ ਦਰਮਿਆਨ। ਇਸ ਲੰਮੀ ਜਦੋ ਜਹਿਦ ਤੋਂ ਪਿਛੋਂ ਅੱਧਾ ਅਧੂਰਾ ਜਿਹਾ ਸੂਬਾ, ਸਾਢੇ ਯਾਰਾਂ ਜ਼ਿਲ੍ਹਿਆਂ ਦਾ, ੧ ਨਵੰਬਰ ੧੯੬੬ ਨੂੰ ਵਜੂਦ ਵਿਚ ਆ ਗਿਆ।

## ਮੇਰਾ ਸੰਤ ਜੀ ਦੇ ਸੰਪਰਕ ਵਿਚ ਆਉਣਾ:

ਸਫ਼ਲਤਾ ਸਹਿਤ ਮੋਰਚਾ ਚਲਾਉਣ ਤੇ ਫਿਰ ਵਰਤ ਰੱਖਣ ਕਰਕੇ ਸੰਤ ਜੀ ਦੀ ਪ੍ਰਸਿਧੀ ਬਹੁਤ ਹੋ ਚੁੱਕੀ ਸੀ। ਮਾਸਟਰ ਜੀ ਅਤੇ ਸੰਤ ਜੀ, ਦੋਹਾਂ ਆਗੂਆਂ ਦੀਆਂ ਫ਼ੋਟੋ ਸਾਡੇ ਘਰ ਵਿਚ ਲੱਗੀਆਂ ਹੋਈਆਂ ਸਨ। ਇਹ ਮੇਰੇ ਛੋਟੇ ਭਰਾ ਸ. ਦਲਬੀਰ ਸਿੰਘ ਦਾ ਉਦਮ ਸੀ। ਮੈ ਤਾਂ ਜ਼ਿਹਨੀ ਅਯਾਸ਼ੀ ਦਾ ਹੀ ਅਕਾਲੀ ਸਾਂ, ਅਰਥਾਤ ਮਨੋ ਮਨੀ ਅਤੇ ਗੱਲਾਂ ਨਾਲ਼ ਹੀ, ਪਰ ਉਹ ਹਰੇਕ ਫ਼ੀਲਡ ਵਿਚ ਸ਼ੁਰੂ ਤੋਂ ਹੀ ਪ੍ਰੈਕਟੀਕਲ ਅਤੇ ਬਾਕੀਆਂ ਨਾਲ਼ੋਂ ਮੋਹਰੇ ਰਿਹਾ ਹੈ। ਸ਼ਹਿਰ ਅੰਮ੍ਰਿਤਸਰ ਦੇ ਆਪਣੇ ਸਰਕਲ ਦੇ ਅਕਾਲੀ ਜਥੇ ਦਾ ਉਹ ਬਹੁਤ ਹੀ ਛੋਟੀ ਉਮਰ ਵਿਚ ਸਕੱਤਰ ਵੀ ਬਣ ਗਿਆ ਸੀ। ਸੰਤ/ਮਾਸਟਰ ਯੁੱਧ ਸਮੇ ਉਹ ਮਾਸਟਰ ਧੜੇ ਵਿਚ ਰਿਹਾ ਤੇ ਆਪਣੀ ਉਮਰ ਅਤੇ ਹੈਸੀਅਤ ਦੇ ਵਰਕਰਾਂ ਵਿਚਲੇ ਮੋਹਰੀਆਂ ਵਿਚ ਸੀ।

ਗੱਲ ਇਹ ੧੯੬੧ ਦੀਆਂ ਗਰਮੀਆਂ ਦੀ ਹੈ। ਇਕ ਦਿਨ ਸੰਤ ਜੀ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਕਮੇਟੀ ਦੇ ਦਫ਼ਤਰੋਂ ਬਾਹਰ ਵੱਲ ਆ ਰਹੇ ਸਨ ਤੇ ਮੈਂ ਮੋਹਰਲੇ ਗੇਟ ਤੋਂ ਅੰਦਰ ਦਾਖਲ ਹੋ ਰਿਹਾ ਸਾਂ। ਉਹਨੀਂ ਦਿਨੀਂ ਮੈ ਧਰਮ ਪ੍ਰਚਾਰ ਕਮੇਟੀ ਦੇ ਦਫ਼ਤਰ ਵਿਚ ਕੰਮ ਕਰਦਾ ਸਾਂ। ਮੈ ਦੂਰੋਂ ਹੀ ਸੰਤ ਜੀ ਨੂੰ ਹੱਥ ਜੋੜ ਕੇ ਫ਼ਤਿਹ ਬੁਲਾਈ ਪਰ ਜਵਾਬ ਵਿਚ ਉਹਨਾਂ ਨੇ ਆਪਣਾ ਸਿਰ ਵੀ ਨਾ ਹਿਲਾਇਆ। ਮੇਰੇ ਮਨ ਵਿਚ ਉਹਨਾਂ ਦੀ ਜੋ ਭੱਲ ਬਣੀ ਹੋਈ ਸੀ ਉਹ ਜਾਂਦੀ ਰਹੀ ਤੇ ਉਸ ਤੋਂ ਬਾਅਦ ਮੈਂ ਉਹਨਾਂ ਨੂੰ ਸਾਹਮਣਾ ਹੋ ਜਾਣ ਤੇ ਵੀ ਫ਼ਤਿਹ ਨਾ ਬੁਲਾਉਣੀ।

੧੯੬੩ ਵਿਚ ਇਕ ਦਿਨ ਉਹ ਆਪਣੇ ਸਾਥੀਆਂ ਸਣੇ ਦਿੱਲੀ ਨੂੰ ਜਾਂਦੇ ਸਮੇ, ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜੀਂਦ ਵਿਚ ਰੁਕੇ। ਮੈ ਓਥੇ ਕੀਰਤਨ ਦੀ ਸੇਵਾ ਕਰ ਰਿਹਾ ਸਾਂ। ਮੈਨੇਜਰ ਆਦਿ ਦਫ਼ਤਰੀ ਸਟਾਫ਼ ਓਥੇ ਉਸ ਸਮੇ ਹਾਜਰ ਨਾ ਹੋਣ ਕਰਕੇ ਪ੍ਰਸ਼ਾਦੇ ਪਾਣੀ ਦਾ ਕਾਰਜ ਮੋਹਰੇ ਹੋ ਕੇ ਛਕਾਉਣ ਦਾ ਮੈਂ ਕੀਤਾ। ਗੁਰਦੁਆਰੇ ਦੀ ਆਪਣੀ ਜ਼ਮੀਨ ਦੀ ਕਣਕ ਭਿੱਜਣ ਕਰਕੇ ਖ਼ਰਾਬ ਸੀ ਇਸ ਕਰਕੇ ਉਸ ਦੇ ਆਟੇ ਦੀਆਂ ਰੋਟੀਆਂ ਵਿੰਗੀਆਂ ਟੇਢੀਆਂ ਜਿਹੀਆਂ ਹੀ ਪੱਕਦੀਆਂ ਸਨ; ਗੋਲ਼ ਨਹੀ; ਤੇ ਖਾਣ ਵਿਚ ਵੀ ਆਮ ਨਾਲ਼ੋਂ ਖਾਸਾ ਫਰਕ ਸੀ। ਸੰਤ ਜੀ ਆਪਣੇ ਹੱਥ ਵਿਚ ਰੋਟੀ ਫੜ ਕੇ ਆਪਣੇ ਮਖੌਲੀ ਸੁਭਾ ਨਾਲ਼ ਆਖਣ ਲੱਗੇ, "ਇਹ ਭਾਰਤ ਦਾ ਨਕਸ਼ਾ ਹੈ।" ਮੇਰੇ ਕ੍ਰਿਪਾਨ ਕੁਰਤੇ ਦੇ ਥੱਲਿਉਂ ਦੀ ਪਾਈ ਹੋਈ ਸੀ। ਹਰੀਆਂ ਮਿਰਚਾਂ ਉਹ ਬੜੇ ਸ਼ੌਕ ਨਾਲ਼ ਛਕਿਆ ਕਰਦੇ ਸਨ। ਥਾਲੀ ਤੋਂ ਇਕ ਮਿਰਚ ਚੁੱਕ ਕੇ ਆਖਣ ਲੱਗੇ, "ਇਹ ਮਿਰਚ ਵੀ ਕਾਂਗਰਸੀ ਸਿਖਾਂ ਵਾਂਗ ਆਪਣੇ ਧਰਮ ਵਿਚ ਪੱਕੀ ਨਹੀ। ਅਰਥਾਤ ਘੱਟ ਕੌੜੀ ਹੈ। ਉਹ ਪੰਥਕ ਘੱਟ ਦਿਸਣਾ ਚਾਹੁੰਦੇ ਹਨ।" ਮੇਰੀ ਵੱਲ ਵੇਖ ਕੇ ਆਖਿਆ, "ਕ੍ਰਿਪਾਨ ਵੀ ਝੱਗੇ ਦੇ ਥੱਲਿਉਂ ਦੀ ਪਾਉਣਗੇ ਤਾਂ ਕਿ ਉਹਨਾਂ ਨੂੰ ਕੋਈ ਪੱਕਾ ਸਿੱਖ ਨਾ ਸਮਝ ਲਵੇ।" ਗੱਲ ਆਈ ਗਈ ਹੋ ਗਈ।

ਅਕਤੂਬਰ ੧੯੬੬ ਵਿਚ ਮੈਨੂੰ ਪਟਿਆਲਿਉਂ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਨੇ, ਆਪਣੇ ਨਿਜੀ ਪ੍ਰਬੰਧ ਵਿਚ ਚੱਲ ਰਹੇ ਗੁਰਮਤਿ ਵਿਦਿਆਲੇ, ਗੁਰਦੁਆਰਾ ਬੁਢਾ ਜੌਹੜ (ਗੰਗਾਨਗਰ) ਵਿਖੇ, ਗੁਰਮਤਿ ਸੰਗੀਤ ਦੇ ਅਧਿਆਕ ਨੂੰ ਕਲਾਸੀਕਲ ਸੰਗੀਤ ਦੀ ਅਗਲੇਰੀ ਸਿੱਖਿਆ ਦੇਣ ਵਾਸਤੇ ਭੇਜ ਦਿਤਾ। ਇਸ ਬਾਰੇ ਮੇਰੇ ਨਾਲ਼ ਗੱਲ ਕਰਨ ਦੀ ਲੋੜ ਨਾ ਸਮਝੀ ਗਈ ਕਿਉਂਕਿ ਮੈ ਤਾਂ ਹਜਾਰਾਂ ਹੀ ਨੌਕਰਾਂ ਤੋਂ ਇਕ ਮਾਮੂਲੀ ਜਿਹਾ ਨੌਕਰ ਹੀ ਸਾਂ। ਇਸ ਦਾ ਮੇਰੇ ਮਨ ਤੇ ਚੰਗਾ ਅਸਰ ਨਾ ਪਿਆ। ਇਸ ਦਾ ਇਕ ਇਹ ਵੀ ਕਾਰਨ ਸੀ ਕਿ ਮੈ ਢਾਈ ਸਾਲਾਂ ਵਿਚ ਪਟਿਆਲੇ ਵਿਚਲੀ ਰਿਹਾਇਸ਼ ਦੌਰਾਨ ਆਪਣੇ ਮਿੱਤਰਚਾਰੇ ਦਾ ਘੇਰਾ ਵਾਹਵਾ ਵਲ਼ ਲਿਆ ਹੋਇਆ ਸੀ ਤੇ ਸਾਹਿਤਕ ਵਿਦਿਆ ਵੀ ਪਰਾਪਤ ਕਰ ਰਿਹਾ ਸਾਂ। ੧੯੬੫ ਵਿਚ ਵਿਦਵਾਨ, ੧੯੬੬ ਵਿਚ ਗਿਆਨੀ ਮੈਂ ਏਥੇ ਹੀ ਪੜ੍ਹੀ ਸੀ ਤੇ ਉਸ ਸਮੇ ਮੈਂ ਦੁਨੀਆ ਵੇਖਣ ਦੀ ਲਲ੍ਹਕ ਕਾਰਨ ਅੰਗ੍ਰੇਜ਼ੀ ਵੀ ਸਿੱਖ ਰਿਹਾ ਸਾਂ।

ਖੈਰ, ਉਪਜੀਵਕਾ ਲਈ ਨੌਕਰੀ ਦੀ ਲੋੜ ਸੀ ਤੇ ਮੈ ਅਕਤੂਬਰ ਦੇ ਅੱਧ ਜਿਹੇ ਵਿਚ, ਡਾਂਡੇ ਮੀਂਡੇ ਜਿਹੇ ਹੁੰਦਾ ਹੋਇਆ ਗੁਰਦੁਆਰਾ ਬੁਢਾ ਜੌਹੜ ਪੁੱਜ ਗਿਆ। ਕੁਦਰਤੀਂ ਹੀ ਪ੍ਰਧਾਨ ਸੰਤ ਚੰਨਣ ਸਿੰਘ ਜੀ ਵੀ ਉਸ ਸਮੇ ਓਥੇ ਹੀ ਸਨ। ਉਹਨਾਂ ਨੇ ਮੇਰੇ ਨਾਲ਼ ਚੰਗਾ ਵਰਤਾ ਕੀਤਾ ਤੇ ਕੁਝ ਗੱਲਾਂ ਓਥੇ ਰਹਿਣ ਸਮੇ ਕਰਨ ਵਾਲੀਆਂ ਤੇ ਕੁਝ ਨਾ ਕਰਨ ਵਾਲੀਆਂ ਮੈਨੂੰ ਦੱਸੀਆਂ। ਉਹਨਾਂ ਵਿਚੋਂ ਸਭ ਤੋਂ ਜ਼ਰੂਰੀ ਇਹ ਸੀ ਕਿ ਏਥੇ ਦੇ ਕਿਸੇ ਵੀ ਕੰਮ ਵਿਚ ਦਖ਼ਲ ਨਹੀ ਦੇਣਾ। ਪ੍ਰਸ਼ਾਦਾ ਲੰਗਰ ਵਿਚੋਂ ਪੰਗਤ ਵਿਚ ਬੈਠ ਕੇ ਛਕ ਲਿਆ ਕਰਨਾ; ਇਸ ਦੀ ਤਨਖਾਹ ਵਿਚੋਂ ਕਾਟ ਨਹੀ ਕੱਟੀ ਜਾਵੇਗੀ। ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਦੇ ਜੇਕਰ ਕਿਸੇ ਤਨਖਾਹਦਾਰ ਸੇਵਕ ਨੇ ਲੰਗਰ ਵਿਚੋਂ ਰੋਟੀ ਖਾਣੀ ਹੁੰਦੀ ਸੀ ਤਾਂ ਉਸ ਨੂੰ ਲਿਖਤੀ ਮਨਜ਼ੂਰੀ ਲੈਣੀ ਪੈਂਦੀ ਸੀ ਅਤੇ ਇਵਜ਼ ਵਜੋਂ ਹਰ ਮਹੀਨੇ ਆਪਣੀ ਤਨਖਾਹ ਵਿਚੋਂ ਨਿਸਚਿਤ ਰਕਮ ਕਟਾਉਣੀ ਪੈਂਦੀ ਸੀ। ਪ੍ਰਧਾਨ ਜੀ ਨੇ ਸਟੋਰ ਕੀਪਰ, ਭਾਈ ਕੇਹਰ ਸਿੰਘ ਬੱਬਰ ਨੂੰ ਆਖਿਆ, "ਸੰਤੋਖ ਸਿੰਘ ਨੂੰ ਸਾਬਣ ਤੇ ਤੇਲ ਦੇ ਦੇਹ।" ਉਹਨਾਂ ਦਾ ਇਉਂ ਆਖਣ ਦਾ ਢੰਗ ਮੈਨੂੰ ਜਚਿਆ ਨਾ ਤੇ ਮੈਂ ਇਹ ਲੈਣੋ ਟਾਲ਼ਾ ਜਿਹਾ ਵੱਟ ਲਿਆ।

ਸੰਤ ਚੰਨਣ ਸਿੰਘ ਜੀ ਦੇ ਰਹਿ ਚੁੱਕੇ ਗੜਵਈ ਉਸ ਸਮੇ ਵਿਦਿਆਲੇ ਵਿਚ ਬੱਚਿਆਂ ਨੂੰ ਗੁਰਬਾਣੀ ਪੜ੍ਹਾ ਰਹੇ, ਸੰਤ ਅਜਾਇਬ ਸਿੰਘ ਜੀ ਨੇ ਮੇਰੇ ਨਾਲ਼ ਬੜਾ ਚੰਗਾ ਵਰਤਾ ਕੀਤਾ ਤੇ ਆਪਣੇ ਕਮਰੇ ਵਿਚ ਹੀ ਮੇਰਾ ਮੰਜਾ ਲਗਵਾ ਲਿਆ। ਇਸ ਸਮੇ ਦੌਰਾਨ ਸਾਡੀਆਂ ਆਪਸ ਵਿਚ ਬੜੀਆਂ ਵਿਚਾਰਾਂ ਹੁੰਦੀਆਂ ਰਹਿਣੀਆਂ। ਦੇਰ ਰਾਤ ਤੱਕ ਅਸੀਂ ਦੇਸ, ਪੰਥ, ਸਿੱਖੀ, ਮਨੁਖਤਾ ਤੇ ਮੇਰੇ ਨਿਜ ਬਾਰੇ ਵਿਚਾਰ ਕਰਦੇ ਰਹਿਣਾ। ਮੇਰੇ ਮਨ ਉਪਰ ਉਹਨਾਂ ਦੇ ਦੁਨਿਆਵੀ ਤੇ ਅਧਿਆਮਿਕ ਗਿਆਨ, ਉਹਨਾਂ ਦੀ ਆਤਮਿਕ ਉਚਤਾ, ਮਨੋਵਿਗਿਆਨਤਾ ਆਦਿ ਦਾ ਬੜਾ ਚੰਗਾ ਪ੍ਰਭਾਵ ਪਿਆ। ਪਹਿਲਾਂ ਮੈ ਦੋਹਾਂ ਸੰਤਾਂ ਨੂੰ ਆਮ ਲੀਡਰਾਂ ਵਾਂਗ ਹੀ ਸਮਝਦਾ ਹੁੰਦਾ ਸਾਂ ਤੇ ਟਾਕਰਾ ਹੋਣ ਤੇ ਬਰਾਬਰ ਹੋ ਕੇ ਫ਼ਤਿਹ ਹੀ ਬੁਲਾਇਆ ਕਰਦਾ ਸਾਂ ਤੇ ਉਹਨਾਂ ਨੂੰ ਕੋਈ ਉਚੇਚਾ ਆਦਰ ਨਹੀ ਸਾਂ ਦਿਆ ਕਰਦਾ। ਸੰਤ ਅਜਾਇਬ ਸਿੰਘ ਜੀ ਨਾਲ਼ ਸੰਗਤ ਹੋਣ ਤੇ ਵਿਚਾਰ ਆਇਆ ਕਿ ਜਿਨ੍ਹਾਂ ਦਾ ਗੜਵਈ ਅਜਿਹੀ ਉਚੀ ਸੋਚ ਦਾ ਮਾਲਕ ਹੈ ਉਹ ਆਪ ਕਿਹੋ ਜਿਹੇ ਹੋਣਗੇ! ਇਸ ਲਈ ਮੇਰੇ ਮਨ ਉਪਰ ਉਹਨਾਂ ਦੀ ਵਡਿਆਈ ਦਾ ਪ੍ਰਭਾਵ ਬਣ ਗਿਆ। ਸੰਤ ਅਜਾਇਬ ਸਿੰਘ ਜੀ ਨੇ ਮੇਰਾ ਗਿਆਨ ਤੇ ਰੁਚੀ ਵੇਖ ਕੇ ਮੈਨੂੰ ਸੰਗੀਤ ਵਾਲ਼ੇ ਪਾਸੇ ਤੋਂ ਹਟਾ ਕੇ, ਪ੍ਰਚਾਰਕ ਬਣਨ ਦੀ ਭਰਪੂਰ ਪ੍ਰੇਰਨਾ ਕੀਤੀ। ਮੈਨੂੰ ਇਸ ਪਾਸੇ ਦੀ ਕੋਈ ਵੀ ਸੂਝ ਨਹੀਂ ਸੀ। ਮੇਰੇ ਵੱਲੋਂ ਇਸ ਪਾਸੇ ਆਪਣੀ ਅਯੋਗਤਾ ਦਾ ਸੰਸਾ ਪਰਗਟ ਕਰਨ ਤੇ ਉਹਨਾਂ ਨੇ ਆਖਿਆ, "ਤੁਸੀਂ ਗਿਅਨੀ ਜੀ, ਕੁਦਰਤੀ ਹੀ ਪ੍ਰਚਾਰਕ ਹੋ। ਜਿਸ ਥਾਂ ਵੀ ਤੁਸੀਂ ਬੋਲੋਗੇ, ਭਾਵੇਂ ਤੁਹਾਡਾ ਜੀ ਕਰੇ ਭਾਵੇਂ ਨਾ, ਤੁਸੀਂ ਤਿਆਰੀ ਕੀਤੀ ਹੋਵੇ ਭਾਵੇਂ ਨਾ, ਤੁਸੀਂ ਸਰੀਰਕ ਪੱਖੋਂ ਉਸ ਸਮੇ ਭਾਵੇਂ ਨਾ ਵੀ ਵੱਲ ਹੋਵੋ, ਫਿਰ ਵੀ ਤੁਸੀਂ ਬਾਕੀ ਬੁਲਾਰਿਆਂ ਨਾਲ਼ੋਂ, ਸਰੋਤਿਆਂ ਨੂੰ ਚੰਗੇਰਾ ਪ੍ਰਭਾਵ ਦੇਵੋਗੇ।" ਆਉਣ ਵਾਲ਼ੇ ਸਮੇ ਵਿਚ ਮੇਰੇ ਵਾਸਤੇ ਅਜਿਹੇ ਹੌਸਲਾ ਵਧਾਊ ਸ਼ਬਦ ਜੀਵਨ ਬੂਟੀ ਸਾਬਤ ਹੋਏ।

ਇਹਨੀਂ ਦਿਨੀਂ ਹੀ ਪੰਜਾਬ ਅਸੈਂਬਲੀ ਦੀਆਂ ਚੋਣਾਂ ਆ ਗਈਆਂ। ਸੰਤ ਜੀ ਚੋਣ ਪ੍ਰਚਾਰ ਦੀ ਸਮਾਪਤੀ ਤੇ ਗੁਰਦੁਅਰਾ ਬੁਢਾ ਜੌਹੜ ਵਿਖੇ ਆ ਗਏ। ਉਹ ਅਕਾਲੀ ਟਿਕਟਾਂ ਦੀ ਵੰਡ ਵਾਸਤੇ ਹੋਈ 'ਕੁੱਕੜ ਖੋਹ' ਤੋਂ ਬੜੇ ਮਾਯੂਸ ਸਨ ਤੇ ਅਕਾਲੀ ਆਗੂਆਂ ਨਾਲ਼ ਰੁੱਸ ਕੇ ਪੰਜਾਬੋਂ ਆ ਗਏ ਸਨ।

ਇਸ ਸਮੇ ਮੈਂ ਵੀ ਓਥੇ ਹੀ ਸਾਂ ਤੇ ਮੇਰੇ ਬਾਰੇ ਸੰਤ ਅਜਾਇਬ ਸਿੰਘ ਜੀ ਨੇ ਉਹਨਾਂ ਨੂੰ ਪਤਾ ਨਹੀ ਕੀ ਕੀ ਚੰਗਾ ਆਖ ਦਿਤਾ ਕਿ ਉਹ ਪ੍ਰਸੰਨ ਹੋ ਗਏ। ਏਸੇ ਸਮੇ ਮੈਂ ਵੀ ਆਪਣਾ ਸਾਰਾ ਲਿਖਤੀ ਸੰਗੀਤਕ ਮਸੌਦਾ, ਸੰਗੀਤ ਟੀਚਰ ਨੂੰ ਦੇ ਕੇ ਉਸ ਪਾਸੋਂ ਅਖਵਾ ਦਿਤਾ ਹੋਇਆ ਸੀ ਕਿ ਮੈਂ ਸਾਰਾ ਕੁਝ ਸਿੱਖ ਲਿਆ ਹੈ, ਹੁਣ ਹੋਰ ਸਿੱਖਣ ਦੀ ਲੋੜ ਨਹੀ ਤਾਂ ਕਿ ਮੈਨੂੰ ਉਸ 'ਰੇਗਿਸਤਾਨ' ਤੋਂ ਛੁਟਕਾਰਾ ਪਰਾਪਤ ਹੋ ਜਾਵੇ।

ਉਹਨਾਂ ਨੇ ਮੈਨੂੰ ਆਪਣੇ ਨਾਲ਼ ਕਾਰ ਵਿਚ ਬੈਠਾ ਕੇ ਤੋਰਨ ਦਾ ਮਨ ਬਣਾ ਲਿਆ। ਕਾਰ ਛੋਟੀ ਜਿਹੀ ਐਂਬੈਸਡਰ ਸੀ ਤੇ ਮੇਰੇ ਪਾਸ ਕਿਤਾਬਾਂ ਦਾ ਭਰਿਆ ਹੋਇਆ ਇਕ ਟ੍ਰੰਕ ਸੀ ਜੋ ਉਹਨਾਂ ਦੇ ਬੁਢੇ ਸੇਵਾਦਾਰ ਦੇ ਬੁੜ ਬੁੜ ਕਰਦਿਆਂ ਵੀ ਮੈਂ ਕਾਰ ਦੀ ਡਿੱਗੀ ਵਿਚ ਰੱਖ ਲਿਆ। ਮੈਨੂੰ ਕਾਰ ਵਿਚ ਬਿਠਾਉਣ ਸਮੇ ਆਖਣ ਲੱਗੇ, "ਇਕ ਤਾਂ ਅਸੀਂ ਉਸ ਬੰਦੇ ਨੂੰ ਨਾਲ਼ ਲੈਂਦੇ ਹਾਂ ਜੋ ਕਾਰ ਵਿਚ ਥਾਂ ਅੱਧੇ ਬੰਦੇ ਦੀ ਮੱਲੇ ਪਰ ਕੰਮ ਦੋ ਬੰਦਿਆਂ ਜਿੰਨਾ ਕਰੇ। ਇਹ ਤਾਂ ਦੋਵੇਂ ਪੱਖ ਠੀਕ ਹੀ ਲੱਗਦੇ ਹਨ। ਤੀਜੀ ਸ਼ਰਤ ਹੁੰਦੀ ਹੈ ਕਿ ਉਹ ਪਿੱਛੇ ਰਹੀਆਂ ਸ਼ਰੇਣੀਆਂ ਦਾ ਹੋਵੇ। ਤੂੰ ਉਹਨਾਂ ਵਿਚੋਂ ਤਾਂ ਭਾਵੇਂ ਨਹੀ ਪਰ ਤੇਰਾ ਰੰਗ ਉਹਨਾਂ ਨਾਲ਼ ਮਿਲਦਾ ਜੁਲਦਾ ਹੋਣ ਕਰਕੇ ਡੰਗ ਸਰਜੂਗਾ।" ਮੈ ਕਿਤਾਬਾਂ ਦਾ ਟਰੰਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੰਗਾਨਗਰ ਦੇ ਸੇਵਾਦਾਰ ਪਾਸ ਰੱਖ ਦਿਤਾ ਤਾਂ ਕਿ ਮੁੜ ਬੱਸ ਰਾਹੀਂ ਉਸ ਨੂੰ ਅੰਮ੍ਰਿਤਸਰ ਲਿਆਂਦਾ ਜਾ ਸਕੇ। ਸੰਤ ਜੀ ਪਛੜੀਆਂ ਗਰੀਬ ਸ਼ਰੇਣੀਆਂ ਦੇ ਤੇ ਖਾਸ ਕਰਕੇ ਅਪਾਹਜ ਬੱਚਿਆਂ ਨੂੰ ਦੂਜਿਆਂ ਤੋਂ ਵਧ ਤਰਜੀਹ ਦਿਆ ਕਰਦੇ ਸਨ। ਬੁਢੇ ਜੌਹੜ ਵਿਚ ਰਹਿਣ ਤੇ ਸੇਵਾ ਕਰਨ ਵਾਲੇ ਬਹੁਤੇ ਵਿਦਿਆਰਥੀ ਤੇ ਹੋਰ ਵਿਅਕਤੀ ਜ਼ਿਆਦਾ ਅੰਗ ਭੰਗ ਹੀ ਸਨ। ਸੰਤ ਜੀ ਨੇ ਆਪਣੇ ਹਾਸਰਸੀ ਸੁਭਾ ਕਾਰਨ, ਅਜਿਹੇ ਵਿਅਕਤੀਆਂ ਦੇ ਗਰੁਪ ਦਾ ਨਾਂ 'ਆਲ ਇੰਡੀਆ ਪਾਰਟੀ' ਪਾਇਆ ਹੋਇਆ ਸੀ। ਇਕ ਨਾਂ ਉਹਨਾਂ ਨੇ ਪੜ੍ਹੇ ਲਿਖੇ ਲੋਕਾਂ ਦੇ ਗਰੁਪ ਦਾ ਵੀ ਪਾਇਆ ਹੋਇਆ ਸੀ। ਇਸ ਗਰੁਪ ਨੂੰ 'ਭਵਾਨੀ ਦਲ' ਆਖਿਆ ਕਰਦੇ ਸਨ। ਇਕ ਦਿਨ ਮੈਂ ਪੁੱਛ ਲਿਆ ਕਿ 'ਭਵਾਨੀ ਦਲ' ਦਾ ਕੀ ਮਤਲਬ ਹੋਇਆ ਤਾਂ ਜਵਾਬ ਦਿਤਾ ਕਿ ਇਹ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਆਪਣੀ ਪੜ੍ਹਾਈ ਦਾ ਮਾਣ ਹੋਣ ਕਰਕੇ, ਆਪਣਾ ਵੱਧ ਮੁੱਲ ਪਵਾਉਣ ਲਈ ਉਹ ਪਾਰਟੀਆਂ ਬਦਲਦੇ ਰਹਿੰਦੇ ਹਨ ਇਸ ਲਈ ਭਉਂਦੇ ਰਹਿਣ ਕਰਕੇ, ਉਹਨਾਂ ਦਾ ਨਾਂ 'ਭਵਾਨੀ ਦਲ' ਰੱਖਿਆ ਹੋਇਆ ਹੈ।

ਅਜਿਹੇ ਪਾੜ੍ਹਿਆਂ ਵਿਚ ਉਹ ਜਗਦੇਵ ਸਿੰਘ ਜੱਸੋਵਾਲ, ਅਰਜਨ ਸਿੰਘ ਬੁਧੀਰਾਜਾ, ਡਾਕਟਰ ਭਗਤ ਸਿੰਘ ਆਦਿ ਦਾ ਨਾਂ ਲਿਆ ਕਰਦੇ ਸਨ।

ਸੰਤ ਜੀ ਨੇ ਬੁੱਢਾ ਜੌਹੜ ਤੋਂ ਚੱਲ ਕੇ ਸੈਂਟਰਲ ਗੁਰਦੁਆਰਾ ੧੯ ਜ਼ੈਡ ਵਿਚ ਆ ਡੇਰੇ ਲਾਏ। ਉਸ ਸਮੇ ਉਸ ਗੁਰਦੁਆਰੇ ਵਿਚ ਸੰਤ ਜੀ ਦੇ ਪੁਰਾਣੇ ਸਾਥੀ ਭਾਈ ਪੂਰਨ ਸਿੰਘ ਜੀ ਸੇਵਾ ਕਰ ਰਹੇ ਸਨ ਜੋ ਕਿਸੇ ਸਮੇ ਸੰਤ ਜੀ ਨਾਲ਼, ਕੀਰਤਨ ਦੌਰਾਨ ਢੋਲਕੀ ਵਜਾਇਆ ਕਰਦੇ ਸਨ। ੧੯ ਜ਼ੈਡ ਗੁਰਦੁਆਰੇ ਵਿਖੇ ਹੀ ਪੰਜਾਬ ਅਸੈਂਬਲੀ ਦੀਆਂ ਚੋਣਾਂ ਦੇ ਪ੍ਰਾਦੇਸ਼ਕ ਸਮਾਚਾਰ ਜਲੰਧਰ ਤੋਂ ਨਤੀਜੇ ਸੁਣੇ ਗਏ। ਇਹ ਨਤੀਜੇ ਸੰਤ ਜੀ ਨੂੰ ਖ਼ੁਸ਼ ਕਰਨ ਦੀ ਬਜਾਇ ਨਿਰਾਸ ਕਰਨ ਵਾਲ਼ੇ ਹੀ ਸਨ। ਜਦੋਂ ਹਲਕਾ ਬਿਆਸ ਦੀ ਖ਼ਬਰ ਆਈ ਕਿ ਓਥੋਂ ਕਾਂਗਰਸੀ ਉਮੀਦਵਾਰ, ਜਥੇਦਾਰ ਸੋਹਨ ਸਿੰਘ ਜਲਾਲ ਉਸਮਾ, ਆਪਣੇ ਨਿਕਟ ਵਿਰੋਧੀ, ਆਜ਼ਾਦ ਉਮੀਦਵਾਰ, ਡਾ. ਕਰਤਾਰ ਸਿੰਘ ਦੌਲੋਨੰਗਲ ਨੂੰ ਹਰਾ ਕੇ, ਜੇਤੂ ਰਹੇ ਤਾਂ ਸੰਤ ਜੀ ਕੁਝ ਉਦਾਸੀ ਭਰੇ ਹਾਸੇ ਵਿਚ ਆਖਣ ਲੱਗੇ, "ਸਾਡਾ ਜਥੇਦਾਰ ਨਿਕਟ ਵਿਰੋਧੀ ਵੀ ਨਹੀ ਬਣ ਸਕਿਆ!" ਯਾਦ ਰਹੇ ਕਿ ਸੰਤ ਅਕਾਲੀ ਦਲ ਦੀ ਟਿਕਟ ਤੇ ਏਥੋਂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਖੜ੍ਹੇ ਸਨ ਜੋ ਕਿ ਸੰਤ ਜੀ ਦੇ ਖਾਸੁਲਖਾਸ ਨਿਕਟਵਰਤੀਆਂ ਵਿਚੋਂ ਸਨ ਤੇ ਜਿਨ੍ਹਾਂ ਨੇ ਸੰਤ ਜੀ ਤੋਂ ਪਹਿਲਾਂ ਸੜ ਮਰਨ ਦਾ ਐਲਾਨ ਕਰਕੇ ਸ਼ਹੀਦੀ ਚੋਲ਼ਾ ਪਾਈ ਰੱਖਿਆ ਸੀ।

ਪ੍ਰਾਦੇਸ਼ਕ ਸਮਾਚਾਰ ਸੁਣਾਉਣ ਵਾਲ਼ੀ ਬੀਬੀ ਨੇ ਜਦੋਂ ਇਹ ਆਖਿਆ ਕਿ ਅਸੈਂਬਲੀ ਵਿਚ ਬਹੁਸੰਮਤੀ ਲੈਣ ਲਈ ਹੁਣ ਕਾਂਗਰਸ ਨੂੰ ਏਨੀਆਂ ਸੀਟਾਂ ਹੋਰ ਲੈਣ ਦੀ ਲੋੜ ਹੈ। ਯਾਦ ਰਹੇ ਕਿ ਉਸ ਸਮੇ ਅਸੈਂਬਲੀ ਦੀਆਂ ਕੁੱਲ ਸੀਟਾਂ ੧੦੪ ਸਨ ਤੇ ਬਹੁਸੰਮਤੀ ਕਿਸੇ ਪਾਰਟੀ ਨੂੰ ਸਰਕਾਰ ਬਣਾਉਣ ਵਾਸਤੇ ੫੩ ਸੀਟਾਂ ਚਾਹੀਦੀਆਂ ਸਨ। ਉਸ ਵੇਲ਼ੇ ਸੰਤ ਜੀ ਨੇ ਆਖਿਆ, "ਕਾਂਗਰਸ ਨੂੰ ਪੂਰਨ ਬਹੁਸੰਮਤੀ ਵਿਚ ਆਉਣ ਤੋਂ ਰੋਕਣ ਲਈ ਹੁਣ ਸਾਰੀਆਂ ਸੀਟਾਂ ਸਾਨੂੰ ਹੀ ਜਿੱਤਣੀਆਂ ਪੈਣਗੀਆਂ।" ਇਸ ਨੂੰ ਮੌਕਾ ਮੇਲ ਸਮਝੋ ਜਾਂ ਕੁਝ ਵੀ; ਉਸ ਤੋਂ ਪਿੱਛੋਂ ਕਾਂਗਰਸ ਹੋਰ ਕੋਈ ਸੀਟ ਨਾ ਜਿੱਤ ਸਕੀ। ਕੁੱਲ ੧੦੪ ਵਿਚੋਂ ੪੮ ਕਾਂਗਰਸ ਦੀਆਂ ਸਨ ਤੇ ਸੰਤ ਅਕਾਲੀ ਦਲ ਦੀਆਂ ਕੇਵਲ ੨੪ ਹੀ। ਦੋ ਮਾਸਟਰ ਦਲ ਦੀਆਂ ਮਿਲਾ ਕੇ ਵੀ ਦੋਹਾਂ ਦਲਾਂ ਦੀਆਂ ਕੁੱਲ ੨੬ ਸੀਟਾਂ ਹੀ ਬਣਦੀਆਂ ਸਨ ਜਦੋਂ ਕਿ ਸਰਕਾਰ ਬਣਾਉਣ ਲਈ ੫੩ ਦੀ ਲੋੜ ਸੀ।

ਸੰਤ ਜੀ ਦੇ ਕੋਲ਼ ਉਸ ਸਮੇ ਕੇਵਲ ਮੈ ਹੀ ਸਾਂ; ਤੀਜਾ ਹੋਰ ਕੋਈ ਵੀ ਹਾਜਰ ਨਹੀ ਸੀ। ਪੂਰੇ ਨਤੀਜੇ ਨਿਕਲਣ ਪਿੱਛੋਂ ਸੰਤ ਜੀ ਨੇ ਆਖਿਆ, "ਜੇ ਅੱਜ ਗਿਆਨੀ ਕਰਤਾਰ ਸਿੰਘ ਸਾਡੇ ਵਿਚ ਹੁੰਦਾ ਤਾਂ ਅਸੀਂ ਸਰਕਾਰ ਬਣਾ ਸਕਦੇ ਸੀ।" ਇਹ ਗੱਲ ਮੇਰੇ ਖਾਨੇ ਵਿਚ ਨਾ ਪਵੇ। ਕੁਝ ਪਲ ਰੁਕ ਕੇ ਫਿਰ ਉਹਨਾਂ ਨੇ ਆਖਿਆ, "ਜੇ ਮੈਂ ਓਥੇ ਹੁੰਦਾ ਤਾਂ ਵੀ ਅਸੀਂ ਸਰਕਾਰ ਬਣਾ ਸਕਦੇ ਸੀ।" ਮੇਰਾ ਤਾਂ ਸਰਕਾਰ ਦੀ ਬਣਤਰ ਬਾਰੇ ਕੇਵਲ ਕਿਤਾਬੀ ਤੇ ਅਖ਼ਬਾਰੀ ਗਿਆਨ ਹੀ ਸੀ। ਉਸ ਹਿਸਾਬ ਤਾਂ ਇਹ ਗੱਲ ਮੰਨਣ ਵਿਚ ਆਉਣੀ ਮੁਸ਼ਕਲ ਸੀ ਕਿ ੪੮ ਵਾਲ਼ੇ ਫਾਡੀ ਰਹਿ ਜਾਣ ਤੇ ੨੪ ਵਾਲ਼ੇ ਸਰਕਾਰ ਬਣਾ ਲੈਣ। ਫਿਰ ਪਿੰਡ ਦੀ ਪੰਚਾਇਤ ਤੋਂ ਲੈ ਕੇ ਦੇਸ ਦੀ ਪਾਰਲੀਮੈਂਟ ਤੱਕ ਤਾਂ ਕਾਂਗਰਸ ਦਾ ਕਬਜ਼ਾ ਸੀ। ਉਪਰਲੇ ਸਦਨ ਅਰਥਾਤ ਕੌਂਸਲ ਵਿਚ ਇਕ ਵੀ ਅਕਾਲੀ ਮੈਂਬਰ ਨਹੀ ਸੀ। ਫਿਰ ਓਦੋਂ ਤੱਕ ਤਾਂ ਏਹੀ ਹੁੰਦਾ ਆਇਆ ਸੀ ਕਿ ਹਮੇਸ਼ਾਂ ਅਕਾਲੀ, ਆਜ਼ਾਦ ਅਤੇ ਦੂਜੀਆਂ ਪਾਰਟੀਆਂ ਦੇ ਮੈਂਬਰ ਹੀ ਕਾਂਗਰਸ ਵਿਚ ਸ਼ਾਮਲ ਹੁੰਦੇ ਰਹੇ ਸਨ। ਕਦੀ ਵੀ ਕੋਈ ਕਾਂਗਰਸੀ ਮੈਂਬਰ ਵਿਰੋਧੀ ਪਾਰਟੀ ਵਿਚ ਸ਼ਾਮਲ ਨਹੀਂ ਸੀ ਹੋਇਆ। ਸੰਤ ਜੀ ਕਿਵੇਂ ਆਖਦੇ ਨੇ ਕਿ ਇਹ ਸਰਕਾਰ ਬਣਾ ਸਕਦੇ ਨੇ! ਫਿਰ ਇਸ ਜਕੋ ਤੱਕੇ ਵਿਚ ਹੀ ਇਕ ਖਰੜ ਤੋਂ ਅਕਾਲੀ, ਮਾਸਟਰ ਬਲਦੇਵ ਸਿੰਘ ਤੇ ਦੂਜਾ ਸਮਾਣੇ ਤੋਂ ਆਜ਼ਾਦ ਭਜਨ ਲਾਲ, ਕਾਂਗਰਸ ਵਿਚ ਸ਼ਾਮਲ ਵੀ ਹੋ ਗਏ। ਉਹ ੪੮ ਤੋਂ ਪੰਜਾਹ ਹੋ ਗਏ ਤੇ ਇਹ ੨੪ ਤੋਂ ਇਕ ਹੋਰ ਘਟ ਕੇ ੨੩ ਰਹਿ ਗਏ। ਉਸ ਸਮੇ ਉਹਨਾਂ ਨੇ ਇਹ ਵੀ ਵਿਚਾਰ ਪਰਗਟ ਕੀਤਾ ਕਿ ਪੰਜਾਬ ਦਾ ਭਲਾ ਕਾਂਗਰਸ ਤੇ ਅਕਾਲੀ ਕੁਲੀਸ਼ਨ ਸਰਕਾਰ ਬਣਨ ਵਿਚ ਹੈ। ਬਿਨਾ ਸੋਚਿਆਂ ਹੀ ਮੈ ਆਖਿਆ ਫਿਰ ਇਉਂ ਕਰ ਲੈਣਾ ਚਾਹੀਦਾ ਹੈ। ਅਜਿਹਾ ਨਾ ਕਰਨ ਦਾ ਮੈਨੂੰ ਉਹਨਾਂ ਨੇ ਕਾਰਨ ਦੱਸ ਦਿਤਾ।

ਨਤੀਜਿਆਂ ਤੋਂ ਅਗਲੇ ਦਿਨ ਹੀ ਪੰਜਾਬ ਤੋਂ ਸਾਰੇ ਅਕਾਲੀ ਐਮ.ਐਲ.ਏ., ਸਮੇਤ ਜਿੱਤੇ ਤੇ ਹਾਰੇ ਹੋਇਆਂ ਦੇ, ਵਹੀਰਾਂ ਘੱਤੀ ਭੱਜੇ ਆ ਰਹੇ ਸਨ। ਜੇਹੜਾ ਵੀ ਆਏ ਸੰਤ ਜੀ ਦੀਆਂ ਲੱਤਾਂ ਨੂੰ ਚੰਬੜ ਜਾਏ। ਆਖਣ ਕਿ ਚੱਲੋ ਤੇ ਚੱਲ ਕੇ ਸਰਕਾਰ ਬਣਾਓ। ਇਕ ਦਿਨ ਤਾਂ ਸੰਤ ਜੀ ਅੜੇ ਰਹੇ ਕਿਉਂਕਿ ਉਹ ਇਹਨਾਂ ਲੀਡਰਾਂ ਦੇ ਹੱਦੋਂ ਵਧੇ ਹੋਏ ਲਾਲਚ ਕਾਰਨ ਹੀ ਰੁੱਸ ਕੇ ਆਏ ਸਨ। ਅਖੀਰ ਉਹਨਾਂ ਨੇ ਸੰਤ ਜੀ ਨੂੰ ਮਨਾ ਹੀ ਲਿਆ ਤੇ ਅੱਗੇ ਅੱਗੇ ਸੰਤ ਜੀ ਤੇ ਮਗਰ ਮਗਰ ਸਾਰੇ ਲੀਡਰਾਂ ਦਾ ਕਾਫ਼ਲਾ, ੧੯ ਜ਼ੈਡ ਵਾਲ਼ੇ ਗੁਰਦੁਆਰਿਉਂ ਨਿਕਲ ਕੇ ਪੰਜਾਬ ਨੂੰ ਤੁਰ ਪਿਆ ਤੇ ਖੰਨੇ ਸ. ਮਹਿੰਦਰ ਸਿੰਘ ਦੇ ਕਾਰਖਾਨੇ ਵਿਚ ਆ ਰੁਕਿਆ। ਇਹ ਸੱਜਣ ਏਸੇ ਚੋਣ ਵਿਚ ਲੁਧਿਆਣੇ ਦੀ ਪਾਰਲੀਮੈਂਟ ਦੀ ਸੀਟ ਕਾਂਗਰਸ ਦੇ ਸ. ਦਵਿੰਦਰ ਸਿੰਘ ਗਰਚੇ ਤੋਂ ਹਾਰੇ ਸਨ ਤੇ ਨਾਲ਼ ਹੀ ਪ੍ਰਸਿਧ ਸਿੱਖ ਵਿਦਵਾਨ ਸ. ਕਪੂਰ ਸਿੰਘ, ਜੋ ਕਿ ਉਸ ਸਮੇ ਓਥੋਂ ਐਮ.ਪੀ. ਸਨ, ਨੂੰ ਵੀ ਲੈ ਬੈਠੇ। ਏਥੇ ਫਿਰ ਜਿੱਤੇ ਹੋਏ ਕਾਂਗਰਸ ਦੇ ਵਿਰੋਧੀ ਐਮ.ਐਲ.ਏ. ਇਕੱਠੇ ਕੀਤੇ ਗਏ। ੫੩ ਮੈਂਬਰਾਂ ਦੇ ਦਸਤਖ਼ਤ ਕਰਵਾ ਲਏ ਗਏ। ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ ਹੇਠ ੫੩ ਮੈਂਬਰਾਂ ਦੀ ਮੀਟਿੰਗ ਕਰਕੇ, ਯੂਨਾਈਟਡ ਫ਼ਰੰਟ ਪਾਰਟੀ ਰਚ ਕੇ, ਜਸਟਿਸ ਗੁਰਨਾਮ ਸਿੰਘ ਨੂੰ ਲੀਡਰ ਤੇ ਜਨਸੰਘੀ ਡਾ. ਬਲਦੇਵ ਪ੍ਰਕਾਸ਼ ਨੂੰ ਡਿਪਟੀ ਲੀਡਰ ਬਣਾ ਕੇ, ੫੩ ਮੈਂਬਰਾਂ ਦੇ ਦਸਖ਼ਤਾਂ ਵਾਲੀ ਚਿਠੀ ੮ ਮਾਰਚ ਨੂੰ ਗਵਰਨਰ ਨੂੰ ਦੇ ਦਿਤੀ ਤੇ ਉਸ ਨੇ ੯ ਮਾਰਚ ਨੂੰ ਨਵੀ ਵਜ਼ਾਰਤ ਨੂੰ ਸਹੁੰ ਚੁਕਾ ਦਿਤੀ। ਇਸ ਨਾਲ਼ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਵਾਲੀ ਕਾਂਗਰਸ ਸਰਕਾਰ ਦਾ, ਪੂਰੇ ਚਾਰ ਮਹੀਨੇ ਤੇ ਅੱਠ ਦਿਨਾਂ ਪਿੱਛੋਂ 'ਕੀਰਤਨ ਸੋਹਿਲਾ' ਪੜ੍ਹਿਆ ਗਿਆ।

ਸਰਕਾਰ ਬਣਾ ਕੇ ਅਕਾਲੀ ਦਲ ਨੇ ਦੋ ਦਹਾਕਿਆਂ ਦੀ ਕੁਰਬਾਨੀ ਪਿਛੋਂ ਬਣਾਈ ਸਰਕਾਰ ਦੀ ਜ਼ੁੰਮੇਵਾਰੀ, ਪੜ੍ਹਿਆ ਲਿਖਿਆ ਤੇ ਯੋਗ ਸਮਝ ਕੇ, ਜਸਟਿਸ ਗੁਰਨਾਮ ਸਿੰਘ ਦੇ ਹਵਾਲੇ ਕਰ ਦਿਤੀ। ਉਹ ਹਕੂਮਤ ਚਲਾਉਣ ਲੱਗ ਪਿਆ ਤੇ ਉਸ ਦੇ ਆਲ਼ੇ ਦੁਆਲ਼ੇ ਵਾਲ਼ੇ ਸੱਜਣ ਸੱਤਾ ਸੁਖ ਮਾਨਣ; ਅਤੇ ਜੇਹਲਾਂ ਤੇ ਡਾਗਾਂ ਖਾਣ ਵਾਲੇ ਅਕਾਲੀ ਵਰਕਰ ਸੜਕਾਂ ਤੇ ਫਿਰਨ।

ਇਸ ਸਮੇ ਸੰਤ ਜੀ ਨੇ ਮੋਰਚਿਆਂ, ਵਰਤਾਂ, ਚੋਣਾਂ ਆਦਿ ਦੇ ਝਮੇਲਿਆ ਤੋਂ ਵੇਹਲੇ ਹੋ ਕੇ ਧਾਰਮਿਕ ਤੇ ਸਿਆਸੀ ਲੇਖ ਲਿਖਣੇ ਸ਼ੁਰੂ ਕਰ ਦਿਤੇ। ਇਸ ਦੌਰਾਨ ਲਿਖੇ ਜਾਣ ਵਾਲ਼ੇ ਲੇਖਾਂ ਵਿਚੋਂ ਦੋ ਮੈਨੂੰ ਵੀ ਯਾਦ ਹਨ: ਇਕ ਲੇਖ ਵਿਚ ਤਾਂ ਉਹਨਾਂ ਨੇ ਆਪਣੀ ਸਰਕਾਰ ਦੀ ਤੁੱਲਨਾ ਮਹਾਂ ਭੋਲ਼ੇ (ਸ਼ਿਵ ਜੀ) ਦੇ ਟੱਬਰ ਨਾਲ਼ ਕੀਤੀ। ਦੂਜਾ ਲੇਖ ਕਦੀ ਨਾ ਜਿੱਤ ਸੱਕਣ ਵਾਲ਼ੇ ਆਗੂਆਂ ਨੂੰ ਇਸ ਚੋਣ ਵਿਚ ਜਿਤਾ ਦੇਣ ਬਾਰੇ ਸੀ।

## ਮਹਾਂ ਭੋਲ਼ੇ ਦੇ ਟੱਬਰ ਦੀ ਵਾਰਤਾ ਸੰਤ ਜੀ ਇਉਂ ਸੁਣਾਉਂਦੇ ਸਨ:

ਸ਼ਿਵ ਜੀ ਦੀ ਪਤਨੀ ਪਾਰਬਤੀ, ਜੋ ਸ਼ਿਵ ਜੀ ਦੀਆਂ ਜਟਾਂ ਵਿਚ ਨਿਵਾਸ ਰੱਖਣ ਵਾਲ਼ੀ ਗੰਗਾ ਨੂੰ ਆਪਣੀ ਸੌਂਕਣ ਸਮਝਦੀ ਹੈ, ਵੇਖ ਨਹੀ ਸੁਖਾਂਦੀ। ਪਾਰਬਤੀ ਦੀ ਸਵਾਰੀ ਸ਼ੇਰ ਅਤੇ ਸ਼ਿਵ ਜੀ ਦੀ ਸਵਾਰੀ ਬੌਲਦ, ਜੋ ਕਿ ਸ਼ੇਰ ਦਾ ਖਾਜਾ ਹੈ। ਪੁੱਤਰ ਗਣੇਸ਼ ਦੀ ਸਵਾਰੀ ਚੂਹਾ ਜੋ ਸ਼ਿਵ ਦੇ ਗਲ਼ ਵਿਚਲੇ ਸੱਪ ਦੀ ਖ਼ੁਰਾਕ ਹੈ। ਦੂਜੇ ਪੁੱਤਰ ਕਾਰਤਿਕ ਦੀ ਸਵਾਰੀ ਮੋਰ ਹੈ ਜੋ ਸੱਪ ਦਾ ਵੈਰੀ ਹੈ। ਅਜਿਹੇ ਪਰਵਾਰ ਨੂੰ ਇਕੱਠਾ ਰੱਖਣਾ ਕੋਈ ਖਾਲਾ ਜੀ ਦਾ ਵਾੜਾ ਨਹੀ। ਇਹ ਮਿਸਾਲ ਦੇ ਕੇ ਹਾਸੇ ਦੇ ਰਉਂ ਵਿਚ ਸੰਤ ਜੀ ਆਖਦੇ ਸਨ:

ਜਨਸੰਘੀਆਂ ਤੇ ਅਕਾਲੀਆਂ ਦੀ ਦਹਾਕਿਆ ਤੋਂ, ਪੰਜਾਬੀ ਸੂਬੇ ਤੇ ਪੰਜਾਬੀ ਬੋਲੀ ਦੇ ਮਸਲੇ ਤੇ ਚੱਲੀ ਆ ਰਹੀ ਇਕ ਦੂਜੇ ਦੀ ਵਿਰੋਧਤਾ, ਪਰਗਟ ਹੈ। ਫਿਰ ਦੋਹਾਂ ਅਕਾਲੀ ਦਲਾਂ ਦਾ ਸੌਂਕੜ ਸਾੜਾ ਵੀ ਕੋਈ ਛੁਪੀ ਕਹਾਣੀ ਨਹੀ। ਦੋਵੇਂ ਕਮਿਊਨਿਸਟ ਪਾਰਟੀਆਂ, ਜਨਸੰਘ ਤੇ ਅਕਾਲੀ ਦਲ ਦੇ ਵਿਰੁਧ ਹੋਣ ਦੇ ਨਾਲ਼ ਆਪਸ ਵਿਚ ਵੀ ਸ਼ਰੀਕਾ ਕਰਦੀਆਂ ਸਨ। ਰੀਪਲਕਿਨ ਕਿਸੇ ਨਾਲ਼ ਵੀ ਨਾ ਸਾਂਝੇ। ਨੌਂ ਆਜ਼ਾਦਾਂ ਦੀਆਂ ਨੌਂ ਪਾਰਟੀਆਂ। ਇਸ ਸਾਰੇ ਸਤਨਾਜੇ ਨੂੰ ਇਕ ਪਾਰਟੀ ਵਿਚ ਇੱਕਠੇ ਕਰਕੇ, ਤੋਰ ਦਿਤਾ। ਫਿਰ ਦੂਜੀ ਗੱਲ ਉਹ ਕਰਿਆ ਕਰਦੇ ਸਨ ਕਿ ਕਦੀ ਨਾ ਜਿੱਤਣ ਵਾਲਿਆਂ ਨੂੰ ਵੀ ਜਿਤਾ ਦਿਤਾ। ਮਿਸਾਲ ਵਜੋਂ ਸੰਤ ਜੀ ਸ. ਹਰਚਰਨ ਸਿੰਘ ਹੁਡਿਆਰਾ ਤੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ ਨਾਂ ਲਿਆ ਕਰਦੇ ਸਨ।

ਮਾਸਟਰ ਅਕਾਲੀ ਦਲ ਦੇ ਪ੍ਰਧਾਨ ਗਿ. ਭੂਪਿੰਦਰ ਸਿੰਘ ਜੀ ਅਕਸਰ ਆਪਣੇ ਭਾਸ਼ਨਾਂ ਵਿਚ ਆਖਿਆ ਕਰਦੇ ਸਨ ਕਿ ਉਹਨਾਂ ਨੇ ਵੀਹ ਸਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨੇ ਦਾ 'ਚੋਰ' ਪਕੜੀ ਰੱਖਿਆ ਅਰਥਾਤ ਉਹ ਮੁਖ ਗ੍ਰੰਥੀ ਦੀ ਸੇਵਾ ਤਿਆਗ ਕੇ ਸਿਆਸਤ ਵਿਚ ਆਏ। ਯਾਦ ਰਹੇ ਕਿ ਗਿਆਨੀ ਜੀ ਦਾ ਪਿਛੋਕੜ ਕਸ਼ਮੀਰ ਦਾ ਹੋਣ ਕਰਕੇ ਉਹ ਕਨੌੜਾ ਨਹੀ ਸਨ ਉਚਾਰ ਸਕਦੇ ਤੇ ਇਸ ਦੀ ਥਾਂ ਹੋੜਾ ਹੀ ਬੋਲਦੇ ਸਨ। ਮੁਖ ਗ੍ਰੰਥੀ ਦੀ ਸੇਵਾ ਛੱਡਣ ਨੂੰ ਉਹ ਪੰਥ ਲਈ ਕੀਤੀ ਗਈ ਬੜੀ ਵੱਡੀ ਕੁਰਬਾਨੀ ਦਰਸਾਇਆ ਕਰਦੇ ਸਨ। ਸੰਤ ਜੀ ਨੇ ਉਹਨਾਂ ਦੇ ਚੌਰ ਨੂੰ ਚੋਰ ਉਚਾਰਨ ਦਾ ਮੌਜੂ ਉਡਾਉਂਦਿਆਂ ਆਖਿਆ, "ਭਾਈ ਫਿਰ ਛੱਡ ਕਾਹਨੂੰ ਦਿਤਾ; ਪੁਲਸ ਨੂੰ ਫੜਾਉਣਾ ਸੀ।" ਇਕ ਵਾਰੀਂ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਦੌਰਾਨ ਗਿਆਨੀ ਜੀ ਨੇ ਬਿਆਨ ਦਿਤਾ, "ਬਹੁਮੱਤ ਅਸਾਡੇ ਨਾਲ਼ ਹੈ।" ਗਿਆਨੀ ਜੀ ਬਹੁਮੱਤ ਨੂੰ ਬਹੂਮੱਤ ਉਚਾਰਦੇ ਸਨ। ਇਸ ਦੇ ਜਵਾਬ ਵਿਚ ਸੰਤ ਜੀ ਨੇ ਆਖਿਆ, "ਗਿਆਨੀ ਜੀ ਠੀਕ ਆਖ ਰਹੇ ਹਨ। ਉਹਨਾਂ ਦੀ ਬਹੂ ਦਾ ਮੱਤ ਉਹਨਾਂ ਦੇ ਨਾਲ਼ ਹੀ ਹੈ। ਜਿਥੋਂ ਤੱਕ ਮੈਬਰਾਂ ਦਾ ਸਵਾਲ ਹੈ, ਉਹ ਸਾਡੇ ਨਾਲ਼ ਹਨ।"

ਉਹਨਾਂ ਦਿਨਾਂ ਵਿਚ ਸੰਤ ਜੀ ਦੀ ਗੁੱਡੀ ਆਸਮਾਨੇ ਚੜ੍ਹੀ ਹੋਈ ਸੀ ਤੇ ਉਹਨਾਂ ਦੀਆਂ ਕੁੱਤੀਆਂ ਆਕਾਸ਼ ਵਿਚ ਭੌਂਕਦੀਆਂ ਸਨ।

ਇਹ ਤਾਂ ਸੀ ਮੇਰੇ ਸਮੇ ਤੇ ਸਾਹਮਣੇ ਵਾਪਰੇ ਕੁਝ ਹਾਲਾਤ ਦਾ ਅਤੀ ਸੰਖੇਪ ਵਰਨਣ।

## ਹੁਣ ਉਹਨਾਂ ਦੇ ਜੀਵਨ ਬਾਰੇ ਕੁਝ ਗੱਲ ਕਰ ਲਈਏ:

ਸੰਤ ਜੀ ਦਾ ਜਨਮ ੨੭ ਅਕਤੂਬਰ ੧੯੧੧ ਨੂੰ, ਜ਼ਿਲ੍ਹਾ ਬਠਿੰਡਾ ਦੀ ਤਸੀਲ ਰਾਮਪੁਰਾ ਫੂਲ਼ ਦੇ ਪਿੰਡ ਬਦਿਆਲਾ ਵਿਚ, ਸ. ਚੰਨਣ ਸਿੰਘ ਕਿਸਾਨ ਦੇ ਘਰ ਹੋਇਆ। ਉਹਨਾਂ ਦੇ ਛੋਟੇ ਭਰਾ ਦਾ ਨਾਂ ਸ. ਮੁਖਤਿਆਰ ਸਿੰਘ ਤੇ ਭੈਣਾਂ ਵੀ ਸਨ। ਉਹਨਾਂ ਨੇ ਕਦੀ ਆਪਣੇ ਪਰਵਾਰਕ ਮੈਬਰਾਂ ਦਾ ਜ਼ਿਕਰ ਨਹੀ ਸੀ ਕੀਤਾ। ਬਚਪਨ ਵਿਚ ਪਿਤਾ ਦੀ ਰਜ਼ਾਮੰਦੀ ਨਾਲ਼ ਸਿੱਖ ਵਿਦਵਾਨ ਸੰਤ ਈਸ਼ਰ ਸਿੰਘ ਜੀ ਪਾਸੋਂ ਗੁਰਮਤਿ ਦੀ ਵਿੱਦਿਆ ਪੜ੍ਹਨੀ ਸ਼ੁਰੂ ਕੀਤੀ ਤੇ ਫਿਰ ਘਰੋਂ ਬਾਹਰ ਰਮਤੇ ਸਾਧੂਆਂ ਨਾਲ਼ ਹੀ ਵਿਚਰਦੇ, ਗੁਰਮਤਿ ਦੀ ਵਿੱਦਿਆ ਪੜ੍ਹਦੇ ਤੇ ਮਨੁਖਤਾ ਦੀ ਸੇਵਾ ਕਰਦੇ ਰਹੇ। ਪੰਜਾਬ ਦੇ ਪਿੰਡਾਂ ਧਾਲੀਆਂ, ਢੋਲਣ ਆਦਿ ਵਿਚ ਗੁਰਦੁਆਰੇ ਅਤੇ ਸਕੂਲ ਬਣਾਏ। ਬਾਅਦ ਵਿਚ ਜ਼ਿਆਦਾ ਸਮਾ ਸੰਤ ਜੀ ਦੀ ਸੇਵਾ ਦਾ ਦਾਇਰਾ ਗੰਗਾਨਗਰ ਦਾ ਇਲਾਕਾ ਹੀ ਰਿਹਾ। ਇਸ ਕਰਕੇ ਇਹਨਾਂ ਦੇ ਨਾਂ ਨਾਲ਼, ਉਸ ਸਮੇ ਦੇ ਰਿਵਾਜ ਅਨੁਸਾਰ, ਤਖ਼ੱਲਸ ਵਜੋਂ 'ਗੰਗਾਨਗਰ' ਜੁੜ ਗਿਆ। ਸੰਤ ਜੀ ਦਾ ਸਾਰਾ ਜੀਵਨ ਹੀ ੧੯੬੦ ਤੱਕ ਸੇਵਾ ਸਿਮਰਨ, ਵਿੱਦਿਆ ਪੜ੍ਹਨੀ ਤੇ ਪੜ੍ਹਾਉਣੀ, ਅਪਾਹਜ, ਯਤੀਮ, ਗ਼ਰੀਬ ਬੱਚਿਆਂ ਦੀ ਹਰ ਪ੍ਰਕਾਰ ਪਾਲਣਾ ਕਰਨੀ। ਗੁਰਦੁਆਰੇ, ਸਕੂਲ, ਕਾਲਜ, ਸੜਕਾਂ ਆਦਿ ਉਸਾਰਨੇ ਰਿਹਾ। ਚਾਰ ਚੌਫੇਰੇ ਰੇਗਿਸਤਾਨ ਵਿਚ ਘਿਰੇ, ਬੁੱਢਾ ਜੌਹੜ ਗੁਰਦੁਆਰੇ ਦੀ ਸਥਾਪਨਾ ਕੀਤੀ। ਇਹ ਉਹ ਇਤਿਹਾਸਕ ਸਥਾਨ ਹੈ ਜਿਥੇ ਸ੍ਰੀ ਹਰਿਮੰਦਰ ਸਾਹਿਬ ਵਿਚੋਂ ਮੱਸੇ ਰੰਘੜ ਦਾ ਸਿਰ ਵਢ ਕੇ, ਭਾਈ ਸੁੱਖਾ ਸਿੰਘ ਤੇ

ਭਾਈ ਮਹਿਤਾਬ ਸਿੰਘ ਜੀ ਨੇ, ਜਥੇਦਾਰ ਬੁੱਢਾ ਸਿੰਘ ਜੀ ਦੇ ਚਰਨਾਂ ਵਿਚ ਜਾ ਕੇ ਸੁੱਟਿਆ ਸੀ। ਏਥੇ ਨਿਹੰਗ ਸਿੰਘਾਂ ਦਾ ਕਬਜ਼ਾ ਹੁੰਦਾ ਸੀ ਤੇ ਉਹ ਕਦੀ ਕਦੀ ਦਲ ਸਮੇਤ ਏਥੇ ਆਇਆ ਕਰਦੇ ਸਨ ਤੇ ਇਕ ਉਹਨਾਂ ਦਾ ਸਿੰਘ ਏਥੇ ਰਿਹਾ ਕਰਦਾ ਸੀ। ਜਦੋਂ ਸੰਤ ਜੀ ਨੇ ਇਸ ਸਥਾਨ ਦੀ ਸੇਵਾ ਆਰੰਭੀ ਤਾਂ ਉਸ ਵੱਲੋਂ ਵੀ ਵਿਰੋਧਤਾ ਹੋਈ; ਬਾਕੀ ਆਲ਼ੇ ਦੁਆਲ਼ੇ ਦੀ ਬਿਸ਼ਨੋਈ ਜਨਤਾ ਵੱਲੋਂ ਤਾਂ ਹੋਣੀ ਹੀ ਸੀ। ਗੁਰਦੁਆਰਾ ਸਾਹਿਬ ਦਾ ਵਿਸ਼ਾਲ ਹਾਲ ਉਸ ਸਥਾਨ ਤੇ ਉਸਾਰ ਦਿਤਾ ਜਿਥੇ ਨਾ ਕੋਈ ਰੇਲ, ਨਾ ਸੜਕ ਤੇ ਨਾ ਹੀ ਕੋਈ ਹੋਰ ਵਸੀਲਾ ਜਾਣ ਲਈ ਸੀ। ਏਨਾ ਮੈਟੀਰੀਅਲ ਏਥੇ ਗੱਡਿਆਂ, ਰੇਹੜਿਆਂ ਆਦਿ ਤੇ ਹੀ ਢੋਇਆ ਗਿਆ। ਇਸ ਵੱਡੇ ਕਾਰਜ ਦੀ ਗੂੰਜ ਰਾਜਿਸਥਾਨ ਅਸੈਂਬਲੀ ਵਿਚ ਵੀ ਪਈ। ਅਪੋਜ਼ੀਸ਼ਨ ਨੇ ਰੌਲ਼ਾ ਪਾਇਆ ਕਿ ਜੇ ਇਕ ਸਾਧ ਏਡਾ ਵੱਡਾ ਕਾਰਜ ਕਰ ਸਕਦਾ ਹੈ ਤਾਂ ਸਰਕਾਰ ਕਿਉਂ ਨਹੀ ਕੋਈ ਚੰਗਾ ਕੰਮ ਕਰ ਸਕਦੀ! ਸਾਰਾ ਸਥਾਨ ਸੰਤ ਜੀ ਨੇ ਮੁੱਲ ਲੈ ਕੇ ਸਰੋਵਰ, ਵਿਸ਼ਾਲ ਗੁਰਦੁਆਰਾ, ਬਾਗ ਬਗੀਚਾ ਲਾਇਆ ਤੇ ਖ਼ਰੀਦੀ ਜ਼ਮੀਨ ਵਿਚ ਖੇਤੀ ਦਾ ਕਾਰਜ ਸ਼ੁਰੂ ਕੀਤਾ। ਓਥੇ ਗੁਰਮਤਿ ਵਿਦਿਆਲਾ ਵੀ ਆਰੰਭਿਆ ਜਿਥੇ ਗ਼ਰੀਬ ਬੱਚਿਆਂ ਨੂੰ ਗੁਰਮਤਿ ਦੀ ਵਿੱਦਿਆ ਪਰਾਪਤ ਕਰਵਾਈ ਜਾਂਦੀ ਸੀ। ੧੯੬੦ ਤੱਕ ਪੰਜਾਬ ਤੇ ਪੈਪਸੂ ਦੀਆਂ ਅਕਾਲੀ ਦਲ ਦੀਆਂ ਸਿਆਸੀ ਸਰਗਰਮੀਆਂ ਵਿਚ ਸੰਤ ਜੀ ਅਤੇ ਰਾਜਿਸਥਾਨ ਦੇ ਸਿੱਖਾਂ ਦੀ ਨੁਮਾਇੰਦਗੀ, ਸੰਤ ਜੀ ਦੇ ਸਾਥੀ ਸੰਤ ਚੰਨਣ ਸਿੰਘ ਜੀ ਹੀ ਕਰਿਆ ਕਰਦੇ ਸਨ। ਵੈਸੇ ਹਰੇਕ ਪੰਥਕ ਮੋਰਚੇ ਵਿਚ ਆਪ ਜੀ ਜਥੇ ਸਮੇਤ ਗ੍ਰਿਫ਼ਤਾਰੀ ਦੇ ਕੇ ਜੇਹਲ ਯਾਤਰਾ ਲਈ ਹਮੇਸ਼ਾਂ ਜਾਂਦੇ ਰਹਿੰਦੇ ਸਨ। ਪੈਪਸੂ ਵਿਚ ਮਾਮਾ ਭਾਣਜਾ ਵਜ਼ਾਰਤ ਦੇ ਖ਼ਿਲਾਫ਼ ਪਟਿਆਲੇ ਵਿਚ ਜੇਹਲ ਕੱਟੀ। ਫਿਰ ਪਚਵੰਜਾ ਦੇ ਮੋਰਚੇ ਸਮੇ, ਅਸ਼ਵਨੀ ਕੁਮਾਰ ਦੀ ਅਗਵਾਈ ਹੇਠ, ਚਾਰ ਜੁਲਾਈ ਦੀ ਰਾਤ ਨੂੰ ਜਦੋਂ ਪੁਲਸ ਨੇ ਹਮਲਾ ਕੀਤਾ ਤਾਂ ਉਸ ਸਮੇ ਵੀ ਸੰਤ ਜੀ ਆਪਣੇ ਸਾਥੀਆਂ ਸਮੇਤ, ਗੁਰੂ ਰਾਮਦਾਸ ਸਰਾਂ ਵਿਚ ਠਹਿਰੇ, ਗ੍ਰਿਫ਼ਤਾਰੀ ਦੇਣ ਲਈ ਆਪਣੀ ਵਾਰੀ ਦੀ ਉਡੀਕ ਵਿਚ ਸਨ ਕਿ ਬਾਕੀ ਯਾਤਰੂਆਂ ਤੇ ਵਰਕਰਾਂ ਨਾਲ ਇਹਨਾਂ ਨੂੰ ਵੀ ਅੜੁੰਬ ਲਿਆ ਗਿਆ ਤੇ ਜੇਹਲ ਲਿਜਾ ਸੁੱਟਿਆ।

ਸੰਤ ਜੀ ਜਦੋਂ ਵੀ ਕੋਈ ਵਿੱਦਿਆ ਮੰਦਰ, ਧਰਮ ਮੰਦਰ ਜਾਂ ਕਿਸੇ ਹੋਰ ਇਮਾਰਤ ਦੀ ਉਸਾਰੀ ਕਰਦੇ ਸਨ ਤਾਂ ਉਸ ਕਾਰਜ ਵਿਚ ਮਜ਼ਦੂਰ ਤੋਂ ਲੈ ਕੇ ਆਰਟੀਕੈਕਟ ਦੇ ਕੰਮ ਵਿਚ ਖ਼ੁਦ ਹੱਥੀਂ ਹਿੱਸਾ ਪਾਉਂਦੇ ਸਨ। ਨਕਸ਼ਾ ਨਵੀਸਾਂ ਨੂੰ ਆਪ ਦੱਸ ਕੇ ਕਾਰਜ ਕਰਵਾਉਂਦੇ ਸਨ। ਚੂਨਾ ਪੀਹਣ, ਸੀਮੈਂਟ ਰਲਾਉਣ ਆਦਿ ਸਾਰੇ ਕਾਰਜ ਹੀ ਬਾਕੀਆਂ ਨਾਲ਼ ਰਲ਼ ਕੇ ਖ਼ੁਦ ਕਰਦੇ ਸਨ।

ਸਰੀਰਕ ਤੌਰ ਤੇ ਸੰਤ ਜੀ ਏਨੇ ਤਕੜੇ ਸਨ ਕਿ ਉਹਨਾਂ ਦੇ ਸਾਥੀਆਂ ਵਿਚੋਂ ਸਭ ਤੋਂ ਵਧ ਸਰੀਰਕ ਸ਼ਕਤੀ ਦੇ ਮਾਲਕ, ਭਾਈ ਬੱਗਾ ਸਿੰਘ ਜੀ ਵੀ, ਸੰਤ ਜੀ ਦੀ ਉਪਰ ਚੁੱਕੀ ਹੋਈ ਬਾਂਹ ਨੂੰ ਨਿਵਾ ਨਹੀ ਸਨ ਸਕਦੇ। ਅਖੀਰਲੇ ਸਮੇ ਸੰਤ ਜੀ ਮੁਟਾਪੇ ਸਮੇਤ ਬਹੁਤ ਸਾਰੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਗਏ ਸਨ। ਮੁਖ ਕਾਰਨ ਇਸ ਦਾ ਇਹ ਸੀ ਕਿ ਖ਼ੁਰਾਕ ਤਾਂ ਸੰਤ ਜੀ ਦੀ ਭਲਵਾਨਾਂ ਵਾਲ਼ੀ ਰਹੀ, ਜਿਹਾ ਕਿ ਦੁਧ, ਦਹੀ, ਘਿਓ, ਲੱਸੀ ਆਦਿ ਪਰ ੧੯੬੦ ਦੇ ਮੋਰਚੇ ਨੂੰ ਚਲਾਉਣ ਲਈ, ਸ੍ਰੀ ਅਕਾਲ ਤਖ਼ਤ ਸਾਹਿਬ ਨਾਲ਼ ਜੁੜਵੇਂ ਮਕਾਨ ਵਿਚ, ਲੰਮੇ ਸਮੇ ਲਈ ਇਕ ਥਾਂ ਬੰਦ ਹੋ ਕੇ ਰਹਿਣਾ ਪਿਆ। ਸਰੀਰਕ ਸ਼ਕਤੀ ਵਰਤਣ ਲਈ ਸਮਾ ਨਾ ਰਹਿ ਗਿਆ ਤੇ ਸਗੋਂ ਸਾਰੀ ਕੌਮ ਦੀ ਸਰਕਾਰ ਨਾਲ ਸ਼ਾਂਤਮਈ ਲੜਾਈ ਦਾ ਫਿਕਰ ਸੋਚ ਉਪਰ ਵੱਖਰਾ ਪਿਆ ਰਿਹਾ। ਭੁੱਖ ਹੜਤਾਲਾਂ ਦਾ ਵੀ ਸਰੀਰ ਉਪਰ ਬਹੁਤ ਮਾਰੂ ਅਸਰ ਹੋਇਆ। ਫਿਰ ਮੁੜ ਉਹਨਾਂ ਦਾ ਸਰੀਰ ਉਸ ਤਾਬ ਤੇ ਨਾ ਆ ਸਕਿਆ। ਪਿਛਲੀ ਉਮਰ ਵਿਚ ਹੋਰ ਰੋਗਾਂ ਦੇ ਨਾਲ਼ ਨਾਲ਼ ਸ਼ੂਗਰ ਦੀ ਬਿਮਾਰੀ ਨੇ ਵੀ ਘੇਰ ਲਿਆ।

ਦਲੇਰ ਵੀ ਬਹੁਤ ਸਨ ਸੰਤ ਜੀ। ਉਹਨਾਂ ਨੇ ਮੈਨੂੰ ਆਪ ਦੱਸਿਆ ਸੀ ਕਿ ਜਵਾਨੀ ਦੇ ਦਿਨੀਂ ਜਦੋਂ ਉਹ ਰਾਤ ਸਮੇ ਬਾਹਰ ਝਾੜਾਂ, ਜੰਗਲਾਂ, ਉਜਾੜਾਂ ਵਿਚ ਭਗਤੀ ਕਰਿਆ ਕਰਦੇ ਸਨ ਤਾਂ ਕਦੀ ਕਦੀ ਦਰੱਖ਼ਤਾਂ, ਟਿੱਬਿਆਂ ਆਦਿ ਨੂੰ ਵੇਖ ਕੇ, ਭੂਤ ਸਮਝ ਕੇ ਡਰ ਜਾਣਾ ਤਾਂ ਸਿੱਧੇ ਉਸ ਡਰ ਵਾਲੇ ਥਾਂ ਨੂੰ ਹੀ ਜਾਣਾ ਓਥੇ ਪਹੁੰਚ ਕੇ ਵੇਖਣਾ ਕਿ ਜਿਸ ਨੂੰ ਭੂਤ ਸਮਝ ਕੇ ਮਨ ਡਰ ਮੰਨਦਾ ਸੀ ਉਹ ਤਾਂ ਕੇਵਲ ਝਾੜੀ ਹੀ ਸੀ। ਜਾਣ ਲਿਆ ਕਿ ਡਰ ਕੇਵਲ ਮਨ ਦਾ ਭੁਲੇਖਾ ਹੀ ਹੁੰਦਾ ਹੈ। ਇਸ ਤਰ੍ਹਾਂ ਖ਼ਤਰੇ ਨੂੰ ਸਿੱਧੇ ਮੱਥੇ ਮਿਲਣ ਕਰਕੇ ਹੌਲ਼ੀ ਹੌਲ਼ੀ ਮਨ ਦੇ ਡਰ ਉਪਰ ਕਾਬੂ ਪਾ ਲਿਆ।

ਆਪਣਾ ਹਰੇਕ ਵਿਖਿਆਨ ਉਹ ਕੀਰਤਨ ਦੁਆਰਾ ਹੀ ਸ਼ੁਰੂ ਕਰਿਆ ਕਰਦੇ ਸਨ। ਉਹਨਾਂ ਦੁਆਰਾ ਉਹਨੀਂ ਦਿਨੀਂ ਗਾਇਆ ਗਿਆ ਸ਼ਬਦ, "ਜਿਸ ਦਾ ਸਾਹਿਬ ਡਾਢਾ ਹੋਇ॥ ਤਿਸ ਨੋ ਮਾਰ ਨ ਸਾਕੈ ਕੋਇ॥" ਬਹੁਤ ਹੀ ਪ੍ਰਸਿਧ ਹੋਇਆ। ਪਹਿਲਾਂ ਇਕ ਸ਼ਬਦ ਦਾ ਕੀਰਤਨ ਕਰਨਾ ਫਿਰ ਹੌਲ਼ੀ ਹੌਲ਼ੀ, ਪੋਲੀ ਪੋਲੀ ਆਵਾਜ਼ ਵਿਚ ਭਾਸ਼ਨ ਸ਼ੁਰੂ ਕਰਨਾ। ਜਿਵੇਂ ਜਿਵੇਂ ਸਮਾ ਬੀਤਣਾ ਉਹਨਾਂ ਦੇ ਸਰੀਰ ਦੇ ਨਾਲ਼ ਨਾਲ਼ ਆਵਾਜ਼ ਵੀ ਉਚੀ ਹੁੰਦੀ ਜਾਣੀ। ਆਪਣੇ ਭਾਸ਼ਨ ਵਿਚ ਉਹ ਹਮੇਸ਼ਾਂ ਹੀ ਹਾਸੇ ਦੀ ਚਾਸ਼ਣੀ ਦਾ ਖ਼ੂਬਸੂਰਤ ਰਲੇਵਾਂ ਕਰਿਆ ਕਰਦੇ ਸਨ। ਵਿਰੋਧੀ ਦੀ ਦਲੀਲ ਨੂੰ ਹੀ ਉਲਟ ਕੇ ਉਸ ਉਪਰ ਵਰਤ ਲਿਆ ਕਰਦੇ ਸਨ। ਇਸ ਨੂੰ ਆਪਣੀ ਆਮ ਗੱਲ ਬਾਤ ਸਮੇ ਸੰਤ ਜੀ 'ਉਸ਼ਟਲਸ਼ਟਿਕ ਨਿਆਇ ਅਲੰਕਾਰ' ਆਖਿਆ ਕਰਦੇ ਸਨ। ਮਿਸਾਲ ਵਜੋਂ, ਉਠ ਉਪਰ ਲੱਦੀਆਂ ਲਾਠੀਆਂ ਵਿਚੋਂ ਹੀ ਇਕ ਲਾਠੀ ਧੂਹ ਕੇ, ਉਠ ਨੂੰ ਤੇਜ ਕਰਨ ਲਈ, ਉਸ ਦੇ ਢੂੰਗੇ ਤੇ ਮਾਰ ਕੇ ਫਿਰ ਲਾਠੀ ਉਠ ਉਪਰ ਹੀ ਸੁੱਟ ਦੇਣੀ। ਇਸ ਤਰ੍ਹਾਂ ਵਿਰੋਧੀ ਦੀ ਦਲੀਲ ਉਸ ਦੇ ਹੀ ਵਿਰੁਧ ਵਰਤ ਲੈਣੀ। ਸੰਤ ਜੀ ਦੀ ਹਰ ਗੱਲ ਵਿਚ ਹਾਸ ਰਸ ਮਿਲ਼ਿਆ ਹੋਇਆ ਹੁੰਦਾ ਸੀ। ਹਾਸ ਰਸ ਏਨਾ ਸੂਖਮ ਹੁੰਦਾ ਸੀ ਕਿ ਉਹ ਹਾਸ ਰਸ ਨਾ ਰਹਿ ਕੇ ਵਿਅੰਗ ਦਾ ਰੂਪ ਹੋ ਨਿੱਬੜਦਾ ਸੀ। ਕਦੀ ਵੀ ਉਹ ਨਾ ਆਪ ਢਹਿੰਦੀਕਲਾ ਵਿਚ ਹੁੰਦੇ ਸਨ ਤੇ ਨਾ ਹੀ ਸਾਥੀਆਂ ਨੂੰ ਇਸ ਅਵਸਥਾ ਵਿਚ ਜਾਣ ਦਿੰਦੇ ਸਨ।

ਆਪਣੀ ਇਲੈਕਸ਼ਨ 'ਸਟ੍ਰੈਟਜੀ' ਬਾਰੇ ਸੰਤ ਜੀ ਨੇ ਇਕ ਦਿਨ ਮੈਨੂੰ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਦੀ ਇਕ ਸੀਟ, ਸਿਟਿੰਗ ਕਮਿਊਨਿਸਟ ਐਮ.ਐਲ.ਏ. ਸ. ਸੰਪੂਰਨ ਸਿੰਘ ਧਨੌਲਾ ਦੀ ਮੌਤ ਕਾਰਨ ਖਾਲੀ ਹੋਈ ਸੀ। ਉਸ ਸੀਟ ਦੀ ਜ਼ਿਮਨੀ ਚੋਣ ਸੀ। ਸਦਾ ਦੀ ਤਰ੍ਹਾਂ ਇਹਨਾਂ ਚੋਣ ਜਲਸਿਆਂ ਵਿਚ ਸਰਦਾਰ ਕੈਰੋਂ ਨੇ ਸਰਕਾਰੀ ਵਸੀਲੇ ਵਰਤ ਕੇ ਲੋਕਾਂ ਦਾ ਭਾਰੀ ਇਕੱਠ ਕਰਨਾ ਤੇ ਆਪਣੀ ਪਾਰਟੀ ਦਾ ਪ੍ਰਾਪੇਗੰਡਾ ਕਰਨਾ। ਕਾਂਗਰਸ ਦੀਆਂ ਵਿਰੋਧੀ ਪਾਰਟੀਆਂ ਦਾ ਫੈਸਲਾ ਸੀ ਕਿ ਜਿਸ ਸੀਟ ਤੇ ਜੇਹੜੀ ਪਾਰਟੀ ਦਾ ਬੰਦਾ ਜਿੱਤਿਆ ਹੋਵੇ ਜਾਂ ਵਧ ਵੋਟਾਂ ਲਈਆਂ ਹੋਣ ਓਥੇ ਉਸ ਪਾਰਟੀ ਦਾ ਉਮੀਦਵਾਰ ਹੀ ਖੜ੍ਹਾ ਕੀਤਾ ਜਾਵੇ ਤੇ ਬਾਕੀ ਸਾਰੀਆਂ ਪਾਰਟੀਆਂ ਉਸ ਉਮੀਦਾਰ ਦੀ ਹੀ ਸਹਾਇਤਾ ਕਰਨ ਤਾਂ ਕਿ ਕਾਂਗਰਸ ਦਾ ਰਾਜ ਤੋਂ ਏਕਾਧਿਕਾਰ ਤੋੜਿਆ ਜਾ ਸਕੇ। ਇਸ ਫੈਸਲੇ ਅਨੁਸਾਰ ਏਥੇ ਕਮਿਊਨਿਸਟ ਪਾਰਟੀ ਦਾ ਉਮੀਦਵਾਰ ਚੋਣ ਲੜ ਰਿਹਾ ਸੀ ਤੇ ਬਾਕੀ ਸਾਰੀਆਂ ਪਾਰਟੀਆਂ ਉਸ ਦੀ ਸਹਾਇਤਾ ਕਰ ਰਹੀਆਂ ਸਨ। ਆਪਣੀ 'ਭਾਰੂ ਹੈਸੀਅਤ' ਕਾਰਨ ਇਸ ਚੋਣ ਮੁਹਿੰਮ ਵਿਚ ਸਭ ਤੋਂ ਵਧ ਹਿੱਸਾ ਸੰਤ ਜੀ ਹੀ ਪਾ ਰਹੇ ਸਨ। ਸੰਤ ਜੀ ਨੇ ਇਕ ਦਿਨ ਦੱਸਿਆ ਕਿ ਜਦੋਂ ਕਾਂਗਰਸ ਦੇ ਜਲਸੇ ਵਿਚ ਕੈਰੋਂ ਦਾ ਭਾਸ਼ਨ ਹੋ ਰਿਹਾ ਹੋਣਾ ਤਾਂ ਅਸੀਂ ਆਪਣੀ ਕਾਰ ਹੌਲ਼ੀ ਹੌਲ਼ੀ ਸਟੇਜ ਦੇ ਪਿੱਛੇ ਲੈ ਜਾਣੀ। ਜਦੋਂ ਸਰਦਾਰ ਕੈਰੋਂ ਨੇ 'ਜੈ ਹਿੰਦ' ਆਖ ਕੇ ਆਪਣੀ ਸਪੀਚ ਖ਼ਤਮ ਕਰਨੀ ਤਾਂ ਮੈ ਸਟੇਜ ਤੇ ਚੜ੍ਹ ਜਾਣਾ ਤੇ ਆਖਣਾ, "ਭਰਾਓ, ਤੁਸੀਂ ਸਰਕਾਰ ਦਾ ਪੱਖ ਸੁਣ ਲਿਆ ਹੈ। ਹੁਣ ਮੇਰੀ ਵੀ ਗੱਲ ਸੁਣ ਕੇ ਜਾਣਾ। ਲੋਕਾਂ ਨੇ ਸੁਣਨ ਲਈ ਬੈਠੇ ਰਹਿਣਾ ਤੇ ਮੈਂ ਆਪਣਾ ਪੱਖ ਦੱਸ ਕੇ ਲੋਕਾਂ ਦੇ ਵਿਚਾਰ ਬਦਲ ਦੇਣੇ।

ਸੀਟ ਤਾਂ ਸਰਕਾਰੀ ਸ਼ਕਤੀ ਨਾਲ਼ ਸਰਦਾਰ ਕੈਰੋਂ ਨੇ ਜਿੱਤ ਲਈ ਪਰ ਉਹ ਸੰਤ ਜੀ ਦੇ ਅਜਿਹੇ ਵਤੀਰੇ ਕਰਕੇ ਏਨਾ ਖਿਝ ਗਿਆ ਕਿ ਉਸ ਨੇ ਮਾਸਟਰ ਤਾਰਾ ਸਿੰਘ ਜੀ ਨੂੰ ਆਖ ਕੇ, ਸ਼੍ਰੋਮਣੀ ਕਮੇਟੀ ਵਿਚ ਪ੍ਰਧਾਨ ਦੇ ਖ਼ਿਲਾਫ਼ ਬੇਪਰਤੀਤੀ ਦਾ ਨੋਟਿਸ ਦਿਵਾ ਦਿਤਾ ਤੇ ਆਪਣਾ ਸਾਰਾ ਹੀ ਧੱਕੜ ਜੋਰ ਸੰਤ ਜੀ ਨੂੰ ਹਰਾਉਣ ਤੇ ਲਾ ਦਿਤਾ। ਕੋਈ ਵੀ ਕਸਰ ਨਾ ਛੱਡੀ ਪਰ ਸੰਤ ਜੀ ਦਾ ਸਿਤਾਰਾ ਅਜੇ ਦਸ ਕੁ ਸਾਲ ਹੋਣ ਚਮਕਣਾ ਸੀ। ੨ ਜੂਨ ਨੂੰ ਬੇਪਰਤੀਤੀ ਦੇ ਨੋਟਿਸ ਦਾ ਫੈਸਲਾ ਹੋਣਾ ਸੀ ਤੇ ੨੭ ਮਈ ਨੂੰ, ਦੇਸ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਮੌਤ ਹੋ ਗਈ। ਸਰਦਾਰ ਕੈਰੋਂ ਦੀ ਸ਼ਕਤੀ ਦਾ ਸੰਪੂਰਨ ਸੋਮਾ ਪੰਡਿਤ ਨਹਿਰੂ ਹੀ ਸੀ। ਉਸ ਦੀ ਮੌਤ ਕਾਰਨ ਉਸ ਨੂੰ ਖ਼ੁਦ ਹੱਥਾਂ ਪੈਰਾਂ ਦੀ ਪੈ ਗਈ ਤੇ ਉਹ ਸ਼੍ਰੋਮਣੀ ਕਮੇਟੀ ਬਾਰੇ ਆਪਣਾ ਧੱਕਾ ਵਰਤ ਸੱਕਣ ਦੀ ਜੁਰਅਤ ਨਾ ਕਰ ਸਕਿਆ। ਨਤੀਜੇ ਵਜੋਂ ਬੇਪਰਤੀਤੀ ਦਾ ਮਤਾ ਰੱਦ ਹੋ ਗਿਆ ਤੇ ਸੰਤ ਜੀ ਹੀ ਅਕਾਲੀਆਂ ਦੇ ਆਗੂ ਵਜੋਂ ਆਪਣੀ ਮੌਤ ਤੱਕ ਵਿਚਰਦੇ ਰਹੇ।

ਬਹੁਤ ਸਾਰੀਆਂ ਬੀਮਾਰੀਆਂ ਦਾ ਸ਼ਿਕਾਰ ਹੋਣ ਕਰਕੇ, ਅੰਮ੍ਰਿਤਸਰ ਰਿਹਾਇਸ਼ ਸਮੇ ਉਹਨਾਂ ਦੀ ਰੋਟੀ ਦੋਵੇਂ ਵੇਲ਼ੇ ਡਾ. ਭਗਤ ਸਿੰਘ ਦੇ ਘਰੋਂ ਬਣ ਕੇ ਆਇਆ ਕਰਦੀ ਸੀ ਤੇ ਉਹਨਾਂ ਦੇ ਸਾਥੀ ਤੇ ਸੇਵਾਦਾਰ ਲੰਗਰ ਵਿਚੋਂ ਰੋਟੀ ਖਾਇਆ ਕਰਦੇ ਸਨ। ਇਕ ਦਿਨ ਮੈਨੂੰ ਆਖਣ ਲੱਗੇ ਕਿ ਸਾਡੇ ਸਾਥੀ ਲੰਗਰ ਵਿਚੋਂ ਪ੍ਰਸ਼ਾਦਾ ਛਕਦੇ ਨੇ। ਇਹ ਸ਼ਾਇਦ ਕਮੇਟੀ ਦੇ ਤਨਖਾਹਦਾਰ ਮੁਲਾਜ਼ਮਾਂ ਵਾਸਤੇ ਚੰਗੀ ਮਿਸਾਲ ਨਾ ਹੋਵੇ। ਯਾਦ ਰਹੇ ਕਿ ਸੰਤ ਫ਼ਤਿਹ ਸਿੰਘ ਜੀ ਨਾਲ਼ ਸਾਰੇ ਸਾਥੀ ਬਿਨਾ ਤਨਖਾਹ ਹੀ ਸੇਵਾ ਕਰਦੇ ਸਨ। ਮੈ ਭਾਵੇਂ ਸ਼੍ਰੋਮਣੀ ਕਮੇਟੀ ਦਾ ਤਨਖਾਹਦਾਰ ਮੁਲਾਜ਼ਮ ਸਾਂ ਪਰ ਜਿੰਨਾ ਚਿਰ ਸੰਤ ਜੀ ਦੀ ਸੇਵਾ ਵਿਚ ਰਿਹਾ ਸ਼੍ਰੋਮਣੀ ਕਮੇਟੀ ਤੋਂ ਮੈਂ ਛੁੱਟੀ ਲੈ ਰੱਖੀ ਸੀ। ਮੈ ਆਖਿਆ ਕਿ ਤੁਸੀਂ ਆਪਣੀ ਅਗਵਾਈ ਤੇ ਕੁਰਬਾਨੀ ਨਾਲ਼ ਵਾਹਗੇ ਤੋਂ ਸ਼ੰਭੂ ਤੱਕ ਪੰਜਾਬੀ ਸੂਬੇ ਦੇ ਰੂਪ ਵਿਚ ਵਿਸ਼ਾਲ ਗੁਰਦੁਆਰਾ ਬਣਾ ਦਿਤਾ ਹੈ। ਕੀ ਤੁਹਾਡੇ ਸੇਵਾਦਾਰ ਲੰਗਰ ਵਿਚੋਂ ਰੋਟੀ ਵੀ ਨਹੀ ਖਾ ਸਕਦੇ! ਸੰਤ ਜੀ ਨੇ ਮੇਰੇ ਵਿਚਾਰ ਨਾਲ਼ ਸੰਮਤੀ ਪਰਗਟ ਕੀਤੀ।

ਕਦੀ ਵੀ ਸੰਤ ਜੀ ਆਪਣੀ ਵਿਰੋਧਤਾ ਜਾਂ ਵਿਰੋਧੀ ਹਾਲਾਤ ਦਾ ਆਪਣੇ ਉਪਰ ਮਾੜਾ ਅਸਰ ਨਹੀ ਸਨ ਪੈਣ ਦਿੰਦੇ। ਮਿਸਾਲ ਵਜੋਂ ਮੈਂ ਦੋ ਗੱਲਾਂ ਦਾ ਏਥੇ ਜ਼ਿਕਰ ਕਰਦਾ ਹਾਂ: ਇਕ ਵਾਰੀ ਜਦੋਂ ਪੰਜਾਬ ਅਸੈਂਬਲੀ ਦੀ ਗਵਰਨਰ ਵਾਲ਼ੀ ਗੈਲਰੀ ਵਿਚ ਸੰਤ ਜੀ ਆਪਣੇ ਕੁਝ ਸਾਥੀਆਂ ਨਾਲ਼ ਬੈਠੇ ਸਭਾ ਦੀ ਕਾਰਵਾਈ ਵੇਖ ਰਹੇ ਸਨ ਤਾਂ ਆਪ ਜੀ ਦੇ ਹੱਥ ਵਿਚ ਵਡੀ ਕ੍ਰਿਪਾਨ ਵੇਖ ਕੇ, ਇਕ ਜਵਾਨ ਕਾਂਗਰਸੀ ਮੈਬਰ ਬਲਬੀਰ ਸੈਣੀ ਨੇ ਇਤਰਾਜ਼ ਉਠਾਇਆ। ਇਸ ਦਾ ਵਿਸਥਾਰ ਮੈ ਇਕ ਹੋਰ ਲੇਖ ਵਿਚ ਦੇ ਚੁੱਕਾ ਹਾਂ ਪਰ ਸੰਤ ਜੀ ਉਸ ਨੌਜਵਾਨ ਮੈਂਬਰ ਦੇ ਇਤਰਾਜ਼ ਉਪਰ ਗੁੱਸਾ ਕਰਨ ਦੀ ਬਜਾਇ ਬੈਠੇ ਮੁਸਕ੍ਰਾਉਂਦੇ ਰਹੇ। ਭਾਵੇਂ ਅਗਲੇਰੇ ਦਿਨ ਉਹਨਾਂ ਨੇ ਵਿਸਥਾਰ ਸਹਿਤ ਇਕ ਲੇਖ ਖ਼ੁਦ ਲਿਖ ਕੇ ਅਖ਼ਬਾਰਾਂ ਵਿਚ ਛਪਵਾ ਦਿਤਾ।

ਇਕ ਹੋਰ ਵਾਕਿਆ ੧੯੬੭ ਦੇ ਨਵੰਬਰ ਮਹੀਨੇ ਦੇ ਚੌਥੇ ਹਫ਼ਤੇ ਦਾ ਹੈ। ੨੨ ਨਵੰਬਰ ਨੂੰ ਸ. ਲਛਮਣ ਸਿੰਘ ਗਿੱਲ ਸਾਂਝੀ ਸਰਕਾਰ ਨੂੰ ਠਿੱਬੀ ਮਾਰ ਕੇ ਖ਼ੁਦ ਮੁਖ ਮੰਤਰੀ ਬਣ ਗਿਆ। ਇਸ ਦਿਨ ਸਰਾਂ ਨੂੰ ਆਉਣ ਸਮੇ ਬ੍ਰਹਮ ਬੂਟਾ ਮਾਰਕੀਟ ਵਿਚ ਟ੍ਰੈਫ਼ਿਕ ਪੁਲੀਸਮੈਨ ਨੇ ਸੰਤ ਜੀ ਦੀ ਕਾਰ ਨੂੰ ਹੱਥ ਦੇ ਕੇ ਰੋਕ ਲਿਆ। ਨੌਜਵਾਨ ਡਰਾਈਵਰ ਸਾਢੇ ਕੁ ਅੱਠ ਮਹੀਨੇ ਦੀ ਅਕਾਲੀ ਸਰਕਾਰ ਸਮੇ ਪੁਲਿਸ ਵੱਲੋਂ ਮਿਲ਼ਨ ਵਾਲ਼ੇ ਸਤਿਕਾਰ ਦਾ ਆਦੀ ਬਣ ਚੁੱਕਿਆ ਹੋਇਆ ਸੀ। ਸਰਾਂ ਵਿਚ ਪਹੁੰਚਣ ਉਪ੍ਰੰਤ ਮੈ ਵੇਖਿਆ ਕਿ ਡਰਾਈਵਰ ਲੋਹਾ ਲਾਖਾ ਹੋਇਆ ਲਾਲ ਅੱਖਾਂ ਨਾਲ਼ ਪੁਲਿਸ ਵਾਲ਼ੇ ਨੂੰ ਬੁਰਾ ਭਲਾ ਬੋਲ ਰਿਹਾ ਸੀ। ਉਸ ਦੇ ਗੁੱਸੇ ਭਰੇ ਬੋਲ਼ ਸੁਣ ਕੇ ਸੰਤ ਜੀ ਮੁਸਕ੍ਰਾਈ ਜਾ ਰਹੇ ਸਨ ਤੇ ਕੋਈ ਗੁੱਸੇ ਵਾਲਾ ਪ੍ਰਤੀਕਰਮ ਪਰਗਟ ਨਹੀ ਸਨ ਕਰ ਰਹੇ। ਇਹ ਡਰਾਈਵਰ ਮੇਰੇ ਮਿੱਤਰ ਸ. ਗੁਰਬਚਨ ਸਿੰਘ ਜੀ ਸਨ ਜੋ ਕਿ ਸੰਤ ਜੀ ਦੀ ਕਾਰ ਚਲਾਉਣ ਦੀ ਬਿਨ ਤਨਖਾਹੋਂ ਸੇਵਾ ਕਰਨ ਦੇ ਨਾਲ਼ ਨਾਲ਼ ਉਹਨਾਂ ਨਾਲ਼ ਕੀਰਤਨ ਸਮੇ ਕਦੇ ਜੋੜੀ ਤੇ ਕਦੇ ਬੈਂਜੋ ਤੇ ਸਾਥ ਦਿਆ ਕਰਦੇ ਸਨ। ਕੱਦ ਭਾਵੇਂ ਉਹਨਾਂ ਦਾ ਪਤਲਾ ਤੇ ਨਿੱਕਾ ਹੀ ਸੀ ਪਰ ੩੮ ਬੋਰ ਦਾ

ਪਿਸਤੌਲ ਵੀ ਹਰ ਸਮੇ ਗਲ਼ ਵਿਚ ਪਾ ਕੇ ਰਖਦੇ ਸਨ। ਗੁਰਬਚਨ ਸਿੰਘ ਬੜਾ ਸੁਰੀਲਾ ਕੀਰਤਨ ਕਰਦੇ ਹਨ ਤੇ ਪ੍ਰਸਿਧ ਕੀਰਤਨੀਏ ਭਾਈ ਸਾਹਿਬ ਗੁਰਮੇਲ ਸਿੰਘ ਬੌਂਡਾ ਜੀ ਦੇ ਸਾਥੀ ਵਜੋਂ ਲੰਮਾ ਸਮਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾਉਣ ਉਪ੍ਰੰਤ, ਅੱਜ ਕਲ ਨਿਊ ਯਾਰਕ ਵਿਚ ਨਿਵਾਸ ਰੱਖਦੇ ਹਨ ਤੇ ਭਾਈ ਗੁਰਮੇਲ ਸਿੰਘ ਜੀ ਦੇ ਨਾਲ਼ ਹੀ ਸਾਰੇ ਸੰਸਾਰ ਵਿਚ ਵੱਸਦੀਆਂ ਗੁਰੂ ਕੀਆਂ ਸੰਗਤਾਂ ਨੂੰ ਮਨੋਹਰ ਕੀਰਤਨ ਸੁਣਾ ਕੇ ਨਿਹਾਲ ਕਰਦੇ ਹਨ। ਇਹਨਾਂ ਨਾਲ਼ ਜੋੜੀ ਉਪਰ ਸਾਥ ਭਾਈ ਕੁਲਦੀਪ ਸਿੰਘ ਜੀ ਦਿੰਦੇ ਹਨ। ਕੁਝ ਸਮਾ ਉਹ ਵੀ ਸੰਤ ਜੀ ਦੇ ਡਾਈਵਰ ਵਜੋਂ ਸੇਵਾ ਨਿਭਾਉਂਦੇ ਰਹੇ ਹਨ। ਮੇਰੇ ਤਿੰਨੇ ਹੀ ਮਿੱਤਰ ਹਨ ਤੇ ਮੈਨੂੰ ਵੱਡੇ ਭਰਾਵਾਂ ਵਾਂਗ ਮਾਣ ਦਿੰਦੇ ਹਨ।

੧੯੬੯ ਵਿਚ ਡਾ. ਜਗਜੀਤ ਸਿੰਘ ਦੀ ਚੁੱਕ ਵਿਚ ਆ ਕੇ ਜ. ਦਰਸ਼ਨ ਸਿੰਘ ਫੇਰੂਮਾਨ ਦੇ ਲੰਮੇ ਸਮੇ ਲਈ ਰੱਖੇ ਗਏ ਵਰਤ ਤੇ ਉਪ੍ਰੰਤ ਸ਼ਹੀਦੀ ਕਾਰਨ ਸੰਤ ਜੀ ਦੇ ਵਕਾਰ ਨੂੰ ਖਾਸੀ ਢਾਹ ਲੱਗੀ।

੧੯੭੧ ਵਿਚ ਸੰਤ ਜੀ ਦੀ ਅਗਵਾਈ ਵਿਚ ਦਿੱਲੀ ਦੇ ਗੁਰਦੁਆਰਿਆਂ ਨੂੰ ਸਰਕਾਰੀ ਕਬਜੇ ਤੋਂ ਮੁਕਤ ਕਰਵਾਉਣ ਲਈ ਮੋਰਚਾ ਲਾਇਆ ਹੋਇਆ ਸੀ। ਸੰਤ ਜੀ ਨੂੰ ਦਿੱਲੀ ਜਾਂਦਿਆਂ ਨਰੇਲੇ ਸਟੇਸ਼ਨ ਤੋਂ ਫੜ ਕੇ, ਦਿੱਲੀ ਵਿਚ ਜੇਹਲ ਅੰਦਰ ਬੰਦ ਕੀਤਾ ਹੋਇਆ ਸੀ ਤਾਂ ਕੇਂਦਰ ਨੇ ਪੰਜਾਬ ਸਰਕਾਰ ਤੋੜ ਕੇ ਗਵਰਨਰੀ ਰਾਜ ਲਾਗੂ ਕਰ ਦਿਤਾ। ਛੇ ਮਹੀਨੇ ਪਿੱਛੋਂ ਪੰਜਾਬ ਦੀਆਂ ਚੋਣਾਂ ਹੋਈਆਂ। ਅਕਾਲੀ ਦਲ ਦੇ ੨੪ ਹੀ ਜਿੱਤੇ ਤੇ ਇਕ ਸ. ਸੁਖਦੇਵ ਸਿੰਘ ਢੀਂਡਸਾ ਆਜ਼ਾਦ ਜਿੱਤ ਕੇ ਦਲ ਵਿਚ ਸ਼ਾਮਲ ਹੋ ਗਿਆ। ਇਸ ਤਰ੍ਹਾਂ ੧੦੪ ਵਿਚੋਂ ਦਲ ਦੇ ਪੰਜੀ ਹੋਏ।

ਬਾਦਲ ਨੂੰ ਸੰਤ ਜੀ ਨੇ ਦਲ ਦੀ ਅਸੈਂਬਲੀ ਪਾਰਟੀ ਦਾ ਆਗੂ ਬਣਾਉਣ ਦੀ ਬਜਾਇ, ਸ. ਜਸਵਿੰਦਰ ਸਿੰਘ ਬਰਾੜ ਨੂੰ ਬਣਾ ਦਿਤਾ। ਇਸ ਨਾਲ਼ ਦਲ ਦੇ ਖਾਸੇ ਹਿੱਸੇ ਵਿਚ ਨਾਰਾਜ਼ਗੀ ਜਿਹੀ ਪੈਦਾ ਹੋ ਗਈ। ਏਸੇ ਦੌਰਾਨ ਸੰਤ ਜੀ ਨੇ ਆਪਣੇ ਥਾਂ ਜ. ਮੋਹਨ ਸਿੰਘ ਤੁੜ ਨੂੰ ਸ਼੍ਰੋਮਣੀ ਅਕਾਲੀ ਦਾ ਵਰਕਿੰਗ ਪ੍ਰਧਾਨ ਬਣਾ ਦਿਤਾ। ਸਰਦਾਰ ਬਾਦਲ ਤੇ ਸਰਦਾਰ ਟੌਹੜਾ ਅੰਦਰੋ ਅੰਦਰੀ ਸੰਤ ਜੀ ਦੇ ਵਿਰੁਧ ਹੋ ਚੁੱਕੇ ਹੋਏ ਸਨ; ਬਾਹਰੋਂ ਭਾਵੇਂ ਅਜੇ ਏਕਤਾ ਦਾ ਹੀ ਵਿਖਾਲ਼ਾ ਕੀਤਾ ਜਾਂਦਾ ਸੀ। ਸ. ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਤਾਕਤ ਨਾਲ਼ ਸੰਤ ਜੀ ਨੂੰ ਮਜਬੂਰ ਕਰ ਦਿਤਾ ਕਿ ਉਸ ਨੂੰ ਹੀ ਅਸੈਂਬਲੀ ਪਾਰਟੀ ਦਾ ਲੀਡਰ ਬਣਾਇਆ ਜਾਵੇ। ਇਸ ਵਾਸਤੇ ਪਾਰਟੀ ਮੈਬਰਾਂ ਦੀ ਮੀਟਿੰਗ, ਅੰਮ੍ਰਿਤਸਰ ਵਿਚ ਗੁਰੂ ਨਾਨਕ ਨਿਵਾਸ ਦੀ ਜ਼ਮੀਨੀ ਮਨਜ਼ਲ ਤੇ ਕੀਤੀ ਗਈ। ਇਕ ਛੋਟੇ ਕਮਰੇ ਵਿਚ ਦੋਵੇਂ ਸੰਤ ਜੀ, ਸ. ਜਗਦੇਵ ਸਿੰਘ ਤਲਵੰਡੀ, ਸ. ਗੁਰਬਚਨ ਸਿੰਘ ਲਖਮੀਰਵਾਲਾ ਸੰਤ ਹਰਚੰਦ ਸਿੰਘ ਲੌਂਗੋਵਾਲ, ਸ. ਜਸਵਿੰਦਰ ਸਿੰਘ ਬਰਾੜ ਆਦਿ ਸਨ। ਮੇਰੇ ਖਿਆਲ ਵਿਚ ਉਸ ਕਮਰੇ ਅੰਦਰ ਪੰਜ ਚਾਰ ਹੀ ਐਮ.ਐਲ.ਏ. ਸਨ। ਦੂਜੇ ਪਾਸੇ ਵੱਡੇ ਕਮਰੇ ਵਿਚ ਸਰਦਾਰ ਬਾਦਲ ਨਾਲ ਭਾਰੀ ਬਹੁਸੰਮਤੀ ਮੈਂਬਰਾਂ ਦੀ ਸੀ। ਟੌਹੜਾ ਜੀ ਦੋਹਾਂ ਕਮਰਿਆਂ ਦਰਮਿਆਨ 'ਸ਼ਟਲ' ਦਾ ਕੰਮ ਕਰ ਰਹੇ ਸਨ। ਸਰਦਾਰ ਬਾਦਲ ਨਾਲ ਪ੍ਰਤੱਖ ਬਹੁਸੰਮਤੀ ਹੋਣ ਕਰਕੇ, ਉਸ ਨੂੰ ਪਾਰਟੀ ਦਾ ਆਗੂ ਬਣਾਉਣ ਬਿਨਾ ਹੋਰ ਕੋਈ ਚਾਰਾ ਨਹੀ ਸੀ ਰਿਹਾ। ਇਸ ਲਈ ਬਾਹਰੋਂ ਪੋਚਾ ਪਾਚੀ ਕਰੀ ਰੱਖਣ ਲਈ ਪਾਰਟੀ ਆਗੂ ਥਾਪਣ ਦੇ ਅਧਿਕਾਰ ਸੰਤ ਜੀ ਨੂੰ ਦੇ ਦਿਤੇ ਗਏ ਤੇ ਅਗਲੇ ਦਿਨ ਉਹਨਾਂ ਨੇ ਸਰਦਾਰ ਬਾਦਲ ਨੂੰ ਲੀਡਰ ਤੇ ਸਰਦਾਰ ਬਰਾੜ ਨੂੰ ਡਿਪਟੀ ਲੀਡਰ ਥਾਪਣ ਦਾ ਐਲਾਨ ਕਰ ਦਿਤਾ।

ਬਾਹਰੋਂ ਭਾਵੇਂ ਸੰਤ ਜੀ ਹੀ ਦਲ ਦੇ ਆਗੂ ਸਨ ਤੇ ਸ਼੍ਰੋਮਣੀ ਕਮੇਟੀ ਉਪਰ ਵੀ, ਸੰਤ ਚੰਨਣ ਸਿੰਘ ਜੀ ਦੇ ਪ੍ਰਧਾਨ ਹੋਣ ਕਰਕੇ, ਉਹਨਾਂ ਦਾ ਮੁਕੰਮਲ ਕੰਟਰੋਲ ਸੀ, ਪਰ ਇਸ ਸਮੇ ਅੰਦਰਖਾਤੇ ਤਾਕਤ ਉਪਰੋਂ ਉਹਨਾਂ ਦੀ ਪਕੜ ਕੁਝ ਢਿੱਲੀ ਜਿਹੀ ਪੈਂਦੀ ਅਨੁਭਵ ਕਰਕੇ ਉਹ ਕੁਝ ਵਿਚਲਤ ਜਿਹੇ ਹੋ ਗਏ ਸਨ। ਇਸ ਹਾਲਤ ਵਿਚ ਹੀ ਇਕ ਲੇਖ ਉਹਨਾਂ ਦੇ ਨਾਂ ਥੱਲੇ ਉਹਨਾਂ ਦੇ ਆਪਣੇ ਅਖ਼ਬਾਰ 'ਕੌਮੀ ਦਰਦ' ਵਿਚ ਛਪ ਗਿਆ। ਉਹ ਜਦੋਂ ਮੈ ਪੜ੍ਹਿਆ ਤਾਂ ਮੈਨੂੰ ਯਕੀਨ ਨਾ ਆਇਆ ਕਿ ਅਜਿਹਾ ਲੇਖ ਸੰਤ ਜੀ ਖ਼ੁਦ ਲਿਖ ਸਕਦੇ ਹਨ। ਮੈ ਏਹੋ ਸਮਝਿਆ ਕਿ ਕਿਸੇ ਸ਼ਰਾਰਤੀ ਨੇ ਇਹ ਸੰਤ ਜੀ ਦੇ ਨਾਂ ਉਪਰ ਲਿਖ ਕੇ ਛਪਵਾ ਦਿਤਾ ਹੈ। ਮੈਨੂੰ 'ਕੌਮੀ ਦਰਦ' ਦੇ ਪ੍ਰਬੰਧਕਾਂ ਤੇ ਬੜਾ ਗੁੱਸਾ ਆਇਆ ਕਿ ਉਹਨਾਂ ਨੇ ਇਹ ਲੇਖ ਆਪਣੀ ਅਖ਼ਬਾਰ ਵਿਚ ਕਿਉਂ ਛਪਣ ਦਿਤਾ! ਓਸੇ ਵੇਲ਼ੇ ਉਹ ਲੇਖ ਲੈ ਕੇ ਮੈ ਅੰਮ੍ਰਿਤਸਰੋਂ ਬੱਸ ਰਾਹੀਂ ਬੁਢਾ ਜੌਹੜ ਪਹੁੰਚ ਕੇ, ਸੰਤ ਚੰਨਣ ਸਿੰਘ ਜੀ ਨੂੰ ਪੜ੍ਹ ਕੇ ਸੁਣਾਇਆ ਤੇ 'ਕੌਮੀ ਦਰਦ' ਦੇ ਪ੍ਰਬੰਧਕਾਂ ਦੇ ਕੰਨ ਖਿੱਚਣ ਲਈ ਆਖਿਆ ਤੇ ਆਪਣੇ ਵਿਚਾਰ ਵੀ ਜੋਰਦਾਰ ਸ਼ਬਦਾਂ ਵਿਚ ਪਰਗਟ ਕਰ ਦਿਤੇ ਕਿ ਇਹ ਲੇਖ ਸੰਤ ਜੀ ਦਾ ਨਹੀ ਹੋ ਸਕਦਾ। ਕਿਸੇ ਸ਼ਰਾਰਤੀ ਦਾ, ਸੰਤ ਜੀ ਦੀ ਨਾਂ ਤੇ ਲਿਖਿਆ ਹੋਇਆ ਹੈ। ਸੰਤ ਚੰਨਣ ਸਿੰਘ ਜੀ ਮੇਰੇ ਵਿਚਾਰਾਂ ਨਾਲ਼ ਸਹਿਮਤ ਸਨ ਪਰ ਇਸ ਲੇਖ ਬਾਰੇ ਮੁੜ ਕੋਈ ਹਿੱਲ ਜੁੱਲ ਨਾ ਹੋਈ। ਇਸ ਤੋਂ ਮੈਂ ਅੰਦਾਜ਼ਾ ਜਿਹਾ ਲਾ ਲਿਆ ਕਿ ਸ਼ਾਇਦ ਇਹ ਲੇਖ ਸੰਤ ਜੀ ਨੇ ਆਪ ਹੀ ਲਿਖਿਆ ਹੋਵੇ। ਉਸ ਵਿਚ ਸ. ਬਾਦਲ ਤੇ ਸ. ਟੌਹੜਾ ਜੀ ਬਾਰੇ ਵੀ ਕੋਈ ਚੰਗੇ ਸ਼ਬਦ ਨਹੀ ਸਨ ਬਲਕਿ ਅਸਿਧੇ ਤੌਰ ਤੇ ਵਿਅੰਗਮਈ ਸ਼ਬਦਾਂ ਵਿਚ ਉਹਨਾਂ ਦੀ ਨਿਖੇਧੀ ਜਿਹੀ ਹੀ ਸੀ।

ਇਸ ਤਰ੍ਹਾਂ ਸੰਤ ਜੀ ਪੰਜਾਬ, ਅਕਾਲੀ ਦਲ ਅਤੇ ਸਿੱਖ ਪੰਥ ਦੀ ਮੋਹਰਲੀ ਕਤਾਰ ਵਿਚ ਵਿਚਰਦੇ ਹੋਏ, ਧਾਰਮਿਕ, ਵਿਦਿਅਕ, ਸਮਾਜਕ, ਆਦਿ ਵੱਖ ਵੱਖ ਖੇਤਰਾਂ ਵਿਚ ਆਪਣਾ ਭਰਪੂਰ ਹਿੱਸਾ ਪਾ ਕੇ, ੬੧ ਕੁ ਸਾਲ ਦੀ ਉਮਰ ਵਿਚ, ੧੯੭੨ ਦੇ ਅਕਤੂਬਰ ਮਹੀਨੇ ਦੀ ੩੦ ਤਰੀਕ ਨੂੰ, ਇਸ ਅਸਾਰ ਸੰਸਾਰ ਤੋਂ ਸਰੀਰ ਕਰਕੇ ਅਲੋਪ ਹੋ ਗਏ। ਮਹੀਨੇ ਕੁ ਪਿੱਛੋਂ ਹੀ ਉਹਨਾਂ ਦੇ ਸਾਰੇ ਕਾਰਜਾਂ ਦੇ ਅਮਲੀ ਪ੍ਰਬੰਧਕ, ਸੰਤ ਚੰਨਣ ਸਿੰਘ ਜੀ ਵੀ ਸੰਸਾਰ ਛੱਡ ਗਏ। ਇਸ ਤਰ੍ਹਾਂ ਸਿੱਖ ਪੰਥ ਦੀ ਅਗਵਾਈ 'ਸੰਤ ਯੁੱਗ'

ਤੋਂ ਸਰਦਾਰ ਤੁੜ, ਸਰਦਾਰ ਟੌਹੜਾ, ਸਰਦਾਰ ਤਲਵੰਡੀ, ਸਰਦਾਰ ਬਾਦਲ ਆਦਿ ਦੇ ਹੱਥ ਆਉਣ ਕਰਕੇ 'ਸਰਦਾਰ ਯੁੱਗ' ਦੇ ਰੂਪ ਵਿਚ ਬਦਲ ਗਈ। (ਮਾਰਚ ੧੯, ੨੦੧੧)

# ਚਲਾਣਾ ਜਥੇ: ਗੁਰਚਰਨ ਸਿੰਘ ਟੌਹੜਾ ਜੀ ਦਾ

(ਯਾਦਾਂ ਵਿਚੋਂ)

"ਵਾਰੀ ਆਪੋ ਆਪਣੀ" ਅਨੁਸਾਰ ਹਰੇਕ ਵਿਅਕਤੀ ਨੇ ਇਸ ਸੰਸਾਰ ਤੋਂ ਜਾਣਾ ਹੀ ਹੁੰਦਾ ਹੈ ਤੇ ਸ. ਗੁਰਚਰਨ ਸਿੰਘ ਟੌਹੜਾ ਜੀ ਵੀ, ਅੱਠ ਦਹਾਕੇ ਇਸ ਦੁਨੀਆਂ ਅੰਦਰ ਵਿਚਰ ਕੇ, ਜੁਮੇ ਲਗੀ ਜੁਮੇਵਾਰੀ ਨਿਭਾ ਕੇ, ਇਕੱਤੀ ਮਾਰਚ ਤੇ ਪਹਿਲੀ ਅਪ੍ਰੈਲ ਦੀ ਅਧੀ ਰਾਤ ਨੂੰ, ਪ੍ਰਲੋਕ ਸਿਧਾਰ ਗਏ ਹਨ। ਇਕ ਪਰਵਾਰਕ ਸਰਗਰਮੀਆਂ ਤੱਕ ਸੀਮਤ ਰਹਿਣ ਵਾਲੇ ਵਿਅਕਤੀ ਦੀਆਂ ਗ਼ਲਤੀਆਂ ਤੇ ਦਰੁਸਤੀਆਂ ਦਾ ਮਾੜਾ ਤੇ ਚੰਗਾ ਅਸਰ ਉਸ ਦੇ ਪਰਵਾਰ ਨੂੰ ਹੀ ਪ੍ਰਭਾਵਤ ਕਰਦਾ ਹੈ ਪਰ ਇਕ ਕੌਮੀ ਆਗੂ ਦਾ ਮਾੜਾ ਜਾਂ ਚੰਗਾ ਅਸਰ ਕੌਮ ਦੇ ਜੀਵਨ ਤੇ ਪੈਂਦਾ ਹੈ। ਸਰਦਾਰ ਟੌਹੜਾ ਜੀ ਕਿਉਂਕਿ ਇਕ ਕੌਮੀ ਆਗੂ ਸਨ ਇਸ ਲਈ ਕੌਮ ਦੇ ਹਰ ਵਿਅਕਤੀ ਦਾ ਇਹ ਹੱਕ ਹੈ ਕਿ ਉਹਨਾਂ ਸਬੰਧੀ ਉਹ ਜਿਹੋ ਜਿਹੇ ਵੀ ਚਾਹੇ ਵਿਚਾਰ ਰੱਖੇ ਅਤੇ ਉਹਨਾਂ ਨੂੰ ਪਰਗਟ ਕਰਨ ਦਾ ਵੀ ਉਸ ਨੂੰ ਪੂਰਾ ਹੱਕ ਹੈ। ਇਸ ਲਈ ਬਹੁਤ ਸਾਰੇ ਵਿਅਕਤੀਆਂ ਨੇ ਆਪਣੇ ਵਿਚਾਰ ਵਿਅਕਤ ਕੀਤੇ ਹਨ। ਜਿਥੇ ਬਹੁਤ ਸਾਰਿਆਂ ਨੇ ਸਰਦਾਰ ਟੌਹੜਾ ਜੀ ਦੇ ਕਾਰਜਾਂ ਦੀ ਪ੍ਰਸੰਸਾ ਕੀਤੀ ਹੈ ਓਥੇ ਕੁਝ ਕੁ ਨੇ ਬੜੀ ਬੇਬਾਕੀ ਨਾਲ਼ ਉਹਨਾਂ ਦੀ ਨਿਖੇਧੀ ਵੀ ਕੀਤੀ ਹੈ। ਮੈਂ ਕਿਸੇ ਹੋਰ ਦੇ ਵਿਚਾਰਾਂ ਤੋਂ ਪ੍ਰਭਾਵਤ ਹੋਏ ਬਿਨਾ, ਸਿਰਫ ਆਪਣੀ ਜਾਣਕਾਰੀ ਦੇ ਆਧਾਰ ਤੇ ਹੀ ਕੁਝ ਕਹਿਣ ਦਾ ਯਤਨ ਕੀਤਾ ਹੈ।

ਮੇਰੀ ਪਹਿਲਾਂ ਪਹਿਲ ਜਾਣ ਪਛਾਣ ਸਰਦਾਰ ਟੌਹੜਾ ਜੀ ਨਾਲ਼, ੧੯੬੪ ਵਿਚ, ਓਦੋਂ ਸ਼ੁਰੂ ਹੋਈ ਜਦੋਂ ਕਿ ਜੀਂਦ ਤੋਂ ਬਦਲੀ ਕਰਵਾ ਕੇ, ਸ਼੍ਰੋਮਣੀ ਕਮੇਟੀ ਦੇ ਇਕ ਮਾਮੂਲੀ ਜਿਹੇ ਮੁਲਾਜ਼ਮ ਦੀ ਹੈਸੀਅਤ ਵਿਚ, ਮੈਂ ਪਟਿਆਲੇ ਆਇਆ। ਉਸ ਸਮੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਂ ਭਾਵੇਂ ਸਵੱਰਗੀ ਸੰਤ ਚੰਨਣ ਸਿੰਘ ਜੀ ਸਨ ਪਰ ਜ਼ਿਲ੍ਹਾ ਪਟਿਆਲਾ ਦੇ ਸਾਰੇ ਗੁਰਦੁਆਰਿਆਂ ਦੇ ਅਮਲੀ ਤੌਰ ਤੇ ਪ੍ਰਬੰਧਕ ਸਰਦਾਰ ਟੌਹੜਾ ਜੀ ਹੀ ਸਨ।

ਸ਼ੁਰੂ ਸ਼ੁਰੂ ਵਿਚ ਜਦੋਂ ਇਕ ਵਾਰੀ, ਇਸ ਸੇਵਾ ਦੌਰਾਨ, ਮੈਂ ਉਹਨਾਂ ਦੇ ਸੰਪਰਕ ਵਿਚ ਆਇਆ ਤੇ ਉਹਨਾਂ ਦਾ ਆਪਣੇ ਪ੍ਰਤੀ ਰਵੱਈਆ ਮੈਨੂੰ ਕੁਝ ਜਚਿਆ ਨਾ। ਸ਼ਾਇਦ ਉਹਨਾਂ ਦਾ ਮੇਰੇ ਪ੍ਰਤੀ ਅਜਿਹੇ ਠੰਡੇ ਰਵੱਈਏ ਦਾ ਕਾਰਨ, ਉਸ ਸਮੇ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਵੱਲੋਂ, ਪਟਿਆਲੇ ਵਿਖੇ ਮੇਰੀ ਬਦਲੀ ਕਰਨ ਤੋਂ ਪਹਿਲਾਂ ਉਹਨਾਂ ਤੋਂ ਸਲਾਹ ਦਾ ਨਾ ਲਏ ਜਾਣਾ ਹੋਵੇ ਜਾਂ ਕੁਝ ਹੋਰ ਕਾਰਨ ਵੀ ਹੋ ਸਕਦਾ ਹੈ।

ਗੱਲ ਆਈ ਗਈ ਹੋ ਗਈ। ੧੯੬੪ ਵਿਚ ਅਜਿਹਾ ਸਮਾ ਆਇਆ ਕਿ ਉਹਨਾਂ ਦੀ ਵਡੱਤਣ ਦਾ ਮੇਰੇ ਉਤੇ ਕੁਝ ਚੰਗਾ ਜਿਹਾ ਪ੍ਰਭਾਵ ਪਿਆ। ਗੱਲ ਇਉਂ ਹੋਈ: ਓਦੋਂ ਪੰਜਾਬ ਲੈਜਿਸਲੇਟਿਵ ਕੌਂਸਲ ਅਜੇ ਜੀਂਦੀ ਸੀ। ਉਸ ਦੇ ਇਕ ਮੈਂਬਰ ਦੀ ਚੋਣ ਪਟਿਆਲਾ ਜ਼ਿਲੇ ਦੇ ਲੋਕਲ ਬਾਡੀਜ਼ ਦੇ ਹਲਕੇ ਤੋਂ ਹੋਣੀ ਸੀ। ਉਸ ਲਈ, ਕਾਂਗਰਸ ਦੇ ਉਮੀਦਵਾਰ ਸ. ਭਗਵੰਤ ਸਿੰਘ ਸਿਧੂ ਐਡਵੋਕੇਟ, ਜੋ ਕਿ ਪ੍ਰਸਿਧ ਕ੍ਰਿਕਟ ਖਿਡਾਰੀ ਸ. ਨਵਜੋਤ ਸਿੰਘ ਸਿਧੂ ਐਮ.ਪੀ. ਦੇ ਪਿਤਾ ਹਨ, ਦੇ ਮੁਕਾਬਲੇ ਤੇ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸਰਦਾਰ ਟੌਹੜਾ ਜੀ ਉਮੀਦਵਾਰ ਸਨ। ਗਿਣਤੀ ਉਪ੍ਰੰਤ, ਪਟਿਆਲਾ ਡਵੀਯਨ ਦੇ ਕਮਿਸ਼ਨਰ ਦੇ ਦਫ਼ਤਰ ਵਿਚੋਂ ਦੋਵੇਂ ਜਣੇ ਇਕੱਠੇ ਬਾਹਰ ਆਏ। ਸਰਦਾਰ ਟੋਹੜਾ ਜੀ ਨੇ ਮੁਸਕ੍ਰਾਹਟ ਭਰੇ ਚੇਹਰੇ ਨਾਲ਼ ਐਲਾਨ ਕੀਤਾ, "ਸ. ਭਗਵੰਤ ਸਿੰਘ ਜੀ ਸਿਧੂ ਤਿੰਨ ਵੋਟਾਂ ਦੇ ਵਾਧੇ ਨਾਲ਼ ਚੋਣ ਜਿੱਤ ਗਏ ਹਨ। ਇਸ ਜਿੱਤ ਦੀ ਮੈ ਇਹਨਾਂ ਨੂੰ ਵਧਾਈ ਦਿੰਦਾ ਹਾਂ।" ਤੇ ਮੁਸਕ੍ਰਾਉਂਦੇ ਹੋਏ ਚੇਹਰੇ ਨਾਲ਼, ਇਸ ਏਡੀ ਵੱਡੀ ਹਾਰ ਉਪ੍ਰੰਤ ਵੀ ਸਾਥੀਆਂ ਨਾਲ਼ ਓਥੋਂ ਇਸ ਤਰ੍ਹਾਂ ਤੁਰ ਆਏ ਜਿਵੇਂ ਕਿ ਇਹ ਇਕ ਮਾਮੂਲੀ ਘਟਨਾ ਹੀ ਹੋਵੇ।

੧੯੬੭ ਤੋਂ ਲੈ ਕੇ ੧੯੭੩, ਤੱਕ ਟੌਹੜਾ ਜੀ ਦੇ ਪ੍ਰਧਾਨ ਬਣਨ ਤੇ ਮੇਰੇ ਬਾਹਰ ਆਉਣ ਦੇ ਸਮੇ ਤੱਕ, ਸ਼੍ਰੋਮਣੀ ਅਕਾਲੀ ਦਲ ਦੀ ਹਾਈ ਕਮਾਂਡ, ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਤੇ ਜਨਰਲ ਮੀਟਿੰਗਾਂ ਦੌਰਾਨ ਉਹਨਾਂ ਵੱਲੋਂ ਨਿਰਪੱਖ ਵਿਚਾਰਾਂ ਦੁਆਰਾ ਪਾਇਆ ਯੋਗਦਾਨ 'ਹਾਂ ਪੱਖੀ' ਸੀ। ਇਹਨਾਂ ਸਾਰੀਆਂ ਸਰਗਰਮੀਆਂ ਵਿਚ ਮੈਂ ਸੰਤ ਚੰਨਣ ਸਿੰਘ ਜੀ ਪ੍ਰਧਾਨ ਸਾਹਿਬ ਦੇ ਪੀ.ਏ. ਵਜੋਂ ਸ਼ਾਮਲ ਹੁੰਦਾ ਰਿਹਾ ਤੇ ਟੌਹੜਾ ਸਾਹਿਬ ਜੀ ਇਕ ਮਹੱਤਵਪੂਰਣ ਚੁਣੇ ਹੋਏ ਮੈਂਬਰ ਵਜੋਂ। ਸ. ਟੌਹੜਾ ਜੀ ਦੀ ਨਿਰਪੱਖਤਾ ਦਾ ਮੈਂ ਓਦੋਂ ਹੋਰ ਵੀ ਵਧੇਰੇ ਕਾਇਲ ਹੋਇਆ ਜਦੋਂ ੧੯੬੯ ਦੀਆਂ ਪੰਜਾਬ ਅਸੈਂਬਲੀ ਦੇ ਅਕਾਲੀ ਉਮੀਦਵਾਰਾਂ ਨੂੰ ਟਿਕਟਾਂ ਦੇਣ ਲਈ, ਇਕ ਦਿਨ ਵਾਸਤੇ, ਇੰਟਰਵੀਊ ਲੈਣ ਵਾਲ਼ੀ ਕਮੇਟੀ ਵਿਚ, ਸ. ਟੌਹੜਾ ਇਕ ਮੈਂਬਰ ਵਜੋਂ ਤੇ ਮੈਂ ਸੈਕ੍ਰੇਟਰੀ ਵਜੋਂ ਸ਼ਾਮਲ ਹੋਏ। ਸ. ਟੌਹੜਾ ਜੀ ਦੀ ਪੰਜਾਬ ਦੇ ਹਰੇਕ ਅਸੈਂਬਲੀ ਹਲਕੇ, ਹਰੇਕ ਉਮੀਦਵਾਰ ਬਾਰੇ ਜਾਣਕਾਰੀ, ਉਸ ਦੇ ਜਿੱਤਣ ਦੀ ਸੰਭਾਵਨਾ ਬਾਰੇ ਜਾਣਕਾਰੀ ਤੇ ਉਸ ਨੂੰ ਬੇਲਾਗਤਾ ਨਾਲ਼ ਢੁਕਵੇਂ ਸ਼ਬਦਾਂ ਵਿਚ ਬਿਆਨ ਕਰਨ ਦੀ ਯੋਗਤਾ ਦਾ ਮੈਂ ਕਾਇਲ ਹੋਣ ਤੋਂ ਬਿਨਾ ਨਾ ਰਹਿ ਸਕਿਆ।

ਸਮਾ ਗੁਜ਼ਰਦਾ ਗਿਆ। ਟੌਹੜਾ ਜੀ ਸਿੱਖਾਂ ਦੀਆਂ ਵੋਟਾਂ ਰਾਹੀਂ ਇਲੈਕਟ ਹੋ ਕੇ ਤੇ ਮੈਂ ਇਕ ਮਾਮੂਲੀ ਇੰਪਲਾਈ ਵਜੋਂ ਸਿੱਖ ਧਾਰਮਿਕ ਤੇ ਸਿਆਸੀ ਹਲਕਿਆਂ ਵਿਚ ਜੁਮੇ ਲੱਗੀ ਸੇਵਾ ਨਿਭਾਉਂਦੇ ਰਹੇ। ੧੯੭੨ ਦੇ ਅੰਤ ਵਿਚ ਦੋਹਾਂ ਸੰਤ ਜੀਆਂ, ਸੰਤ ਫ਼ਤਿਹ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਚੰਨਣ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ, ਇਕ ਮਹੀਨੇ ਦੇ ਵਕਫ਼ੇ ਵਿਚ ਹੀ, ਅਕਾਲ ਚਲਾਣਾ ਕਰ ਜਾਣ ਤੇ ਸਿੱਖ ਲੀਡਰਸ਼ਿਪ ਵਿਚ ਇਕ ਖਲਾ ਪੈਦਾ ਹੋ ਗਿਆ। ਇਸ ਸਥਿਤੀ ਨੂੰ ਗੁਰਦੁਆਰਾ ਬੇਰ ਸਾਹਿਬ, ਸੁਲਤਾਨਪੁਰ ਲੋਧੀ ਦੇ ਮੱਸਿਆ ਦੇ ਭਰੇ ਦੀਵਾਨ ਵਿਚ ਮੈ, "ਸੰਤ ਯੁਗ ਬੀਤ ਗਿਆ ਹੈ ਤੇ ਹੁਣ ਜਥੇਦਾਰ ਯੁਗ ਦਾ ਆਰੰਭ ਹੁੰਦਾ ਹੈ" ਆਖਿਆ ਸੀ।

ਸਰਦਾਰ ਟੌਹੜਾ ਜੀ ਨੇ, ੬ ਜਨਵਰੀ ੧੯੭੩ ਨੂੰ ਆਮ ਪ੍ਰੈਕਟਿਸ ਅਨੁਸਾਰ, ਜੋੜ-ਤੋੜ ਦੀ ਰਾਜਨੀਤੀ ਨਾਲ਼, ਐਕਟਿੰਗ ਪ੍ਰਧਾਨ ਸ. ਕ੍ਰਿਪਾਲ ਸਿੰਘ ਚੱਕ ਸ਼ੇਰਾਂਵਾਲ਼ਾ ਤੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਚਾਰਜ ਸੰਭਾਲ਼ ਲਿਆ। ਪ੍ਰਧਾਨਗੀ ਦਾ ਕਲਮਦਾਨ ਸੰਭਾਲ਼ਦਿਆਂ ਹੀ ਉਹਨਾਂ ਨੇ ਪ੍ਰਚਾਰਕਾਂ ਦੀ ਇਕੱਤਰਤਾ ਸੱਦੀ। ਉਹਨਾਂ ਦਿਨਾਂ ਵਿਚ ਇਸ ਗੱਲ ਦਾ ਬੜਾ ਚਰਚਾ ਸੀ ਕਿ ਮੌਜੂਦਾ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ, ਸ. ਦਵਿੰਦਰਬੀਰ ਸਿੰਘ ਜੀ ਪ੍ਰਧਾਨ ਜੀ ਦੇ ਪੀ.ਏ. ਬਣ ਰਹੇ ਹਨ ਕਿਉਂਕਿ ਉਹਨੀਂ ਦਿਨੀਂ ਉਹ ਹਰ ਸਮੇ ਟੌਹੜਾ ਸਾਹਿਬ ਦੇ ਨਾਲ਼ ਰਹਿੰਦੇ ਸਨ। ਸਰਦਾਰ ਦਵਿੰਦਰਬੀਰ ਸਿੰਘ, ਸਰਦਾਰ ਬਲਵੰਤ ਸਿੰਘ ਰਾਮੂਵਾਲ਼ੀਆ ਵਾਂਗ ਹੀ, ਪੰਜਾਬੀ ਦੇ ਬਹੁਤ ਵਧੀਆ ਸਪੀਕਰ ਹਨ। ਉਹਨਾਂ ਨੇ ਉਸ ਪ੍ਰਚਾਰਕਾਂ ਦੀ ਇੱਕਤਰਤਾ ਵਿਚ ਕੀਤੀ ਆਪਣੀ ਪ੍ਰਭਾਵਸ਼ਾਲੀ ਸਪੀਚ ਵਿਚ ਕੁਝ ਅਜਿਹੀਆਂ ਗੱਲਾਂ ਕੀਤੀਆਂ ਜੋ ਕਿ ਮੇਰੇ ਮਿੱਤਰ ਸਰਦਾਰ ਰਾਮੂਵਾਲ਼ੀਆ ਜੀ ਦੇ ਖ਼ਿਲਾਫ਼ ਮੈਨੂੰ ਜਾਪੀਆਂ। ਉਹਨਾਂ ਦੇ ਭਾਸ਼ਨ ਸਮਾਪਤ ਕਰਦਿਆਂ ਹੀ, ਬਿਨਾ ਆਗਿਆ ਪ੍ਰਾਪਤੀ ਦੇ ਉਠ ਕੇ ਮੈ ਗਰਮਾ ਗਰਮ ਆਪਣਾ ਗ਼ੁਬਾਰ ਕਢ ਦਿਤਾ। ਜ਼ੁੰਮੇਵਾਰ ਸਟਾਫ਼ ਅਰਥਾਤ ਸਕੱਤਰਾਂ ਦੇ ਦੰਦ ਜੁੜ ਗਏ। ਉਹ ਸਰਦਾਰ ਟੌਹੜਾ ਵੱਲ ਵੇਖਣ ਲੱਗ ਪਏ। ਪਰ ਸਰਦਾਰ ਟੌਹੜਾ ਜੀ ਨੇ ਬੜੇ ਹੀ ਠਰ੍ਹੰਮੇ ਨਾਲ਼ ਮੇਰੀ ਸਪੀਚ ਦਾ ਜਵਾਬ ਦਿਤਾ ਤੇ ਇਹ ਵੀ ਉਹਨਾਂ ਨੇ ਆਖਿਆ ਕਿ ਉਹ ਮੇਰੇ ਵੱਲੋਂ ਉਠਾਏ ਗਏ ਨੁਕਤਿਆਂ ਦੀ ਪੜਤਾਲ ਕਰਵਾਉਣਗੇ।

ਇਹਨਾਂ ਹੀ ਦਿਨਾਂ ਵਿਚ ਮੈਨੂੰ ਸਿੱਖ ਐਸੋਸੀਏਸ਼ਨ, ਮਲਾਵੀ ਤੋਂ ਦੋ ਸਾਲਾਂ ਦਾ ਵਰਕਿੰਗ ਵੀਜ਼ਾ ਅਤੇ ਸਮੇਤ ਪਰਵਾਰ ਹਵਾਈ ਟਿਕਟਾਂ ਪਹੁੰਚ ਗਈਆਂ। ੧੯੬੪ ਤੋਂ ਦਾਤੇ ਦਾ ਸਾਜਿਆ, "ਦੁਨੀ ਸੁਹਾਵਾ ਬਾਗੁ॥" ਵੇਖਣ ਦੀ ਲਾਲਸਾ ਵਿਚ, ਸਿੱਕਾਂ ਸਿੱਕਦਿਆਂ ਮੇਰੇ ਵਾਸਤੇ ਇਹ ਰੱਬੋਂ ਬਖ਼ਸ਼ਿਆ ਸੁਨਹਿਰੀ ਮੌਕਾ ਸੀ। ਇਸ ਨੂੰ ਮੈਂ ਕਿਸੇ ਵੀ ਹਾਲਤ ਵਿਚ ਹੱਥੋਂ ਗਵਾਉਣਾ ਨਹੀ ਸੀ ਚਾਹੁੰਦਾ। ਸੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਕਲਾਸ, 'ਆਦਿ ਗ੍ਰੰਥ ਅਚਾਰੀਆ' (ਐਮ.ਏ. ਇਨ ਸਿੱਖ ਸੱਟਡੀਜ਼), ਸ਼੍ਰੋਮਣੀ ਕਮੇਟੀ ਦੀ ਪ੍ਰਚਾਰਕ ਦੀ ਨੌਕਰੀ, ਸ਼੍ਰੋਮਣੀ ਅਕਾਲੀ ਦੇ ਪ੍ਰਧਾਨ, ਜਥੇਦਾਰ ਮੋਹਣ ਸਿੰਘ ਤੁੜ ਵੱਲੋਂ ਆਪਣਾ ਪੀ.ਏ. ਬਣਾਉਣ ਦੀ ਪੇਸ਼ਕਸ਼; ਤਿੰਨਾਂ ਹੀ ਲਾਲਚਾਂ ਨੂੰ ਛੱਡ ਕੇ ਮੈ ਮਲਾਵੀ ਜਾਣਾ ਯੋਗ ਸਮਝਿਆ। ਜਾਣ ਤੋਂ ਪਹਿਲਾਂ ਸੋਚਿਆ ਕਿ ਆਪਣੀ ਮਾਂ-ਜਥੇਬੰਦੀ ਨਾਲ਼ ਏਡੀ ਛੇਤੀ ਤੋੜ-ਵਿਛੋੜਾ ਵੀ ਚੰਗਾ ਨਹੀ; ਇਸ ਲਈ ਅਸਤੀਫ਼ੇ ਨਾਲ਼ੋਂ ਇਕ ਸਾਲ ਦੀ ਬਿਨਾ ਤਨਖਾਹ ਛੁੱਟੀ, ਜੋ ਕਿ ਮੇਰਾ ਹੱਕ ਬਣਦਾ ਸੀ, ਪ੍ਰਾਪਤ ਕਰ ਲਈ ਜਾਵੇ। ਹੁਣ ਕੋਈ ਸਕੱਤਰ ਮੇਰੀ ਛੁੱਟੀ ਦੀ ਦਰਖ਼ਾਸਤ ਨਾ ਫੜੇ। ਉਹ ਸਮਝਣ ਕਿ ਮੈਂ ਸਰਦਾਰ ਟੌਹੜਾ ਜੀ ਦੇ ਰੋਹ ਤੋਂ ਡਰਦਾ ਭੱਜ ਰਿਹਾ ਹਾਂ। ਪਤਾ ਨਹੀ ਪ੍ਰਧਾਨ ਜੀ ਮੈਨੂੰ ਕੀ ਕਰ ਦੇਣਗੇ। ਮੈ ਬਥੇਰਾ ਆਖਾਂ ਕਿ ਮੈ ਕਿਸੇ ਤੋਂ ਖ਼ੈਰਾਇਤ ਨਹੀ ਮੰਗ ਰਿਹਾ। ਤੁਸੀਂ ਆਪਣੀ ਡਿਊਟੀ ਪੂਰੀ ਕਰੋ। ਛੁੱਟੀ ਦੀ ਸਿਫ਼ਰਸ਼ ਭਾਵੇਂ ਕਰੋ ਨਾ ਕਰੋ। ਉਤੇ "ਯੋਗ ਕਰਵਾਈ ਲਈ ਪੇਸ਼ ਹੈ।" ਲਿਖ ਕੇ ਪ੍ਰਧਾਨ ਜੀ ਦੇ ਪੇਸ਼ ਕਰ ਦਿਓ। ਇਹ ਵੀ ਨਹੀ ਲਿਖਣਾ ਤਾਂ ਜੋ ਮਰਜੀ ਹੈ ਲਿਖ ਕੇ ਜਾਂ ਬਿਨਾ ਲਿਖਿਆਂ ਹੀ ਪੇਸ਼ ਕਰ ਦਿਓ। ਅੱਗੋਂ ਮੈ ਜਾਣਾਂ ਤੇ ਮੇਰਾ ਕੰਮ ਜਾਣੇ। ਪਰ ਕੋਈ ਸਕੱਤਰ ਟੱਸ ਤੋਂ ਮੱਸ ਨਾ ਹੋਇਆ ਸਗੋਂ ਮੈਨੂੰ ਉਪਦੇਸ਼ ਦੇਣ, "ਤੈਨੂੰ ਪ੍ਰਧਾਨ ਸਾਹਿਬ ਜੀ ਦੇ ਸਾਹਮਣੇ ਇਸ ਤਰ੍ਹਾਂ ਨਹੀਂ ਸੀ ਬੋਲਣਾ ਚਾਹੀਦਾ। ਹੁਣ ਵੇਖ ਤੂੰ ਕਿਵੇਂ ਭੱਜ ਰਿਹਾ ਹੈਂ ਤੇ ਤੈਨੂੰ ਰਾਹ ਨਹੀ ਲਭ ਰਿਹਾ ਭੱਜਣ ਦਾ।" ਮੈ ਬਥੇਰਾ ਕਹਾਂ ਕਿ ਭਈ ਉਹ ਮੇਰਾ ਤੇ ਪ੍ਰਧਾਨ ਸਾਹਿਬ ਦਾ ਮਸਲਾ ਹੈ; ਅਸੀਂ ਆਪੇ ਨਜਿਠ ਲਵਾਂਗੇ; ਤੁਸੀਂ ਆਪਣੀ ਡਿਊਟੀ ਕਰੋ। ਮੈ ਅੰਦਰੋਂ ਖੁਸ਼ ਕਿ ਮੇਰੀ ਚਿਰ-ਚਿਤਵੀ ਖਾਹਸ਼ ਪੂਰੀ ਹੋ ਰਹੀ ਹੈ ਤੇ ਛੁੱਟੀ ਦੀ ਬਾਤ ਤਾਂ ਸਿਰਫ ਇਕ ਸੁਹਿਰਦਤਾ ਵਜੋਂ ਹੀ ਮੈਂ ਕਰ ਰਿਹਾ ਹਾਂ। ਵਰਨਾ ਚਲਿਆ ਤਾਂ ਮੈ ਬਿਨਾ ਛੁੱਟੀ ਤੋਂ ਵੀ ਜਾਣਾ ਹੈ।

ਅਖੀਰ ਹਰਿਆਣਾ ਦੇ ਅਕਾਲੀ ਲੀਡਰ, ਜਥੇਦਾਰ ਕਰਤਾਰ ਸਿੰਘ ਟੱਕਰ ਜੀ ਨੇ, ਵਿਚ ਪੈ ਕੇ ਮੇਰੀ ਛੁੱਟੀ ਦੀ ਦਰਖ਼ਾਸਤ ਏਜੰਡੇ ਤੇ ਰਖਵਾਈ ਇਸ ਤਰ੍ਹਾਂ ਮੈਂ ਇਕ ਸਾਲ ਦੀ ਛੁੱਟੀ ਲੈ ਕੇ ਮਲਾਵੀ ਚਲਾ ਗਿਆ।

੧੯੭੭ ਵਿਚ ਅੰਮ੍ਰਿਤਸਰ ਦਾ ਚਾਰ ਸੌ ਸਾਲਾ ਦਿਵਸ ਵਲੈਤ ਦੇ ਸਿੱਖਾਂ ਵੱਲੋਂ ਬੜੇ ਉਚੇ ਪੈਮਾਨੇ ਤੇ ਮਨਾਉਣ ਦਾ ਉਦਮ ਕੀਤਾ ਗਿਆ। ਉਸ ਅਵਸਰ ਤੇ ਸਰਦਾਰ ਟੌਹੜਾ ਸਮੇਤ ਸਿੱਖ ਆਗੂਆਂ ਨੂੰ ਵੀ ਵਲੈਤ ਵਿਚ ਸੱਦਿਆ ਗਿਆ। ਲੰਡਨ ਦੇ ਐਲਬਰਟ ਹਾਲ ਵਿਚ ਬੜੀ ਧੂਮ ਧਾਮ ਨਾਲ਼ ਇਹ ਦਿਨ ਮਨਾਇਆ ਗਿਆ। ਲਾਰਡ ਮਾਊਂਟਬੇਟਨ ਵਰਗੇ ਵਿਅਕਤੀਆਂ ਨੇ ਇਸ ਵਿਚ ਭਾਗ ਲਿਆ। ਉਹਨਾਂ ਦਿਨਾਂ ਵਿਚ ਮੈ ਵੀ ਅਫ਼੍ਰੀਕਾ ਤੇ ਯੂਰਪ ਦੇ ਦੇਸ਼ਾਂ ਵਿਚੋਂ ਵਿਚਰਦਾ ਹੋਇਆ ਵਲੈਤ ਵਿਚ ਪਹੁੰਚਾ ਸਾਂ। ਓਥੇ ਸਰਦਾਰ ਟੌਹੜਾ, ਸ. ਤਲਵੰਡੀ ਆਦਿ ਨਾਲ਼ ਮੇਲ਼ ਹੋਇਆ। ਆਪਸ ਵਿਚ ਪੁਰਾਣੇ ਤੇ ਚੰਗੇ ਵਾਕਫ਼ਕਾਰਾਂ ਵਾਂਗ ਅਸੀਂ ਮਿਲ਼ੇ। ਹਾਊਸ ਆਫ਼ ਕਾਮਨਜ਼ ਦੇ ਐਮ.ਪੀਜ਼. ਵੱਲੋਂ ਸਰਦਾਰ ਟੌਹੜਾ ਤੇ ਸਰਦਾਰ ਤਲਵੰਡੀ ਦੇ ਸਨਮਾਨ ਵਿਚ ਡਿਨਰ ਦਿਤਾ ਗਿਆ। ਮੈਂ ਵੀ ਉਸ ਵਿਚ ਇਕ ਇਨਵਾਈਟੀ ਵਜੋਂ ਸ਼ਾਮਲ ਸਾਂ।

ਸਰਦਾਰ ਟੌਹੜਾ ਜੀ ਦੇ ਪੀ.ਏ. ਪਰਲੋਕਵਾਸੀ ਸ. ਅਬਿਨਾਸ਼ੀ ਸਿੰਘ ਜੀ ਨੇ ਮੈਨੂੰ ਦੱਸਿਆ ਕਿ ਪ੍ਰਧਾਨ ਸਾਹਿਬ ਮੇਰੀਆਂ ਪੰਥਕ ਸੇਵਾਵਾਂ ਤੇ ਬੜੇ ਪ੍ਰਸੰਨ ਹਨ। ਹੋਇਆ ਇਉਂ ਕਿ ਗੁ. ਸਾਹਿਬ ਸ਼ੈਫ਼ਰਡ ਬੁਸ਼, ਲੰਡਨ ਦੇ ਪ੍ਰਬੰਧਕਾਂ ਦੀ ਫਰਾਖ਼ਦਿਲੀ ਸਦਕਾ, ਮੈਨੂੰ ਦੇਸੋਂ ਆਏ ਆਗੂਆਂ ਦੇ ਸਵਾਗਤ ਵਜੋਂ ਕੁਝ ਸ਼ਬਦ ਆਖਣ ਦੀ ਆਗਿਆ ਕੀਤੀ ਗਈ। ਮੈਂ ਆਪਣੀ ਸਮਝ ਅਨੁਸਾਰ ਯੋਗ ਸ਼ਬਦ ਬੋਲ ਕੇ ਇਹ ਸੌਂਪੀ ਗਈ ਸੇਵਾ ਨਿਭਾ ਦਿਤੀ। ਉਪ੍ਰੰਤ ਮੁਖ ਗ੍ਰੰਥੀ ਸਾਹਿਬ ਜੀ ਦੀ ਗੈਰ ਹਾਜਰੀ ਕਾਰਨ ਦੀਵਾਨ ਦੀ ਸਮਾਪਤੀ ਦਾ ਕਾਰਜ ਵੀ ਮੈ ਹੀ ਨਿਭਾਇਆ। ਸ. ਅਬਿਨਾਸ਼ੀ ਸਿੰਘ ਹੋਰਾਂ ਦੱਸਿਆ ਕਿ ਪ੍ਰਧਾਨ ਸਾਹਿਬ ਇਸ ਗੱਲੋਂ ਖੁਸ਼ ਹਨ ਕਿ ਸੰਤੋਖ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਤ ਪੰਥਕ ਰਹਿਤ ਮਰਯਾਦਾ ਦੀ ਪਾਲਣਾ ਕਰਦਾ ਹੈ।

ਇਸ ਜਥੇ ਦੇ ਨਾਲ਼ ਹੀ ਮੈ ਵੀ ਅੰਮ੍ਰਿਤਸਰ ਆ ਗਿਆ। ਸ਼੍ਰੋਮਣੀ ਗੁ ਪ੍ਰ. ਕਮੇਟੀ ਵੱਲੋਂ, ਸਰਦਾਰ ਟੌਹੜਾ ਜੀ ਨੇ ਪ੍ਰਧਾਨ ਦੀ ਹੈਸੀਅਤ ਵਿਚ ਮੈਨੂੰ ਪੁਸਤਕਾਂ ਦਾ ਬੰਡਲ ਅਤੇ ਇਕ ਲੋਈ ਸਿਰੋਪੇ ਵਜੋਂ ਬਖ਼ਸ਼ ਕੇ ਸਨਮਾਨਤ ਕੀਤਾ ਅਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਇਨਫ਼ਰਮੇਸ਼ਨ ਅਫ਼ਸਰ, ਸ. ਨਰਿੰਦਰਜੀਤ ਸਿੰਘ ਜੀ ਦੇ ਹੱਥੋਂ, ਸਿਰੋਪਾ ਵਜੋਂ ਸ੍ਰੀ ਸਾਹਿਬ ਦੀ ਬਖ਼ਸ਼ਿਸ਼ ਹੋਈ। ਪ੍ਰਧਾਨ ਸਾਹਿਬ ਜੀ ਵੱਲੋਂ ਮੈਨੂੰ ਨਾਚੀਜ ਨੂੰ ਸ਼੍ਰੋਮਣੀ ਗੁ.ਪ੍ਰ. ਕਮੇਟੀ ਵੱਲੋਂ ਇੰਟਰਨੈਸ਼ਨਲ ਆਨਰੇਰੀ ਸਿੱਖ ਮਿਸ਼ਨਰੀ ਥਾਪ ਕੇ ਸਨਮਾਨਤ ਕੀਤਾ ਗਿਆ। ਇਹ ਸਭ ਕੁਝ ਸ. ਟੌਹੜਾ ਜੀ ਦੇ ਹਿਰਦੇ ਦੀ ਵਿਸ਼ਾਲਤਾ ਅਤੇ ਦੂਰ ਦ੍ਰਿਸ਼ਟੀ ਸਦਕਾ ਹੋ ਸਕਿਆ। ਉਹਨਾਂ ਨਾਲ਼ ਸਮੇ ਸਮੇ ਫੋਨ ਰਾਹੀਂ, ਪੱਤਰਾਂ ਰਾਹੀਂ ਤੇ ਆਹਮੋ ਸਾਹਮਣੇ ਵੀ ਵਿਚਾਰ ਵਟਾਂਦਰਾ ਹੁੰਦਾ ਰਿਹਾ।

ਅਕਾਲ ਪੁਰਖ ਹੀ ਜਾਣਦਾ ਹੈ ਕਿ ਸਰਦਾਰ ਟੌਹੜਾ ਜੀ ਦਾ ਕੌਮੀ ਸੇਵਾ ਵਿਚ ਕਿਹੋ ਜੇਹਾ ਯੋਗਦਾਨ ਸੀ। ਇਹ ਮੰਨਣਾ ਹੀ ਪਵੇਗਾ ਕਿ ਉਹਨਾਂ ਦੇ ਜਾਣ ਨਾਲ਼ ਪੰਥਕ ਸਫ਼ਾਂ ਵਿਚ ਇਕ ਖ਼ਲਾ ਪੈਦਾ ਹੋ ਗਿਆ ਹੈ। ਸਤਿਗੁਰੂ ਸਾਨੂੰ ਸਿੱਖਾਂ ਨੂੰ ਉਹਨਾਂ ਦੇ 'ਹਾਂ-ਪੱਖੀ' ਗੁਣਾਂ ਤੋਂ ਸਿੱਖਿਆ ਪ੍ਰਾਪਤ ਕਰਨ ਦੀ ਸੂਝ ਬਖ਼ਸ਼ੇ ਅਤੇ ਨਾਂਹ ਦਾ ਪੱਖ, ਜੋ ਕਿ ਇਕ ਮਨੁਖ ਵਿਚ ਹੋਣਾ ਸੁਭਾਵਕ ਹੀ ਹੈ, ਉਸ ਤੋਂ ਬਚਣ ਦੀ ਸ਼ਕਤੀ ਪ੍ਰਦਾਨ ਕਰੇ।

## ਜਥੇਦਾਰ ਜੀਵਨ ਸਿੰਘ ਉਮਰਾਨੰਗਲ ਜੀ

ਗੱਲ ਇਹ ੧੯੫੯ ਦੇ ਅਖੀਰਲੇ ਮਹੀਨਿਆਂ ਦੀ ਹੈ ਜਦੋਂ ਕਿ ੧੯੬੦ ਵਾਲ਼ੀਆਂ ਗੁਰਦੁਆਰਾ ਚੋਣਾਂ ਨੇੜੇ ਆ ਰਹੀਆਂ ਸਨ ਤੇ ਇਸ ਵਾਸਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਟਿਕਟਾਂ ਦੀ ਵੰਡ ਬਾਰੇ ਵਿਚਾਰਾਂ ਕਰਨ ਲਈ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚ, ਅਕਾਲੀ ਆਗੂਆਂ ਤੇ ਵਰਕਰਾਂ ਦਾ ਬਹੁਤ ਭਾਰੀ ਇਕੱਠ ਹੋਇਆ ਹੋਇਆ ਸੀ। ਇਹ ਸਾਰਾ ਇਕੱਠ ਤਾਂ ਮਾਸਟਰ ਤਾਰਾ ਸਿੰਘ ਜੀ ਦੀ 'ਭੂਰੀ' ਦੁਆਲੇ ਹੀ ਸੀ ਪਰ ਮਾਸਟਰ ਜੀ ਦੇ ਘਰ ਦੀ ਕੰਧ ਕਾਲਜ ਨਾਲ਼ ਸਾਂਝੀ ਹੋਣ ਕਰਕੇ ਤੇ ਉਸ ਕੰਧ ਵਿਚਾਲ਼ੇ ਇਕ ਛੋਟਾ ਜਿਹਾ ਬੂਹਾ ਹੋਣ ਕਰਕੇ, ਇਹ ਸਾਰਾ ਭੀੜ ਭੜੱਕਾ ਜਿਹਾ ਕਾਲਜ ਦੀ ਗਰਾਊਂਡ ਵਿਚ ਹੀ ਸੀ। ਮਾਸਟਰ ਜੀ ਸਮੇਤ ਕੁਝ ਖਾਸ ਆਗੂ ਮਾਸਟਰ ਜੀ ਦੇ ਘਰ ਅੰਦਰ ਵਿਚਾਰ ਮਗਨ ਸਨ। ਆਮ ਲੀਡਰ ਅਤੇ ਵਰਕਰ ਉਸ ਛੋਟੇ ਜਿਹੇ ਬੂਹੇ ਥਾਣੀ ਏਧਰ ਓਧਰ ਆ ਜਾ ਰਹੇ ਸਨ। ਹੋਰ ਤਾਂ ਕਿਸੇ ਚੇਹਰੇ ਦੀ ਮੈਨੂੰ ਹੁਣ ਯਾਦ ਨਹੀ ਰਹੀ ਸਿਰਫ ਤਿੰਨ ਹਸਤੀਆਂ ਦੇ ਚੇਹਰੇ ਹੀ ਮੇਰੀ ਯਾਦ ਵਿਚ ਖੁਭੇ ਹੋਏ ਹਨ: ਇਕ ਸੰਤ ਫ਼ਤਿਹ ਸਿੰਘ ਜੀ, ਦੂਜੇ ਸ. ਦਲੀਪ ਸਿੰਘ ਮਹਿਤਾ, ਜੋ ਸਾਡੇ ਹਲਕੇ ਬਿਆਸ ਤੋਂ ਸ਼੍ਰੋਮਣੀ ਕਮੇਟੀ ਦੇ ਸਿਟਿੰਗ ਮੈਬਰ ਸਨ ਪਰ ਇਸ ਵਾਰੀਂ ਉਹ ਟਿਕਟ ਦੀ ਭਾਲ਼ ਵਿਚ ਨਹੀ ਸਨ ਤੇ ਇਸ ਦਰਵਾਜੇ ਵਿਚਦੀ ਉਹ ਬਾਕੀ ਸਾਰਿਆਂ ਨਾਲ਼ੋਂ ਵਧ ਵਾਰੀ ਵੜਦੇ ਨਿਕਲ਼ਦੇ ਸਨ ਤੇ ਕੁਝ ਚਹਿਕਵੀਂ ਜਿਹੀ ਅਵਸਥਾ ਵਿਚ ਦਿਖਾਈ ਦਿੰਦੇ ਸਨ। ਇਉਂ ਦਿਖਣ ਦਾ ਯਤਨ ਕਰਦੇ ਹੋਣ ਜਿਵੇਂ ਉਹ ਵੀ ਜੇ 'ਕਿੰਗ ਮੇਕਰਾਂ' ਵਿਚੋਂ ਨਹੀ ਤਾਂ ਘਟ ਤੋਂ ਘਟ ਉਹਨਾਂ ਦੇ ਨੇੜੇ ਤੇੜੇ ਜਰੂਰ ਹਨ। ਇਕ ਲੱਤ ਵਿਚ ਕੁਝ ਕੱਜ ਹੋਣ ਕਰਕੇ ਉਹਨਾਂ ਦੀ ਚਾਲ ਵੀ ਸੁਚਾਲੀ ਸੀ ਪਰ ਜਦੋਂ ਹੱਸਦੇ ਸਨ ਤਾਂ ਉਹਨਾਂ ਦਾ ਸੋਨੇ ਮੜ੍ਹਿਆ ਦੰਦ ਜਰੂਰ ਲਿਸ਼ਕਦਾ ਸੀ।

ਉਸ ਸਾਰੇ ਕੁਝ ਵਿਚੋਂ ਇਕ ਹੋਰ ਸ਼ਖ਼ਸੀਅਤ ਉਪਰ ਮੁੜ ਮੁੜ ਨਿਗਾਹ ਜਾਵੇ ਜੋ ਸਾਰਿਆਂ ਨਾਲ਼ੋਂ ਉਚੇ ਕੱਦ ਦੀ ਸੀ ਅਤੇ ਗੋਗੜ ਰਹਿਤ ਪਤਲੇ ਤੇ ਲੰਮੇ ਸਰੀਰ ਉਪਰ ਸੋਹਣੀ ਢੁਕਵੀਂ, ਮਝੈਲੀ ਸਟਾਈਲ ਦੀ ਦਸਤਾਰ ਸਜਾਈ ਹੋਈ ਸੀ। ਕੱਦ ਦੇ ਮੁਤਾਬਿਕ ਹੀ ਸੋਹਣਾ ਖੁਲ੍ਹਾ ਤੇ ਲੰਮਾ ਦਾਹੜਾ, ਜਿਸ ਵਿਚ ਅਧਿਉਂ ਵਾਹਵਾ ਘਟ ਚਿੱਟੇ ਕੇਸ ਵਿਖਾਈ ਦੇ ਰਹੇ ਸਨ। ਸਾਡੀ ਕਲਾਸ ਵਿਚ ਮੇਰੀ ਉਮਰੋਂ ਖਾਸਾ ਵੱਡਾ ਪੁਣਛ ਦਾ ਇਕ ਵਿਦਿਆਰਥੀ ਅਮਰ ਸਿੰਘ ਹੁੰਦਾ ਸੀ। ਉਹ ਅਖਬਾਰਾਂ ਪੜ੍ਹਨ ਦਾ ਸ਼ੌਕੀਨ ਹੋਣ ਕਰਕੇ ਅਜਿਹੀ ਜਾਣਕਾਰੀ ਰੱਖਦਾ ਸੀ। ਉਸ ਨੂੰ ਮੈਂ ਉਸ ਪ੍ਰਭਾਵਸ਼ਾਲੀ ਵਿਅਕਤੀ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, "ਉਹ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਆ।" ਫਿਰ ਪਤਾ ਲਗਾ ਕਿ ਜਥੇਦਾਰ ਜੀ ਦਾ ਪਿੰਡ ਵੀ ਓਸੇ ਹਲਕੇ ਬਿਆਸ ਵਿਚ ਪੈਂਦਾ ਹੈ ਜਿਸ ਵਿਚ ਮੇਰਾ ਨਿੱਕਾ ਜਿਹਾ ਪਿੰਡ ਸੂਰੋ ਪੱਡਾ ਆਉਂਦਾ ਹੈ। ਫਿਰ ਬਿਆਸ ਤੋਂ ਉਹ ਅਕਾਲੀ ਦਲ ਦੀ ਟਿਕਟ ਪਰਾਪਤ ਕਰਕੇ ਉਸ ਹਲਕੇ ਤੋਂ ਇਲੈਕਸ਼ਨ ਲੜ ਕੇ ਸ਼੍ਰੋਮਣੀ ਕਮੇਟੀ ਦੇ ਮੈਬਰ ਵੀ ਬਣ ਗਏ ਸਨ। ਇਸ ਚੋਣ ਤੋਂ ਪਹਿਲਾਂ, ਪੰਡਿਤ ਨਹਿਰੂ ਦੇ ਥਾਪੜੇ ਨਾਲ਼, ਸਰਦਾਰ ਕੈਰੋਂ ਨੇ ਗਿਆਨੀ ਕਰਤਾਰ ਸਿੰਘ ਨੂੰ ਅੱਗੇ ਲਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਨਵੰਬਰ ੧੯੫੮ ਵਿਚ, ਅਕਾਲੀਆਂ ਤੋਂ ਖੋਹ ਲਈ ਹੋਈ ਸੀ। ਗਿਆਨੀ ਜੀ ਨੇ ਸ. ਪ੍ਰੇਮ ਸਿੰਘ ਲਾਲਾਪੁਰਾ ਨੂੰ ਪ੍ਰਧਾਨ ਬਣਾ ਦਿਤਾ ਸੀ ਤੇ ਸ. ਅਮਰ ਸਿੰਘ ਦੋਸਾਂਝ ਨੂੰ ਜਨਰਲ ਸਕੱਤਰ। ਇਹ ਚੋਣ ਇਕ ਬੰਨੇ ਸਾਰੀ ਸਰਕਾਰ ਤੇ ਸ਼੍ਰੋਮਣੀ ਕਮੇਟੀ ਦੇ ਵਸੀਲੇ ਵਰਤ ਕੇ 'ਸਾਧ ਸੰਗਤ ਬੋਰਡ' ਨਾਂ ਦੀ ਜਥੇਬੰਦੀ ਵੱਲੋਂ

ਲੜੀ ਜਾ ਰਹੀ ਸੀ ਤੇ ਦੂਜੇ ਬੰਨੇ ਮਾਸਟਰ ਜੀ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਸੀ। ੧੯੪੦ ਵਿਚੋਂ ਸਾਧ ਸੰਗਤ ਬੋਰਡ ਦੇ ਹੱਥ 'ਤਿੰਨ ਕਾਣੇ' ਹੀ ਆਏ; ਅਰਥਾਤ ਸਿਰਫ ਤਿੰਨ ਮੈਂਬਰ ਹੀ ਉਹਨਾਂ ਦੇ ਜਿੱਤੇ ਤੇ ਬਾਕੀ ੧੩੭ ਸ਼੍ਰੋਮਣੀ ਅਕਾਲੀ ਦਲ ਦੇ ਜਿਤੇ।

੧੯੬੦ ਵਾਲ਼ੀ ਇਸ ਇਲੈਕਸ਼ਨ ਵਿਚ ਸ਼ਾਨਦਾਰ ਜਿੱਤ ਪਰਾਪਤ ਕਰਕੇ ਜਥੇਦਾਰ ਜੀ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੇ ਮੈਂਬਰ ਬਣੇ। ਇਸ ਤੋਂ ਇਲਾਵਾ ਉਹ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਅਤੇ ਜ਼ਿਲਾ ਅੰਮ੍ਰਿਤਸਰ ਦੇ ਅਕਾਲੀ ਜਥੇ ਦੇ ਜਥੇਦਾਰ, ਅਰਥਾਤ ਪ੍ਰਧਾਨ ਵੀ ਸਨ। ਇਹ ਤਿੰਨੇ ਪਦਵੀਆਂ ਅਕਾਲੀ ਦਲ ਵਿਚ ਉਹਨੀਂ ਦਿਨੀਂ ਬਹੁਤ ਮਹੱਤਵ ਰੱਖਦੀਆਂ ਸਨ ਜਦੋਂ ਕਿ ਅਜੇ ਅਕਾਲੀਆਂ ਨੂੰ ਸਰਕਾਰੀ ਪਦਵੀਆਂ ਅਤੇ ਵਜ਼ੀਰੀਆਂ ਦਾ ਸਵਾਦ ਨਹੀਂ ਸੀ ਪਿਆ।

ਜਥੇਦਾਰ ਜੀ ਦੀ ਖੁਲ੍ਹੀ ਡੀਲ਼ ਡੌਲ, ਸਾਦਾ ਜਥੇਦਾਰਾਨਾ ਲਿਬਾਸ ਅਤੇ ਉਹਨਾਂ ਦੀ ਬੋਲ ਚਾਲ ਤੋਂ ਨਹੀਂ ਸੀ ਭਾਸਦਾ ਕਿ ਉਹ ਬਹੁਤੇ ਪੜ੍ਹੇ ਲਿਖੇ ਹੋਣਗੇ ਪਰ ਇਕ ਵਾਰੀ ਮੇਰੀ ਹੈਰਾਨੀ ਵਿਚ ਖਾਸਾ ਵਾਧਾ ਹੋਇਆ ਜਦੋਂ ਉਹਨਾਂ ਨੇ ਇਕ ਨੌਕਰੀ ਦੀ ਭਾਲ਼ ਵਾਲ਼ੇ ਨੌਜਵਾਨ ਦੀ ਦਰਖ਼ਾਸਤ ਉਪਰ ਅੰਗ੍ਰੇਜ਼ੀ ਵਿਚ ਸਿਫ਼ਾਰਸ਼ ਲਿਖੀ।

੧੯੬੦ ਵਾਲੇ ਪੰਜਾਬੀ ਸੂਬੇ ਦੇ ਮੋਰਚੇ ਦੌਰਾਨ ਗੁਰਦੁਆਰਾ ਮੰਜੀ ਸਾਹਿਬ ਤੋਂ ਜਥੇ ਗ੍ਰਿਫ਼ਤਾਰੀ ਦੇਣ ਲਈ ਰੋਜ ਰਾਤ ਨੂੰ ਤੁਰਿਆ ਕਰਦੇ ਸਨ ਤੇ ਉਹਨਾਂ ਨੂੰ ਤੋਰਨ ਸਮੇ ਸਜਣ ਵਾਲ਼ੇ ਦੀਵਾਨ ਵਿਚ ਹਰ ਰੋਜ ਤਿੰਨ ਤਕਰੀਰਾਂ ਹੋਇਆ ਕਰਦੀਆਂ ਸਨ: ਇਕ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦੀ, ਦੂਜੀ ਗਿਆਨੀ ਹਰਚਰਨ ਸਿੰਘ ਹੁਡਿਆਰਾ ਦੀ ਅਤੇ ਅੰਤ ਵਿਚ ਤੀਜੀ ਪ੍ਰੋ. ਸਤਬੀਰ ਸਿੰਘ ਦੀ। ਮੈ ਦੀਵਾਨ ਸਥਾਨ ਦੇ ਸਾਹਮਣੇ ਗੁਰੂ ਕੇ ਬਾਗ ਵਿਚ ਮੌਜੂਦ ਇਕ ਸੁਖਚੈਨ ਦੇ ਵਿਸ਼ਾਲ ਦਰੱਖ਼ਤ ਉਪਰ ਚੜ੍ਹ ਕੇ, ਇਹ ਤਕਰੀਰਾਂ ਹਰ ਰੋਜ ਸੁਣਿਆ ਕਰਦਾ ਸਾਂ। ਦਰੱਖਤ ਉਪਰ ਇਸ ਲਈ ਚੜ੍ਹ ਕੇ ਬੈਠਦਾ ਸਾਂ ਤਾਂ ਕਿ ਮੈਨੂੰ ਬੋਲਣ ਵਾਲ਼ੇ ਦਾ ਮੂੰਹ ਦਿਸ ਸਕੇ। ਜਿਥੇ ਪ੍ਰੋ. ਸਤਬੀਰ ਸਿੰਘ ਦੀ ਤਕਰੀਰ ਬਹੁਤ ਵਿਦਵਤਾ ਭਰਪੂਰ ਹੁੰਦੀ ਸੀ ਓਥੇ ਜਥੇਦਾਰ ਜੀ ਦੀ ਸਪੀਚ ਬਿਲਕੁਲ ਪੇਂਡੂ ਬੋਲੀ ਵਿਚ ਸਿਧੀ ਤੇ ਸਾਦੀ, ਉਹਨਾਂ ਦੀ ਸ਼ਖ਼ਸੀਅਤ ਵਰਗੀ ਹੀ ਹੁੰਦੀ ਸੀ।

ਫਿਰ ਆਇਆ ਸਮਾ ੧੯੬੨ ਦੇ ਸ਼ੁਰੂ ਦੇ ਦਿਨਾਂ ਦਾ। ਮੈ ਜੀਂਦ ਤੋਂ ਕੁਝ ਦਿਨਾਂ ਲਈ ਅੰਮ੍ਰਿਤਸਰ ਆਇਆ ਤਾਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਸਾਹਮਣੇ ਵਾਲ਼ੇ ਬਾਗ ਵਿਚ, ਜਥੇਦਾਰ ਜੀ ਗਲ਼ ਵਿਚ ਫੁੱਲਾਂ ਦੇ ਹਾਰ ਪਾਏ ਹੋਏ ਵਾਹਵਾ ਭੀੜ ਭੜੱਕੇ ਵਿਚ ਘਿਰੇ ਹੋਏ ਦਿਸੇ। ਪਤਾ ਲੱਗਾ ਕਿ ਜਥੇਦਾਰ ਜੀ ਨੇ ਮਾਸਟਰ ਤਾਰਾ ਸਿੰਘ ਜੀ ਦੇ ਵਰਤ ਛੱਡਣ ਦੇ ਖ਼ਿਲਾਫ਼ ਭੁੱਖ ਹੜਤਾਲ ਕੀਤੀ ਸੀ ਤਾਂ ਕਿ ਮਾਸਟਰ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੇਸ਼ ਕਰਕੇ ਸਜਾ ਦਿਵਾਈ ਜਾ ਸਕੇ। ਉਹ ਉਸ ਦਿਨ ਸਫ਼ਲਤਾ ਸਹਿਤ ਸਮਾਪਤ ਹੋ ਗਈ ਸੀ।

ਇਸ ਤੋਂ ਬਾਅਦ ਲੰਮਾ ਇਤਿਹਾਸ ਹੈ ਕਿ ਕਿਵੇਂ ਮਾਸਟਰ ਜੀ ਨੂੰ, ਜਥੇਦਾਰ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਪੇਸ਼ ਹੋਣ ਲਈ ਮਜਬੂਰ ਕੀਤਾ ਤੇ ਹੋਰਨਾਂ ਦੇ ਨਾਲ਼ ਮਾਸਟਰ ਜੀ ਨੂੰ ਇਸ ਦੋਸ਼ ਦੇ ਸਾਬਤ ਹੋ ਜਾਣ ਕਰਕੇ 'ਤਨਖਾਹ' ਲਾਈ ਗਈ। ਇਸ ਨਾਲ਼ ਮਾਸਟਰ ਜੀ ਦੀ ਲੀਡਰੀ ਥੱਲੇ ਹੀ ਥੱਲੇ ਜਾਂਦੀ ਰਹੀ। ਵੈਸੇ ਲੋਕਾਂ ਦੇ ਦਿਲਾਂ ਵਿਚ ਤਾਂ ਮਾਸਟਰ ਜੀ ਦੀ ਕਦਰ ਉਹਨਾਂ ਦੇ ਵਰਤ ਛੱਡਣ ਸਮੇ ਹੀ ਘਟਣੀ ਸ਼ੁਰੂ ਹੋ ਗਈ ਸੀ ਪਰ ਜਥੇਦਾਰ ਜੀ ਨੇ, ਮਾਸਟਰ ਜੀ ਦੀ ਜਰਜਰੀ ਹੋ ਚੁੱਕੀ ਲੀਡਰੀ ਰੂਪੀ ਕੰਧ ਨੂੰ ਤਕੜਾ ਧੱਕਾ ਮਾਰ ਕੇ ਡੇਗ ਦਿਤਾ।

ਫਿਰ ਸਮਾ ਆਇਆ ੧੯੬੨ ਦੇ ਅੱਧ ਦਾ ਜਦੋਂ ਜਥੇਦਾਰ ਜੀ ਨੇ ਬੀਂਡੀ ਜੁੱਪ ਕੇ ਮਾਸਟਰ ਜੀ ਤੋਂ ਸ਼੍ਰੋਮਣੀ ਕਮੇਟੀ ਖੋਹ ਕੇ, ਸੰਤ ਫ਼ਤਿਹ ਸਿੰਘ ਜੀ ਦੇ ਗਰੁਪ ਦਾ ਕਬਜ਼ਾ ਕਰਵਾਉਣ ਵਿਚ ਮੋਹਰੀ ਹਿੱਸਾ ਪਾਇਆ ਜਿਸ ਗਰੁਪ ਦੇ ਕਿ ਜਥੇਦਾਰ ਜੀ ਖ਼ੁਦ ਮੋਢੀ ਸਨ।

ਪੰਜਾਹਵੇਂ ਅਤੇ ਸੱਠਵੇਂ ਦਹਾਕਿਆਂ ਦੌਰਾਨ ਪੰਜਾਬੀ ਸੂਬੇ ਦੀ ਜਦੋ ਜਹਿਦ ਵਿਚ ਸ਼ੁਰੂ ਤੋਂ ਹੀ ਜਥੇਦਾਰ ਜੀ ਮੋਹਰੀ ਆਗੂਆਂ ਦੀ ਕਤਾਰ ਵਿਚ ਰਹੇ। ਪੰਜਾਬੀ ਸੂਬੇ ਨੂੰ ਪੂਰਾ ਕਰਵਾਉਣ ਲਈ, ੧੯੬੬ ਦੇ ਅੰਤ ਵਿਚ ਸੰਤ ਜੀ ਵੱਲੋਂ ਰੱਖੇ ਗਏ ਸੜ ਮਰਨ ਵਾਲ਼ੇ ਸਮੇ ਵੀ, ਜਥੇਦਾਰ ਜੀ ਨੇ ਛੇਆਂ ਹੋਰ ਜਥੇਦਾਰਾਂ ਦੇ ਨਾਲ਼ ਸੰਤ ਜੀ ਤੋਂ ਪਹਿਲਾਂ ਸੜਨ ਲਈ ਖ਼ੁਦ ਨੂੰ ਪੇਸ਼ ਕੀਤਾ ਸੀ।

ਪੰਜਾਬੀ ਸੂਬਾ ਬਣਨ ਉਪ੍ਰੰਤ, ਪਹਿਲੀ ੧੯੬੭ ਵਾਲੀ ਚੋਣ ਵਿਚ ਹਲਕਾ ਬਿਆਸ ਤੋਂ ਜਥੇਦਾਰ ਜੀ ਦੇ ਹਾਰਨ ਦੀ ਜਦੋਂ ਖ਼ਬਰ ਸੰਤ ਫ਼ਤਿਹ ਸਿੰਘ ਜੀ ਨੂੰ ਗੰਗਾ ਨਗਰ ਵਿਚ, ਪ੍ਰਾਦੇਸ਼ਕ ਸਮਾਚਾਰ ਤੋਂ ਮਿਲੀ ਤਾਂ ਸੰਤ ਜੀ ਵਾਹਵਾ ਹੀ ਮਾਯੂਸ ਹੋਏ। ਇਸ ਮਾਯੂਸੀ ਵਿਚ ਉਹਨਾਂ ਦੇ ਮੂੰਹੋਂ ਨਿਕਲ਼ਿਆ, "ਸਾਡਾ ਜਥੇਦਾਰ ਨਿਕਟ ਵਿਰੋਧੀ ਵੀ ਨਹੀ ਬਣ ਸਕਿਆ!" ਕਾਂਗਰਸੀ ਉਮੀਦਵਾਰ ਜਥੇਦਾਰ ਸੋਹਨ ਸਿੰਘ ਜਲਾਲ ਉਸਮਾ ਜੇਤੂ ਰਹੇ ਸਨ ਤੇ ਇਕ ਆਜ਼ਾਦ ਉਮਦਿਵਾਰ, ਡਾ. ਕਰਤਾਰ ਸਿੰਘ ਦੌਲੋ ਨੰਗਲ ਦੂਜੇ ਨੰਬਰ ਤੇ ਰਹੇ ਸਨ। ਜਥੇਦਾਰ ਉਮਰਾਨੰਗਲ ਜੀ ਤੀਜੇ ਸਥਾਨ ਰਹੇ ਸਨ।

ਜਦੋਂ ਨਵੰਬਰ ੧੯੬੭ ਵਿਚ, ਕਾਂਗਰਸ ਦੀ ਸਹਾਇਤਾ ਨਾਲ਼, ਸ. ਲਛਮਣ ਸਿੰਘ ਗਿੱਲ ਨੇ, ਅਕਾਲੀਆਂ ਦੀ ਅਗਵਾਈ ਵਾਲੀ, ਮੋਰਚਾ ਸਰਕਾਰ ਨੂੰ ਢਾਹ ਕੇ ਖ਼ੁਦ ਦੀ ਸਰਕਾਰ ਬਣਾ ਲਈ ਤਾਂ ਬਾਵਜੂਦ ਸਰਦਾਰ ਗਿੱਲ ਨਾਲ਼ ਨਿਘੀ ਨਿਜੀ ਮਿੱਤਰਤਾ ਹੋਣ ਦੇ ਵੀ, ਜਥੇਦਾਰ ਜੀ ਨੇ ਸ਼੍ਰੋਮਣੀ ਅਕਾਲੀ ਦਲ ਨਾਲ਼ ਰਹਿਣਾ ਹੀ ਯੋਗ ਜਾਣਿਆ। ਨਤੀਜੇ ਵਜੋਂ ਗਿੱਲ ਸਰਕਾਰ ਨੇ, ਨਿਗੁਣੀਆਂ ਅਤੇ ਅਸੱਤ ਗੱਲਾਂ ਨੂੰ ਬਹਾਨੇ ਵਜੋਂ ਵਰਤ ਕੇ, ਸਭ ਤੋਂ ਵਧ ਮੁਕੱਦਮੇ ਜਥੇਦਾਰ ਜੀ ਉਪਰ ਬਣਾ ਕੇ, ਇਹਨਾਂ ਨੂੰ ਮੁੜ ਮੁੜ ਜੇਹਲ ਯਾਤਰਾ ਕਰਵਾਈ ਪਰ ਜਥੇਦਾਰ ਜੀ ਨੇ ਆਪਣਾ ਅਸੂਲ ਨਾ ਤਿਆਗਿਆ ਅਤੇ ਅਸੂਲ ਤੋਂ ਨਿਜੀ ਮਿੱਤਰਤਾ ਵਾਰ ਦਿਤੀ ਅਤੇ ਇਸ

ਮਿੱਤਰਤਾ ਤੋਂ ਪਰਾਪਤ ਹੋਣ ਵਾਲ਼ੇ ਸਿਆਸੀ ਤੇ ਆਰਥਿਕ ਲਾਭਾਂ ਨੂੰ ਵੀ ਕੁਰਬਾਨ ਕਰ ਦਿਤਾ। ਮੈਨੂੰ ਯਾਦ ਹੈ ਬਾਬਾ ਬਕਾਲਾ ਦੇ ਰੱਖੜ ਪੁੰਨਿਆਂ ਦੇ ਮੇਲੇ ਸਮੇ, ਦੋਹਾਂ ਜਥੇਦਾਰਾਂ ਦੀ ਅਗਵਾਈ ਵਿਚ, ਗਿੱਲ ਦੇ ਖ਼ਿਲਾਫ਼ ਮੁਜ਼ਾਹਰਾ ਕਰਨ ਗਏ ਮੁਜ਼ਾਹਰਾਕਾਰੀਆਂ ਨੂੰ ਪੁਲਸ ਨੇ ਖ਼ੂਬ ਡਾਂਗ ਫੇਰੀ। ਜਥੇਦਾਰ ਮੋਹਨ ਸਿੰਘ ਤੁੜ ਸਮੇਤ ਕੁਝ ਵਰਕਰ ਤਾਂ ਡਾਂਗਾਂ ਖਾ ਕੇ ਡਿਗ ਪਏ ਪਰ ਜਥੇਦਾਰ ਜੀ ਸਭ ਤੋਂ ਉਚੇ ਖਲੋਤੇ ਹੋਏ, ਗਿੱਲ ਮੁਰਦਾਬਾਦ ਦੇ ਨਾਹਰੇ ਮਾਰਦੇ ਹੋਏ ਦੂਰੋਂ ਦਿਸ ਰਹੇ ਸਨ। ਇਸ ਦੌਰਾਨ ਨਵੇਂ ਨਵੇਂ ਕਾਂਗਰਸ ਛੱਡ ਕੇ ਆਏ ਸ. ਨਾਰਾਇਣ ਸਿੰਘ ਸ਼ਾਬਾਜਪੁਰੀ ਧੁੱਸ ਦੇ ਕੇ, ਪੁਲਸ ਦਾ ਘੇਰਾ ਤੋੜਦੇ ਹੋਏ, ਓਥੇ ਤੱਕ ਘੁਸ ਗਏ ਜਿਥੇ ਗਿੱਲ ਤਕਰੀਰ ਕਰ ਰਿਹਾ ਸੀ। ਜਿੰਨਾ ਚਿਰ ਕਾਂਗਰਸ ਨੇ ਗਿੱਲ ਦੇ ਪੈਰਾਂ ਹੇਠੋਂ ਤੁੱਮਣਾ ਖਿੱਚ ਕੇ, ਉਸ ਨੂੰ ਚੱਲਦਾ ਨਹੀ ਕਰ ਦਿਤਾ ਓਨਾ ਚਿਰ ਅਕਾਲੀਆਂ ਨੇ ਉਸ ਨੂੰ ਸੁਖ ਦਾ ਸਾਹ ਨਹੀ ਸੀ ਲੈਣ ਦਿਤਾ। ਜਿਥੇ ਵੀ ਜਾਂਦਾ ਸੀ 'ਮੁਰਦਾਬਾਦੀਏ' ਅਕਾਲੀ ਪਹਿਲਾਂ ਹੀ ਓਥੇ ਉਸ ਦੇ 'ਸਵਾਗਤ' ਲਈ ਪਹੁੰਚ ਜਾਂਦੇ ਸਨ। ਉਸ ਦੀ ਪੁਲਿਸ ਨੇ ਵੀ ਅਕਾਲੀਆਂ ਨੂੰ ਡਾਂਗ ਫੇਰਨ ਵਿਚ ਕੋਈ ਕਸਰ ਨਾ ਰਹਿਣ ਦਿਤੀ। ਸਭ ਤੋਂ ਵਧ ਡਾਂਗ ਫੇਰੂ ਪੁਲਸੀ ਜਥੇ ਦਾ ਮੋਹਰੀ ਇਕ ਠਾਣੇਦਾਰ, ਸ਼ਾਇਦ ਉਸ ਦਾ ਨਾਂ ਗੱਜਣ ਸਿੰਘ ਸੀ, ਹੁੰਦਾ ਸੀ। ਆਸ ਸੀ ਕਿ ਅਕਾਲੀਆਂ ਦੀ ਸਰਕਾਰ ਆਉਣ ਤੇ ਉਸ ਨੂੰ ਢੁਕਵੀਂ ਸਜਾ ਦਿਤੀ ਜਾਵੇਗੀ ਪਰ ਸੁਣਨ ਵਿਚ ਨਹੀਂ ਆਇਆ ਕਿ ਉਸ ਦਾ ਕੋਈ ਵਾਲ਼ ਵਿੰਗਾ ਵੀ ਹੋਇਆ ਹੋਵੇ! ਸੱਚ ਹੈ, ਨਵੇਂ ਆਉਣ ਵਾਲ਼ਿਆਂ ਨੂੰ ਵੀ ਤਾਂ ਅਜਿਹੇ ਨੌਕਰਾਂ ਦੀ ਲੋੜ ਹੁੰਦੀ ਹੈ ਜੋ ਉਹਨਾਂ ਦੇ ਵਿਰੋਧੀਆਂ ਦੀਆਂ ਮੌਰਾਂ ਸੇਕ ਸਕਣ।

੧੯੬੮ ਵਿਚ ਪੰਜਾਬ ਕੌਂਸਲ ਦੀ ਇਕ ਸੀਟ ਖਾਲੀ ਹੋਣ ਤੇ, ਅਕਾਲੀ ਦਲ ਵੱਲੋਂ ਜਥੇਦਾਰ ਜੀ ਨੂੰ ਐਮ.ਐਲ.ਸੀ. ਬਣਾਇਆ ਗਿਆ। ੧੯੬੮ ਵਿਚ ਦੋਹਾਂ ਦਲਾਂ ਦੇ ਏਕੀਕਰਨ ਪਿਛੋਂ ਜੋ ਇਕ ਸ਼੍ਰੋਮਣੀ ਅਕਾਲੀ ਦਲ ਬਣਿਆ, ਜਥੇਦਾਰ ਜੀ ਉਸ ਦੇ ਜਨਰਲ ਸਕੱਤਰ ਥਾਪੇ ਗਏ। ੧੯੬੯ ਦੀ ਇਲੈਕਸ਼ਨ ਪਿਛੋਂ ਜਦੋਂ ਦੂਜੀ ਵਾਰ ਅਕਾਲੀ ਦਲ ਦੀ ਅਗਵਾਈ ਹੇਠ ਸਰਕਾਰ ਬਣੀ ਤਾਂ ਜਥੇਦਾਰ ਜੀ ਉਸ ਵਿਚ ਵਜ਼ੀਰ ਬਣੇ। ਪਾਰਟੀ ਅਤੇ ਇਸ ਦੇ ਆਗੂਆਂ ਨਾਲ਼ ਪੂਰਨ ਵਫ਼ਾਦਾਰੀ ਹੋਣ ਕਰਕੇ, ਮੁਖ ਮੰਤਰੀ ਗੁਰਨਾਮ ਸਿੰਘ ਨਾਲ਼ ਜਥੇਦਾਰ ਜੀ ਦਾ ਨੇੜ ਨਾ ਹੋ ਸਕਿਆ। ਸ. ਗੁਰਨਾਮ ਸਿੰਘ ਨੇ ਅਕਾਲੀਆਂ ਦੇ ਮੈਨੀਫ਼ੈਸਟੋ ਦਾ ਸਹਾਰਾ ਲੈ ਕੇ, ਪੰਜਾਬ ਕੌਂਸਲ ਖ਼ਤਮ ਕਰ ਦਿਤੀ ਤਾਂ ਕਿ ਜਥੇਦਾਰ ਜੀ ਦੀ ਪੌਣੀ ਕੁ ਵਜ਼ੀਰੀ ਖੋਹ ਲਈ ਜਾਵੇ; ਨਾਲ ਹੀ ਇਸ ਦਰਵਾਜੇ ਰਾਹੀਂ ਕੋਈ ਹੋਰ ਅਜਿਹਾ ਅਕਾਲੀ ਆਗੂ ਵਿਧਾਇਕਾ ਵਿਚ ਨਾ ਆ ਵੜੇ ਜਿਸ ਤੋਂ ਕਿਸੇ ਕਿਸਮ ਦੇ ਖ਼ਤਰੇ ਦੀ ਸੰਭਾਵਨਾ ਹੋ ਸਕਦੀ ਹੋਵੇ।

ਬਾਵਜੂਦ ਪਾਰਟੀ ਅਤੇ ਇਸ ਦੇ ਆਗੂ ਨਾਲ਼ ਪੂਰਨ ਵਫ਼ਾਦਾਰੀ ਹੋਣ ਦੇ ਵੀ ਇਕ ਸਮਾ ਅਜਿਹਾ ਆਇਆ ਕਿ ਜਥੇਦਾਰ ਜੀ ਨੇ ਸੰਤ ਫ਼ਤਿਹ ਸਿੰਘ ਜੀ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਕਿਸੇ ਕਾਰਨ ਕਰਕੇ ਪੇਸ਼ ਹੋਣ ਲਈ ਮਜਬੂਰ ਕਰ ਦਿਤਾ। ਇਹ ਗੱਲ ਵੱਖਰੀ ਗੱਲ ਹੈ ਕਿ ਉਸ ਸਮੇ ਦੇ ਜਥੇਦਾਰ ਗਿ. ਸਾਧੂ ਸਿੰਘ ਭੌਰਾ ਜੀ ਨੇ, ਸੰਤ ਜੀ ਨੂੰ ਨਿਰਦੋਸ਼ ਹੋਣ ਦੀ ਪੱਤਰਕਾ ਲਿਖ ਦਿਤੀ।

ਜਥੇਦਾਰ ਜੀ ਹੱਦੋਂ ਵਧ ਅਹੁਦਿਆਂ ਨਾਲ਼ ਚੰਬੜੇ ਰਹਿਣ ਲਈ ਵੀ ਤਰਲੋ ਮੱਛੀ ਨਹੀ ਸਨ ਹੁੰਦੇ। ਇਕ ਵਾਰੀ ਉਹਨਾਂ ਨੇ ਅੰਮ੍ਰਿਤਸਰੋਂ ਆਪਣੇ ਪਿੰਡ ਜਾ ਕੇ, ਆਪਣੇ ਡਰਾਈਵਰ ਦੇ ਹੱਥ, ਸੰਤ ਚੰਨਣ ਸਿੰਘ ਜੀ ਨੂੰ ਚਿੱਠੀ ਲਿਖ ਕੇ ਭੇਜ ਦਿਤੀ, ਜਿਸ ਦਾ ਭਾਵ ਕੁਝ ਇਸ ਤਰ੍ਹਾਂ ਸੀ ਕਿ ਮੇਰਾ ਤੁਹਾਡਾ ਸਾਥ ਦੇਣ ਦਾ, ਪੰਜਾਬੀ ਸੂਬਾ ਬਣਵਾਉਣ ਅਤੇ ਉਸ ਵਿਚ ਅਕਾਲੀ ਸਰਕਾਰ ਬਣਵਾਉਣ ਤੱਕ ਦਾ ਵਾਹਦਾ ਹੀ ਸੀ। ਇਹ ਦੋਵੇਂ ਕਾਰਜ ਪੂਰੇ ਹੋ ਗਏ ਨੇ। ਇਸ ਲਈ ਮੈਨੂੰ ਹੁਣ ਛੁੱਟੀ ਬਖ਼ਸ਼ੋ। ਮੈ ਆਪਣੇ ਘਰ ਦੀ ਖੇਤੀ ਬਾੜੀ ਵੱਲ ਧਿਆਨ ਦੇਵਾਂ। ਸਰਗਰਮ ਸਿਆਸਤ ਤੋਂ ਮੈਂ ਛੁੱਟੀ ਲੈਂਦਾ ਹਾਂ। ਹਾਂ, ਪੰਥਕ ਕਾਰਜ ਲਈ ਫਿਰ ਕਿਸੇ ਜਦੋਜਹਿਦ ਦੀ ਲੋੜ ਲਈ ਤਾਂ ਮੈਂ ਹਾਜਰ ਹੋ ਜਾਵਾਂਗਾ। ਯਾਦ ਰਹੇ ਕਿ ਪੰਥ ਵਿਚ ਨਾਂ ਭਾਵੇਂ ਸੰਤ ਫ਼ਤਿਹ ਸਿੰਘ ਜੀ ਦਾ ਚੱਲਦਾ ਸੀ ਪਰ ਪਰਦੇ ਪਿੱਛੇ ਸਾਰੇ ਪੰਥਕ ਕਾਰ ਵਿਹਾਰ ਅਮਲੀ ਤੌਰ ਤੇ ਸੰਤ ਚੰਨਣ ਸਿੰਘ ਜੀ ਹੀ ਨਿਜਿਠਿਆ ਕਰਦੇ ਸਨ। ਇਹ ਵੱਖਰੀ ਗੱਲ ਹੈ ਕਿ ਮੁੜਦੇ ਪੈਰੀਂ ਸੰਤ ਜੀ ਨੇ ਡਰਾਈਵਰ ਭੇਜ ਕੇ, ਜਥੇਦਾਰ ਜੀ ਨੂੰ ਵਾਪਸ ਬੁਲਾ ਕੇ, ਆਪਣੇ ਨਾਲ਼ ਅਕਾਲੀ ਸਿਆਸਤ ਵਿਚ ਜੋੜੀ ਰੱਖਿਆ।

ਜਥੇਦਾਰ ਜੀ ਵਿਚ ਲੋੜ ਅਨੁਸਾਰ ਸੈਂਸ ਆਫ਼ ਹਿਊਮਰ ਵੀ ਵਾਹਵਾ ਸੀ। ਹਲਕੇ ਫੁਲਕੇ ਮਜ਼ਾਕ ਦਾ ਆਪ ਬੁਰਾ ਨਹੀ ਸਨ ਮਨਾਇਆ ਕਰਦੇ, ਸਗੋਂ ਇਸ ਤੋਂ ਅਨੰਦ ਉਠਾਇਆ ਕਰਦੇ ਸਨ। ਇਕ ਵਾਰੀ ਦੀ ਗੱਲ ਹੈ ਕਿ ਜਥੇਦਾਰ ਜੀ ਆਪਣੇ ਕੁਝ ਸਾਥੀਆਂ ਸਮੇਤ, ਸ੍ਰੀ ਦਰਬਾਰ ਸਾਹਿਬ ਤੋਂ ਮੱਥਾ ਟੇਕ ਕੇ ਵਾਪਸ ਮੁੜ ਰਹੇ ਸਨ ਤਾਂ ਜੋੜੇਖਾਨੇ ਦੇ ਨੇੜੇ, ਇਕ ਪੱਤਰਕਾਰ ਸੁਰਜੀਤ ਸਿੰਘ ਸੋਖੀ ਅੰਦਰ ਨੂੰ ਮੱਥਾ ਟੇਕਣ ਜਾ ਰਿਹਾ ਸੀ। ਉਸ ਨੇ ਜਥੇਦਾਰ ਜੀ ਦੇ ਗੋਡੀਂ ਹੱਥ ਲਾ ਕੇ, ਪੰਝੀ ਪੈਸੇ ਦਾ ਸਿੱਕਾ ਜਥੇਦਾਰ ਜੀ ਨੂੰ ਪੇਸ਼ ਕੀਤਾ। ਜਥੇਦਾਰ ਜੀ, ਜਿਵੇਂ ਕਾਹਲ਼ੀ ਕਾਹਲੀ ਬੋਲਿਆ ਕਰਦੇ ਸਨ, ਬੋਲੇ, "ਇਹ ਕੀ ਓਇ? ਇਹ ਕੀ ਓਇ ਸੋਖੀ?" ਜਥੇਦਾਰ ਜੀ ਦੇ ਇਸ ਬਚਨ ਦੇ ਉਤਰ ਵਿਚ, ਸੋਖੀ ਸ਼ਰਾਰਤੀ ਲਹਿਜ਼ੇ ਵਿਚ ਬੋਲਿਆ, "ਜਥੇਦਾਰ ਜੀ ਮੈਂ ਅੰਦਰ ਮੱਥਾ ਟੇਕਣ ਜਾ ਰਿਹਾ ਸਾਂ।" "ਫਿਰ ਕੀ ਓਇ, ਫਿਰ ਕੀ?" "ਜੀ ਇਹ ਚਵਾਨੀ ਮੈ ਅੰਦਰ ਮੱਥਾ ਟੇਕਣੀ ਸੀ।" ਜਥੇਦਾਰ ਜੀ ਬੋਲੇ, "ਫਿਰ ਕੀ ਓਇ? ਫਿਰ ਮੈ ਕੀ ਕਰਾਂ?" "ਜੀ ਓਥੋਂ ਇਹ ਕਈ ਰਜਿਸਟਰਾਂ ਵਿਚਦੀ ਹੋ ਕੇ ਅੰਤ ਨੂੰ ਫਿਰ ਜੁ ਤੁਹਾਡੇ ਕੋ਼ਲ ਆਉਣੀ ਹੈ; ਮੈ ਹੁਣੇ ਸਿਧੀ ਹੀ ਤੁਹਾਡੀ ਭੇਟਾ ਕਰ ਦਿੰਦਾ ਹਾਂ!" "ਹੱਤ ਤੇਰੇ ਸ਼ੈਤਾਨ ਦੀ। ਸੋਖੀਆ, ਤੂੰ ਬਾਜ ਆ ਜਾਹ ਸ਼ਰਾਰਤਾਂ ਤੋਂ!" ਆਖਦੇ ਅਤੇ ਹੱਸਦੇ ਹੋਏ, ਸਾਥੀਆਂ ਸਮੇਤ ਜਥੇਦਾਰ ਜੀ ਕਮੇਟੀ ਦੇ ਦਫ਼ਤਰ ਵੱਲ ਆ ਗਏ ਅਤੇ ਸੋਖੀ ਜੀ ਅੰਦਰ ਵੱਲ ਮੱਥਾ ਟੇਕਣ ਚਲੇ ਗਏ।

ਇਸ ਸਾਰੇ ਸਮੇ ਦੌਰਾਨ ਮੇਰਾ ਜਥੇਦਾਰ ਜੀ ਨਾਲ ਵਾਹਵਾ ਮੇਲ ਰਿਹਾ ਸੀ। ਜਥੇਦਾਰ ਜੀ ਨੇ ਮੈਨੂੰ ਕਦੀ ਕਦਾਈਂ ਆਖਣਾ, "ਮੇਰਾ ਬਿਆਨ ਪੜ੍ਹ ਕੇ ਪ੍ਰਧਾਨ ਸਾਹਿਬ ਨੂੰ ਸੁਣਾਇਆ ਕਰ ਸੰਤੋਖ ਸਿਹਾਂ!" ਫਿਰ ਇਕੋ ਹਲਕੇ ਦੇ ਹੋਣ ਕਰਕੇ ਵੀ ਜਥੇਦਾਰ ਜੀ ਮੇਰੇ ਨਾਲ਼ ਸਨੇਹ ਰਖਦੇ ਸਨ।

੧੯੭੩ ਦੇ ਸ਼ੁਰੂ ਵਿਚ ਮੈਂ ਦੇਸ ਛੱਡ ਕੇ ਪਰਦੇਸ, ਸੈਂਟਰਲ ਅਫ਼ਰੀਕਾ ਦੇ ਛੋਟੇ ਜਿਹੇ ਮੁਲਕ ਮਲਾਵੀ, ਵਿਚ ਚਲਿਆ ਗਿਆ। ਉਹ ਅਜਿਹਾ ਮੁਲਕ ਸੀ ਜਿਥੇ ਉਸ ਸਮੇ ਪੰਜਾਬ ਤੋਂ ਕੋਈ ਖ਼ਬਰ ਨਹੀਂ ਸੀ ਪਹੁੰਚਿਆ ਕਰਦੀ। ਨਾ ਅਖ਼ਬਾਰ, ਨਾ ਰੇਡੀਉ, ਕੁਝ ਵੀ ਨਾ ਓਥੇ! ਸਾਰੀ ਦੁਨੀਆਂ ਤੋਂ ਤਕਰੀਬਨ ਬੇਖ਼ਬਰ ਹੀ ਮੇਰਾ ਸਮਾ ਬੀਤਿਆ। ੧੯੭੫ ਵਿਚ ਸਵਾ ਕੁ ਦੋ ਸਾਲ ਦੇ ਅਰਸੇ ਪਿੱਛੋਂ ਮੈ ਅੰਮ੍ਰਿਤਸਰ ਆਇਆ ਤਾਂ ਇਕ ਸ਼ਾਮ ਨੂੰ ਜਥੇਦਾਰ ਜੀ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪ੍ਰਕਰਮਾਂ ਵਿਚ, ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਗੁਰਦੁਆਰੇ ਦੇ ਸਾਹਮਣੇ, ਸਰੋਵਰ ਦੇ ਕਿਨਾਰੇ ਬੈਠੇ ਹੋਏ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗਿ. ਸਾਧੂ ਸਿੰਘ ਭੌਰਾ ਜੀ ਅਤੇ ਕੁਝ ਹੋਰ ਧਾਰਮਿਕ ਵਿਦਵਾਨਾਂ ਨਾਲ਼ ਵਿਚਾਰ ਵਟਾਂਦਾਰਾ ਕਰ ਰਹੇ ਸਨ। ਮੈਂ ਆਪਣੀ ਸਿੰਘਣੀ ਅਤੇ ਬੱਚੇ ਸਮੇਤ, ਸ੍ਰੀ ਦਰਬਾਰ ਸਾਹਿਬ ਜੀ ਵੱਲ ਮੱਥਾ ਟੇਕਣ ਜਾ ਰਿਹਾ ਸਾਂ। ਕੁਝ ਸਮੇ ਲਈ ਇਹਨਾਂ ਮਹੱਤਵਪੂਰਣ ਸ਼ਖ਼ਸੀਅਤਾਂ ਕੋਲ਼ ਰੁਕਿਆ। 'ਫ਼ਤਿਹ ਫ਼ਤੂਹੀ' ਹੋਈ ਤੇ ਫਿਰ ਮੈ ਅੱਗੇ ਚਲਿਆ ਗਿਆ। ਇਹ ਮੇਰੀ ਜਥੇਦਾਰ ਜੀ ਨਾਲ ਆਖਰੀ ਮਿਲਣੀ ਸੀ। ਫਿਰ ਅਖ਼ਬਾਰਾਂ ਤੋਂ ਹੀ ਪਤਾ ਲੱਗਦਾ ਰਿਹਾ ਕਿ ਜਥੇਦਾਰ ਜੀ ਨੇ ਅੰਮ੍ਰਿਤਸਰ ਦੇ ਡੀ.ਸੀ. ਦੇ ਦਫ਼ਤਰ ਉਪਰ ਖ਼ਾਲਿਸਤਾਨ ਦਾ ਝੰਡਾ ਝੁਲਾਇਆ। ਅਕਾਲੀ ਲੀਡਰਸ਼ਿਪ ਨਾਲ਼ ਮੱਤ ਭੇਦ ਹੋਏ। ਉਹਨਾਂ ਨੇ 'ਜਗਤ ਅਕਾਲੀ ਦਲ' ਦੇ ਨਾਂ ਹੇਠ ਇਕ ਵੱਖਰੀ ਜਥੇਬੰਦੀ ਵੀ ਬਣਾਈ। ਪੰਜਾਬ ਵਿਚਲੀ ਜੁਝਾਰੂ ਲਹਿਰ ਸਮੇ ਉਹਨਾਂ ਨੇ ਆਪਣੇ ਵਿਚਾਰਾਂ ਅਨੁਸਾਰ ਖੁਲ੍ਹ ਕੇ ਸੰਤ ਜਰਨੈਲ ਸਿੰਘ ਜੀ ਦਾ ਵਿਰੋਧ ਕੀਤਾ। ਇਸ ਲਈ ਉਹਨਾਂ ਨੂੰ ਬੜੀ ਭਾਰੀ ਕੁਰਬਾਨੀ ਵੀ ਕਰਨੀ ਪਈ। ਆਪਣਾ ਹੋਣਹਾਰ ਸਪੁੱਤਰ ਸ. ਸੁਖਦੇਵ ਸਿੰਘ ਵੀ ਕਤਲ ਕਰਵਾਇਆ। ਹੋਰ ਵੀ ਧਮਕੀਆਂ ਮਿਲ਼ਦੀਆਂ ਰਹੀਆਂ। ਘਰ ਉਪਰ ਰਾਕਟ ਨਾਲ਼ ਵੀ ਹਮਲਾ ਹੋਇਆ ਪਰ ਉਹ ਆਪਣੇ ਨਿਵੇਕਲੇ ਵਿਚਾਰਾਂ ਉਪਰ ਡਟੇ ਹੀ ਰਹੇ ਤੇ ਟੱਸ ਤੋਂ ਮੱਸ ਨਾ ਹੋਏ; ਭਾਵੇਂ ਕਿੰਨਾ ਵੀ ਖ਼ਤਰਿਆਂ ਭਰਿਆ ਸਮਾ ਉਹਨਾਂ ਨੇ ਵੇਖਿਆ। ਕੋਈ ਉਹਨਾਂ ਦੇ ਵਿਚਾਰਾਂ ਨਾਲ ਸਹਿਮਤ ਹੋਵੇ ਚਾਹੇ ਨਾਂ ਪਰ ਇਹ ਗੱਲ ਤਾਂ ਜਰੂਰ ਮੰਨਣੀ ਹੀ ਪਵੇਗੀ ਕਿ ਕਿਸੇ ਡਰ ਜਾਂ ਲਾਲਚ ਦੇ ਅਧੀਨ ਜਥੇਦਾਰ ਜੀ ਆਪਣੇ ਵਿਚਾਰ ਪਰਗਟ ਕਰਨ ਤੋਂ, ਬਹੁਤੇ ਹੋਰ ਲੀਡਰਾਂ ਵਾਂਙ, ਸਮੇ ਤੇ ਚੁੰਭੀ ਨਹੀ ਸਨ ਮਾਰਦੇ ਬਲਕਿ ਮੈਦਾਨ ਵਿਚ ਡਟ ਕੇ ਗੱਲ ਕਰਦੇ ਸਨ। ਸੰਤ ਜਰਨੈਲ ਸਿੰਘ ਜੀ ਅਤੇ ਜਥੇਦਾਰ ਜੀ ਦੋਵੇਂ ਸਮਕਾਲੀ ਸ਼ਖ਼ਸੀਅਤਾਂ ਭਾਵੇਂ ਉਮਰ ਅਤੇ ਵਿਚਾਰਾਂ ਵਿਚ ਇਕ ਦੂਜੇ ਦੇ ਐਨ ਉਲ਼ਟ ਸਨ; ਭਾਵ ਕਿ ਜੇ ਇਕ ਦਾ ਮੂੰਹ ਪੂਰਬ ਵੱਲ ਸੀ ਤਾਂ ਦੂਜੇ ਦਾ ਬਿਲਕੁਲ ਉਸ ਤੋਂ ਉਲ਼ਟ ਪੱਛਮ ਵੱਲ। ਹਾਲਾਤ ਵੱਸ ਦੋਵੇਂ ਬਹਾਦਰ ਆਗੂ ਇਕ ਦੂਜੇ ਨਾਲ਼ ਟਕਰਾ ਗਏ। ਇਹ ਸਿੱਖ ਕੌਮ ਅਤੇ ਪੰਜਾਬ ਦੀ ਤਰਾਸਦੀ ਸੀ ਕਿ ਸਮੇ ਨੇ ਦੋਹਾਂ ਦਲੇਰ ਅਤੇ ਬਚਨ ਦੇ ਪੂਰੇ ਆਗੂਆਂ ਨੂੰ ਇਕ ਦੂਜੇ ਦੇ ਸਹਿਯੋਗੀ ਹੋਣ ਦੀ ਥਾਂ ਇਕ ਦੂਜੇ ਦਾ ਵਿਰੋਧੀ ਬਣਾ ਧਰਿਆ।

ਮਾਲ ਮੰਤਰੀ ਹੋਣ ਸਮੇ ਆਪਣੇ ਕਮਿਸ਼ਨਰ ਨਾਲ਼ ਉਹਨਾਂ ਦਾ ਝਗੜਾ ਵੀ ਵਾਹਵਾ ਚਰਚਾ ਵਿਚ ਰਿਹਾ। ਚੌਦਾਂ ਸਾਲਾਂ ਪਿੱਛੋਂ, ੧੯੭੯ ਵਾਲੀ ਸ਼੍ਰੋਮਣੀ ਕਮੇਟੀ ਦੀ ਚੋਣ ਸਮੇ ਜਥੇਦਾਰ ਜੀ ਦਾ ਹਲਕਾ ਬਿਆਸ ਤੋਂ ਇਲੈਕਸ਼ਨ ਲੜਨਾ ਬਹੁਤ ਚਰਚਾ ਵਾਲਾ ਵਿਸ਼ਾ ਬਣਿਆ। ਉਹਨਾਂ ਨੇ ਇਲੈਕਸ਼ਨ ਲੜਨ ਲਈ ਵਜ਼ੀਰੀ ਤੋਂ ਤਿਆਗ ਪੱਤਰ ਵੀ ਦੇ ਦਿਤਾ। ਇਕ ਪਾਸੇ ਸਿੱਖ ਨੌਜਵਾਨਾਂ ਦੇ ਦਿਲਾਂ ਦੀ ਧੜਕਣ, ਭਾਈ ਅਮ੍ਰੀਕ ਸਿੰਘ ਦਮਦਮੀ ਟਕਸਾਲ ਅਤੇ ਸਿੱਖ ਵਿਦਿਆਰਥੀ ਜਥੇਬੰਦੀ ਵੱਲੋਂ ਉਮੀਦਵਾਰ ਸਨ ਤੇ ਦੂਜੇ ਬੰਨੇ ਅਕਾਲੀ ਉਮੀਦਵਾਰ ਵਜੋਂ ਜਥੇਦਾਰ ਜੀ। ਇਹ ਚੋਣ ਜਥੇਦਾਰ ਜੀ ਅਤੇ ਮੁਖ ਮੰਤਰੀ ਸਰਦਾਰ ਬਾਦਲ ਜੀ ਨੇ ਆਪਣੇ ਵਕਾਰ ਦਾ ਸਵਾਲ ਬਣਾ ਕੇ ਲੜੀ। ਜਥੇਦਾਰ ਜੀ ਜੇਤੂ ਰਹੇ ਪਰ ਇਸ ਬਾਰੇ ਮੇਰਾ ਆਪਣਾ ਵਿਚਾਰ ਹੈ ਕਿ ਜਥੇਦਾਰ ਜੀ ਦੀ ਜਿੱਤ ਨੇ ਪੰਜਾਬ ਜਾਂ ਪੰਥ ਨੂੰ ਕੋਈ ਲਾਭ ਪੁਚਾਉਣ ਦੇ ਥਾਂ ਪੰਥ ਵਿਚ ਪੈ ਚੁੱਕੀ ਕੁੜੱਤਣ ਨੂੰ ਹੋਰ ਵਧਾਇਆ। ਜੇਕਰ ਜਥੇਦਾਰ ਜੀ ਪੰਥ ਅਤੇ ਪੰਜਾਬ ਵਿਚ ਬਣ ਚੁੱਕੀ ਆਪਣੀ ਹੈਸੀਅਤ ਨੂੰ ਧਿਆਨ ਵਿਚ ਰੱਖਦੇ ਹੋਏ, ਇਹ ਸੀਟ ਛੱਡ ਦਿੰਦੇ ਤਾਂ ਇਸ ਵਿਚ ਸਾਰਿਆਂ ਦਾ ਭਲਾ ਸੀ। ਸ਼੍ਰੋਮਣੀ ਕਮੇਟੀ ਦਾ ਮੈਂਬਰ ਬਣੇ ਰਹਿਣ ਲਈ ਹੋਰ ਵੀ ਕਈ ਤਰੀਕੇ ਸਨ ਤੇ ਫਿਰ ੧੯੬੦ ਤੋਂ ਉਹ ਲਗਾਤਾਰ ਮੈਬਰ ਚਲੇ ਆ ਹੀ ਰਹੇ ਸਨ। ਇਹ ਉਦਾਰਤਾ ਅਤੇ ਦੂਰਦਰਸ਼ਤਾ ਦਿਖਾਉਣ ਨਾਲ਼ ਜਥੇਦਾਰ ਜੀ ਦੀ ਵਡਿਆਈ ਵਿਚ ਵੀ ਵਾਧਾ ਹੋਣਾ ਸੀ ਪਰ ਜਥੇਦਾਰ ਜੀ ਨੇ ਆਪਣੀ ਦਲੇਰੀ ਭਰੀ ਸ਼ਖ਼ਸੀਅਤ ਕਾਰਨ ਇਹ ਚੋਣ ਲੜਨ ਦਾ ਫੈਸਲਾ ਕੀਤਾ ਅਤੇ ਜਿੱਤ ਵੀ ਪਰਾਪਤ ਕੀਤੀ।

ਆਸਟ੍ਰੇਲੀਆ ਵਿਚ ਰਹਿੰਦਿਆਂ ਵਲੈਤੀ ਅਖ਼ਬਾਰ 'ਦੇਸ ਪਰਦੇਸ' ਰਾਹੀਂ ਜਥੇਦਾਰ ਜੀ ਦੀਆਂ ਸਰਗਰਮੀਆਂ ਬਾਰੇ ਕਦੀ ਕਦੀ ਪੜ੍ਹਦਾ ਰਿਹਾ।

ਮੈ ਦਸੰਬਰ ੧੯੯੮ ਵਿਚ, ਕਪੂਰਥਲੇ ਦੇ ਪਿੰਡ ਸੰਗੋਜਲੇ ਤੋਂ ਵਾਪਸ ਮੁੜਦਾ ਹੋਇਆ ਜਦੋਂ ਉਮਰਾਨੰਗਲ ਪਿੰਡ ਪਹੁੰਚਿਆ ਤਾਂ ਜੀ.ਟੀ. ਰੋਡ ਉਪਰ ਜਥੇਦਾਰ ਜੀ ਦੀ ਕੋਠੀ ਦਿਸੀ। ਪਹਿਲਾਂ ਵੀ, ੧੯੬੭-੭੨ ਦੇ ਸਮੇ ਦੌਰਾਨ ਕਈ ਵਾਰ ਸੰਤ ਚੰਨਣ ਸਿੰਘ ਜੀ ਨਾਲ਼ ਏਥੇ ਰੁਕਿਆ ਕਰਦੇ ਸਾਂ ਪਰ ਓਦੋਂ ਜਥੇਦਾਰ ਜੀ ਦਾ ਪੁਰਾਣਾ ਆਮ ਜਿਮੀਦਾਰਾਂ ਵਾਲ਼ਾ ਸਾਦਾ ਜਿਹਾ ਰਿਹਾਇਸ਼ੀ ਸਥਾਨ ਹੁੰਦਾ ਸੀ। ਇਸ ਸਮੇ ਗੁਰੂ ਦੀ ਕਿਰਪਾ ਸਦਕਾ ਇਹ ਘਰ ਉਹਨਾਂ ਦੇ ਪਰਵਾਰਕ ਰੁਤਬੇ ਅਨੁਸਾਰ ਹੈ। ਸੜਕ ਉਪਰੋਂ ਲੰਘਦਿਆਂ ਕੋਠੀ ਵੇਖ ਕੇ ਵਿਚਾਰਿਆ ਕਿ ਜਥੇਦਾਰ ਜੀ ਦੇ ਦਰਸ਼ਨ ਕਰਦਾ ਜਾਵਾਂ। ਪਰਵਾਰ ਨੂੰ ਕਾਰ ਵਿਚ ਹੀ ਬੈਠਾ ਛੱਡ ਕੇ ਮੈ ਘਰ ਅੰਦਰ ਚਲਿਆ ਗਿਆ। ਬੰਦੂਕਧਾਰੀ ਪਹਿਰੇਦਾਰ ਸੱਜਣ ਨੇ ਮੈਨੂੰ ਬੈਠਕ ਵਿਚ ਬੈਠਾ ਕੇ ਅੰਦਰੋਂ ਇਕ ਜਥੇਦਾਰ ਜੀ ਜਿਡੇ ਹੀ

ਉਚੇ ਲੰਮੇ ਪ੍ਰਭਾਵਸ਼ਾਲੀ ਨੌਜਵਾਨ ਨੂੰ ਸੱਦ ਲਿਆਂਦਾ। ਮੇਰੇ ਖਿਆਲ ਵਿਚ ਉਹ ਜਥੇਦਾਰ ਜੀ ਦਾ ਹੋਣਹਾਰ ਪੋਤਰਾ ਸੀ। ਜਦੋਂ ਮੈ ਜਥੇਦਾਰ ਜੀ ਨੂੰ ਮਿਲਣ ਦੀ ਖਾਹਸ਼ ਦੱਸੀ ਤਾਂ ਉਸ ਨੌਜਵਾਨ ਨੇ ਮੈਨੂੰ ਜਥੇਦਾਰ ਜੀ ਦੇ ਅਕਾਲ ਚਲਾਣੇ ਦੀ ਸੋਗਮਈ ਖ਼ਬਰ ਸੁਣਾ ਕੇ ਮੇਰਾ ਤਰਾਹ ਹੀ ਕੱਢ ਦਿਤਾ। ਜਾਣਾ ਤਾਂ ਇਸ ਸੰਸਾਰ ਤੋਂ ਸਾਰਿਆਂ ਨੇ ਹੀ ਆਪੋ ਆਪਣੀ ਵਾਰੀ ਅਨੁਸਾਰ ਹੈ ਪਰ ੧੯੭੫ ਦੇ ਸਤੰਬਰ ਮਹੀਨੇ ਤੋਂ ਬਾਅਦ ਵਿਚ ਇਸ ਪ੍ਰਭਾਵਸ਼ਾਲੀ ਜਥੇਦਾਰ ਦੇ ਦਰਸ਼ਨ ਨਾ ਕਰ ਸਕਣ ਦਾ ਅਫ਼ਸੋਸ ਹੀ ਰਿਹਾ।

## ਯੋਗੀ ਹਰਭਜਨ ਸਿੰਘ ਖ਼ਾਲਸਾ ਜੀ

੧੯੭੦ ਦੀ ਗੱਲ ਹੈ ਕਿ ਮੇਰੇ ਛੋਟੇ ਭਰਾ ਸ. ਹਰਜੀਤ ਸਿੰਘ ਨੇ ਇਕ ਦਿਨ ਆਖਿਆ, “ਉਹ ਜੇਹੜੀਆਂ ਮਹਾਰਾਜ ਨੇ ਅਨੰਦ ਸਾਹਿਬ ਵਿਚ, “ਰਾਗ ਰਤਨ ਪਰਵਾਰ ਪਰੀਆਂ ਸਬਦ ਗਾਵਣ ਆਈਆਂ॥” ਆਖਿਆ ਸੀ ਨਾ; ਉਹ ਇਹੋ ਪਰੀਆਂ ਨੇ!

ਵੈਸੇ ਵੀ ਉਹ ਬੀਬੀਆਂ ਉਚੀਆਂ ਲੰਮੀਆਂ ਖ਼ੂਬਸੂਰਤ ਚਿੱਟੇ ਸਿੱਖ ਪਹਿਰਾਵੇ ਵਿਚ, ਕਿਸੇ ਪਰੀ ਲੋਕ ਤੋਂ ਆਈਆਂ ਹੀ ਨਹੀ ਬਲਕਿ ਉਤਰੀਆਂ ਹੋਈਆਂ ਭਾਸ ਰਹੀਆਂ ਸਨ।

ਗੱਲ ਇਹ ਇਉਂ ਹੋਈ ਕਿ ਓਹਨੀਂ ਦਿਨੀਂ ਅਮ੍ਰੀਕਾ ਤੋਂ ਯੋਗੀ ਹਰਭਜਨ ਸਿੰਘ ਜੀ ਦੇ ਨਾਲ਼ ਕੁਝ ਗੋਰੇ ਅਮ੍ਰੀਕਨ ਨੌਜਵਾਨ ਬੱਚੇ ਬੱਚੀਆਂ, ਅੰਮ੍ਰਿਤਸਰ ਵਿਚ ਆਏ ਹੋਏ ਸਨ। ਉਹ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਆਲ਼ੇ ਦੁਆਲ਼ੇ ਅਤੇ ਗੁਰੂ ਕੀ ਨਗਰੀ ਦੇ ਬਾਜ਼ਾਰਾਂ ਵਿਚ ਘੁੰਮਦੇ, ਖ਼ੂਬਸੂਰਤ ਉਚੇ ਲੰਮੇ ਚਿੱਟੇ ਬਸਤਰਾਂ, ਖੁਲ੍ਹੇ ਕੁੜਤੇ, ਦਸਤਾਰਾਂ ਅਤੇ ਚੂੜੀਦਾਰ ਪਜਾਮਿਆਂ ਵਿਚ ਸਜੇ ਹੋਏ, ਅਲੋਕਿਕ ਦ੍ਰਿਸ਼ ਪੇਸ਼ ਕਰ ਰਹੇ ਸਨ। ਬੀਬੀਆਂ ਵੀ ਚਿੱਟੇ ਬਸਤਰਾਂ ਦੇ ਨਾਲ਼ ਸਿਰਾਂ ਉਪਰ ਪੂਰੀਆਂ ਦਸਤਾਰਾਂ ਅਤੇ ਉਹਨਾਂ ਦਸਤਾਰਾਂ ਉਪਰ ਚਿੱਟੀਆਂ ਚੁੰਨੀਆਂ ਓਹੜ ਕੇ ਸੁੰਦਰਤਾ ਦਾ ਦ੍ਰਿਸ਼ ਪੇਸ਼ ਕਰ ਰਹੀਆਂ ਸਨ। ਗੁਰੂ ਦਰਬਾਰ ਵਿਚ ਏਧਰ ਓਧਰ ਵਿਚਰ ਰਹੇ ਇਹ ਨੌਜਵਾਨ ਪੰਜਾਬ ਦੇ ਲੋਕਾਂ ਲਈ ਅਦਭੁਤ ਨਜ਼ਾਰਾ ਹੀ ਭਾਸ ਰਹੇ ਸਨ।

ਗੱਲ ਇਹ ਸੀ ਕਿ ਇਕ ਕਸਟਮ ਅਫ਼ਸਰ ਸ. ਹਰਭਜਨ ਸਿੰਘ ਜੀ, ਦਿੱਲੀ ਤੋਂ ਕਿਸੇ ਅਮ੍ਰੀਕਨ ਦੇ ਸੱਦੇ ਉਪਰ ਯੋਗ ਸਿਖਾਉਣ ਓਥੇ ਗਿਆ ਸੀ। ਉਸ ਤੋਂ ਯੋਗ ਦੀ ਸਿੱਖਿਆ ਲੈਣ ਵਾਲ਼ੇ ਵਾਹਵਾ ਗਿਣਤੀ ਵਿਚ ਕੁਝ ਨੌਜਵਾਨ ਸਿੱਖੀ ਰਹਿਣੀ ਬਹਿਣੀ ਅਤੇ ਸਿੱਖਿਆ ਤੋਂ ਪ੍ਰਭਾਵਤ ਹੋ ਕੇ, ਸਿੱਖ ਬਾਣੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਪਾਨ ਕਰਨ ਵਾਸਤੇ ਆਏ ਸਨ।

ਇਹ ਗੱਲ ਤਾਂ ਏਥੇ ਹੀ ਮੁੱਕ ਗਈ। ਜਦੋਂ ੧੯੭੭ ਦੇ ਮਈ ਮਹੀਨੇ ਵਿਚ ਮੈ ਅਫ਼੍ਰੀਕਾ ਤੇ ਯੂਰਪ ਦੇ ਕੁਝ ਮੁਲਕਾਂ ਵਿਚਦੀ ਹੁੰਦਾ ਹੋਇਆ, ਹਾਲੈਂਡ ਦੇ ਸ਼ਹਿਰ ਐਮਸਟਰਡੈਮ ਵਿਚ ਪੁੱਜਿਆ ਤਾਂ ਓਥੇ ਇਹਨਾਂ ਸਿੱਖਾਂ ਵੱਲੋਂ ਚਲਾਏ ਜਾ ਰਹੇ ਆਸ਼੍ਰਮ ਵਿਚ ਵੀ ਗਿਆ। ਓਥੇ ਜਾਣ ਦਾ ਸਬੱਬ ਤੇ ਵਿਸਥਾਰ ਮੈਂ ਇਕ ਹੋਰ ਲੇਖ ਵਿਚ ਪਾਠਕਾਂ ਨੂੰ ਦੱਸ ਚੁੱਕਾ ਹਾਂ। ਇਸ ਦੇ ਵਿਸਥਾਰ ਵਿਚ ਜਾਣ ਦੀ ਏਥੇ ਲੋੜ ਨਹੀ। ਇਹ ਮੇਰਾ ਪਹਿਲਾ ਸਿਧਾ ਸੰਪਰਕ ਇਹਨਾਂ ਲੋਕਾਂ ਨਾਲ਼ ਹੋਇਆ ਸੀ।

ਫਿਰ ਮੈਂ ਉਸ ਸਾਲ ਦੀਆਂ ਸਰਦੀਆਂ ਵਿਚ ਲੰਡਨ ਵਿਚ ਸਾਂ ਤੇ ਓਹਨੀਂ ਦਿਨੀਂ ਅੰਗ੍ਰੇਜ਼ੀ ਪ੍ਰੈਸ, ਖਾਸ ਕਰਕੇ ‘ਟਾਈਮ’ ਮੈਗਜ਼ੀਨ ਵਿਚ ਛਪੇ ਮੈਟਰ ਨੂੰ, ਮੱਖੀ ਤੇ ਮੱਖੀ ਮਾਰਨ ਵਾਂਗ, ਵਲੈਤ ਦੇ ਪੰਜਾਬੀ ਪ੍ਰੈਸ ਨੇ ਵੀ ਮਸਾਲਾ ਲਾ ਲਾ ਕੇ, ਯੋਗੀ ਜੀ ਅਤੇ ਇਸ ਲਹਿਰ ਦੇ ਖ਼ਿਲਾਫ਼ ਵਾਹਵਾ ਕੁਝ ਲਿਖਿਆ। ਉਸ ਸਮੇ ਇਕ ਪੰਜਾਬੀ ਅਖ਼ਬਾਰ ਦੇ ਮਾਲਕ ਨੂੰ ਮੈਂ ਇਸ ਬਾਰੇ ਸ਼ਿਕਾਇਤ ਕੀਤੀ ਤਾਂ ਉਸ ਨੇ ਆਖਿਆ ਕਿ ਅਖ਼ਬਾਰੀ ਕਾਰੋਬਾਰ ਵਿਚ ਜੇ ਅਸੀਂ ਅਜਿਹਾ ਕੁਝ ਨਾ ਛਾਪੀਏ ਤਾਂ ਬਾਕੀਆਂ ਨਾਲ਼ੋਂ ਪਿੱਛੇ ਰਹਿ ਜਾਂਦੇ ਹਾਂ। ਇਸ ਲਈ ਅਜਿਹਾ ਸਾਨੂੰ ਛਾਪਣਾ ਹੀ ਪੈਂਦਾ ਹੈ। ਅਖੀਰ ਵਿਚ ਉਹਨਾਂ ਨੇ ਆਖਿਆ ਕਿ ਮੈਂ ਇਸ ਦੇ ਉਲ਼ਟ ਲਿਖ ਦੇਵਾਂ ਉਹ ਛਾਪ ਦੇਣਗੇ। ਜੋ ਮੇਰੀ ਉਸ ਸਮੇ ਸਮਝ ਵਿਚ ਆਇਆ ਮੈਂ ਲਿਖ ਦਿਤਾ। ਅਖਬਾਰ ਵਾਲ਼ੇ ਨੇ ਬਿਨਾ ਪ੍ਰੋਫ਼ੈਸ਼ਨਲ ਸੋਧ ਸੁਧਾਈ ਦੇ ਉਹ ਲੇਖ, ਜਿਵੇਂ ਮੈਂ ਲਿਖਿਆ ਸੀ, ਵਿੰਗ ਤੜਿੰਗਾ ਜਿਹਾ ਹੀ ਛਾਪ ਦਿਤਾ। ਅਗਲੀ ਸਵੇਰ ਤੋਂ ਪੰਜਾਬੀ ਸਿੱਖਾਂ ਵੱਲੋਂ ਮੇਰੇ ਤੇ ਰੋਹਬ ਪਾਉਣ ਵਾਲੇ ਫ਼ੋਨ ਆਉਣੇ ਸ਼ੁਰੂ ਹੋ ਗਏ। ਅਖੀਰ ਵਿਚ ਮੈਨੂੰ ਆਖਣਾ ਪਿਆ ਕਿ ਜੋ ਕੁਝ ਮੈਂ ਠੀਕ ਸਮਝਦਾ ਹਾਂ ਉਹ ਲਿਖ ਦਿਤਾ ਹੈ ਤੇ ਅੱਗੇ ਤੋਂ ਵੀ ਜੋ ਠੀਕ ਸਮਝਾਂਗਾ ਓਹੀ ਬੋਲਾਂਗਾ ਤੇ ਓਹੀ ਲਿਖਾਂਗਾ; ਤੁਸੀਂ ਜੋ ਕਰਨਾ ਹੈ ਕਰ ਲਵੋ। ਖੈਰ, ਉਹਨਾਂ ਸੱਜਣਾਂ ਵਿਚੋਂ ਇਕ ਬਹੁਤ ਵਿਦਵਾਨ ਸੱਜਣ ਨੇ ਸਾਂਝੇ ਮਿੱਤਰ, ਗਿ. ਅਜਮੇਰ ਸਿੰਘ, ਸਕੱਤਰ ਸ਼੍ਰੋਮਣੀ ਅਕਾਲੀ ਦਲ ਕੋਲ਼ ਮੇਰੀ ਸ਼ਿਕਾਇਤ ਵੀ ਲਾਈ ਪਰ ਗਿਅਨੀ ਜੀ ਨੇ ਸਿਅਣਪ ਨਾਲ਼ ਮਸਲਾ ਨਜਿਠ ਦਿਤਾ।

ਇਹਨੀਂ ਦਿਨੀਂ ਹੀ ਯੋਗੀ ਜੀ ਵੀ ਲੰਡਨ ਵਿਚ ਪਧਾਰੇ। ਉਹਨਾਂ ਨੂੰ ਕਿਸੇ ਤੋਂ ਪਤਾ ਲੱਗਾ ਕਿ ਇਸ 'ਰਾਮ ਰੌਲ਼ੇ' ਵਿਚ ਸਿਰਫ਼ ਮੈਂ ਹੀ ਉਹ ਕੁਝ ਲਿਖਿਆ ਹੈ ਜੋ ਉਹਨਾਂ ਦੇ ਖ਼ਿਲਾਫ਼ ਪ੍ਰਚਾਰੇ ਜਾ ਰਹੇ ਵਿਰੋਧ ਦੇ ਵਿਰੁਧ ਹੈ। ਉਹਨਾਂ ਦੇ ਹੱਕ ਵਿਚ ਸਾਊਥਾਲ ਵਿਚ ਇਕ ਜਲਸਾ ਵੀ ਕੀਤਾ ਗਿਆ। ਉਸ ਜਲਸੇ ਵਿਚ ਵੀ ਮੈਂ ਨਿਰਭੈਤਾ ਨਾਲ਼, ਜੋ ਮੈਨੂੰ ਠੀਕ ਲੱਗੀ ਉਹ ਗੱਲ ਕੀਤੀ।

ਉਹਨੀਂ ਦਿਨੀਂ ਹੀ ਯੋਗੀ ਜੀ ਦੀ ਲੰਡਨ ਯਾਤਰਾ ਦੌਰਾਨ, ਉਹਨਾਂ ਦੇ ਸੱਦੇ ਤੇ ਮੈਂ ਚੌਵੀ ਘੰਟੇ ਉਹਨਾਂ ਨਾਲ਼ ਬਿਤਾਏ। ਪਤਾ ਨਹੀ ਲੱਗਾ ਕਿ ਉਹ ਕੇਹੜੇ ਵੇਲ਼ੇ ਸੁਤੇ। ਤਿੰਨ ਚਾਰ ਵਜੇ ਦਾ ਸਮਾ ਹੋਵੇਗਾ ਜਦੋਂ ਉਹ ਕੁਝ ਸਮੇ ਲਈ ਉਪਰਲੀ ਛੱਤ ਉਪਰ ਗਏ ਤੇ ਛੇਤੀ ਹੀ ਵਾਪਸ ਆ ਕੇ ਫਿਰ ਸਾਡੇ ਵਿਚ ਬੈਠ ਗਏ। ਸਾਰੇ ਸਮੇ ਦੌਰਾਨ ਮੈਂ ਉਹਨਾਂ ਨੂੰ ਬੋਲਦਿਆਂ, ਦੂਜਿਆਂ ਨੂੰ ਝਾੜਦਿਆਂ ਤੇ ਉਹਨਾਂ ਦੀ

ਖੁੰਬ ਠੱਪਦਿਆਂ ਹੀ ਵੇਖਿਆ। ਕਿਸੇ ਦਾ ਵੀ ਉਹ ਲਿਹਾਜ਼ ਨਹੀ ਸਨ ਕਰ ਰਹੇ। ਆਪਣੇ ਨੌਜਵਾਨ ਗੋਰੇ ਸ਼ਰਧਾਲੂਆਂ ਨੂੰ ਤਾਂ ਗਾਹਲਾਂ ਦਾ ਵੀ ਖੁਲ੍ਹਾ ਗੱਫਾ ਵਰਤਾ ਰਹੇ ਸਨ। ਕਿਸੇ ਗੱਲ ਤੋਂ ਮੈਨੂੰ ਵੀ ਉਹਨਾਂ ਨੇ ਝਿੜਕ ਜਿਹੀ ਵਾਂਗ ਸੰਬੋਧਨ ਕੀਤਾ ਪਰ ਮੈਂ ਤਾਂ ਛੇਤੀ ਹੀ ਸਾਵਧਾਨ ਹੋ ਗਿਆ ਤੇ ਲਾਸ ਏਂਜਨਲਜ਼ ਦੀ, ਉਹਨਾਂ ਦੇ ਹੈਡ ਕੁਆਰਟਰ ਦੀ ਯਾਤਰਾ ਸਮੇ, ਮੈਂ ਇਸ ਗੱਲ ਦਾ ਖਾਸ ਧਿਅਨ ਰੱਖਿਆ ਕਿ ਉਹਨਾਂ ਨੂੰ ਫਿਰ ਅਜਿਹਾ ਮੌਕਾ ਨਹੀ ਦੇਣਾ ਕਿ ਉਹ ਦੂਜੇ ਲੋਕਾਂ ਵਾਂਗ ਮੈਨੂੰ ਵੀ ਝਿੜਕ ਮਾਰ ਸੱਕਣ। ਪ੍ਰਸਿਧ ਸਿੱਖ ਵਿਦਵਾਨ ਡਾ. ਗੋਬਿੰਦ ਸਿੰਘ ਮਨਸੁਖਾਨੀ ਦੀ ਵੀ ਉਹਨਾਂ ਨੇ ਚੰਗੀ ਖੁੰਬ ਠੱਪ ਦਿਤੀ ਸੀ।

ਇਹ ਗੱਲ ਆਈ ਗਈ ਹੋ ਗਈ।

ਮੈਂ ਦੇਸੋਂ ਵਲੈਤ ਗਏ ਪੰਥਕ ਅਗੁਆਂ ਨਾਲ਼ ਵਾਪਸ ਅੰਮ੍ਰਿਤਸਰ ਆ ਗਿਆ। ਜਿਸ ਕਾਰਜ ਲਈ ਟੌਹੜਾ ਸਾਹਿਬ ਮੈਨੂੰ ਲੈ ਕੇ ਆਏ ਸਨ ਉਹ ਕਾਰਜ ਉਹ ਸਿਰੇ ਨਾ ਚੜ੍ਹਾ ਸਕੇ ਤੇ ਮੈਨੂੰ ਹੋਰ ਪੇਸ਼ਕਸ਼ ਕੀਤੀ ਜੋ ਮੈਂ ਉਸ ਸਮੇ ਨਿਭਾਉਣ ਤੋਂ ਸੰਕੋਚ ਕਰ ਲਿਆ। ਚਿਰ ਤੋਂ ਖਾਹਸ਼ ਸੀ ਕਿ ਅਮ੍ਰੀਕਾ, ਕੈਨੇਡਾ ਰਾਹੀਂ ਫਿਜੀ, ਨਿਊ ਜ਼ੀਲੈਂਡ, ਆਸਟ੍ਰੇਲੀਆ, ਸਿੰਘਾਪੁਰ, ਮਲੇਸ਼ੀਆ, ਥਾਈਲੈਂਡ ਆਦਿ ਦੇਸਾਂ ਵਿਚ ਦੀ ਵਿਚਰਦਾ ਹੋਇਆ ਦੁਨੀਆ ਦੇ ਦੁਆਲੇ ਇਕ ਭੁਆਟਣੀ ਲਾਵਾਂ। ਮਲਾਵੀ ਤੋਂ ਤੁਰਨ ਸਮੇ ਇਸ ਤਰ੍ਹਾਂ ਦੀ ਇਕ ਟਿਕਟ ਵੀ ਜੇਬ ਵਿਚ ਪਾ ਕੇ ਤੁਰਿਆ ਸਾਂ। ਉਸ ਕਾਰਜ ਨੂੰ ਪੂਰਾ ਕਰਨ ਲਈ ਮੈਂ ਫਿਰ ਵਾਪਸ ਲੰਡਨ ਨੂੰ ਚਾਲੇ ਪਾਉਣ ਦਾ ਵਿਚਾਰ ਬਣਾ ਲਿਆ। ਮਲਾਵੀ ਤੋਂ ਅਮ੍ਰੀਕਾ ਦੇ ਪਰਾਪਤ ਕੀਤੇ ਗਏ ਮਲਟੀਪਲ ਵੀਜ਼ੇ ਦੀ ਮਿਅਦ ਤਾਂ ਭਾਵੇ ਮੁੱਕ ਚੁੱਕੀ ਸੀ ਪਰ ਲੰਡਨ ਤੋਂ ਫਿਰ ਲੈ ਲੈਣ ਦੀ ਆਸ ਸੀ, ਤੇ ਉਹ ਪੂਰੀ ਵੀ ਹੋ ਗਈ ਅਰਥਾਤ ਵੀਜ਼ਾ ਫਿਰ ਮਿਲ਼ ਗਿਆ।

ਮਹੀਨਾ ਕੁ ਅੰਮ੍ਰਿਤਸਰ ਰਹਿ ਕੇ ਵਾਪਸ ਲੰਡਨ ਨੂੰ ਮੁੜ ਗਿਆ ਤੇ ਓਥੋਂ ਮਹੀਨੇ ਕੁ ਪਿੱਛੋਂ, ਵੀਜ਼ਾ ਲੈਣ ਉਪ੍ਰੰਤ, ਇਕ ਪਾਸੜ ੬੪ ਪੌਂਡ ਦੀ ਸਟੈਂਡਬਾਈ ਟਿਕਟ ਲੈ ਕੇ, ੧੨ ਅਪ੍ਰੈਲ ੧੯੭੮ ਵਾਲ਼ੀ ਰਾਤ ਨੂੰ, ਲੰਡਨੋਂ ਏਅਰ ਇੰਡੀਆ ਦੇ ਜਹਾਜ 'ਸ਼ਾਹ ਜਹਾਨ' ਵਿਚ ਬੈਠ ਕੇ ਅਗਲੇ ਦਿਨ, ੧੩ ਅਪ੍ਰੈਲ ਨੂੰ ਨਿਊ ਯਾਰਕ ਜਾ ਉਤਰਿਆ। ਜਦੋਂ ਹਵਾਈ ਅੱਡੇ ਤੋਂ ਗਿ. ਗੁਰਦੀਪ ਸਿੰਘ ਜੀ, ਹੈਡ ਗ੍ਰੰਥੀ ਗੁਰਦੁਅਰਾ ਰਿਚਮੰਡ ਹਿੱਲ ਨੂੰ ਰਿੰਗਿਆ ਤਾਂ ਉਹਨਾਂ ਨੂੰ ਇਤਬਾਰ ਨਾ ਆਇਆ। ਤਸੱਲੀ ਲਈ ਉਹਨਾਂ ਨੇ ਪੁੱਛਿਆ, "ਨਿਊ ਯਾਰਕ ਦੇ ਹਵਾਈ ਅੱਡੇ ਤੋਂ ਬੋਲਦਾ ਏਂ ਜਾਂ ਕਿ ਲੰਡਨ ਦੇ ਹਵਾਈ ਅੱਡੇ ਤੋਂ ਬੋਲ ਰਿਹਾ ਏਂ?" ਮੇਰੇ ਦੁਬਾਰਾ ਦੱਸਣ ਤੇ ਉਹਨਾਂ ਨੇ ਆਖਿਆ, "ਚੰਗਾ ਫਿਰ ਇਉਂ ਕਰ, ਬੱਸ ਰਾਹੀਂ ਏਥੇ ਪੁੱਜ ਜਾਹ।" ਤੇ ਮੈ ਓਵੇਂ ਹੀ ਡਾਂਡੇ ਮੀਂਡੇ ਗੁਰਦੁਆਰੇ ਅੱਪੜ ਕੇ, ਉਹਨਾਂ ਨੂੰ ਜਾ ਫ਼ਤਿਹ ਬੁਲਾਈ। ਓਥੇ ਹੀ ਸ. ਪਰਗਟ ਸਿੰਘ ਜੀ ਵੀ ਮਿਲ਼ ਗਏ। ਮਿਲ਼ ਕੇ ਪਰਸਪਰ ਪ੍ਰਸੰਨਤਾ ਪਰਾਪਤ ਹੋਈ।

੧੯੭੮ ਦੀ ਵੈਸਾਖੀ ਦੇ ਸਮਾਗਮ ਵਿਚ ਏਥੇ ਹੀ ਭਾਗ ਲਿਆ। ਅੰਮ੍ਰਿਤ ਸੰਚਾਰ ਵਿਚ ਵੀ ਸ਼ਾਮਲ ਹੋਇਆ। ਮੈਨੂੰ ਇਸ ਲਈ ਅੰਮ੍ਰਿਤ ਸੰਚਾਰ ਵਿਚ ਸ਼ਾਮਲ ਕਰਦੇ ਹਨ ਕਿ 'ਜਾਪੁ ਸਾਹਿਬ' ਨਾਮੀ ਬਾਣੀ ਆਮ ਤੌਰ ਤੇ ਸਿੰਘਾਂ ਨੂੰ ਕੰਠ ਨਹੀ ਹੁੰਦੀ ਪਰ ਮੈਨੂੰ ਬਚਪਨ ਵਿਚ ਹੀ ਭਾਈਆ ਜੀ ਨੇ ਬਾਕੀ ਬਾਣੀਆਂ ਦੇ ਨਾਲ਼ ਹੀ ਇਹ ਵੀ ਕੰਠ ਕਰਵਾ ਦਿਤੀ ਹੋਈ ਸੀ।

ਏਥੇ ਪੁੱਜਦਿਆਂ ਹੀ, ੧੩ ਅਪ੍ਰੈਲ ੧੯੭੮ ਨੂੰ ਅੰਮ੍ਰਿਤਸਰ ਵਿਚ ਵਾਪਰਨ ਵਾਲ਼ੇ ਦੁਖਾਂਤ ਦੀ ਮਾੜੀ ਖ਼ਬਰ ਮਿਲੀ। ਇਸ ਦੁਰਘਟਨਾ ਦੇ ਦੋਸ਼ੀਆਂ ਨੂੰ ਸਰਕਾਰ ਵੱਲੋਂ ਸਜਾ ਨਾ ਦਿਵਾਈ ਜਾ ਸਕਣ ਕਾਰਨ ਹੀ ਏਨਾ ਵਿਖਾਦ ਵਧ ਗਿਆ ਕਿ ਉਸ ਵਿਖਾਦ ਕਾਰਨ ਹੀ, ਡੇਢ ਕੁ ਦਹਾਕਾ ਸਿੱਖ ਕੌਮ ਨੇ ਭਿਆਨਕ ਸੰਤਾਪ ਹੰਡਾਇਆ ਤੇ ਇਸ ਦੇ ਨਾਲ਼ ਹੀ ਬਾਕੀ ਸ਼ਰੀਫ਼ ਪੰਜਾਬੀਆਂ ਦੀ ਜਾਨ ਵੀ ਮੁੱਠੀ ਵਿਚ ਆਈ ਰਹੀ।

ਅਮ੍ਰੀਕਾ ਤੇ ਕੈਨੇਡਾ ਦੇ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ, ਵੱਖ ਵੱਖ ਸ਼ਹਿਰਾਂ ਵਿਚ ਦੀ, ਬੱਸਾਂ ਤੇ ਕਾਰਾਂ ਰਾਹੀਂ ਘੁੰਮਦਾ ਹੋਇਆ, ਅਖੀਰ ਜਨਵਰੀ ੧੯੭੯ ਵਿਚ ਮੈਂ ਯੋਗੀ ਜੀ ਦੇ ਹੈਡ ਕੁਅਰਟਰ ਵਾਲ਼ੇ ਸ਼ਹਿਰ ਲਾਸ ਏਂਜਲਜ਼ ਵਿਚ ਪੁੱਜ ਗਿਆ।

ਜਾਣਾ ਤੇ ਮੈ ਚਾਹੁੰਦਾ ਸੀ ਸਿਧਾ ਯੋਗੀ ਜੀ ਦੇ ਆਸ਼੍ਰਮ ਵਿਚ ਹੀ ਪਰ ਬੱਸ ਅੱਡੇ ਤੋਂ ਫ਼ੋਨ ਰਾਹੀਂ ਉਹਨਾਂ ਨਾਲ ਸਿਧਾ ਸੰਪਰਕ ਨਾ ਹੋਣ ਕਾਰਨ ਮੈਂ ਫਿਰ ਗੁਰਦੁਆਰਾ ਸਾਹਿਬ ਵਿਚ ਹੀ ਚਲਿਆ ਗਿਆ। ਇਸ ਗੁਰਦੁਆਰਾ ਸਾਹਿਬ ਜੀ ਦੇ ਪ੍ਰਬੰਧਕ ਵੀ ਬਹੁਤੇ ਸਥਾਨਾਂ ਦੇ ਪ੍ਰਬੰਧਕਾਂ ਵਾਂਗ ਯੋਗੀ ਦੇ ਅਸ਼ੁਭਚਿੰਤਕ ਹੀ ਸਨ। ਰਾਤ ਸਮੇ ਰਹਿਣ ਲਈ ਗ੍ਰੰਥੀ ਜੀ ਨੇ ਮੈਨੂੰ ਕਮਰਾ ਬਖ਼ਸ਼ ਦਿਤਾ। ਇਹ ਗਿਆਨੀ ਜੀ, ਸਮੇਤ ਪਰਵਾਰ ਗੁਰਦੁਅਰਾ ਸਾਹਿਬ ਵਿਖੇ ਸੇਵਾ ਕਰਦੇ ਸਨ ਪਰ ਪਰਵਾਰਕ ਉਪਜੀਵਕਾ ਚਲਾਉਣ ਲਈ ਬਾਹਰ ਅਖ਼ਬਾਰਾਂ ਆਦਿ ਵੇਚਣ ਦੀ ਕਿਰਤ ਕਰਿਆ ਕਰਦੇ ਸਨ। ਵਿਚਾਰੇ ਇਮੀਗ੍ਰੇਸ਼ਨ ਪਰਾਪਤ ਹੋ ਜਾਣ ਦੀ ਆਸ ਤੇ ਇਹ ਸੇਵਾ ਨਿਭਾ ਰਹੇ ਸਨ। ਇਸ ਦੌਰਾਨ ਉਹਨਾਂ ਦੇ ਪਰਵਾਰ ਵਿਚ ਇਕ ਅਣਸੁਖਾਵੀਂ ਘਟਨਾ ਵੀ ਵਾਪਰ ਗਈ ਜਿਸ ਦਾ ਅਸਰ ਗਿਆਨੀ ਜੀ ਦੇ ਚੇਹਰੇ ਅਤੇ ਬੋਲ ਬਾਣੀ ਤੋਂ ਪਰਗਟ ਹੁੰਦਾ ਸੀ। ਸੱਤਰਵਿਆਂ ਵਾਲ਼ੇ ਦਹਾਕੇ ਦੌਰਾਨ ਪਰਦੇਸਾਂ ਵਿਚ ਵੇਖਿਆ ਕਿ ਜਿਸ ਗੁਰਦੁਅਰੇ ਦੇ ਪ੍ਰਬੰਧਕ ਧਨੀ, ਵੱਡੇ ਪ੍ਰੋਫ਼ੈਸ਼ਨਲ ਵਿਅਕਤੀ ਅਤੇ ਸੰਗਤ ਹੁੰਦੀ ਸੀ ਓਥੋਂ ਦੇ ਗ੍ਰੰਥੀ ਸਿੰਘ ਜੀ ਨੂੰ ਪਰਵਾਰ ਦੇ ਗੁਜ਼ਾਰੇ ਲਈ ਬਾਹਰ ਹੀ ਮਜ਼ਦੂਰੀ ਵਗੈਰਾ ਕਰਨੀ ਪੈਂਦੀ ਸੀ ਪਰ ਜਿਥੇ ਮਜ਼ਦੂਰਾਂ, ਕਿਸਾਨਾਂ ਦੀ ਸੰਗਤ ਹੁੰਦੀ ਸੀ ਓਥੇ ਹਰ ਪੱਖੋਂ ਲਹਿਰਾਂ ਬਹਿਰਾਂ ਹੁੰਦੀਆਂ ਸਨ। ਇਹੋ ਹਾਲਤ ਏਥੇ ਆਸਟ੍ਰੇਲੀਆ ਵਿਚ ਵੀ ੧੯੯੨ ਤੱਕ ਰਹੀ।

ਇਸ ਸਮੇ ਸਾਰੇ ਸੰਸਾਰ ਵਿਚ ਵੱਸਦੇ ਸਿੱਖਾਂ ਦੇ ਭਾਈਚਾਰਕ ਹਾਲਾਤ, ਬੀਬੀ ਇੰਦਰਾ ਦੀ 'ਕਿਰਪਾ' ਸਦਕਾ, ੧੯੮੪ ਤੋਂ ਪਿੱਛੋਂ ਬਦਲ ਗਏ ਹੋਏ ਹਨ ਕਿਉਂਕਿ ਉਸ ਦੀ ਸਿੱਖ ਦੁਸ਼ਮਣੀ ਕਾਰਨ, ਪੁਲਸ ਅਤੇ ਫੌਜ ਦੇ ਜ਼ੁਲਮਾ ਤੋਂ ਤੰਗ ਆ ਕੇ, ਬਹੁਤ ਸਾਰੇ ਸਿੱਖ ਨੌਜਵਾਨ ਭਗੌੜੇ ਹੋ ਕੇ, ਬਾਹਰਲੇ ਦੇਸਾਂ ਵਿਚ ਆ ਵਸੇ ਹਨ।

ਕਿਉਂਕਿ ਮੇਰੇ ਲਾਸ ਏਂਜਲਜ਼ ਵਿਚ ਪਹੁੰਚਣ ਦਾ ਪਤਾ ਯੋਗੀ ਜੀ ਨੂੰ ਲੱਗ ਚੁੱਕਾ ਸੀ। ਇਸ ਲਈ ਸਵੇਰ ਹੁੰਦਿਆਂ ਹੀ ਉਹਨਾਂ ਦਾ ਚੀਫ਼ ਪ੍ਰੋਟੋਕੋਲ ਅਧਿਕਾਰੀ ਅਤੇ ਇਕ ਦੋ ਹੋਰ ਸੱਜਣ ਮੈਨੂੰ ਲੈਣ ਲਈ ਗੁਰਦੁਆਰਾ ਸਾਹਿਬ ਵਿਖੇ ਆ ਗਏ। ਮੇਰੇ ਉਹਨਾਂ ਨਾਲ਼ ਤੁਰਨ ਸਮੇ ਗਿਆਨੀ ਜੀ ਉਪਰੋਂ ਆਪਣੇ ਕਮਰੇ ਵਿਚੋਂ ਵੇਖ ਰਹੇ ਸਨ ਤੇ ਆਪਣੀ ਡਿਊਟੀ ਸਮਝ ਕੇ, ਇਹ ਖ਼ਬਰ ਉਹਨਾਂ ਨੇ ਪ੍ਰਬੰਧਕਾਂ ਤੱਕ ਵੀ ਪੁਚਾ ਦਿਤੀ। ਮੈ ਕੋਈ ਕਿਸੇ ਤੋਂ ਲੁਕ ਕੇ ਤਾਂ ਜਾ ਨਹੀ ਸੀ ਰਿਹਾ। ਮੇਰਾ ਤੇ ਜੋ ਵੀ ਕਾਰਜ ਹੁੰਦਾ ਹੈ, ਪਰਗਟ ਹੀ ਹੁੰਦਾ ਹੈ। ਲੁਕਾ ਰੱਖ ਸੱਕਣ ਦੀ ਰੱਬ ਨੇ ਅਕਲ ਹੀ ਨਹੀ ਦਿਤੀ।

ਖ਼ੈਰ, ਉਸ ਦਿਨ ਬੁਧਵਾਰ ਸੀ ਤੇ ਬੁਧਵਾਰ ਯੋਗੀ ਜੀ ਦਾ ਛੁੱਟੀ ਦਾ ਦਿਨ ਹੁੰਦਾ ਹੈ। ਬਾਕੀ ਦੇ ਛੇ ਦਿਨ ਉਹ ਕਾਰਜ ਵਿਚ ਲੱਗੇ ਰਹਿੰਦੇ ਹਨ ਤੇ ਇਸ ਲਈ ਉਹ ਰਾਤ ਹੋਵੇ ਜਾਂ ਦਿਨ, ਕੋਈ ਸਮਾ ਨਹੀਂ ਸਨ ਵਿਚਾਰਿਆ ਕਰਦੇ। ਕੇਵਲ ਬੁਧਵਾਰ ਦੇ ਦਿਨ ਹੀ ਮੁਕੰਮਲ ਛੁੱਟੀ ਮਨਾਇਆ ਕਰਦੇ ਸਨ।

ਮੈਂ ਜਦੋਂ ਉਹਨਾਂ ਦੇ ਕਮਰੇ ਵਿਚ ਪਰਵੇਸ਼ ਕੀਤਾ ਤਾਂ ਉਸ ਸਮੇ ਉਹ ਚਿੱਟੇ ਰੰਗ ਦੇ ਕਛਹਿਰੇ ਅਤੇ ਚਿੱਟੀ ਹੀ ਬੁਨੈਣ ਵਿਚ ਇਕ ਵਿਸ਼ਾਲ ਕੁਰਸੀ ਉਪਰ ਸੁਸ਼ੋਭਤ ਸਨ। ਕਛਹਿਰਾ ਉਹਨਾਂ ਦਾ ਗੋਡਿਆਂ ਤੱਕ, ਨਿਹੰਗ ਸਿੰਘਾਂ ਦੇ ਕਛਹਿਰਿਆਂ ਵਾਂਗ, ਬੜਾ ਪ੍ਰਭਾਵਸ਼ਾਲੀ ਲੱਗ ਰਿਹਾ ਸੀ। ਇਕ ਬੀਬੀ ਉਹਨਾਂ ਦੀ ਸੱਜੀ ਲੱਤ ਦੀ ਮਾਲਸ਼ ਕਰ ਰਹੀ ਸੀ ਤੇ ਇਕ ਖੱਬੀ ਲੱਤ ਦੀ। ਇਕ ਉਹਨਾਂ ਦੇ ਸਿਰ ਦੀ ਮਾਲਸ਼ ਕਰ ਰਹੀ ਸੀ। ਮੈਨੂੰ ਵੇਖ ਕੇ ਨਾ ਤਾਂ ਉਹ ਉਠੇ ਤੇ ਨਾ ਹੀ ਚੱਲ ਰਹੀ 'ਕਾਰ ਸੇਵਾ' ਵਿਚ ਕੋਈ ਵਿਘਨ ਪਿਆ। ਵੈਸੇ ਉਸ ਵਰਗੀ ਮਹਾਨ ਸ਼ਖ਼ਸੀਅਤ ਦਾ ਮੇਰੇ ਵਰਗੇ ਦੀ ਆਮਦ ਤੇ ਉਠਣਾ ਯੋਗ ਵੀ ਨਹੀ ਸੀ। ਬੈਠਿਆਂ ਬੈਠਿਆਂ ਹੀ ਉਹਨਾਂ ਨੇ ਆਪਣੇ ਵਿਸ਼ੇਸ਼ ਅੰਦਾਜ਼ ਵਿਚ, ਬੜੇ ਖੁਲਾਸੇ ਬਚਨਾਂ ਵਿਚ ਆਖਿਆ, "ਆ ਓਇ ਸੰਤੋਖ ਸਿੰਹਾਂ' ਕਦੋਂ ਦੇ ਅਸੀਂ ਤੈਨੂੰ ਉਡੀਕ ਰਹੇ ਸੀ।" ਹੋਰ ਵੀ ਕਈ ਖੁਲ੍ਹੇ ਬਚਨਾਂ ਦਾ ਪਰਸਪਰ ਵਟਾਂਦਰਾ ਹੋਇਆ। ਉਪ੍ਰੰਤ ਉਹਨਾਂ ਨੇ ਕੁਝ ਛਕਣ ਛਕਾਉਣ ਦੀ ਗੱਲ ਕੀਤੀ। ਇਸ ਦੇ ਜਵਾਬ ਵਿਚ ਮੈਂ ਕਿਹਾ ਕਿ ਛਾਹ ਵੇਲਾ ਤਾਂ ਮੈ ਕਰ ਚੁਕਿਆ ਹਾਂ ਤੇ ਦੁਪਹਿਰ ਸਮੇ ਦੋ ਫੁਲਕੇ ਛਕਣ ਦੀ ਲੋੜ ਦੱਸ ਦਿਤੀ। ਇਸ ਦੇ ਉਤਰ ਵਿਚ ਉਹਨਾਂ ਨੇ ਆਖਿਆ, "ਓਇ, ਤੂੰ ਗੁਰੂ ਰਾਮਦਾਸ ਜੀ ਦੇ ਘਰ ਆਇਆ ਏਂ; ਤੈਨੂੰ ਏਥੋਂ ਦੋ ਰੋਟੀਆਂ ਨਾ ਮਿਲਣਗੀਆਂ?"

ਉਸ ਤੋਂ ਬਾਅਦ ਬਹੁਤ ਸਾਰੇ ਖੁਲ੍ਹੇ ਬਚਨ ਦੁਪਹਿਰ ਤੱਕ ਹੁੰਦੇ ਰਹੇ; ਜਿਨ੍ਹਾਂ ਵਿਚੋਂ ਇਕ ਇਹ ਵੀ ਸੀ ਕਿ ਉਹਨਾਂ ਪਾਸ ਮੇਰੀ ਸਾਰੀ ਰੀਪੋਰਟ ਸੀ। ੧੩ ਅਪ੍ਰੈਲ ਤੋਂ ਲੈ ਕੇ ਕਿਥੇ ਗਿਆ ਤੇ ਕੀ ਕੀ ਕੀਤਾ। "ਹਾਊ ਡਿਡ ਯੂ ਸਰਵਾਈਵ?" ਮੈ ਆਖਿਆ ਕਿ ਅਰਾਊਂਡ ਦਾ ਵਰਲਡ ਟਿਕਟ ਜੇਬ ਵਿਚ ਪਾ ਕੇ, ਪਰਵਾਰ ਨੂੰ ਇਕ ਸਾਲ ਦਾ ਖ਼ਰਚ ਦੇ ਕੇ ਅੰਮ੍ਰਿਤਸਰ ਭੇਜ ਦਿਤਾ ਸੀ। ਮੈਨੂੰ ਕਿਸੇ ਦੀ ਪਰਵਾਹ ਨਹੀ। ਦਾਤੇ ਦੀ ਸਾਜੀ ਹੋਈ ਰੰਗ ਬਰੰਗੀ ਦੁਨੀਆ ਦੇ ਦਰਸ਼ਨ ਕਰਦਾ ਫਿਰਦਾ ਹਾਂ। ਇਹ ਵੀ ਮਾਣ ਹੈ ਕਿ ਜਿਨ੍ਹਾਂ ਦੇਸਾਂ ਦਾ ਹਿੰਦੁਸਤਾਨੀਆਂ ਨੂੰ ਵੀਜ਼ਾ ਨਹੀ ਮਿਲ਼ਦਾ ਉਹਨਾਂ ਵਿਚ ਮੈਂ ਸੈਰਾਂ ਕਰਦਾ ਫਿਰਦਾ ਹਾਂ। ਜੇ ਕਿਸੇ ਸੰਸਥਾ ਦੇ ਪ੍ਰਬੰਧਕਾਂ ਦੇ ਮਨ ਮੇਹਰ ਪੈ ਜਾਵੇ ਤੇ ਆਪਣੀ ਜਥੇਬੰਦੀ ਦੇ ਇਕੱਠ ਨੂੰ ਸੰਬੋਧਨ ਕਰਨ ਦਾ ਸ਼ੁਭ ਅਵਸਰ ਪਰਾਪਤ ਕਰਾ ਦੇਣ ਤਾਂ ਉਸ ਨਿਰੰਕਾਰ ਦਾ ਸ਼ੁਕਰ ਹੋ ਜਾਂਦਾ ਹੈ ਤੇ ਲੋਕਾਂ ਨਾਲ਼ ਵਾਕਫ਼ੀਅਤ ਵਿਚ ਵਾਧਾ ਮੁਫ਼ਤ ਵਿਚ।

ਇਕ ਗੱਲ ਦੱਸਣ ਵਾਲ਼ੀ ਰਹਿ ਗਈ। ਇਸ ਵਾਰੀਂ ਜਦੋਂ ਮੈ ਅੰਮ੍ਰਿਤਸਰੋਂ ਤੁਰਨਾ ਸੀ ਤਾਂ ਐਵੇਂ ਵਿਚਾਰ ਜਿਹਾ ਆ ਗਿਆ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗਿ. ਸਾਧੂ ਸਿੰਘ ਭੌਰਾ ਜੀ ਨੂੰ ਮਿਲ਼ਦੇ ਜਾਈਏ। ਭੌਰਾ ਜੀ ਯੋਗੀ ਜੀ ਨਾਲ਼ ਖ਼ੁਸ਼ ਨਹੀ ਸਨ। ਕਾਰਨਾਂ ਵਿਚੋਂ ਇਕ ਕਾਰਨ ਇਹ ਵੀ ਸੀ ਕਿ ਯੋਗੀ ਜੀ ਖ਼ੁਦ ਨੂੰ 'ਸ੍ਰੀ ਸਿੰਘ ਸਾਹਿਬ' ਅਖਵਾਉਂਦੇ ਸਨ ਤੇ ਇਹ ਪਦਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਰਾਪਤ ਹੋਈ ਜ਼ਾਹਰ ਕਰਦੇ ਸਨ, ਜਦੋਂ ਕਿ ਪਦਵੀ ਦੇਣ ਵਾਲਾ ਸਿਰਫ਼ 'ਸਿੰਘ ਸਾਹਿਬ' ਹੀ ਆਖਿਆ ਜਾਂਦਾ ਹੈ। ਇਸ ਯਾਤਰਾ ਦੌਰਾਨ ਮੈ ਪ੍ਰੈਸ, ਜਥੇਦਾਰ ਭੌਰਾ ਜੀ ਅਤੇ ਕੁਝ ਆਪਣੇ ਵੱਲੋਂ ਪੈਦਾ ਹੋਏ ਸ਼ੰਕੇ ਵੀ, ਯੋਗੀ ਜੀ ਦੇ ਰੂਬਰੂ ਹੋ ਕੇ ਦੂਰ ਕਰਨੇ ਚਾਹੁੰਦਾ ਸਾਂ।

ਦੁਪਹਿਰ ਸਮੇ ਅਸੀਂ ਸਾਰੇ ਰੋਟਰੀ ਕਲੱਬ ਨੂੰ ਚੱਲ ਪਏ। ਯੋਗੀ ਜੀ ਸਿਰ ਤੇ ਵਲ੍ਹੇਟੀ ਹੋਈ ਚਿੱਟੀ ਦਸਤਾਰ, ਜੋ ਉਹਨਾਂ ਦੇ ਤਾਲ਼ੂ ਦੇ ਵਿਚਕਾਰ ਭਰਵੇਂ ਜੂੜੇ ਕਰਕੇ ਸੋਹਣੀ ਸਜ ਰਹੀ ਸੀ ਤੇ ਉਹਨਾਂ ਨੂੰ ਉਹਨਾਂ ਦੇ ਅਸਲੀ ਕੱਦ ਨਾਲ਼ੋਂ ਉਚੇਰਾ ਦਰਸਾ ਰਹੀ ਸੀ; ਭਾਵੇਂ ਕਿ ਅਸਲੀ ਕੱਦ ਵੀ ਉਹਨਾਂ ਦਾ ਆਮ ਬੰਦੇ ਨਾਲ਼ੋਂ ਕੁਝ ਉਚੇਰਾ ਹੀ ਸੀ। ਗਲ਼ ਤੋਂ ਲੈ ਕੇ ਗਿੱਟਿਆਂ ਤੱਕ ਚਿੱਟਾ ਚੋਲ਼ਾ ਤੇ ਹੱਥ ਵਿਚ ਵੱਡੀ ਸ੍ਰੀ ਸਾਹਿਬ ਸੋਭ ਰਹੀ ਸੀ। ਮਗਰੇ ਉਹਨਾਂ ਦਾ ਚੀਫ਼ ਪ੍ਰੋਟੋਕੋਲ ਅਧਿਕਾਰੀ, ਉਹਨਾਂ ਦੀ ਸੈਕ੍ਰੇਟਰੀ, ਇਕ ਦੋ ਹੋਰ ਸੱਜਣ ਤੇ ਵਿਚੇ ਹੀ ਮੈਂ ਵੀ ਉਹਨਾਂ ਦੀ ਕਾਨਵਾਈ ਵਿਚ ਸ਼ਾਮਲ ਸਾਂ। ਬਾਕੀ ਸਾਰੇ ਸੱਜਣ ਨਿਰੋਲ਼ ਦੁਧ ਰੰਗੀਆਂ ਚਿੱਟੀਆਂ ਪੁਸ਼ਾਕਾਂ ਵਿਚ ਤੇ ਸਿਰਫ਼ ਮੈ ਹੀ ਨੀਲੀ ਪੱਗ ਤੇ ਨੀਲੇ ਓਵਰ ਕੋਟ ਵਾਲ਼ਾ ਸਾਂ ਪਰ ਚੂੜੀਦਾਰ ਪਜਾਮਾ ਮੇਰਾ ਵੀ ਚਿੱਟਾ ਸੀ ਤੇ ਕੋਟ ਦੇ ਥੱਲੇ ਗੋਡਿਆਂ ਤੱਕ ਲੰਮਾ ਝੱਗਾ ਵੀ ਚਿੱਟਾ ਹੀ ਸੀ ਪਰ ਉਹ ਲੰਮੇ ਕੋਟ ਦੇ ਥੱਲੇ ਲੁਕਿਆ ਹੋਇਆ ਸੀ। ਹਾਲ ਸਾਰਾ ਭਰਿਆ ਹੋਇਆ ਸੀ ਅਤੇ ਹਰ ਕੋਈ ਆਪੋ ਅਪਣੇ ਟੇਬਲ ਉਪਰ ਸਜਿਆ ਹੋਇਆ ਤੇ ਰੁਝਾ ਹੋਇਆ ਦਿਸ ਰਿਹਾ ਸੀ। ਜਦੋਂ ਯੋਗੀ ਜੀ ਦੀ ਅਗਵਾਈ ਹੇਠ ਅਸੀਂ ਹਾਲ ਦੇ ਅੰਦਰ ਦਾਖ਼ਲ ਹੋਏ ਤਾਂ ਜ਼ਾਹਰਾ ਤੌਰ ਤੇ ਇਉਂ ਲੱਗਾ ਜਿਵੇਂ ਸਾਡੇ ਵੱਲ ਕਿਸੇ ਨੇ ਧਿਅਨ ਨਾ ਦਿਤਾ ਹੋਵੇ। ਪੱਛਮੀ ਦੇਸਾਂ ਦੇ ਵਸਿੰਦਿਆਂ ਦੀ ਇਕ ਇਹ ਵੀ ਖ਼ੂਬੀ ਹੈ ਕਿ ਉਹ ਅਣਜਾਣੇ ਬੰਦਿਆਂ ਵੱਲ, ਸਾਡੇ ਵਾਂਗ ਡੇਲੇ ਪਾੜ ਪਾੜ ਕੇ ਨਹੀ ਵੇਖਦੇ। ਚੁੱਪ

ਚੁਪੀਤੇ ਭਾਵੇਂ ਇਕ ਨਜ਼ਰ ਉਹ ਵੇਖ ਲੈਣ ਪਰ ਜ਼ਾਹਰਾ ਤੌਰ ਤੇ ਇਉਂ ਹੀ ਅਹਿਸਾਸ ਕਰਵਾਉਣਗੇ ਜਿਵੇਂ ਉਹਨਾਂ ਨੇ ਤੁਹਾਡੇ ਵੱਲ ਬਾਕੀਆਂ ਨਾਲ਼ੋਂ ਕੋਈ ਉਚੇਚ ਨਹੀ ਵਿਖਾਈ।

ਸਪੈਸ਼ਲ ਇਕ ਵੱਡਾ ਟੇਬਲ ਉਹਨਾਂ ਵਾਸਤੇ ਸ਼ਾਕਾਹਾਰੀ ਭੋਜਨ ਵਾਸਤੇ ਸਜਾਇਆ ਹੋਇਆ ਸੀ। ਅਸੀਂ ਸਾਰੇ ਜਾ ਕੇ ਨਿਸਚਿਤ ਟੇਬਲ ਉਪਰ ਸਜ ਗਏ। ਬਾਕੀ ਸਾਰੇ ਟੇਬਲਾਂ ਵਾਲ਼ੇ ਚੁੱਪ ਚਾਪ ਆਪਣੇ ਆਪਣੇ ਭੋਜਨ ਵਿਚ ਰੁਝੇ ਹੋਏ ਸਨ। ਇਸ ਸਮੇ ਦੀ ਚੁੱਪ ਨੂੰ ਯੋਗੀ ਜੀ ਨੇ ਅਚਾਨਕ ਆਪਣੀ ਬੁਲੰਦ ਅਵਾਜ਼ ਨਾਲ਼ ਇਉਂ ਤੋੜਿਆ:

ਇਫ਼ ਹਿੰਦੂਜ਼ ਈਟ ਬੀਫ਼ ਦੇ ਗੋ ਟੂ ਹੈਲ।<br>
ਇਫ਼ ਮੁਸਲਿਮਜ਼ ਈਟ ਪੋਰਕ, ਦੇ ਗੋ ਟੂ ਹੈਲ।<br>
ਕ੍ਰਿਸਚੀਅਨਜ਼ ਈਟ ਬੋਥ, ਦੇ ਗੋ ਟੂ ਹੈਵਨ।<br>
ਜੇ ਹਿੰਦੂ ਗਾਂ ਖਾਣ ਤਾਂ ਉਹ ਨਰਕ ਵਿਚ ਜਾਂਦੇ ਨੇ।<br>
ਜੇ ਮੁਸਲਮਾਨ ਸੂਰ ਖਾਣ ਤਾਂ ਉਹ ਵੀ ਨਰਕ ਵਿਚ ਜਾਂਦੇ ਨੇ; ਪਰ<br>
ਈਸਾਈ ਦੋਵੇਂ ਖਾ ਜਾਂਦੇ ਨੇ ਤੇ ਉਹ ਸਵੱਰਗ ਵਿਚ ਜਾਂਦੇ ਨੇ।

ਇਹ ਸੁਣ ਕੇ ਸਾਰੇ ਹਾਲ ਵਿਚ ਹਾਸੇ ਦੀ ਲਹਿਰ ਇਉਂ ਪੈਦਾ ਹੋਈ ਜਿਵੇਂ ਝੀਲ ਦੇ ਸ਼ਾਂਤ ਪਾਣੀਆਂ ਵਿਚ ਕੁਝ ਸੁੱਟਣ ਨਾਲ਼ ਪਲ ਭਰ ਲਈ ਲਹਿਰਾਂ ਪੈਦਾ ਹੋ ਜਾਂਦੀਆਂ ਨੇ; ਤੇ ਫਿਰ ਇਉਂ ਚੁੱਪ ਚਾਂਦ ਹੋ ਗਈ ਜਿਵੇਂ ਮੁੜ ਪਾਣੀ ਆਪਣੀ ਪਹਿਲੀ ਟਿਕਾ ਵਾਲ਼ੀ ਅਵਸਥਾ ਵਿਚ ਹੀ ਆ ਜਾਂਦਾ ਹੈ। ਨਾ ਕਿਸੇ ਨੇ ਕੋਈ ਗੱਲ ਤੇ ਨਾ ਹੀ ਖੁਸਰ ਫੁਸਰ ਕੀਤੀ। ਸਾਰੇ ਆਪੋ ਆਪਣੇ ਕਾਰਜਾਂ ਵਿਚ ਮਸਤ।

ਖੈਰ, ਖਾਣਾ ਖਾ ਕੇ ਅਸੀਂ ਵਾਪਸ ਆ ਗਏ। ਉਸ ਦਿਨ ਤਾਂ ਮੈਂ ਵਾਪਸ ਗੁਰਦੁਆਰਾ ਸਾਹਿਬ ਵਿਖੇ ਚਲਿਆ ਗਿਆ ਕਿਉਂਕਿ ਐਤਵਾਰ ਦੇ ਦੀਵਾਨ ਵਿਚ ਓਥੇ ਮੇਰਾ ਵਿਖਿਆਨ ਸੀ ਤੇ ਮੇਰਾ 'ਟਿੰਡ ਫਹੁੜੀ' ਵੀ ਓਥੇ ਹੀ ਸੀ। ਮੇਰੇ ਵਾਪਸ ਮੁੜਨ ਤੇ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਮੇਰੀ ਜਵਾਬ ਤਲਬੀ ਕੀਤੀ। ਪੁਛਿਆ, "ਯੋਗੀ ਜੀ ਨਾਲ਼ ਮੇਰੇ ਕੀ ਸਬੰਧ ਹਨ!" ਮੈ ਕਿਹਾ, "ਬਹੁਤ ਚੰਗੇ ਹਨ। ਪੰਥ ਉਹਨਾਂ ਨੂੰ ਮਾਨਤਾ ਦਿੰਦਾ ਹੈ ਤੇ ਮੈਂ ਵੀ ਉਹਨਾਂ ਦਾ ਪ੍ਰਸੰਸਕ ਹਾਂ।" ਮੇਰਾ ਇਹ ਜਵਾਬ ਉਹਨਾਂ ਨੂੰ ਚੰਗਾ ਨਾ ਲੱਗਾ ਤੇ ਉਹ ਯੋਗੀ ਜੀ ਦੇ ਖ਼ਿਲਾਫ਼ ਵਾਹਵਾ ਗੱਲਾਂ ਕਰਨ ਲੱਗ ਪਏ ਪਰ ਉਹਨਾਂ ਨੇ ਐਤਵਾਰੀ ਦੀਵਾਨ ਵਿਚ ਮੈਨੂੰ ਅੱਧਾ ਘੰਟਾ ਵਿਖਿਆਨ ਵਾਸਤੇ ਦੇ ਦਿਤਾ। ਨਾ ਚੰਗਾ ਆਖਿਆ ਨਾ ਮਾੜਾ। ੫੧ ਡਾਲਰਾਂ ਸਮੇਤ ਗੁਰਦੁਆਰਾ ਸਾਹਿਬ ਵੱਲੋਂ ਸਿਰੋਪਾ ਵੀ ਬਖ਼ਸ਼ ਦਿਤਾ। ਇਕ ਨੌਜਵਾਨ ਡਾਕਟਰ ਸੱਜਣ ਦੀਵਾਨ ਉਪ੍ਰੰਤ ਮਿਲ਼ੇ, ਜਿਹਨਾਂ ਨੂੰ ਪਤਾ ਨਹੀ ਸੀ ਕਿ ਪ੍ਰਬੰਧਕ ਮੇਰੇ ਤੇ ਖ਼ੁਸ਼ ਨਹੀ ਹਨ। ਉਹਨਾਂ ਨੇ ਅਗਲੀ ਵਾਰ ਆਪਣੇ ਨਾਲ ਇਕ ਰਾਗੀ ਜਥਾ ਲਿਆਉਣ ਦਾ ਵੀ ਸੁਝਾ ਦਿਤਾ ਤੇ ਇਸ ਬਾਰੇ ਆਪਣੇ ਵੱਲੋਂ ਸਹਾਇਤਾ ਕਰਨ ਦਾ ਬਚਨ ਵੀ ਦਿਤਾ। ਮੈਂ ਆਪਣਾ 'ਲਟਾ ਪਟਾ' ਚੁੱਕਿਆ ਅਤੇ ਯੋਗੀ ਜੀ ਵੱਲੋਂ ਭੇਜੀ ਗਈ ਕਾਰ ਉਪਰ ਸਵਾਰ ਹੋ ਕੇ, ਉਹਨਾਂ ਵੱਲੋਂ ਆਪਣੇ ਆਸ਼੍ਰਮ ਵਿਚ ਮੇਰੇ ਵਾਸਤੇ ਖਾਲੀ ਕੀਤੇ ਗਏ ਕਮਰੇ ਵਿਚ ਜਾ ਝੰਡਾ ਗੱਡਿਆ। ਉਹਨਾਂ ਨੇ ਜੁੰਮੇਵਾਰ ਸੱਜਣਾਂ ਨੂੰ ਮੇਰੇ ਪ੍ਰਸ਼ਾਦੇ ਪਾਣੀ ਦਾ ਧਿਆਨ ਰੱਖਣ ਲਈ ਆਖ ਦਿਤਾ।

ਕੁਝ ਸ਼ੰਕੇ ਜੋ ਪ੍ਰੈਸ ਵਿਚ ਅਤੇ ਗਿ. ਸਾਧੂ ਸਿੰਘ ਜੀ ਹੋਰਾਂ ਵੱਲੋਂ ਪਰਗਟ ਕੀਤੇ ਗਏ ਸਨ ਉਹਨਾਂ ਬਾਰੇ ਮੈਂ ਸਾਹਮਣੇ ਬੈਠ ਕੇ ਯੋਗੀ ਜੀ ਦੀ ਆਪਣੀ ਰਸਨਾ ਦੁਆਰਾ ਜਵਾਬ ਲੈਣੇ ਚਾਹੁੰਦਾ ਸਾਂ। ਸਾਡੀਆਂ ਖੁਲ੍ਹੀਆਂ ਵਿਚਾਰਾਂ ਕੁਝ ਦਿਨ ਹੁੰਦੀਆਂ ਰਹੀਆਂ। ਜਥੇਦਾਰ ਭੌਰਾ ਜੀ ਨੇ, ਜਿਵੇਂ ਕਿ ਕਿਸੇ ਦੀ ਮੈਂ ਜਾਸੂਸੀ ਕਰਨ ਦੇ ਕਾਬਲ ਹੋਵਾਂ, ਮੈਨੂੰ ਕੁਝ ਖਾਸ ਗੱਲਾਂ ਦਾ ਪਤਾ ਕਰਨ ਲਈ ਆਖਿਆ। ਮੈ ਕਿਹਾ ਕਿ ਮੈਨੂੰ ਤਾਂ ਉਹਨਾਂ ਦੇ ਕਾਰ ਵਿਹਾਰ ਵਿਚ ਕੋਈ ਕਮੀ ਨਜ਼ਰ ਨਹੀ ਆਈ; ਤਾਂ ਭੌਰਾ ਜੀ ਖਾਸੇ ਜੋਸ਼ ਵਿਚ ਆ ਕੇ ਬੋਲੇ:

ਇਹੀ ਤਾਂ ਤੇਰੇ ਵਿਚ ਨੁਕਸ ਆ ਸੰਤੋਖ ਸਿਹਾਂ। ਤੂੰ ਕਿਸੇ ਨੂੰ ਗ਼ਲਤ ਪਾਸਿਉਂ ਵੇਖਦਾ ਈ ਨਹੀ। ਜੇ ਨੁਕਸ ਲਭਣ ਦੀ ਰੁਚੀ ਨਾਲ਼ ਵੇਖੋ ਤਾਂ ਹਰੇਕ ਵਿਚੋਂ ਨੁਕਸ ਲਭ ਪੈਂਦੇ ਹਨ।

ਖੈਰ, ਮੈ ਤਾਂ ਗਿਅਨੀ ਜੀ ਦਾ ਵਿਦਵਾਨ ਅਤੇ ਮਨਮੋਹਕ ਸਖ਼ਸੀਅਤ ਦੇ ਮਾਲਕ ਹੋਣ ਕਰਕੇ ਸਤਿਕਾਰ ਕਰਦਾ ਸਾਂ ਤੇ ਹਾਂ ਵੀ। ਮੈ ਕੁਝ ਨਾ ਬੋਲਿਆ ਪਰ ਇਹਨਾਂ ਗੱਲਾਂ ਨੂੰ ਧਿਆਨ ਵਿਚ ਜਰੂਰ ਰੱਖਿਆ। ਇਸ ਲਈ ਮੈ ਯੋਗੀ ਜੀ ਪਾਸੋਂ ਤਸੱਲੀ ਵਾਸਤੇ ਕੁਝ ਸਵਾਲ ਆਹਮੋ ਸਾਹਮਣੇ ਬੈਠ ਕੇ ਪੁੱਛੇ। ਉਹਨਾਂ ਵਿਚੋਂ ਕੁਝ ਹੁਣ ਵੀ ਯਾਦ ਹਨ:

ਅੰਮ੍ਰਿਤ ਕਦੋਂ ਤੇ ਕਿਥੋਂ ਛਕਿਆ?<br>
ਅੱਠ ਸਾਲ ਦੀ ਉਮਰ ਵਿਚ ਸ੍ਰੀ ਗੁਰੂ ਸਿੰਘ ਸਭਾ ਗੁੱਜਰਾਂਵਾਲ਼ਾ ਤੋਂ।<br>
ਯੋਗ ਦੀ ਸਿੱਖਿਆ ਕਿਸ ਤੋਂ ਲਈ?<br>
ਸੰਤ ਹਜ਼ਾਰਾ ਸਿੰਘ ਜੀ ਤੋਂ<br>
ਆਪਣੇ ਪੈਰੋਕਾਰਾਂ ਦੀ ਗਿਣਤੀ ਵਧਾ ਕੇ ਦੱਸਦੇ ਹੋ?

ਇਸ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਉਹਨਾਂ ਨੇ ਆਖਿਆ ਕਿ ਸਾਡੇ ਵੱਖ ਵੱਖ ਆਸ਼੍ਰਮਾਂ ਵਿਚ ਜੇਹੜੇ ਲੋਕ ਫੀਸ ਭਰ ਕੇ ਯੋਗ ਸਿੱਖਣ ਲਈ ਦਾਖ਼ਲਾ ਲੈਂਦੇ ਹਨ ਉਹਨਾਂ ਦੀ ਗਿਣਤੀ, ਰਜਿਸਟਰ ਅਨੁਸਾਰ, ਕੋਈ ਢਾਈ ਲੱਖ ਦੇ ਕਰੀਬ ਹੈ। ਸਾਰੇ ਤਾਂ ਸਿੱਖ ਨਹੀ ਬਣ ਗਏ। ਉਹਨਾਂ ਵਿਚੋਂ ਕਈ ਵਿਚੇ ਛੱਡ ਜਾਂਦੇ ਹਨ, ਕਈ ਯੋਗ ਸਿੱਖ ਕੇ ਆਪਣੇ ਰਾਹ ਲੱਗਦੇ ਹਨ। ਜੇਹੜੇ ਆਪਣੀ ਖ਼ੁਸ਼ੀ ਨਾਲ਼ ਸਿੱਖ ਸਜਣਾ ਚਾਹੁਣ ਉਹਨਾਂ ਨੂੰ ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਭੇਜ ਕੇ ਅੰਮ੍ਰਿਤ ਛਕਣ ਲਈ ਆਖਦਾ ਹਾਂ। ਜੇ ਏਥੇ ਪ੍ਰਬੰਧ ਹੋ ਜਾਵੇ ਤਾਂ ਏਥੇ ਵੀ ਅੰਮ੍ਰਿਤ ਛਕਾਉਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਮੈ ਕਿਸੇ ਨੂੰ ਵੀ ਸਿੱਖ ਬਣਨ ਲਈ ਨਹੀਂ ਆਖਦਾ। ਜੇ ਕੋਈ ਸਾਡੀ ਰਹਿਤ ਬਹਿਤ, ਵਰਤੋਂ ਵਿਹਾਰ ਤੋਂ ਪ੍ਰਭਾਵਤ ਹੋ ਕੇ ਸਿੱਖ ਸਜਣਾ ਚਾਹੇ ਤਾਂ ਅਸੀਂ ਕਿਸੇ ਨੂੰ ਰੋਕਦੇ ਨਹੀ ਸਗੋਂ ਸਵਾਗਤ ਕਰਦੇ ਹਾਂ। ਇਸ ਸਮੇ, ਸਾਰੇ ਸਮੇ ਵਾਸਤੇ, ਸਾਡੀ ਜਥੇਬੰਦੀ ਦੇ ਵੱਖ ਵੱਖ ਅਦਾਰਿਆਂ ਵਿਚ ਕੰਮ ਕਰਨ ਵਾਲ਼ੇ ਤਿਆਰ ਬਰ ਤਿਆਰ ਸਿੰਘ ਸਿੰਘਣੀਆਂ ਕੁੱਲ ੯੨੦ ਹਨ, ਜੋ ਵੱਖ ਵਖ ਕਾਰਜ ਕਰਨ ਦੇ ਮਾਹਰ ਹਨ। ਕੁਝ ਯੋਗ ਕਲਾਸਾਂ ਚਲਾਉਂਦੇ ਹਨ, ਕੁਝ ਰੈਸਟੋਰੈਂਟ ਤੇ ਕੁਝ ਹੋਰ ਬਿਜ਼ਨਿਸ।

ਹੁਣ ਪਤਾ ਲੱਗਾ ਹੈ ਕਿ 'ਅਕਾਲ ਸੈਕਿਉਰਟੀ ਸਰਵਿਸ' ਨਾਂ ਦੀ ਸੈਕਿਉਰਟੀ ਫ਼ਰਮ ਵੀ ਇਹੀ ਚਲਾਉਂਦੇ ਹਨ ਜੋ ਕਿ ਅਮ੍ਰੀਕਾ ਵਿਚ ਬਹੁਤ ਇਤਬਾਰ ਯੋਗ ਸਮਝੀ ਜਾਂਦੀ ਹੈ।

ਸਿੱਖ ਬਣਾਉਣ ਲਈ ਕੀ ਤਰੀਕਾ ਵਰਤਦੇ ਹੋ?

ਕੋਈ ਤਰੀਕਾ ਨਹੀ। ਯੋਗ ਸਿੱਖਣ ਆਇਆ ਕੋਈ ਵਿਅਕਤੀ ਸਿੱਖ ਧਰਮ ਤੋਂ ਪ੍ਰਭਾਵਤ ਹੋ ਕੇ ਸਿੱਖ ਬਣਨਾ ਚਾਹੇ ਤਾਂ ਉਸ ਨੂੰ ਪੰਜ ਪਿਆਰਿਆਂ ਦੁਆਰਾ ਅੰਮ੍ਰਿਤ ਛਕਾ ਦਿਤਾ ਜਾਂਦਾ ਹੈ।

'ਸ੍ਰੀ ਸਿੰਘ ਸਾਹਿਬ' ਦਾ ਖ਼ਿਤਾਬ ਕਿਸ ਨੇ ਤੇ ਕਦੋਂ ਦਿਤਾ?

ਇਸ ਬਾਰੇ ਯੋਗੀ ਜੀ ਨੇ ਬਹੁਤ ਲੰਮਾ ਅਤੇ ਜਜ਼ਬਾਤੀ ਭਾਸ਼ਨ ਦੇ ਦਿਤਾ ਜਿਸ ਦੇ ਵਿਸਥਾਰ ਵਿਚ ਜਾਣ ਦੀ ਹੁਣ ਸਮਰਥਾ ਨਹੀ। ਇਹ ਤਾਂ ਮੈਨੂੰ ਪਤਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਹਨਾਂ ਨੂੰ, ਕੌਮੀ ਅਤੇ ਧਾਰਮਿਕ ਸੇਵਾਵਾਂ ਕਰਕੇ, 'ਭਾਈ ਸਾਹਿਬ' ਦਾ ਖ਼ਿਤਾਬ ਅਤੇ ਸ੍ਰੀ ਸਾਹਿਬ ਦੀ ਬਖ਼ਸ਼ਿਸ਼ ਹੋਈ ਸੀ।

ਯੋਗੀ ਜੀ ਨਾਲ਼ ਬਹੁਤ ਖੁਲ੍ਹੀਆਂ ਵਿਚਾਰਾਂ ਦੌਰਾਨ ਮੇਰੇ ਉਪਰ ਯੋਗੀ ਜੀ ਨੇ ਆਪਣਾ ਰੋਹਬ ਪਾਉਣ ਲਈ ਵੀ ਕਦੀ ਕਦੀ ਯਤਨ ਕਰਨਾ ਪਰ ਇਹਨੀਂ ਦਿਨੀਂ ਮੇਰੇ ਮੂੰਹ ਅਤੇ ਦਾਹੜੀ ਦਾ ਇਕੋ ਰੰਗ ਹੋਣ ਕਰਕੇ, ਮੈਂ ਹੁਣ ਨਾਲ਼ੋਂ ਵਧ ਦਲੇਰ ਆਖ ਲਵੋ ਜਾਂ ਮੂਰਖ ਵਧ ਹੀ ਸਾਂ, ਇਸ ਲਈ ਉਹਨਾਂ ਦੇ 'ਬਚਨਾਂ' ਦੀ ਮਾਰ ਹੇਠ ਨਾ ਆਇਆ। ਫਿਰ ਓਹਨੀਂ ਦਿਨੀਂ ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਅਤੇ ਕੇਂਦਰ ਵਿਚ ਅਕਾਲੀ ਭਾਈਵਾਲ਼ ਹੋਣ ਕਰਕੇ, ਅਤੇ ਮੁਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਦੋਵੇਂ ਕੇਂਦਰ ਦੇ ਮੰਤਰੀਆਂ, ਸਰਦਾਰ ਸੁਰਜੀਤ ਸਿੰਘ ਬਰਨਾਲਾ ਅਤੇ ਸਰਦਾਰ ਧੰਨਾ ਸਿੰਘ ਗੁਲਸ਼ਨ, ਨਾਲ਼ ਮੇਰੀ ਸਿਧੀ ਵਾਕਫ਼ੀ ਹੋਣ ਦਾ ਵੀ ਮੇਰੀ ਦਲੇਰੀ ਉਪਰ ਅਸਰ ਸੀ। ਮੇਰੇ ਉਹਨਾਂ ਦੇ ਪ੍ਰਭਾਵ ਥੱਲੇ ਨਾ ਆ ਸਕਣ ਤੇ ਇਕ ਦਿਨ ਆਪਣੇ ਸਾਥੀ ਵੱਲ ਇਸ਼ਾਰਾ ਕਰਕੇ ਅੰਗ੍ਰੇਜ਼ੀ ਵਿਚ ਬੋਲੇ, "ਇਹ ਵੀ ਕੁਝ ਹੈ ਈ!"

ਮੇਰੇ ਵੱਲੋਂ ਦੋ ਅਮ੍ਰੀਕਨ ਸਿੰਘਾਂ, ਸ. ਪ੍ਰੀਤਮ ਸਿੰਘ ਅਤੇ ਸ. ਰੈਲਫ਼ ਸਿੰਘ, ਦੇ ਯੋਗੀ ਜੀ ਤੋਂ ਬਾਗ਼ੀ ਹੋ ਕੇ, ਉਹਨਾਂ ਦੇ ਖ਼ਿਲਾਫ਼ ਪ੍ਰਚਾਰ ਦਾ ਕਾਰਨ ਪੁੱਛਣ ਤੇ ਵੀ ਯੋਗੀ ਜੀ ਨੇ ਆਪਣਾ ਪੱਖ ਦੱਸਿਆ।

ਇਸ ਕਿਆਮ ਦੌਰਾਨ ਹੋਰ ਵੀ ਬਹੁਤ ਸਾਰੇ ਖੁਲ੍ਹੇ ਵਿਚਾਰ ਵਟਾਂਦਰੇ ਹੁੰਦੇ ਰਹੇ।

ਇਸ ਸਮੇ ਕੁਝ ਖਾਸ ਘਟਨਾਵਾਂ ਵੀ ਘਟੀਆਂ। ਇਕ ਦਿਨ ਉਹਨਾਂ ਦਾ ਸਾਹਿਬਜ਼ਾਦਾ ਵੀ ਓਥੇ ਹੀ ਸੀ। ਦਾਹੜਾ ਤਾਂ ਭਾਵੇਂ ਉਸ ਦਾ ਪੂਰਾ ਤੇ ਪ੍ਰਕਾਸ਼ਤ ਰੂਪ ਵਿਚ ਸੀ ਪਰ ਅਮ੍ਰੀਕਨ ਸਿੱਖਾਂ ਵਰਗਾ ਉਸ ਨੇ ਲਿਬਾਸ ਨਹੀ ਸੀ ਪਾਇਆ ਹੋਇਆ। ਆਮ ਸਾਧਾਰਨ ਕਮੀਜ਼ ਤੇ ਨੀਲੇ ਰੰਗ ਦੀ ਜੀਨ, ਜੋ ਕਿ ਉਸ ਸਮੇ ਦੌਰਾਨ ਨੌਜਵਾਨਾਂ ਦਾ ਬੜਾ ਮਨ ਭਾਉਂਦਾ ਪਹਿਰਾਵਾ ਹੁੰਦਾ ਸੀ, ਪਾਈ ਹੋਈ ਸੀ ਤੇ ਯੋਗੀ ਜੀ ਉਸ ਨਾਲ਼ ਬਹੁਤ ਗੱਲਾਂ ਕਰ ਰਹੇ ਸਨ। ਉਹ ਇਉਂ ਪ੍ਰਭਾਵ ਦੇ ਰਿਹਾ ਸੀ ਜਿਵੇਂ ਬਹੁਤ ਹੀ ਭੋਲ਼ਾ ਜਿਹਾ ਨੌਜਵਾਨ ਹੁੰਦਾ ਹੈ ਤੇ ਬੋਹੜ ਰੂਪੀ ਪਿਤਾ ਦੀ ਛਾਂ ਹੇਠ ਹੋਣ ਕਰਕੇ, ਆਜ਼ਾਦ ਮਾਹੌਲ ਵਿਚ ਮੌਲਣ ਦਾ ਉਸ ਨੂੰ ਅਵਸਰ ਪਰਾਪਤ ਨਹੀਂ ਹੋ ਰਿਹਾ।

ਏਸੇ ਸਮੇ ਇਕ ਨੌਜਵਾਨ ਆਇਆ। ਉਹ ਸਿੱਖੀ ਸਰੂਪ ਵਿਚ ਸੀ ਪਰ ਯੋਗੀ ਜੀ ਦੀ ਜਥੇਬੰਦੀ ਛੱਡ ਕੇ ਜਾਣਾ ਚਾਹੁੰਦਾ ਸੀ। ਯੋਗੀ ਜੀ ਨੇ ਉਸ ਨੂੰ ਐਸੀ ਚੜ੍ਹਦੀਕਲਾ ਵਾਲ਼ੇ ਬਚਨਾਂ ਨਾਲ ਘੇਰਾ ਪਾਇਆ ਕਿ ਉਸ ਦਾ ਵਿਚਾਰ ਬਦਲ ਗਿਆ। ਉਸ ਨੂੰ ਆਖੇ ਗਏ ਬਚਨਾਂ ਵਿਚੋਂ ਮੈਨੂੰ ਇਕ ਗੱਲ ਹੁਣ ਵੀ ਯਾਦ ਹੈ। ਯੋਗੀ ਜੀ ਨੇ ਉਸ ਨੂੰ ਆਖਿਆ, "ਖ਼ਾਲਸੇ ਦਾ ਰਾਜ ਆਉਣ ਵਾਲ਼ਾ ਹੈ ਤੇ ਅਸੀਂ ਨਹੀ ਚਾਹੁੰਦੇ ਕਿ ਤੇਰੇ ਵਰਗਾ ਸਿੰਘ ਉਸ ਸਮੇ ਸਾਡੇ ਨਾਲ਼ ਨਾ ਹੋਵੇ।" ਉਹ ਛੁੱਟੀ ਮੰਗਣ ਆਇਆ ਨੌਜਵਾਨ ਆਪਣਾ ਇਰਾਦਾ ਤਰਕ ਕਰਕੇ ਤੇ ਸੰਸਥਾ ਦੇ ਨਾਲ਼ ਰਹਿਣ ਦਾ ਵਿਚਾਰ ਬਣਾ ਕੇ ਗਿਆ।

ਇਕ ਦਿਨ ਯੋਗੀ ਜੀ ਦੇ ਬਚਨਾਂ ਦਾ ਹੋਰ ਚਮਤਕਾਰ ਵੇਖਣ ਦਾ ਮੌਕਾ ਮਿਲ਼ਿਆ। ਫ਼ੋਨ ਰਾਹੀਂ ਇਕ ਸਿੱਖ ਯੋਗੀ ਜੀ ਕੋਲ਼ ਆਪਣੇ ਪਰ ਇਸਤਰੀ ਸੰਗ ਦੇ ਗੁਨਾਹ ਦਾ ਇਕਬਾਲ ਕਰ ਰਿਹਾ ਸੀ। ਯੋਗੀ ਜੀ ਤੋਂ ਪ੍ਰਭਾਵਤ ਹੋ ਕੇ ਬਣੇ ਸਿੱਖਾਂ ਦਾ ਪਿਛੋਕੜ ਈਸਾਈ ਹੋਣ ਕਰਕੇ ਉਹ ਵੀ ਜਿਵੇਂ ਆਪਣੇ ਪ੍ਰੀਸਟ ਕੋਲ਼ ਜਾ ਕੇ ਗੁਨਾਹ ਦਾ ਇਕਬਾਲ ਕਰਕੇ, ਪ੍ਰੀਸਟ ਵੱਲੋਂ ਦੱਸਿਆ ਡੰਨ ਭਰ ਕੇ, ਮੁਆਫ਼ ਹੋਇਆ ਸਮਝਦੇ ਹਨ; ਏਸੇ ਤਰ੍ਹਾਂ ਇਹ ਸਿੱਖ ਵੀ ਆਪਣੇ ਗੁਨਾਹ ਦਾ ਇਕਬਾਲ ਕਰ ਰਿਹਾ ਸੀ। ਯੋਗੀ ਜੀ ਦੇ ਸਾਹਮਣੇ

ਵਾਲ਼ੀ ਕੁਰਸੀ ਤੇ ਬੈਠਾ ਹੋਣ ਕਰਕੇ, ਉਸ ਦੇ ਬੋਲ ਤਾਂ ਮੈਨੂੰ ਸੁਣਾਈ ਨਹੀ ਸਨ ਦਿੰਦੇ ਪਰ ਯੋਗੀ ਜੀ ਉਸ ਨੂੰ ਅੰਗ੍ਰੇਜ਼ੀ ਵਿਚ ਜੋ ਉਤਰ ਦੇ ਰਹੇ ਸਨ, ਉਹ ਮੈਂ ਸੁਣ ਰਿਹਾ ਸਾਂ। ਅਖੀਰ ਤੇ ਯੋਗੀ ਜੀ ਨੇ ਜੋ ਆਪਣੀ ਬੁਲੰਦ ਆਵਾਜ਼ ਵਿਚ ਆਖਿਆ ਉਸ ਦਾ ਭਾਵ ਪੰਜਾਬੀ ਵਿਚ ਕੁਝ ਇਸ ਤਰ੍ਹਾਂ ਦਾ ਬਣਦਾ ਹੈ:

ਓਇ ਮਰਦਾ ਕਿਉਂ ਜਾਨਾਂ? ਗੁਨਾਹ ਤਾਂ ਤੂੰ ਛੇ ਇੰਚ ਦੇ ਸੰਦ ਨਾਲ਼ ਕੀਤਾ; ਬਾਕੀ ਪੰਜ ਫੁੱਟ ਸਾਢੇ ਸੱਤ ਇੰਚ ਤਾਂ ਤੂੰ ਗੁਰੂ ਦਾ ਸਿੱਖ ਹੀ ਹੈਂ! ਹੌਸਲਾ ਕਰ ਤੇ ਅੱਗੇ ਤੋਂ ਬਚ ਕੇ ਰਹੀਂ। ਹੁਣ ਐਵੇਂ ਨਾ ਝੂਰੀ ਜਾਹ!

ਕੁਝ ਦਿਨ ਏਧਰ ਓਧਰ ਮੈਨੂੰ ਉਹਨਾਂ ਦੇ ਸਿੰਘਾਂ ਵੱਲੋਂ ਘੁਮਾਇਆ ਗਿਆ। ਇਕ ਦਿਨ ਇਕ ਸਿੰਘ ਮੈਨੂੰ ਯੂਨੀਵਰਸਲ ਸਟੁਡੀਉ ਵਿਚ ਲੈ ਗਿਆ। ਓਥੇ ਭਾਂਤ ਭਾਂਤ ਦੇ ਅਦਭੁਤ ਦ੍ਰਿਸ਼ ਵੇਖੇ। ਸਪੇਸ ਯਾਤਰਾ ਨੂੰ ਲੈ ਕੇ ਜਾਣ ਵਾਲ਼ੀ ਗੱਡੀ ਵਿਚ ਬੈਠ ਕੇ ਜਦੋਂ ਅੰਦਰ ਨੂੰ ਜਾਣ ਲੱਗੇ ਤਾਂ ਨਾਲ਼ ਵਾਲਾ ਸਿੰਘ ਸਪੇਸ ਯਾਤਰਾ ਬਾਰੇ ਮੁੜ ਮੁੜ ਡਰਾਉਣੀਆਂ ਗੱਲਾਂ ਆਖੀ ਜਾਵੇ। ਹਾਰ ਕੇ ਮੈ ਆਖਿਆ, "ਤੂੰ ਇਹ ਕੁਝ ਵੇਖਿਆ ਹੈ?" ਉਸ ਦੇ ਹਾਂ ਆਖਣ ਤੇ ਮੈ ਆਖਿਆ, "ਜੇ ਤੂੰ ਇਹ ਕੁਝ ਵੇਖ ਕੇ ਜੀਂਦਾ ਵਾਪਸ ਆ ਗਿਆ ਸੀ ਤਾਂ ਫਿਕਰ ਨਾ ਕਰ ਮੈ ਵੀ ਮੁੜ ਹੀ ਆਵਾਂਗਾ।" ਇਸ ਤੋਂ ਬਾਅਦ ਉਸ ਨੇ ਏਨਾ ਹੀ ਆਖਿਆ, "ਆਪਣੀ ਕੁਰਸੀ ਨੂੰ ਘੁੱਟ ਕੇ ਫੜੀ ਰੱਖੀਂ; ਕਿਤੇ ਡਰ ਕੇ ਉਠ ਨਾ ਭੱਜੀਂ। ਅੰਦਰ ਸਪੇਸ ਯਾਤਰਾ ਸਮੇ ਜੋ ਕੁਝ ਮੇਰੇ ਹਿਰਦੇ ਨਾਲ਼ ਵਾਪਰਿਆ ਉਸ ਨੇ ਇਕ ਵਾਰੀਂ ਤਾਂ ਮੈਨੂੰ ਪੈਰਾਂ ਤੋਂ ਕਢ ਦਿਤਾ। ਮੈ ਸੋਚਿਆ ਵੀ ਕਿ ਇਹ ਕੁਝ ਵੇਖਣ ਲਈ ਨਹੀਂ ਸੀ ਆਉਣਾ ਚਾਹੀਦਾ।

ਬਾਹਰ ਆ ਕੇ ਉਸ ਸਿੰਘ ਨੇ ਦੱਸਿਆ, "ਮੈ ਮੁੜ ਮੁੜ ਡਰਾਉਣੀਆਂ ਗੱਲਾਂ ਕਰਕੇ ਤੇਰਾ ਦਿਲ ਕਾਇਮ ਕਰਨਾ ਚਾਹੁੰਦਾ ਸੀ ਤਾਂ ਕਿ ਅੰਦਰ ਤੂੰ ਘਬਰਾ ਨਾ ਜਾਵੇਂ।" ਵੈਸੇ ਵੀ ਉਸ ਸਥਾਨ ਦੇ ਬੂਹੇ ਉਪਰ ਲਿਖਿਆ ਹੋਇਆ ਸੀ ਕਿ ਜੇ ਤੁਸੀਂ ਦਿਲ ਦੇ ਕਮਜੋਰ ਹੋ ਤਾਂ ਹੁਣੇ ਏਥੋਂ ਹੀ ਵਾਪਸ ਮੁੜ ਜਾਵੋ।

ਏਥੇ ਹੀ ਅਮ੍ਰੀਕਨ ਇੰਡੀਅਨ ਪਿੰਡ ਦੀ ਇਕ ਝਾਕੀ ਵਿਖਾਈ ਗਈ। ਇਉਂ ਲੱਗਾ ਜਿਵੇਂ ਸਾਉਣ ਦੇ ਮਹੀਨੇ ਵਿਚ ਆਪਣੇ ਪਿੰਡ ਸੁਰੋਪੱਡੇ ਦਾ ਦ੍ਰਿਸ਼ ਹੀ ਹੋਵੇ। ਜੋਰਦਾਰ ਮੀਂਹ ਤੇ ਝੱਖੜ ਝੁੱਲਿਆ। ਸਾਰੇ ਜਲ ਥਲ ਹੋ ਗਿਆ। ਦਰੱਖਤ ਵੀ ਡਿਗ ਪਏ। ਕੁਝ ਹੀ ਸਮੇ ਪਿੱਛੋਂ ਸਭ ਪਾਸੇ ਚੁੱਪ ਚਾਂ ਹੋ ਗਈ ਤੇ ਇਉਂ ਲੱਗਾ ਜਿਵੇ ਮੀਂਹ ਤੋਂ ਪਿਛੋਂ ਚੁਲ੍ਹਿਆਂ ਵਿਚ ਅੱਗ ਬਲ ਪਈ ਹੋਵੇ ਤੇ ਧੂਆਂ ਨਿਕਲ਼ ਆਇਆ। ਕੁਝ ਪਲਾਂ ਪਿੱਛੋਂ ਹੀ ਸਭ ਕੁਝ ਜਿਉਂ ਦਾ ਤਿਉਂ ਹੋ ਗਿਆ। ਟੁੱਟਿਆ ਰੇਲਵੇ ਪੁਲ਼ ਵੀ ਮੁੜ ਆਪਣੀ ਥਾਂ ਤੇ ਖਲੋ ਗਿਆ, ਦਰੱਖਤ ਵੀ ਮੁੜ ਖੜ੍ਹੇ ਹੋ ਗਏ ਤੇ ਇਉਂ ਲੱਗੇ ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ।

ਉਸ ਸਟੁਡੀਉ ਵਿਚ ਹੋਰ ਵੀ ਬੜਾ ਕੁਝ ਵੇਖਿਆ।

ਖੁਲ੍ਹੀਆਂ ਵਿਚਾਰਾਂ ਦੌਰਾਨ ਇਕ ਦਿਨ ਯੋਗੀ ਜੀ ਆਖਣ ਲੱਗੇ, "ਇਹ ਪੰਜਾਬੀ ਸਿੱਖਾਂ ਦੇ ਚੌਧਰੀ ਮੇਰੇ ਖ਼ਿਲਾਫ਼ ਕਿਉਂ ਹਨ?" ਮੈ ਆਪਣੀ ਸਮਝ ਅਨੁਸਰ ਦੱਸਣ ਦਾ ਯਤਨ ਕੀਤਾ ਕਿ ਉਹ ਤਾਂ ਅਮ੍ਰੀਕਨਾਂ ਵਰਗੇ ਲੱਗਣ ਦੇ ਸਾਰੇ ਯਤਨ ਕਰ ਰਹੇ ਹਨ ਪਰ ਤੁਸੀਂ ਅਮ੍ਰੀਕਨਾਂ ਨੂੰ ਸਿੰਘ ਸਜਾ ਰਹੇ ਹੋ। ਇਸ ਲਈ ਉਹ ਤੁਹਾਡੇ ਨਾਲ਼ ਈਰਖਾ ਕਰਦੇ ਹਨ। ਫਿਰ ਤੁਸੀਂ ਕਿਸੇ ਦਾ ਲਿਹਾਜ ਨਹੀ ਕਰਦੇ; ਹਰੇਕ ਨੂੰ ਝਾੜ ਕੇ ਬੈਠਾ ਦਿੰਦੇ ਹੋ। ਗੁਰਦੁਆਰਿਆਂ ਦੇ ਦੀਵਾਨਾਂ ਵਿਚ ਜਾ ਕੇ ਵੀ ਪ੍ਰਬੰਧਕਾਂ ਦੀ ਯਹੀ ਤਹੀ ਫੇਰ ਦਿੰਦੇ ਹੋ। ਭਾਵੇਂ ਕਿ ਉਹ ਨਹੀ ਚਾਹੁੰਦੇ ਕਿ ਤੁਸੀਂ ਗੁਰਦੁਆਰਿਆਂ ਦੀਆਂ ਸਟੇਜਾਂ ਤੇ ਬੋਲੋ ਪਰ ਉਹ ਤੁਹਾਨੂੰ ਰੋਕ ਨਹੀ ਸਕਦੇ ਤੇ ਤੁਸੀਂ ਉਹਨਾਂ ਦੇ ਮੂੰਹ ਤੇ ਹੀ ਆਪਣੇ ਲੈਕਚਰਾਂ ਰਾਹੀਂ, ਉਹਨਾਂ ਦੀ ਚੌਧਰ ਦੇ ਪਰਖਚੇ ਉਡਾ ਦਿੰਦੇ ਹੋ।

ਇਸ ਤੋਂ ਉਹਨਾਂ ਨੂੰ ਆਪਣੇ ਏਥੇ ਆਉਣ ਦੀ ਗੱਲ ਚੇਤੇ ਆ ਗਈ ਜੋ ਉਹਨਾਂ ਨੇ ਮੈਨੂੰ ਇਉਂ ਸੁਣਾਈ:

ਜਦੋਂ ਮੈਂ ਜਿਸ ਸੱਜਣ ਦੇ ਸੱਦੇ ਉਤੇ ਆਇਆ ਸਾਂ, ਏਥੇ ਉਤਰਿਆ ਤਾਂ ਪਤਾ ਲੱਗਾ ਕਿ ਉਹ ਚਲਾਣਾ ਕਰ ਗਿਆ ਹੈ। ਮੈ ਫਿਰ ਕੈਨੇਡਾ ਰਹਿੰਦੇ ਆਪਣੇ ਰਿਸ਼ਤੇਦਾਰ ਕੋਲ਼ ਚਲਿਆ ਗਿਆ। ਉਸ ਨੇ ਮੇਰਾ ਮੰਜਾ ਆਪਣੇ ਮਕਾਨ ਦੇ ਬੇਸਮੈਂਟ ਵਿਚ ਡਾਹ ਦਿਤਾ ਜੋ ਕਿ ਮੈਨੂੰ ਆਪਣੀ ਹੱਤਕ ਮਹਿਸੂਸ ਹੋਈ। ਨਾਲ਼ੇ ਇਹ ਵੀ ਆਖ ਦਿਤਾ ਕਿ ਸਿਰ ਮੂੰਹ ਮੁੰਨ ਕੇ ਹੀ ਬਾਹਰ ਨਿਕਲਣਾ, ਨਹੀ ਤਾਂ ਲੋਕ ਢੀਮਾਂ ਮਾਰਨਗੇ। ਮੈਂ ਆਖਿਆ ਕੋਈ ਗੱਲ ਨਹੀਂ; ਮੈਂ ਇਹਨਾਂ ਨੂੰ ਵੀ ਆਪਣੇ ਵਰਗੇ ਬਣਾਵਾਂਗਾ।

ਕੁਝ ਦਿਨਾਂ ਪਿੱਛੋਂ ਮੈ ਫਿਰ ਡਾ. ਅਮਰਜੀਤ ਸਿੰਘ ਮਰਵਾਹਾ ਨੂੰ ਫ਼ੋਨ ਕਰਕੇ ਲਾਸ ਏਂਜਲਜ਼ ਆ ਗਿਆ ਤੇ ਏਥੇ ਉਹਨਾਂ ਦੇ ਗੈਰਜ ਵਿਚ ਯੋਗਾ ਦੀਆਂ ਕਲਾਸਾਂ ਲਾਉਣੀਆਂ ਸ਼ੁਰੂ ਕਰ ਦਿਤੀਆਂ। ਫਿਰ ਹੌਲ਼ੀ ਹੌਲ਼ੀ ਕੰਮ ਵਧਦਾ ਗਿਆ। ਹੁਣ ਭਾਵੇਂ ਡਾਕਟਰ ਸਾਹਿਬ ਮੇਰੇ ਨਾਲ਼ ਨਾਰਾਜ਼ ਹੀ ਹਨ ਪਰ ਮੈਂ ਉਹਨਾਂ ਦੇ ਵਿਰੁਧ ਕੋਈ ਗੱਲ ਨਹੀਂ ਕਰਨੀ। ਉਹਨਾਂ ਵੱਲੋਂ ਸ਼ੁਰੂ ਵਿਚ ਦਿਤੇ ਗਏ ਸਹਿਯੋਗ ਅਤੇ ਭਰਜਾਈ ਦੇ ਖਵਾਏ ਜਵੈਣ ਵਾਲ਼ੇ ਪਰਾਉਂਠੇ ਮੈਂ ਨਹੀਂ ਭੁਲਾ ਸਕਦਾ।

ਵੈਸੇ ਮੈਂ ਉਹਨਾਂ ਦੇ ਕੈਨੇਡਾ ਵਾਲ਼ੇ ਰਿਸ਼ਤੇਦਾਰ ਨੂੰ ਵੀ ਆਪਣੀ ਕੈਨੇਡਾ ਦੇ ਉਸ ਸ਼ਹਿਰ ਦੀ ਯਾਤਰਾ ਸਮੇ ਮਿਲ਼ਿਆ ਸਾਂ।

ਇਕ ਦਿਨ ਮੈਨੂੰ ਪੁੱਛਣ ਲੱਗੇ, "ਦੇਸੋਂ ਆਉਣ ਵਾਲ਼ੇ ਸੰਤ, ਸਾਧ, ਗਿਆਨੀ, ਧਿਆਨੀ ਮੇਰੇ ਖ਼ਿਲਾਫ਼ ਕਿਉਂ ਹੁੰਦੇ ਹਨ?" ਮੈਂ ਆਖਿਆ, ਕਿਉਂਕਿ ਸਿੱਖ ਸੰਸਥਾਵਾਂ ਦੇ ਪ੍ਰਬੰਧਕ ਤੁਹਾਡੇ ਖ਼ਿਲਾਫ਼ ਹਨ ਤੇ ਦੇਸੋਂ ਆਉਣ ਵਾਲੇ ਸਾਰੇ ਸੱਜਣਾਂ ਨੂੰ ਉਹਨਾਂ ਦੀ ਲੋੜ ਹੁੰਦੀ ਹੈ। ਹਰੇਕ ਬੰਦਾ ਸਵਾਰਥੀ ਹੈ। ਜੇਹੜਾ ਤੁਹਾਡੇ ਹੱਕ ਵਿਚ ਬੋਲੇ ਉਸ ਤੋਂ ਉਹ ਕੰਨੀ ਕਤਰਾਉਂਦੇ ਹਨ ਤੇ ਜੇਹੜਾ ਉਹਨਾਂ ਦੀ ਮਰਜੀ ਅਨੁਸਾਰ ਤੁਹਾਡੇ ਖ਼ਿਲਾਫ਼ ਬੋਲੇ ਉਸ ਦਾ ਪੂਰਾ ਆਦਰ ਕਰਦੇ ਹਨ। ਮੈਂ ਫਿਰ ਆਪਣੀ ਮਿਸਾਲ ਦੇ ਕੇ ਦੱਸਣ ਦਾ ਇਉਂ ਯਤਨ ਕੀਤਾ:

ਇਸ ਤੁਹਾਡੇ ਸ਼ਹਿਰ ਦੇ ਗੁਰਦੁਆਰੇ ਵਾਲ਼ਿਆਂ ਨੂੰ ਜਦੋਂ ਮੇਰਾ ਤੁਹਾਡੇ ਨਾਲ਼ ਮੇਲ ਹੋਣ ਦਾ ਪਤਾ ਲੱਗਾ ਤਾਂ ਮੇਰੀ ਪੁੱਛ ਪੜਤਾਲ ਵੀ ਕੀਤੀ ਤੇ ਇਕ ਦਿਨ ਵਿਖਿਆਨ ਦਾ ਸਮਾ ਦੇ ਕੇ ਤੇ ੫੧ ਡਾਲਰ ਦਾ ਸਿਰੋਪਾ ਦੇ ਕੇ ਤੋਰ ਦਿਤਾ। ਮੇਰੇ ਤੋਂ ਪਹਿਲਾਂ ਇਕ ਹੋਰ ਗਿਆਨੀ ਜੀ ਆਏ। ਉਹਨਾਂ ਦਾ ਪੂਰਾ ਆਦਰ ਕੀਤਾ ਤੇ ਉਹਨਾਂ ਨੂੰ ਗ੍ਰੰਥੀ ਰੱਖਣ ਦੀ ਵੀ ਤੇ ਫਿਰ ਆਉਣ ਲਈ, ਹਰ ਪ੍ਰਕਾਰ ਦੀ ਸਹਾਇਤਾ ਦੀ ਪੇਸ਼ਕਸ਼ ਵੀ ਕੀਤੀ ਗਈ; ਇਸ ਲਈ ਕਿ ਉਹ ਤੁਹਾਡੇ ਵਿਰੁਧ ਵਿਚਾਰ ਰੱਖਦਾ ਸੀ। ਇਹ ਫਰਕ ਹੈ ਤੁਹਾਡੇ ਹਿਮਾਇਤੀਆਂ ਤੇ ਵਿਰੋਧੀਆਂ ਬਾਰੇ ਇਹਨਾਂ ਚੌਧਰੀਆਂ ਦੇ ਰਵੱਈਏ ਵਿਚ।

ਫਿਰ ਮੈਂ ਇਕ ਦਿਨ ਪੁੱਛਿਆ ਕਿ ਹਿੰਦੁਸਤਾਨ ਦਾ ਇਕ ਸਰਕਾਰੇ ਦਰਬਾਰੇ ਵੱਡੀ ਪਹੁੰਚ ਰਖਣ ਵਾਲ਼ਾ ਧਾਰਮਿਕ ਵਿਅਕਤੀ ਤੁਹਾਡੇ ਏਨਾ ਖ਼ਿਲਾਫ਼ ਕਿਉਂ ਹੈ! ਤੁਹਾਡੇ ਸਿੰਘਾਂ ਦੇ ਦੱਸਣ ਮੁਤਾਬਿਕ ਉਸ ਨੇ ਤੁਹਾਡੇ ਤੇ ਜਾਨ ਲੇਵਾ ਹਮਲੇ ਵੀ ਇਕ ਤੋਂ ਵਧ ਕਰਵਾਏ ਹਨ। ਉਸ ਦੇ ਚੇਲੇ ਇਹ ਵੀ ਦੱਸਦੇ ਹਨ ਕਿ ਤੁਹਾਨੂੰ ਉਸ ਨੇ ਏਥੇ ਭੇਜਿਆ ਸੀ ਉਸ ਅਨੁਸਾਰ ਪ੍ਰਚਾਰ ਕਰਨ ਲਈ ਪਰ ਤੁਸੀਂ ਆਪਣਾ ਵੱਖਰਾ ਹੀ ਡਗ ਡਗਾ ਵਜਾ ਲਿਆ। ਇਸ ਦੇ ਉਤਰ ਵਿਚ ਯੋਗੀ ਨੇ ਆਖਿਆ ਕਿ ਦੇਸ ਵਿਚ ਰਹਿੰਦੇ ਸਮੇ ਉਸ ਸੱਜਣ ਨਾਲ਼ ਚੰਗਾ ਮੇਲ਼ ਜੋਲ ਸੀ ਪਰ ਉਸ ਦਾ ਭੇਜਿਆ ਹੋਇਆ ਮੈਂ ਏਥੇ ਨਹੀਂ ਆਇਆ। ਉਹ ਚਾਹੁੰਦਾ ਸੀ ਕਿ ਮੈ ਪੱਛਮੀ ਲੋਕਾਂ ਦੇ ਸਾਹਮਣੇ ਉਸ ਨੂੰ ਅਵਤਾਰ ਬਣਾ ਕੇ ਪੇਸ਼ ਕਰਾਂ ਪਰ ਉਹ ਮੈਂ ਕੀਤਾ ਨਹੀਂ ਤੇ ਨਾ ਹੀ ਕਰਾਂਗਾ। ਇਸ ਲਈ ਉਹ ਮੇਰਾ ਏਨਾ ਕੱਟੜ ਵਿਰੋਧੀ ਬਣ ਗਿਆ ਹੈ।

ਇਕ ਦਿਨ ਬੜੇ ਜੋਸ਼ ਜਿਹੇ ਵਿਚ ਬੋਲੇ, "ਇਹ ਸਾਧ ਮੈਨੂੰ ਕਹਿੰਦੇ ਨੇ ਮੈ ਬੀਬੀਆਂ ਕਿਉਂ ਨਾਲ਼ ਰੱਖਦਾ ਹਾਂ। ਇਹ ਤਾਂ ਪੱਛਮ ਦਾ ਵਿਹਾਰ ਹੀ ਹੈ ਕਿ ਸੈਕ੍ਰੇਟਰੀ, ਨਿਜੀ ਸੇਵਾਦਾਰ, ਪੀ.ਏ. ਆਦਿ ਦਾ ਕੰਮ ਬੀਬੀਆਂ ਹੀ ਕਰਦੀਆਂ ਹਨ। ਇਹਨਾਂ ਨੂੰ ਕੋਈ ਪੁੱਛੇ ਕਿ ਇਹ ਆਪਣੀ ਅਰਦਲ ਵਿਚ ਮੁੰਡੇ ਕਿਉਂ ਨਾਲ਼ ਰੱਖਦੇ ਨੇ! ਇਹ ਤਾਂ ਪੱਛਮ ਵਾਲਿਆਂ ਦੇ ਵਿਚਾਰ ਅਨੁਸਾਰ ਬਿਲਕੁਲ ਹੀ ਗ਼ਲਤ ਗੱਲ ਹੈ!"

ਇਕ ਦਿਨ ਮੈ ਪੁੱਛਿਆ ਕਿ ਕੁਝ ਲੋਕ ਸ਼ੰਕਾ ਕਰਦੇ ਹਨ ਕਿ ਤੁਹਾਡਾ ਅਮ੍ਰੀਕਨ ਸਰਕਾਰ ਨਾਲ਼ ਸਬੰਧ ਹੈ। ਇਸ ਦੇ ਉਤਰ ਵਿਚ ਉਹਨਾਂ ਨੇ ਆਖਿਆ, "ਇਕੱਲੀ ਅਮ੍ਰੀਕਨ ਸਰਕਾਰ ਹੀ ਨਹੀ ਸਾਡੇ ਹਿੰਦੁਸਤਾਨ ਦੀ ਸਰਕਾਰ ਨਾਲ਼ ਵੀ ਸਬੰਧ ਮਾੜੇ ਨਹੀ।" ਮੇਰੇ ਕਿਉਂ ਪੁਛਣ ਤੇ ਉਹਨਾਂ ਨੇ ਜੋ ਅਮ੍ਰੀਕਨ ਸਰਕਾਰ ਦੀ ਖ਼ੁਸ਼ੀ ਦਾ ਕਾਰਨ ਦੱਸਿਆ, ਉਹ ਕੁਝ ਇਉਂ ਸੀ:

ਜਿਸ ਦੇਸ ਦੇ ਚਿੱਕੜ ਵਿਚ ਰੁਲ਼ ਰਹੇ ਹੀਰਿਆਂ ਨੂੰ ਅਸੀਂ ਧੋ ਮਾਂਜ ਕੇ ਲਿਸ਼ਕਾ ਦਿਤਾ ਹੈ। ਹਰ ਸਮੇ ਨਸ਼ਿਆਂ ਤੇ ਵਿਸ਼ਿਆਂ ਵਿਚ ਡੁੱਬੇ ਰਹਿਣ ਵਾਲ਼ੇ ਅਤੇ ਜੁਰਮਾਂ ਦੇ ਸੰਸਾਰ ਵਿਚ ਹੀ ਵਿਚਰਨ ਵਾਲ਼ੇ ਨੌਜਵਾਨ ਕੁੜੀਆਂ ਮੁੰਡਿਆਂ ਨੂੰ ਅਸੀਂ ਸ਼ੁਧ ਕਰਕੇ, ਅਠਾਰਾਂ ਅਠਾਰਾਂ ਘੰਟੇ ਕੰਮ ਕਰਨ ਦੀ ਯੋਗਤਾ ਵਾਲ਼ੇ ਬਣਾ ਦਿਤਾ ਹੈ, ਨਾਸਤਕਾਂ ਨੂੰ ਯੋਗ ਰਾਹੀਂ ਸਿੱਖੀ ਦੇ ਲੜ ਲਾ ਕੇ, ਧਰਮੀ ਜੀਵੜੇ ਬਣਾ ਦਿਤਾ ਹੈ; ਉਸ ਦੇਸ਼ ਦੀ ਸਰਕਾਰ ਸਾਡੇ ਤੇ ਖ਼ੁਸ਼ ਨਾ ਹੋਵੇ ਤਾਂ ਉਹ ਬੜੀ ਮੂਰਖਾਂ ਦੀ ਸਰਕਾਰ ਹੋਵੇਗੀ!

ਮੇਰਾ ਵਿਚਾਰ ਹੈ, ਤੇ ਇਹ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਸਿੱਖਿਆ ਦੀ ਰੋਸ਼ਨੀ ਵਿਚ ਬਣਿਆ ਹੈ ਕਿ ਸਿੱਖੀ ਵਿਚ ਸ਼ਕਤੀ ਵਰਤ ਕੇ ਕੀਤੀ ਗਈ ਕਨਵਰਸ਼ਨ ਦਾ ਕੋਈ ਸਥਾਨ ਨਹੀ ਹੈ। ਕਿਸੇ ਨੂੰ ਭੁਚਲਾ ਕੇ, ਡਰਾ ਕੇ, ਉਸ ਦੀ ਮਜਬੂਰੀ ਦਾ ਲਾਭ ਉਠਾ ਕੇ ਜਾਂ ਲਾਲਚ ਦੇ ਕੇ ਸਿੱਖ ਬਣਾਉਣਾ ਗੁਰਮਤਿ ਦੇ ਉਲ਼ਟ ਹੈ ਪਰ ਜੇਕਰ ਕੋਈ ਸਿੱਖੀ ਨੂੰ ਕਲਿਆਣਕਾਰੀ ਧਰਮ ਸਮਝ ਕੇ, ਇਸ ਨੂੰ ਆਪਣੀ ਖ਼ੁਸ਼ੀ ਨਾਲ਼ ਅਪਨਾਉਣਾ ਚਾਹੇ ਤਾਂ ਉਸ ਦਾ ਹਮੇਸ਼ਾ ਹੀ ਸਵਾਗਤ ਹੈ। ਗੁਰੂ ਸਾਹਿਬਾਨ ਦੇ ਸਮੇ ਜਿੰਨੇ ਵੀ ਸਿੱਖ ਬਣੇ ਉਹ ਸਿੱਖੀ ਦੀਆਂ ਵਿਸ਼ੇਸ਼ਤਾਈਆਂ ਤੋਂ ਪ੍ਰਭਾਵਤ ਹੋ ਕੇ ਹੀ ਬਣੇ ਸਨ। ਇਸ ਲਈ ਕਿਸੇ ਸਿੱਖੀ ਵਿਰੋਧੀ ਨਾਸਤਕ ਵਿਦਵਾਨ ਵੱਲੋਂ ਅਜਿਹੀ ਢੁਚਰ ਡਾਹੁਣੀ, ਜਾਣ ਬੁਝ ਕੇ ਗ਼ਲਤ ਬਿਆਨੀ ਕਰਨ ਵਾਲ਼ੀ ਗੱਲ ਹੈ। ਯੋਗੀ ਜੀ ਨੇ ਮੈਨੂੰ ਖ਼ੁਦ ਦੱਸਿਆ ਕਿ ਉਹ ਤਾਂ ਫ਼ੀਸ ਲੈਂਦੇ ਹਨ ਤੇ ਯੋਗਾ ਸਿਖਾਉਂਦੇ ਹਨ। ਇਹ ਉਹਨਾਂ ਦਾ ਪ੍ਰੋਫ਼ੈਸ਼ਨ ਹੈ ਜਿਵੇਂ ਦੁਨੀਆ ਤੇ ਹੋਰ ਅਨੇਕ ਤਰ੍ਹਾਂ ਦੇ ਦੁਨੀਆ ਵਿਚ ਉਪਜੀਵਕਾ ਕਮਾਉਣ ਵਾਸਤੇ ਪ੍ਰੋਫ਼ੈਸ਼ਨ ਹਨ। ਫਿਰ ਜੇਕਰ ਕੋਈ ਸਿੱਖੀ ਦੇ ਗੁਣਾਂ ਤੋਂ ਪ੍ਰੇਰਤ ਹੋ ਕੇ ਸਿੱਖ ਬਣਨਾ ਚਾਹੇ ਤਾਂ ਮੈ ਉਸ ਦੇ ਰਾਹ ਵਿਚ ਕਿਵੇਂ ਰੁਕਾਵਟ ਪਾ ਸਕਦਾ ਹਾਂ! ਸਗੋਂ ਉਸ ਦੀ ਹਰ ਸੰਭਵ ਸਹਾਇਤਾ ਹੀ ਕਰਾਂਗਾ!

ਹਰੇਕ ਵਿਅਕਤੀ ਦਾ ਇਸ ਸੰਸਾਰ ਵਿਚ ਵਿਰੋਧ ਵੀ ਹੁੰਦਾ ਹੈ ਤੇ ਯੋਗੀ ਜੀ ਵੀ ਇਸ ਤੋਂ ਬਚੇ ਹੋਏ ਨਹੀ ਸਨ। ਇਸ ਪ੍ਰਥਾਇ ਗੁਰਬਾਣੀ ਦਾ ਵੀ ਸਪਸ਼ਟ ਫੁਰਮਾਨ ਹੈ:

*ਬਿਨੁ ਬਾਦ ਬਿਰੋਧਹਿ ਕੋਈ ਨਾਹੀ॥*
*ਮੈ ਦੇਖਾਲਿਹੁ ਤਿਸੁ ਸਾਲਾਹੀ॥ (ਮਾਰੂ ਮਹਲਾ ੧, ੧੦੨੫)*

ਅਰਥ: ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਕੋਈ ਵੀ ਵਿਅਕਤੀ ਝਗੜਿਆਂ ਤੇ ਵਿਰੋਧਾਂ ਤੋਂ ਰਹਿਤ ਨਹੀਂ ਹੈ। ਮੈਨੂੰ ਕੋਈ ਐਸਾ ਵਿਖਾਓ ਜਿਸ ਦਾ ਵਿਰੋਧ ਨਾ ਹੋਵੇ, ਮੈਂ ਉਸ ਦਾ ਸਤਿਕਾਰ ਕਰਦਾ ਹਾਂ।

ਜਾਣਾਂ ਤਾਂ ਮੈ ਅੱਗੇ ਨੂੰ ਸੀ ਅਰਥਾਤ ਨਿਊ ਜ਼ੀਲੈਂਡ, ਆਸਟ੍ਰੇਲੀਆ, ਸਿੰਘਾਪੁਰ ਆਦਿ ਦੇਸਾਂ ਰਾਹੀ ਅੰਮ੍ਰਿਤਸਰ ਪੁੱਜਣ ਦਾ ਮੇਰਾ ਪ੍ਰੋਗਰਾਮ ਸੀ ਪਰ ਯੋਗੀ ਜੀ ਦੀ ਪ੍ਰੇਰਨਾ ਦੇ ਅਸਰ ਹੇਠ, ਇਹ ਕਾਰਜ ਅੱਗੇ ਤੇ ਪਾ ਕੇ, ਓਥੋਂ ਵਾਪਸੀ ਚਾਲੇ ਪਾ ਦਿਤੇ ਅਤੇ ੨੫ ਜਨਵਰੀ ੧੯੭੯ ਨੂੰ, ਮੈ ਇਕ ਪਾਸੜ ੧੨੫ ਡਾਲਰ ਦੀ ਹਵਾਈ ਟਿਕਟ ਖ਼ਰੀਦ ਕੇ, ਲਾਸ ਏਂਜਲਜ਼ ਤੋਂ ਲੰਡਨ ਆ ਗਿਆ। ਕੁਝ ਦਿਨ ਵਲੈਤ ਵਿਚ ਰੁਕ ਕੇ, ਲੰਡਨੋਂ ੮੦ ਪੌਂਡ ਦੀ ਇਕ ਪਾਸੜ ਟਿਕਟ ਲੈ ਕੇ, ਫਰਵਰੀ ਵਿਚ ਅੰਮ੍ਰਿਤਸਰ ਆ ਉਤਰਿਆ।

# ਘੜਾ ਘੜਵੰਜੀ 'ਤੇ...

ਸਿਆਣੀ ਹੋ ਰਹੀ ਧੀ ਦੀ ਮਾਂ ਇਕ ਦਿਨ ਰਾਤ ਨੂੰ ਸੌਣ ਤੋਂ ਪਹਿਲਾਂ ਫਿਕਰਮੰਦੀ ਜਿਹੀ ਵਿਚ ਆਪਣੇ ਪਤੀ ਨੂੰ ਆਪਣੀ ਧੀ ਵਾਸਤੇ ਯੋਗ ਵਰ ਘਰ ਲਭਣ ਲਈ ਪ੍ਰੇਰਤ ਕਰਦੀ ਹੋਈ ਕੁਝ ਇਉਂ ਆਖਦੀ ਹੈ, "ਛਿੰਦੋ ਦੇ ਭਾਈਆ, ਆਪਣੀ ਛਿੰਦੋ ਹੁਣ ਸੁੱਖ ਨਾਲ਼ ਸਿਆਣੀ ਹੋ ਗਈ ਏ। ਇਸ ਵਾਸਤੇ ਯੋਗ ਵਰ ਲਭਣਾ ਲੋੜੀਏ।" ਛਿੰਦੋ ਦਾ ਭਾਈਆ ਦਿਨ ਭਰ ਖੇਤੀ ਦੇ ਕੰਮਾਂ, ਧੰਦਿਆਂ ਤੇ ਫਿਕਰਾਂ ਕਾਰਨ ਕੁਝ ਥਕਾਵਟ ਜਿਹੀ ਵਿਚ ਸੀ ਤੇ ਅਜਿਹੀ ਗੰਭੀਰ ਸੋਚ ਵਾਲ਼ੀ ਵਾਰਤਾਲਾਪ ਲਈ ਤਿਆਰ ਨਹੀ ਸੀ। ਅਰਧ ਧਿਆਨੇ ਜਿਹੇ ਵਿਚ ਬੋਲਿਆ, "ਅਜੇ ਤਾਂ ਆਪਣੀ ਛਿੰਦੋ ਬੱਚੀ ਹੀ ਹੈ; ਕਾਹਲੀ ਕਾਹਦੀ ਹੈ!" ਮਾਵਾਂ ਨੂੰ, ਪਿਉਆਂ ਨਾਲੋਂ ਅਜਿਹੀਆਂ ਜ਼ਰੂਰੀ ਘਰੇਲੂ ਗੱਲਾਂ ਦਾ, ਪਹਿਲਾਂ ਹੀ ਭੈਮਸਾ ਜਿਹਾ ਹੋ ਜਾਂਦਾ ਹੈ। ਸ਼ਾਇਦ ਅਜਿਹੀ ਸਮਝ ਉਹਨਾਂ ਅੰਦਰ ਕਿਸੇ ਤਰ੍ਹਾਂ ਦੀ ਅੰਦਰੂਨੀ ਸੂਝ (ਇਨਟਿਊਟਿਵ ਪਾਵਰ) ਕਰਕੇ ਪੈਦਾ ਹੋ ਜਾਂਦੀ ਹੋਵੇ! ਪਿਉ ਤਾਂ ਆਮ ਤੌਰ ਤੇ ਆਪਣੀ ਧੀ ਨੂੰ ਗੁੱਡੀਆਂ ਪਟੋਲਿਆਂ ਨਾਲ਼ ਖੇਡਣ ਵਾਲ਼ੀ ਬੱਚੀ ਹੀ ਬਹੁਤ ਸਮਾ ਸਮਝਦਾ ਰਹਿੰਦਾ ਹੈ ਪਰ ਮਾਵਾਂ ਦਾ ਬੱਚੀਆਂ ਬਾਰੇ ਫਿਕਰ ਠੀਕ ਸਮੇ ਤੇ ਹੀ ਸ਼ੁਰੂ ਹੋ ਜਾਂਦਾ ਹੈ।

ਛਿੰਦੋ ਦੀ ਬੀਬੀ ਵੱਲੋਂ ਮੁੜ ਮੁੜ ਏਹੋ ਹੀ ਕਹਾਣੀ ਪਾਉਣ ਤੇ, ਭਾਈਏ ਨੇ ਆਖਿਆ, "ਜਦੋਂ ਛਿੰਦੋ ਆਪਣੇ ਸਿਰ ਤੋਂ ਘੜਾ ਚੁੱਕ ਕੇ ਤੇ ਉਸ ਦਾ ਨਕਾਲ਼ ਕਢ ਕੇ ਘੜਵੰਜੀ ਤੇ ਰੱਖੂਗੀ ਓਦੋਂ ਸਮਝੂੰਗਾ ਕਿ ਆਪਣੀ ਛਿੰਦੋ ਜਵਾਨ ਹੋ ਗਈ ਹੈ। ਅੱਗੇ ਤੁਰਨ ਤੋਂ ਪਹਿਲਾਂ ਏਥੇ ਆਪਾਂ ਸਮਝ ਲਈਏ ਕਿ ਘੜਵੰਜੀ ਕੀ ਹੁੰਦੀ ਹੈ। ਨਵੀ ਪੀਹੜੀ ਨੂੰ ਇਹ ਵੇਖੀ ਨਾ ਹੋਣ ਕਰਕੇ ਸ਼ਾਇਦ ਇਸ ਦਾ ਪਤਾ ਨਾ ਹੋਵੇ! ਅਧੀ ਕੁ ਸਦੀ ਪਹਿਲਾਂ ਪੰਜਾਬ ਦੇ ਪਿੰਡਾਂ ਵਿਚ ਪਾਣੀ ਝੀਰ ਭਰਿਆ ਕਰਦੇ ਸਨ। ਸ਼ਾਮ ਸਮੇ ਪਿੰਡ ਦੀ ਸਾਂਝੀ ਖੂਹੀ ਤੋਂ ਡੋਲ ਨਾਲ਼ ਪਾਣੀ ਕਢ ਕੇ ਤੇ ਘੜੇ ਭਰ ਭਰ ਕੇ ਪਿੰਡ ਵਾਸੀਆਂ ਦੇ ਘਰਾਂ ਵਿਚ ਪੁਚਾਇਆ ਕਰਦੇ ਸਨ। ਘੁਮਿਆਰਾਂ ਦੁਆਰਾ ਬਣਾਏ ਤੇ ਆਵੀ ਵਿਚ ਪਕਾਏ ਗਏ ਮਿੱਟੀ ਦੇ ਘੜੇ, ਹਰੇਕ ਪਰਵਾਰ ਦੇ ਘਰ ਵਿਚ ਦਾਨਿਆਂ ਵੱਟੇ ਵਟਾ ਕੇ ਰੱਖੇ ਹੋਏ ਹੁੰਦੇ ਸਨ ਤੇ ਇਹਨਾਂ ਨੂੰ ਟਿਕਾਉਣ ਵਾਸਤੇ ਤਰਖਾਣਾਂ ਦੁਆਰਾ ਲੱਕੜੀ ਦਾ ਢਾਂਚਾ ਜਿਹਾ ਬਣਾਇਆ ਗਿਆ ਹੁੰਦਾ ਸੀ ਜਿਸ ਉਪਰ ਘੜੇ ਟਿਕਾਏ ਜਾਂਦੇ ਸਨ। ਉਸ ਨੂੰ ਘੜਵੰਜੀ ਆਖਦੇ ਸਨ। ਮਾਪੇ ਸਮਝਦੇ ਸਨ ਕਿ ਧੀ ਸੁੱਤੀ ਪਈ ਹੈ ਪਰ ਉਹ ਜਾਗਦੀ ਸੀ ਤੇ ਘੇਸਲ਼ ਵੱਟ ਕੇ ਮਾਂ ਪਿਉ ਦਰਮਿਆਨ ਹੋ ਰਿਹਾ ਵਾਰਤਾਲਾਪ ਸੁਣ ਰਹੀ ਸੀ। ਅਗਲੇ ਦਿਨ ਉਸ ਨੇ ਪਾਣੀ ਦਾ ਘੜਾ ਬਾਹਰੋਂ ਲਿਆ ਕੇ ਤੇ ਆਪਣੇ ਸਿਰ ਤੋਂ ਕਾਫੀ ਉਚਾ ਚੁੱਕ ਕੇ ਅਰਥਾਤ ਉਸ ਦਾ ਬਾਲਾ ਕਢ ਕੇ ਘੜਵੰਜੀ ਤੇ ਰੱਖ ਦਿਤਾ।

ਇਕ ਦਿਨ ਸਹੇਲੀਆਂ ਦੁਆਰਾ ਇਹ ਪੁੱਛੇ ਜਾਣ ਤੇ, "ਕੁੜੇ ਛਿੰਦੋ, ਤੇਰੇ ਘਰ ਦੇ ਤੇਰੇ ਵਿਆਹ ਸ਼ਿਆਹ ਬਾਰੇ ਨਹੀ ਕਦੀ ਕੋਈ ਗੱਲ ਕਰਦੇ!" ਅੱਗੋਂ ਸਹਿਜ ਸੁਭਾ ਛਿੰਦੋ ਦਾ ਜਵਾਬ ਸੀ, "ਅਸਾਂ ਤੇ ਘੜਾ ਘੜਵੰਜੀ ਤੇ ਰੱਖ ਦਿਤਾ; ਅੱਗੋਂ ਹੁਣ ਭਾਈਆ ਜਾਣੇ ਤੇ ਭਾਈਏ ਦਾ ਕੰਮ!" ਲੋਕ ਗੀਤਾਂ ਵਿਚ ਵੀ ਅਜਿਹੇ ਵਾਕਿਆਤ ਦਾ ਆਮ ਹੀ ਜ਼ਿਕਰ ਮਿਲ਼ਦਾ ਹੈ।

ਪਿਓ ਪੁੱਛਦਾ ਹੈ ਧੀ ਨੂੰ:

*ਬੇਟੀ ਚੰਨਣ ਦੇ ਓਹਲੇ ਓਹਲੇ ਕਿਉਂ ਖੜ੍ਹੀ?*

ਧੀ ਦਾ ਜਵਾਬ:

*ਖੜ੍ਹੀ ਸਾਂ ਮੈ ਬਾਬਲ ਜੀ ਦੇ ਪਾਸ*
*ਬਾਬਲ ਵਰ ਲੋੜੀਏ!*

ਜੇ ਪਿਉ ਪੁੱਛੇ:

*ਬੇਟੀ, ਕੈਸਾ ਵਰ ਲੋੜੀਏ?*

ਉਤਰ ਬੇਟੀ ਦਾ:

*ਕਾਹਨਾਂ ਵਿਚੋਂ ਕਾਹਨ ਕਨ੍ਹਈਆ ਵਰ ਲੋੜੀਏ।*

*ਆਖ ਕੇ, ਆਪਣੀ ਪਸੰਦ ਦੱਸ ਦਿੰਦੀ ਹੈ।*

ਜੇ ਸਮੇ ਸਿਰ ਮਾਪੇ ਇਸ ਪਾਸੇ ਧਿਆਨ ਨਾ ਦੇਣ ਤਾਂ ਫਿਰ ਵਿਆਹ ਆਦਿ ਖ਼ੁਸ਼ੀ ਦੇ ਸਮਿਆਂ ਤੇ ਇਕੱਠੀਆਂ ਹੋਈਆਂ ਕੁੜੀਆਂ ਚਿੜੀਆਂ ਲੋਕ ਗੀਤਾਂ ਰਾਹੀਂ ਵੀ ਮਾਪਿਆਂ ਨੂੰ ਸੁਚੇਤ ਕਰਦੀਆਂ ਹੋਈਆਂ ਗਾ ਉਠਦੀਆਂ ਹਨ:

*ਮੈਨੂੰ ਵਿਆਹ ਦੇ ਅੰਮੀਏ, ਨੀ ਮੈ ਕੋਠੇ ਜਿਡੀ ਹੋਈ।*

ਪਿਉ ਨੂੰ ਵੀ ਸੰਬੋਧਨ ਕਰ ਦਿਤਾ ਜਾਂਦਾ ਹੈ ਇਹਨਾਂ ਗੀਤਾਂ ਰਾਹੀਂ:

*ਬਾਪੂ ਮੇਰਾ ਵਿਆਹ ਕਰ ਦੇ, ਉਤੋਂ ਵੇਖ ਲਾ ਜ਼ਮਾਨਾ ਕੈਸਾ।*

ਅਜਿਹੇ ਹਾਲਾਤ ਅਨੁਭਵ ਕਰਕੇ ਪਿਓ ਧੀ ਦੀ ਖ਼ੁਸ਼ੀ ਲਈ ਉਦਮ ਕਰੇ ਤੇ ਧੀ ਨੂੰ ਆਖੇ:

*ਧੀਏ ਨੀ ਪਸੰਦ ਕਰ ਲੈ, ਗੱਡੀ ਭਰ ਮੁੰਡਿਆਂ ਦੀ ਆਂਦੀ ।*

ਜੇ ਮੁੰਡਾ ਕੋਈ ਆਪਣੇ ਬਰ ਮੇਚ ਦਾ ਨਾ ਹੋਵੇ ਤਾਂ ਧੀ ਇਉਂ ਵੀ ਆਖ ਦਿੰਦੀ ਹੈ:

*ਸਾਡੇ ਹਾਣ ਦਾ ਮੁੰਡਾ ਨਾ ਕੋਈ, ਗੱਡੀ ਨੂੰ ਪਿਛਾਂਹ ਮੋੜ ਲੈ।*

ਸਮਾ ਅਨੁਕੂਲ ਹੋਣ ਤੇ ਮੁਟਿਆਰ ਆਪਣੀ ਪਸੰਦ ਦਾ ਪ੍ਰਗਟਾਵਾ ਕਰਨੋ ਵੀ ਨਹੀ ਝਿਜਕਦੀ ਤੇ ਆਖ ਦਿੰਦੀ ਹੈ:

*ਲੁਧਿਆਣੇ ਮੁੰਡਾ ਪੜ੍ਹਦਾ, ਮੈਨੂੰ ਉਹਦੇ ਨਾਲ਼ ਵਿਆਹੋ ਜੀ।*

ਇਹ ਸੁਝਾ ਵੀ ਦੇ ਦਿੰਦੀ ਹੈ:

*ਦੇਈਂ ਨੀ ਮਾਇ ਮੈਨੂੰ ਓਸ ਘਰੇ ਜਿਥੇ ਹੋਵਣ ਭਰਾ ਸੱਤ।*
*ਇਕ ਮੰਗਾਂ ਇਕ ਵਿਆਹਵਾਂ ਮੇਰਾ ਵਿਚ ਲੱਡੂਆਂ ਦੇ ਹੱਥ।*

ਫਿਰ ਇਉਂ ਵੀ ਵੈਰਾਗ ਵਿਚ ਪਿਉ ਨੂੰ ਸੁਣਾ ਕੇ ਗਾਉਂਦੀ ਹੈ:

*ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲਾ ਅਸੀਂ ਉਡ ਜਾਣਾ।*

ਪੁਰਾਣੇ ਸਮੇ ਵਿਚ ਪੰਜਾਬ ਦੇ ਪੇਂਡੂ ਨੌਜਵਾਨਾਂ ਵਿਚੋਂ ਕੁਝ, ਆਮ ਤੌਰ ਤੇ ਫੌਜ ਦੀ ਨੌਕਰੀ ਹੀ ਕਰਿਆ ਕਰਦੇ ਸਨ ਤੇ ਇਸ ਤਰ੍ਹਾਂ ਘਰੋਂ ਬਾਹਰ ਹੀ ਬਹੁਤਾ ਸਮਾ ਉਹਨਾ ਦਾ ਬੀਤਦਾ ਸੀ। ਅਜਿਹੇ ਹਾਲ ਤੋਂ ਬਚਣ ਲਈ ਧੀ ਬਾਬਲ ਨੂੰ ਇਉਂ ਵੀ ਆਖ ਦਿੰਦੀ ਸੀ:

*ਨੌਕਰ ਦੇ ਨਾ ਦਈਂ ਬਾਬਲਾ ਹਾਲ਼ੀ ਪੁੱਤ ਬਥੇਰੇ।*
*ਨੌਕਰ ਪੁੱਤ ਤਾਂ ਘਰੀਂ ਨਾ ਵੜਦੇ ਵਿਚ ਪਰਦੇਸੀਂ ਡੇਰੇ।*
*ਮੈ ਤੈਨੂੰ ਆਖ ਰਹੀ ਦਈਂ ਨਾ ਬਾਬਲਾ ਫੇਰੇ। ਮੈ ਤੈਨੂੰ ਆਖ ਰਹੀ .....*

ਵਿਆਹ ਪਿੱਛੋਂ ਜੇ ਵਰ ਹਾਣ ਪਰਵਾਣ ਦਾ ਨਾ ਹੋਵੇ ਤਾਂ ਇਉਂ ਵੀ ਉਲਾਹਮੇ ਦਿੰਦੀ ਹੈ:

*ਮੇਰੇ ਖਾ ਗਿਆ ਹੱਡਾਂ ਨੂੰ ਝੋਰਾ, ਕੰਤ ਨਿਆਣੇ ਦਾ।*

ਜਾਂ

*ਬਾਬਲ ਮੇਰੇ ਵਰ ਟੋਲ਼ਿਆ, ਮੇਰੇ ਗੁੱਤ ਦੇ ਪ੍ਰਾਂਦੇ ਨਾਲ਼ੋਂ ਛੋਟਾ।*

ਫਿਰ

*ਬਾਰੀਂ ਬਰਸੀਂ ਖਟਣ ਗਿਆ, ਖਟ ਕੇ ਲਿਆਂਦਾ ਫੀਤਾ।*
*ਮਾਹੀ ਸਾਡਾ ਨਿਕਾ ਜਿਹਾ, ਅਸਾਂ ਖਿੱਚ ਕੇ ਬਰੋਬਰ ਕੀਤਾ।*

ਜੇ ਮੁੰਡੇ ਦਾ ਰੰਗ ਨਾ ਪਸੰਦ ਹੋਵੇ ਤਾਂ ਆਖੂ:

*ਬਾਬਲ ਮੇਰੇ ਵਰ ਟੋਲ਼ਿਆ ਰੋਹੀ ਦੀ ਕਿੱਕਰ ਦਾ ਜਾਤੂ।*

*ਜੇ ਉਮਰੋਂ ਵੱਡਾ ਹੋਵੇ ਤਾਂ ਵਿਚੋਲੇ ਦੇ ਦੁਆਲ਼ੇ ਵੀ ਹੋ ਜਾਊ:*

*ਸਬਰ ਵਿਚੋਲੇ ਨੂੰ, ਜਿੰਨ੍ਹੇ ਲੜ ਬੁਢੜੇ ਦੇ ਲਾਈ।*

ਸੱਸ ਤੇ ਬਹੁਤੀਆਂ ਨਣਾਨਾਂ ਦੀਆਂ ਨਿਘੋਚਾਂ ਤੋਂ ਤੰਗ ਆਈ ਇਉਂ ਵੀ ਆਖ ਦਊ:

*ਸੱਸ ਮੇਰੀ ਦੀਆਂ ਨੌ ਕੁੜੀਆਂ, ਮੱਥਾ ਟੇਕਦੀ ਨੂੰ ਅਧਾ ਦਿਨ ਆਇਆ।*

ਪੁਰਾਣੇ ਸਮੇ ਵਿਚ ਕੁਝ ਸਮਾਜਾਂ ਅੰਦਰ ਧੀ ਪੈਸੇ ਲੈ ਕੇ ਵੀ ਵਿਆਹੀ ਜਾਂਦੀ ਸੀ। ਸ਼ਾਸਤਰਾਂ ਅਨੁਸਾਰ ਅੱਠ ਪ੍ਰਕਾਰ ਦੇ ਵਿਆਹਾਂ ਵਿਚੋਂ ਇਹ ਵੀ ਇਕ ਪ੍ਰਕਾਰ ਦਾ ਵਿਆਹ ਮੰਨਿਆ ਜਾਂਦਾ ਸੀ ਤੇ ਇਸ ਨੂੰ 'ਆਸ਼ੁਰ' ਵਿਆਹ ਦਾ ਨਾਂ ਦਿਤਾ ਗਿਆ ਹੈ। ਮਾਪਿਆਂ ਦੁਆਰਾ ਪੈਸੇ ਲੈ ਕੇ ਵਿਆਹੀ ਧੀ ਵੀ ਅਜੋੜ ਪਤੀ ਬਾਰੇ ਇਉਂ ਆਖ ਦਿੰਦੀ ਸੀ:

ਸੁੱਤੀ ਪਈ ਦੇ ਸਿਰਹਾਣੇ ਰਿੱਛ ਬੰਨ੍ਹ ਕੇ, ਪੰਜ ਸੌ ਗਿਣਾ ਲਏ ਮਾਪਿਆਂ।

ਅਜ ਕਲ੍ਹ ਦੀ ਤਾਂ ਗੱਲ ਵੱਖਰੀ ਹੈ ਜਦੋਂ ਕਿ ਪਰਦੇਸੋਂ ਆਏ 'ਮੁੰਡੇ' ਦੇ ਦੁਆਲੇ ਧੀਆਂ ਵਾਲ਼ੇ ਮੱਖੀਆਂ ਵਾਂਗ ਘੇਰਾ ਘੱਤ ਲੈਂਦੇ ਨੇ ਪਰ ਪੁਰਾਣੇ ਸਮਿਆਂ ਵਿਚ ਪਰਦੇਸ ਜਾਣ ਦੀ ਤਿਆਰੀ ਕਰ ਰਹੇ ਪਤੀ ਨੂੰ ਵੇਖ ਕੇ ਪਤਨੀ ਇਉਂ ਆਖ ਕੇ ਵੀ ਰੋਕਣ ਦੇ ਯਤਨ ਕਰਿਆ ਕਰਦੀ ਸੀ:

*ਲਾਮਾਂ ਨੂੰ ਨਾ ਜਾਈਂ ਵੇ, ਤੇਰੀ ਘਰੇ ਨੌਕਰੀ।*

ਜਾਂ

*ਨਾ ਜਾਈਂ ਬਰਮਾ ਨੂੰ ਲੇਖ ਜਾਣਗੇ ਨਾਲ਼ੇ।*

ਜੇ ਸਿਰ ਦਾ ਸਾਈਂ ਫਿਰ ਵੀ ਨਾ ਰੁਕੇ ਤਾਂ ਫਿਰ ਕੁਝ ਗੁੱਸੇ ਜਿਹੇ ਨਾਲ਼ ਇਉਂ ਵੀ ਆਖ ਦਿੰਦੀ ਸੀ:

*ਸੁਣ ਵੇ ਨਸੀਬੋ ਦਿਆ ਚੰਨਣਾ*
*ਤੇਰੀ ਚੀਨ ਦੀ ਖੱਟੀ ਦਾ ਮੂੰਹ ਭੰਨਣਾ*
*ਜੰਮ ਕੇ ਨੌ ਕੁੜੀਆਂ।*

ਕਿਉਂਕਿ ਕਈ ਸਮਾਜਾਂ ਵਿਚ ਉਸ ਸਮੇ ਧੀਆਂ ਨੂੰ ਪੈਸੇ ਲੈ ਕੇ ਵਿਆਹੁਣ ਦਾ ਰਿਵਾਜ਼ ਸੀ; ਇਸ ਲਈ ਇਸ ਲੋਕ ਗੀਤ ਰਾਹੀਂ, ਕਮਾਈ ਖਾਤਰ ਪਰਦੇਸ ਜਾ ਰਹੇ ਮਾਹੀ ਨੂੰ ਇਹ ਮੇਹਣਾ ਮਾਰ ਕੇ ਵੀ ਰੋਕਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਮੈ ਬਹੁਤੀਆਂ ਕੁੜੀਆਂ ਜੰਮ ਕੇ, ਏਥੇ ਹੀ ਤੇਰੇ ਨਾਲ਼ੋਂ ਵਧ ਕਮਾਈ ਕਰ ਸਕਦੀ ਹਾਂ।

ਸਮੇ ਦੇ ਹਾਕਮ ਫਰੰਗੀ ਨੂੰ ਵੀ ਇਉਂ ਇਸ ਤਰ੍ਹਾਂ ਨਿਹੋਰਾ ਮਾਰਦੀ ਸੀ:

*ਕਿੱਥੇ ਦੱਸ ਵੇ ਫਰੰਗੀਆ ਲਿਖਿਆ ਰੰਨਾਂ ਵਾਲ਼ੇ ਜੰਗ ਜਿਤਦੇ!*

ਇਸ ਦੇ ਨਾਲ਼ ਹੀ ਆਪਣੀ ਸਿਆਣੀ ਚੋਣ ਅਨੁਸਾਰ ਸੁਝਾ ਵੀ ਦੇਣਾ:

*ਜੇ ਹਾਕਮਾ ਤੂੰ ਜੰਗ ਜਿੱਤਣੀ, ਛੜਿਆਂ ਨੂੰ ਲੈ ਜਾ ਲਾਮ ਤੇ ।*

ਸਹੁਰੇ ਘਰ ਦੇ ਵਤੀਰੇ ਤੇ ਨਾ ਖ਼ੁਸ਼ ਵਹੁਟੀ ਪਤੀ ਨੂੰ ਇਉਂ ਵੀ ਬੋਲ਼ੀ ਮਾਰੂ:

*ਇਕ ਤੇਰੀ ਜਿੰਦ ਬਦਲੇ, ਵੇ ਮੈਂ ਸਾਰੇ ਟੱਬਰ ਦੀ ਗੋਲੀ।*

ਜੇ ਸਿਰ ਦੇ ਸਾਈਂ ਵੱਲੋਂ ਪੂਰੀ ਪ੍ਰਸੰਨਤਾ ਪ੍ਰਾਪਤ ਨਹੀ ਹੁੰਦੀ ਤਾਂ ਸਹੁਰੇ ਘਰ ਦਾ ਕੋਈ ਵੀ ਜੀ ਤੇ ਕੋਈ ਵੀ ਗੱਲ ਚੰਗੀ ਨਹੀ ਲੱਗਦੀ। ਅੱਕੀ ਹੋਈ ਇਹ ਵੀ ਆਖ ਦਿੰਦੀ ਹੈ:

*ਸਹੁਰੇ ਘਰ ਦੋ ਦੋ ਪਿੱਟਣੇ, ਘੁੰਡ ਕਢਣਾ ਕਲਿੱਪ ਨੰਗਾ ਰੱਖਣਾ।*

ਸਹੁਰੇ ਬਾਰੇ ਵੀ ਅਜਿਹੇ ਵਿਚਾਰ ਪਰਗਟ ਹੋ ਜਾਂਦੇ ਹਨ:

*ਵੇਹੜੇ ਵੜਦਾ ਖੜਾਕ ਨਹੀ ਕਰਦਾ, ਬਾਬੇ ਗਲ਼ ਟੱਲ ਪਾ ਦਿਓ।*

ਇਕ ਗੀਤ ਇਸ ਤਰ੍ਹਾਂ ਵੀ ਹੈ;

*ਕੋਰੀ ਕੋਰੀ ਕੂੰਡੀ ਵਿਚ ਮਿਰਚਾਂ ਮੈ ਰਗੜਾਂ*
*ਸਹੁਰੇ ਦੀ ਅੱਖ ਵਿਚ ਪਾ ਦੇਨੀਆਂ।*
*ਘੁੰਡ ਕਢਣੇ ਦੀ ਅਲ਼ਖ ਮੁਕਾ ਦੇਨੀਆਂ।*

ਪਤੀ ਦੇ ਪ੍ਰੇਮ ਵਿਚ ਰੱਤੀ ਪਰ ਸੱਸ ਦੇ ਵਤੀਰੇ ਤੋਂ ਦੁਖੀ ਵਹੁਟੀ ਆਪਣੇ ਪਤੀ ਨੂੰ ਇਉਂ ਵੀ ਆਖ ਸਕਦੀ ਹੈ:

*ਤੇਰੀ ਆਈ ਮੈ ਮਰ ਜਾਂ, ਮੇਰੀ ਆਈ ਤੇ ਮਰੇ ਸੱਸ ਮੇਰੀ।*

ਸੱਸ ਦੀ ਹੱਦੋਂ ਵਧ ਪਹਿਰੇਦਾਰੀ ਤੋਂ ਤੰਗ ਆਈ ਨੋਂਹ ਨੇ ਮਜਬੂਰ ਹੋ ਕੇ ਇਸ ਤਰ੍ਹਾਂ ਵੀ ਆਪਣੇ ਪਿਓ ਨੂੰ ਆਖ ਦਿਤਾ ਸੀ:

*ਚਾਹੇ ਬਾਪੂ ਮੈ ਮਰ ਜਾਂ, ਚਾਹੇ ਮਰ ਜੇ ਕੁੜਮਣੀ ਤੇਰੀ।*

ਏਨੀ ਔਖੀ ਹੋਈ ਹੁੰਦੀ ਹੈ ਸੱਸ ਤੋਂ ਕਿ ਵੇਹੜੇ ਵਿਚ ਲੱਗੀ ਕਿੱਕਰ ਨੂੰ ਸੰਬੋਧਨ ਕਰਕੇ ਇਉਂ ਆਖੂ:

*ਛੇਤੀ ਛੇਤੀ ਵਧ ਕਿੱਕਰੇ, ਅਸਾਂ ਸੱਸ ਦਾ ਸੰਦੂਕ ਬਣਾਉਣਾ।*

ਪੇਕਿਉਂ ਆਪਣੀ ਚਾਚੀ ਮੋਹਰੇ ਸੱਸ ਦੀ ਸ਼ਿਕਾਇਤ ਇਸ ਤਰ੍ਹਾਂ ਲਾਉਂਦੀ ਹੈ:

*ਮੇਰੀ ਸੱਸ ਨੇ ਮੱਕੀ ਦਾ ਟੁੱਕ ਮਾਰਿਆ, ਡੌਲ਼ੇ ਕੋਲੋਂ ਬਾਂਹ ਭੱਜ ਗਈ।*

ਹੈ ਕਿ ਨਾ ਨਾਜ਼ਕਤਾ ਦੀ ਹੱਦ! ਮੱਕੀ ਦੇ ਟੁੱਕ ਨਾਲ਼ ਹੀ ਡੌਲ਼ੇ ਤੋਂ ਬਾਂਹ ਭੱਜ ਜਾਣ ਦੀ ਕਲਪਨਾ ਕੀਤੀ ਜਾਂਦੀ ਹੈ!

ਘਰ ਦੀ ਚਾਰ ਦਿਵਾਰੀ ਵਿਚ ਸੱਸ ਦੀ ਨਿਗਰਾਨੀ ਵਿਚ ਬੰਦੀ ਵਰਗੇ ਦਿਨ ਗੁਜਾਰ ਰਹੀ ਮੁਟਿਆਰ, ਸੱਸ ਦੀ 'ਬੁੜ ਬੁੜ' ਦੀ ਪਰਵਾਹ ਤੋਂ ਦਲੇਰੀ ਨਾਲ਼ ਉਪਰ ਉਠ ਕੇ, ਆਪਣੇ ਜੀਵਨ ਸਾਥੀ ਨੂੰ ਕਦੀ ਇਉਂ ਵੀ ਆਖ ਦਿੰਦੀ ਹੈ:

*ਬੁੜ੍ਹੀ ਨੂੰ ਭੌਂਕਣ ਦੇ, ਮੇਲਾ ਵੇਖਣ ਚੱਲ।*

ਅੱਗੋਂ ਵਿਚਾਰਾ ਪਿਓ ਦੀ ਕਮਾਈ ਤੇ ਦਿਨ ਗੁਜ਼ਾਰ ਰਿਹਾ ਪਤੀ, ਡਰ ਅਧੀਨ ਇਉਂ ਜਵਾਬ ਦਿੰਦਾ ਹੈ:

*ਪੁਆੜਾ ਪੈ ਜੂ ਗਾ, ਬੁੜ੍ਹਾ ਬੁੜ੍ਹੀ ਦੇ ਵੱਲ।*

ਸੱਸ ਨਾਲ਼ ਤਾਂ ਨੋਂਹ ਦਾ ਇਉਂ ਜਾਪਦਾ ਹੈ ਜਿਵੇ ਘੜੇ ਤੇ ਵੱਟੇ ਵਾਂਗ ਸਹਿਜ ਵੈਰ ਹੋਵੇ। "ਸ਼ਰੀਕ ਦੀ ਮੌਤ ਵੇਹੜਾ ਮੋਕਲ਼ਾ" ਵਾਲ਼ੀ ਲੋਕੋਕਤੀ ਮੁਤਾਬਿਕ ਨਣਾਨ ਤੇ ਸੱਸ ਦੀ ਘਰ ਵਿਚ ਗ਼ੈਰ ਮੌਜੂਦਗੀ ਵਿਚ ਖ਼ੁਸ਼ ਹੋ ਕੇ ਮਾਹੀ ਨੂੰ ਇੰਜ ਵੀ ਆਖ ਉਠਦੀ ਹੈ:

*ਸੱਸ ਮਰ ਗਈ ਨਣਾਨ ਸਹੁਰੇ ਤੁਰ ਗਈ, ਤੇ ਆਪਾਂ ਦੋਵੇਂ ਮੇਲੇ ਚੱਲੀਏ।*

ਨਛੱਤਰ ਨੂੰ ਮੰਡੀਓਂ ਜਦੋਂ ਸੌਦੇ ਦੀ ਸੂਚੀ ਲਿਖਾਉਂਦੀ ਏ ਤਾਂ ਉਸ ਵਿਚ ਵੀ:

*ਇਕ ਨਿਮ ਦਾ ਘੋਟਣਾ ਲਿਆਵੀਂ, ਨਛੱਤਰਾ ਸੱਸ ਕੁੱਟਣੀ।*

ਫਿਰ ਸੱਸ ਨੂੰ ਕੁੱਟਣ ਦੀ ਖਾਸ ਥਾਂ ਦਾ ਵੀ ਓਹਲਾ ਨਹੀ ਰੱਖਦੀ ਤੇ ਬੁਲੰਦ ਆਵਾਜ਼ ਨਾਲ਼ ਆਖਦੀ ਹੈ:

*ਸ਼ਾਵਾ ਅਸਾਂ ਸੱਸ ਕੁੱਟਣੀ, ਕੁੱਟਣੀ ਸੰਦੂਕਾਂ ਓਹਲੇ।*

ਸੱਸ ਦੀ ਨਿਤ ਦੀ ਟੋਕਾ ਟਾਕੀ ਤੋਂ ਦੁਖੀ ਹੋਈ ਨੋਂਹ ਏਥੇ ਹੀ ਬੱਸ ਨਹੀ ਕਰਦੀ ਬਲਕਿ ਚਿਰ ਤੋਂ ਸਾਂਭ ਕੇ ਰੱਖੀ ਸੂਫ਼ ਦੀ ਸੁੱਥਣ ਨੂੰ ਸੰਬੋਧਨ ਕਰਕੇ ਇਉਂ ਆਖਦੀ ਹੈ:

*ਤੈਨੂੰ ਸੱਸ ਮਰੀ ਤੇ ਪਾਵਾਂ, ਸੁੱਥਣੇ ਸੂਫ਼ ਦੀਏ।*

ਮੁਕਲਾਵੇ ਪਿੱਛੋਂ ਸਹੁਰਿਆਂ ਤੋਂ ਮੁੜੀ ਨੂੰ ਤਾਈ ਪੁੱਛਦੀ ਆ, "ਨੀ ਕੁੜੇ ਛਿੰਦੋ ਤੇਰੀ ਸੱਸ ਕਿਵੇਂ ਆ!" ਜੇ ਤਾਂ ਪ੍ਰਾਹੁਣੇ ਨਾਲ਼ ਖ਼ੁਸ਼ ਆ ਤਾਂ ਸਾਰਿਆਂ ਨੂੰ ਚੰਗੇ ਚੰਗੇ ਆਖੀ ਜਾਊ। ਸਹੁਰੇ ਘਰ ਦੇ ਇਕ ਇਕ ਮੈਂਬਰ ਬਾਰੇ ਤਾਈ ਦੇ ਪੁੱਛਣ ਤੇ ਚੰਗਾ ਚੰਗਾ ਹੋਣ ਦਾ ਹੀ ਜਵਾਬ ਮਿਲ਼ੂ। ਜੇ ਪਤੀ ਪਸੰਦ ਨਹੀ ਤਾਂ ਸਾਰਿਆਂ ਨੂੰ ਹੀ ਮਾੜਾ ਆਖੀ ਜਾਊ।

## ਛੜਿਆਂ ਦੀ ਫੌਜ ਲੰਘਣੀ

ਛੜੇ ਛੜੇ ਨਾ ਆਖੋ ਲੋਕੋ ਛੜੇ ਵਖ਼ਤ ਨੂੰ ਫੜੇ
ਅਧੀ ਰਾਤੋਂ ਪੀਹਣ ਲੱਗੇ ਅਧ ਸੇਰ ਛੋਲੇ ਦਲ਼ੇ।
ਝਾੜ ਪੂੰਝ ਕੇ ਉਠਣ ਲਗੇ ਆਟਾ ਦੇਹ ਨੂੰ ਲੜੇ।
ਫੂਕ ਮਾਰਿਆਂ ਅੱਗ ਨਾ ਬਲ਼ਦੀ ਭੜ ਭੜ ਦਾਹੜੀ ਸੜੇ।
ਸਾੜ ਫੂਕ ਕੇ ਚਾਰੇ ਪੱਕੀਆਂ ਚਾਰ ਪ੍ਰਾਹੁਣੇ ਖੜ੍ਹੇ।
ਲਉ ਭਰਾਉ ਤੁਸੀਂ ਖਾ ਲਉ ਇਹੋ ਅਸਾਥੋਂ ਸਰੇ।
ਬਾਝੋਂ ਤੀਵੀਆਂ ਦੇ ਛੜੇ ਮਰੇ ਕਿ ਮਰੇ।

*ਉਪ੍ਰੋਕਤ ਹਾਲਤ ਛੜਿਆਂ ਦੀ ਅੱਜ ਤੋਂ ਤਕਰੀਬਨ ਪੌਣੀ ਕੁ ਸਦੀ ਪਹਿਲਾਂ ਦੀ ਹੈ। ਅੱਜ ਤਾਂ ਹਾਲਾਤ ਬਹੁਤ ਬਦਲ ਚੁੱਕੇ ਹਨ। ਓਦੋਂ ਦੀ ਹਾਲਤ ਦਾ ਅੱਜ ਦੀ ਹਾਲਤ ਨਾਲ਼ ਮੁਕਾਬਲਾ ਨਹੀਂ ਕੀਤਾ ਜਾ ਸਕਦਾ ਜਦੋਂ ਛੜਾ ਤੇ ਇਕੱਲਾ ਕਿਸਾਨ ਪਹਿਲਾਂ ਹਲ਼ ਵਾਹ ਕੇ ਆਵੇ, ਫੇਰ ਪਸੂਆਂ ਵਾਸਤੇ ਪੱਠੇ ਵੱਢ ਕੇ ਲਿਆਵੇ ਤੇ ਕੁਤਰ ਕੇ ਉਹਨਾਂ ਨੂੰ ਪਾਵੇ ਤੇ ਅਖੀਰ ਵਿਚ ਆਪਣਾ ਰੋਟੀ-ਟੁੱਕ ਖ਼ੁਦ ਹੀ ਪਕਾ ਕੇ ਖਾਵੇ।*

ਛੜਾ ਵੀ ਪੇਂਡੂ ਪੰਜਾਬੀ ਸਮਾਜਕ ਜੀਵਨ ਦਾ ਇਕ ਮਹੱਤਵਪੂਰਨ ਪਾਤਰ ਹੈ। ਪੇਂਡੂ ਸਮਾਜ ਵਿਚ ਜੱਟਾਂ ਦੀ ਗਿਣਤੀ ਵਧ ਹੋਣ ਕਰਕੇ ਪੇਂਡੂ ਸਮਾਜ ਜੱਟ ਪ੍ਰਧਾਨ ਹੈ। ਪ੍ਰਸਿਧ ਇਤਿਹਾਸਕਾਰ ਪਰਲੋਕ ਵਾਸੀ ਸ: ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ, ਜੱਟ ਰਾਜਪੂਤਾਂ ਦੀ ਇਕ ਸ਼ਾਖ਼ਾ ਹਨ ਤੇ ਸ਼ਾਇਦ ਏਸੇ ਕਰਕੇ ਹੀ ਰਾਜਪੂਤਾਂ ਦੀਆਂ ਚੰਗੀਆਂ ਮਾੜੀਆਂ ਆਦਤਾਂ ਇਹਨਾਂ ਵਿਚ ਵੀ ਵਿਰਾਸਤ ਵਜੋਂ ਹੀ ਆ ਗਈਆਂ ਤੇ ਅਜੇ ਤਕ ਵੀ ਚੱਲੀਆਂ ਆ ਰਹੀਆਂ ਹਨ। ਇਹਨਾਂ ਵਿਚੋਂ ਇਕ ਧੀ ਨੂੰ ਮਾਰ ਦੇਣ ਦੀ ਅਤੀ ਮਾੜੀ ਖ਼ਸਲਤ ਵੀ ਜੱਟ ਭਾਈਚਾਰੇ ਵਿਚ ਚੱਲੀ ਆ ਰਹੀ ਹੈ। ਇਸ ਮਾੜੀ ਰਸਮ ਕਰਕੇ ਹੀ ਜੱਟਾਂ ਵਿਚ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਗਿਣਤੀ ਘੱਟ ਹੁੰਦੀ ਸੀ। ਸੋ ਇਹ ਕੁਦਰਤੀ ਹੀ ਸੀ ਕਿ ਜੱਟ ਦੇ ਸਾਰੇ ਪੁੱਤਾਂ ਦਾ ਵਿਆਹ ਹੋ ਸਕਣਾ ਸੰਭਵ ਨਹੀ ਸੀ ਹੁੰਦਾ। ਇਸ ਲਈ ਕੋਈ ਮੁੱਲ ਦੇ ਕੇ ਵਿਆਹ ਕਰਵਾਉਂਦਾ ਸੀ ਤੇ ਕੋਈ 'ਕਦੇਸਣ' ਅਰਥਾਤ ਬੰਗਾਲ, ਬਿਹਾਰ ਜਾਂ ਨੇਪਾਲ ਤੋਂ ਔਰਤ ਲੈ ਕੇ ਆਉਂਦਾ ਸੀ। ਕੋਈ 'ਦਲੇਰ ਕਿਸਮ' ਦਾ ਵਿਅਕਤੀ ਕੋਈ ਤੀਵੀਂ ਇਸ ਤਰ੍ਹਾਂ ਵੀ ਲੈ ਆਉਂਦਾ ਸੀ ਜਿਸ ਨੂੰ ਪੇਂਡੂ ਬੋਲੀ ਵਿਚ 'ਕਢ ਕੇ ਲਿਆਉਣਾ' ਆਖਿਆ ਜਾਂਦਾ ਸੀ; ਭਾਵੇਂ ਕਿ ਸ਼ਾਸਤਰਾਂ ਵਿਚ ਅਜਿਹੇ ਜੋਖੋਂ ਭਰੇ ਕਾਰਨਾਮੇ ਨੂੰ 'ਗੰਧਰਵ ਵਿਆਹ' ਦਾ ਨਾਂ ਦਿਤਾ ਗਿਆ ਹੈ।

ਹੁਣ ਤੋਂ ਤਕਰੀਬਨ ਇਕ ਦਹਾਕਾ ਪਿਛੋਂ ਪਤਾ ਨਹੀ ਕੀ ਹਾਲ ਹੋਵੇਗਾ, ਖਾਸ ਕਰਕੇ ਪੰਜਾਬੀ ਜੱਟ ਸਿੱਖਾਂ ਦਾ, ਵਾਹਿਗੁਰੂ ਹੀ ਜਾਣੇ! ਪਿਛਲੇ ਸਮੇ ਜੰਮਣ ਦੇ ਪਿਛੋਂ ਕੁੜੀ ਨੂੰ ਮਾਰਿਆ ਜਾਂਦਾ ਸੀ ਪਰ ਅੱਜ ਵਿਗਿਆਨ ਦੀ ਉਨਤੀ ਕਰਕੇ ਜੰਮਣ ਤੋਂ ਪਹਿਲਾਂ, ਮਾਂ ਦੀ ਕੁੱਖ ਵਿਚ ਹੀ ਧੀ ਨੂੰ ਮੁਕਾ ਦਿਤਾ ਜਾਂਦਾ ਹੈ। ਇਹ ਕੁਕਰਮ ਪੈਸਿਆਂ ਦੇ ਲਾਲਚ ਵਿਚ, ਜਾਨ ਦੀ ਹਰ ਹਾਲਤ ਵਿਚ ਰਖਵਾਲੀ ਕਰਨ ਦਾ ਪ੍ਰਣ ਕਰਨ ਵਾਲ਼ੇ, ਡਾਕਟਰ ਕਰਦੇ ਹਨ ਜਦੋਂ ਕਿ ਪੁਰਾਣੇ ਸਮੇ ਵਿਚ ਇਹ ਕੁਕਰਮ ਅਨਪੜ੍ਹ ਦਾਈਆਂ ਕਰਿਆ ਕਰਦੀਆਂ ਸਨ। ਕਹਿੰਦੇ ਹਨ ਕਿ ਇਕ ਤਰੀਕਾ ਨਵ ਜਨਮੀ ਬੱਚੀ ਨੂੰ ਮਾਰਨ ਦਾ ਇਹ ਵੀ ਹੁੰਦਾ ਸੀ ਕਿ ਉਸ ਦੇ ਇਕ ਨੰਨ੍ਹੇ ਹੱਥ ਵਿਚ ਪੂਣੀ ਫੜਾ ਕੇ ਤੇ ਦੂਸਰੇ ਹੱਥ ਦੇ ਅੰਗੂਠੇ ਨੂੰ ਗੁੜ ਲਾ ਕੇ, ਅੰਗੂਠਾ ਉਸ ਦੇ ਮੂੰਹ ਵਿਚ ਦੇ ਦੇਣਾ ਤੇ ਇਹ ਆਖ ਕੇ ਜੀਂਦੀ ਨੂੰ ਹੀ ਘੜੇ ਵਿਚ ਪਾ ਕੇ ਟੋਆ ਪੁੱਟ ਕੇ ਧਰਤੀ ਵਿਚ ਦੱਬ ਦੇਣਾ:

ਗੁੜ ਖਾਈਂ ਪੂਣੀ ਕੱਤੀਂ।

ਆਪ ਨਾ ਆਈਂ ਤੇ ਵੀਰਾਂ ਨੂੰ ਘੱਤੀਂ।

ਮੁਲਕ ਮਲਾਵੀ ਦੇ ਵਸਨੀਕ, ਇਕ ਬਹੁਤ ਹੀ ਭਲੇ ਗੁਜਰਾਤੀ ਡਾਕਟਰ ਅੰਬੇਦਕਰ ਜੀ ਨੂੰ, ੧੯੭੪ ਵਿਚ ਮੈ ਪੁਛਿਆ ਸੀ ਕਿ ਕੋਈ ਤਰੀਕਾ ਅਜਿਹਾ ਹੈ ਕਿ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਉਸ ਦੇ ਲੜਕੀ ਜਾਂ ਲੜਕਾ ਹੋਣ ਦਾ ਪਤਾ ਲਾਇਆ ਜਾ ਸਕੇ। ਉਸ ਭਲੇ ਪੁਰਸ਼ ਨੇ ਦੱਸਿਆ ਕਿ ਅਜਿਹਾ ਕੋਈ ਤਰੀਕਾ ਅਜੇ ਤੱਕ ਸਾਡੇ ਗਿਆਨ ਵਿਚ ਨਹੀਂ ਆਇਆ। ਜੇਕਰ ਅਸੀਂ ਇਹ ਤਰੀਕਾ

ਲਭ ਵੀ ਲਿਆ ਤਾਂ ਦੱਸਾਂਗੇ ਨਹੀ ਕਿਉਂਕਿ ਲੋਕੀਂ ਪੁੱਤਰ ਦੀ ਚਾਹ ਵਿਚ ਪੁੱਤਰੀ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦਿਆ ਕਰਨਗੇ ਤੇ ਇਸ ਤਰ੍ਹਾਂ ਦੁਨੀਆਂ ਵਿਚ ਇਸਤਰੀ ਮਰਦਾਂ ਦੀ ਗਿਣਤੀ ਦਾ ਤਨਾਸਬ ਵਿਗੜ ਜਾਵੇਗਾ। ਅੱਜ ਇਹ ਪ੍ਰਤੱਖ ਪਾਪ ਸਾਡੇ ਵੇਖਦਿਆਂ ਹੀ ਹੋ ਰਿਹਾ ਹੈ ਤੇ ਗੱਜ ਵੱਜ ਕੇ ਹੋ ਰਿਹਾ ਹੈ।

ਸਿੱਖ ਗੁਰੂ ਸਾਹਿਬਾਨ ਜੀ ਨੇ ਇਸ ਵਿਆਪਕ ਬੀਮਾਰੀ ਨੂੰ ਰੋਕਣ ਵਾਸਤੇ, ਆਪਣੇ ਸਿੱਖਾਂ ਨੂੰ ਇਸ ਘੋਰ ਪਾਪ ਤੋਂ ਬੜੀ ਸਖ਼ਤੀ ਨਾਲ਼ ਵਰਜਿਆ ਸੀ। ਅੱਜ ਵੀ ਸਿੱਖਾਂ ਨੂੰ ਅੰਮ੍ਰਿਤ ਛਕਣ ਸਮੇ ਜਿਨ੍ਹਾਂ ਸੱਤ ਕਿਸਮ ਦੇ ਵਿਅਕਤੀਆਂ ਨਾਲ਼ ਮੇਲ਼ ਰੱਖਣ ਤੋਂ, ਮਨ੍ਹਾ ਕੀਤਾ ਜਾਂਦਾ ਹੈ, ਉਹਨਾਂ ਵਿਚੋਂ ਇਕ ਕੁੜੀਮਾਰ ਵੀ ਹੈ। ਕੁੜੀਮਾਰ ਨਾਲ਼ ਸਾਂਝ ਰੱਖਣ ਵਾਲ਼ਾ ਸਿੱਖ ਤਨਖਾਹੀਆ ਕਰਾਰ ਦਿਤਾ ਜਾਂਦਾ ਹੈ। ਅਠਾਰਵੀਂ ਸਦੀ ਦੇ ਇਕ ਮਹਾਨ ਸਿੱਖ ਯੋਧੇ, ਸ: ਜੱਸਾ ਸਿੰਘ ਰਾਮਗੜ੍ਹੀਏ ਦਾ ਪੰਥ ਵਿਚੋਂ ਕੁਝ ਸਮੇ ਲਈ ਛੇਕੇ ਰਹਿਣ ਦਾ ਵੀ ਇਹੋ ਕਾਰਨ ਬਣਿਆ ਸੀ ਕਿ ਪੰਥ ਨੂੰ ਉਸ ਬਾਰੇ ਸ਼ਿਕਾਇਤ ਸੀ ਕਿ ਉਸ ਦੇ ਪਰਵਾਰ ਵਿਚ ਕੰਨਿਆਂ ਦਾ ਕਤਲ ਹੋਇਆ ਹੈ।

ਏਥੋਂ ਤਕ ਕਿ ਜੀਂਦਪਤੀ ਮਹਾਰਾਜਾ ਗਜਪਤ ਸਿੰਘ ਦੀ ਪੁੱਤਰੀ ਨਾਲ਼ ਵੀ ਏਹੋ ਕੁਝ ਹੋਇਆ। ਇਹ ਤਾਂ ਮਹਾਂਪੁਰਸ਼ ਬਾਬਾ ਗੁੱਦੜ ਸਿੰਘ ਜੀ ਦੀ ਕਿਰਪਾ ਹੋਈ ਤੇ ਉਸ ਨੂੰ ਜਦੋਂ ਧਰਤੀ ਪੁੱਟ ਕੇ ਘੜੇ ਵਿਚੋਂ ਬਾਹਰ ਕਢਿਆ ਗਿਆ ਤਾਂ ਬੱਚੀ ਅੰਗੂਠਾ ਚੁੰਘਦੀ ਜੀਂਦੀ ਨਿਕਲ਼ ਆਈ ਤੇ ਸਰਦਾਰਨੀ ਰਾਜ ਕੌਰ ਬਣ ਕੇ, ਸ. ਮਹਾਂ ਸਿੰਘ ਸ਼ੁਕਰਚੱਕੀਏ ਦੀ ਪਤਨੀ ਅਤੇ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਹੋਣ ਦਾ, ਉਸ ਮਾਪਿਆਂ ਵੱਲੋਂ ਆਪਣੇ ਭਾਣੇ ਮਾਰ ਦਿਤੀ ਗਈ ਬੱਚੀ, ਨੇ ਮਾਣ ਪ੍ਰਾਪਤ ਕੀਤਾ।

ਜੇ ਕਿਤੇ ਜੱਟ ਦਾ ਨਿਕਾ ਪੁੱਤ ਵੱਡੇ ਨੂੰ ਬਾਈ ਪਾਸ ਕਰਕੇ ਪਹਿਲਾਂ ਮੰਗਿਆ ਜਾਵੇ ਤਾਂ ਵੱਡੇ ਦਾ ਪੱਤਾ ਆਮ ਤੌਰ ਤੇ ਕੱਟਿਆ ਗਿਆ ਹੀ ਸਮਝਿਆ ਜਾਂਦਾ ਸੀ। ਇਸ ਤਰ੍ਹਾਂ ਵੱਡੇ ਦੇ ਛੜੇ ਰਹਿ ਜਾਣ ਸਦਕਾ ਹੀ ਸ਼ਾਇਦ ਤਾਏ ਆਮ ਕਰਕੇ ਛੜੇ ਹੁੰਦੇ ਸਨ ਤੇ ਸ਼ਾਇਦ ਏਸੇ ਕਰਕੇ ਹੀ ਜੱਟ ਤਾਇਆ ਅਖਵਾਉਣ ਦੇ ਮੁਕਾਬਲੇ ਤੇ ਚਾਚਾ ਅਖਵਾਉਣ ਨੂੰ ਤਰਜੀਹ ਦਿੰਦਾ ਹੈ। ਕਿਸੇ ਅਜਿਹੇ ਹੀ ਤਾਏ ਨੂੰ, ਵੇਹਲੇ ਵੇਲ਼ੇ, ਚੌੜ ਜਿਹੀ ਵਿਚ, ਸ਼ਰੀਕੇ 'ਚੋਂ ਲੱਗਦੇ ਉਸ ਦੇ ਭਤੀਜੇ ਪੁੱਛ ਬੈਠੇ, "ਤਾਇਆ ਤੂੰ ਵਿਆਹ ਕਿਉਂ ਨਹੀ ਕਰਵਾਇਆ?" "ਐਵੇਂ ਘੌਅਅਅਅਅਲ ਈ ਹੋ ਗੀ ਭਤੀਜ!" ਲਮਕਵਾਂ ਜਿਹਾ ਤੇ ਨਿਰਾਸ਼ਾ ਭਰਿਆ ਜਵਾਬ ਸੀ ਵੱਤੋਂ ਲੰਘੇ ਤਾਏ ਦਾ।

ਕਈ ਜ਼ਿੰਦਾ ਦਿਲ ਵਿਅਕਤੀ ਭਾਵੇਂ ਲੋਕਾਂ ਭਾਣੇ ਵਿਆਹ ਦਾ ਸਮਾ ਵਿਹਾ ਹੀ ਚੁਕੇ ਹੋਣ ਪਰ ਢੇਰੀ ਨਹੀ ਢਾਹੁੰਦੇ ਤੇ ਢੁਕਵੇਂ ਮੌਕੇ ਦੀ ਉਡੀਕ ਵਿਚ ਰਹਿੰਦੇ ਹਨ। ਅਜਿਹਾ ਇਕ ਤਾਇਆ, ਆਮ ਵਾਂਗ ਹੀ ਭਤੀਜਿਆਂ ਨਾਲ਼ ਰਹਿੰਦਾ ਸੀ। ਸਰਦੀਆਂ ਵਿਚ ਕੁਝ ਢਿੱਲਾ-ਮੱਠਾ ਜਿਹਾ ਹੋ ਗਿਆ। ਪੁਰਾਣੇ ਸਮਿਆਂ ਵਿਚ ਹਕੀਮਾਂ ਆਦਿ ਦੇ ਲੱਗਦੀ ਵਾਹ ਘੱਟ ਹੀ ਪੇਂਡੂ ਲੋਕ ਜਾਇਆ ਕਰਦੇ ਸਨ। ਕਿਸੇ ਖ਼ਬਰ ਲੈਣ ਆਏ ਸੰਬੰਧੀ ਨੇ ਤਾਏ ਦੀ ਸਿਆਲ਼ੂ ਕਮਜ਼ੋਰੀ ਭਾਂਪ ਕੇ, ਘਰਦਿਆਂ ਨੂੰ ਹਦਾਇਤ ਕੀਤੀ, "ਬੰਤਾ ਸਿੰਘ ਨੂੰ ਸੌਣ ਤੋਂ ਪਹਿਲਾਂ ਦੁਧ ਵਿਚ ਛੁਹਾਰਾ ਉਬਾਲ਼ ਕੇ ਦਿਓ।" ਰਾਤ ਨੂੰ ਭਤੀਜ ਨੂੰਹ ਗੜਵੀ ਵਿਚ ਦੁਧ ਤੇ ਕੌਲੀ ਵਿਚ ਉਬਲ਼ਿਆ ਛੁਹਾਰਾ ਪਾ ਕੇ ਲਿਆਈ ਤੇ ਆਖਿਆ, "ਤਾਇਆ, ਉਠ ਛੁਹਾਰਾ ਖਾ ਲੈ।" ਇਕ ਦਮ ਉਤਸ਼ਾਹ ਵਿਚ ਉਠਦਿਆਂ ਤਾਏ ਨੇ ਪੁਛਿਆ, "ਕੁੜੇ, ਕੇਹੜੇ ਪਿੰਡੋਂ ਆਇਆ?"

"ਗ੍ਰਿਹ ਸੋਭਾ ਜਾਂਕੈ ਰੇ ਨਾਹਿ॥ ਆਵਤ ਪਹੀਆ ਖੂਧੇ ਜਾਹਿ॥" ਆਖ ਕੇ ਭਗਤ ਕਬੀਰ ਜੀ ਨੇ ਵੀ 'ਗ੍ਰਿਹ ਸੋਭਾ' ਅਰਥਾਤ ਪਤਨੀ ਦੀ ਮਹੱਤਤਾ ਨੂੰ ਮੰਨਿਆ ਹੈ। ਭਗਤ ਧੰਨਾ ਜੀ ਨੇ ਤਾਂ, "ਘਰ ਕੀ ਗੀਹਨਿ ਚੰਗੀ॥ ਜਨ ਧੰਨਾ ਲੇਵੈ ਮੰਗੀ॥" ਆਖ ਕੇ ਆਪਣੇ ਮੂਹੋਂ ਚੰਗੀ ਪਤਨੀ ਦੀ ਮੰਗ ਰੱਬ ਕੋਲ਼ੋਂ ਕਰ ਲਈ ਸੀ। ਕਿਸੇ ਅਜੋਕੇ ਸਿਆਣੇ ਪੁਰਸ਼ ਨੇ ਵੀ ਆਖਿਆ ਹੈ ਕਿ ਬਿਨਾ ਵਹੁਟੀ ਤੋਂ ਮਨੁਖ ਦਾ ਜੀਵਨ ਇਸ ਤਰ੍ਹਾਂ ਦਾ ਹੈ ਜਿਵੇਂ ਦੁਧ ਤੋਂ ਬਿਨਾ ਚਾਹ। ਸਿੱਖ ਪੰਥ ਦੇ ਵਿਦਵਾਨ, ਭਾਈ ਗੁਰਦਾਸ ਜੀ ਨੇ ਤਾਂ, ਖ਼ੁਦ ਸਾਰੀ ਉਮਰ ਛੜੇ ਰਹਿਣ ਦੇ ਬਾਵਜੂਦ ਵੀ, "ਸਗਲ ਧਰਮ ਮਹਿ ਗ੍ਰਿਹਸਤ ਪ੍ਰਧਾਨ ਹੈ॥" ਆਖ ਕੇ ਇਸ ਨੂੰ ਵਡਿਆਇਆ ਹੈ।

## ਚੌਧਰੀ ਹੇਮ ਰਾਜ ਦੀ ਸਾਖੀ

ਲਾਹੌਰ ਤੋਂ ਦੱਖਣ ਵੱਲ ਰਾਵੀ ਤੇ ਸਤਲੁਜ ਦੇ ਵਿਚਕਾਰਲੇ ਇਲਾਕੇ ਨੂੰ ਨੱਕਾ ਦੇਸ਼ ਆਖਿਆ ਜਾਂਦਾ ਹੈ। ਇਸ ਦੇ ਪਰਗਣੇ ਚੂਹਣੀਆਂ ਵਿਚ ਇਕ ਪਿੰਡ ਬਹਿੜਵਾਲ਼ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਜੰਭਰ ਪਿੰਡ ਤੋਂ ਹੁੰਦੇ ਹੋਏ ਏਥੇ ਦੀ ਜੂਹ ਵਿਚ ਆਣ ਕੇ ਰੁਕੇ ਤੇ ਚੌਧਰੀ ਹੇਮੇ ਤੋਂ ਪਾਣੀ ਮੰਗਿਆ। ਉਸ ਨੇ ਆਖਿਆ ਕਿ ਨਜ਼ਦੀਕੀ ਖੂਹ ਦਾ ਪਾਣੀ ਖਾਰਾ ਹੈ ਤੇ ਉਹ ਪਿੰਡ ਤੋਂ ਜਾਕੇ ਮਿਠਾ ਪਾਣੀ ਲੈ ਕੇ ਆਉਂਦਾ ਹੈ ਪਰ ਸਤਿਗੁਰੂ ਜੀ ਨੇ ਮੇਹਰ ਦੀ ਨਜ਼ਰ ਨਾਲ਼ ਖਾਰੇ ਖੂਹ ਵੱਲ ਤਕ ਕੇ ਕਿਹਾ ਕਿ ਇਸ ਖੂਹ ਦਾ ਪਾਣੀ ਮਿਠਾ ਹੈ ਤੇ ਏਥੋਂ ਲੈ ਕੇ ਆਉ। ਪਿੰਡ ਵਾਲ਼ਿਆਂ ਨੂੰ ਖ਼ੁਸ਼ੀ ਭਰੀ ਹੈਰਾਨੀ ਹੋਈ ਜਦੋਂ ਗੁਰੂ ਜੀ ਦੇ ਬਚਨ ਸਦਕਾ ਖਾਰੇ ਖੂਹ ਦਾ ਪਾਣੀ ਮਿਠਾ ਪਾਇਆ ਗਿਆ।

ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਭਾਈ ਹੇਮੇ ਨੂੰ ਕਿਹਾ ਕਿ ਉਹ ਆਏ ਗਏ ਸਿੱਖ, ਸੰਤ ਤੇ ਸੰਗਤ ਦੀ ਸੇਵਾ ਕਰਿਆ ਕਰੇ। ਚੌਧਰੀ ਹੇਮੇ ਦੀ ਇਹ ਬੇਨਤੀ ਕਿ ਨਾ ਉਸ ਦੇ ਘਰ ਖੁਲ੍ਹਾ ਪਦਾਰਥ ਹੈ ਤੇ ਨਾ ਹੀ ਘਰ ਵਾਲ਼ੀ ਹੈ ਜੋ ਕਿ ਆਏ ਗਏ ਨੂੰ ਪ੍ਰਸ਼ਾਦ ਪਾਣੀ ਸਜਾ ਕੇ ਛਕਾਵੇ। ਗੁਰੂ ਜੀ ਨੇ ਪਿੰਡ ਦੀ ਇਕ ਵਿਧਵਾ ਬੀਬੀ ਨੂੰ ਆਪਣੀ ਬੇਟੀ ਆਖ ਕੇ, ਉਸ ਦਾ ਵਿਆਹ ਚੌਧਰੀ ਹੇਮੇ ਨਾਲ਼ ਕਰਕੇ, ਸਿੱਖੀ ਕਮਾਉਣ ਦਾ ਉਪਦੇਸ਼ ਦੇ ਕੇ, ਦੁਨਿਆਵੀ ਪਦਾਰਥ ਵੀ ਪ੍ਰਾਪਤ ਹੋਣ ਦਾ ਵਰ ਦਿਤਾ। ਇਸ ਪਰਵਾਰ ਉਪਰ ਬੜੀ ਕਿਰਪਾ ਹੋਈ। ਚੌਧਰੀ ਹੇਮਰਾਜ ਦਾ ਪੁੱਤਰ ਸ. ਹੀਰਾ ਸਿੰਘ ਨਕੱਈ ਮਿਸਲ ਦਾ ਸਰਦਾਰ ਬਣਿਆ ਤੇ ਬਹਿੜਵਾਲ਼ ਪਿੰਡ ਨੂੰ ਆਪਣੇ

ਰਾਜ ਦੀ ਰਾਜਧਾਨੀ ਬਣਾਇਆ। ਇਸ ਮਿਸਲ ਦੇ ਮੁਖੀ, ਸ: ਭਗਵਾਨ ਸਿੰਘ ਦੀ ਭੈਣ, ਦਾਤਾਰ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਤੇ ਉਸ ਦੇ ਵਲੀ ਅਹਿਦ, ਮਹਾਰਾਜਾ ਖੜਕ ਸਿੰਘ ਦੀ ਮਾਤਾ ਬਣੀ।

ਸਿੱਖ ਪੰਥ ਅੰਦਰ ਬ੍ਰਾਹਣਵਾਦੀ ਵਿਚਾਰਾਂ ਦੇ ਪ੍ਰਭਾਵ ਸਦਕਾ ਆਏ ਨਿਘਾਰਾਂ ਨੂੰ ਸੁਧਾਰਨ ਦੀ ਪ੍ਰਭਾਵਸ਼ਾਲੀ ਲਹਿਰ ਚਲਾਉਣ ਵਾਲ਼ੇ, ਮਹਾਨ ਆਗੂ, ਨਾਮਧਾਰੀ ਪੰਥ ਦੇ ਮੁਖੀ, ਬਾਬਾ ਰਾਮ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਸਪੱਸ਼ਟ ਹਿਦਾਇਤ ਕਰਦਿਆਂ ਲਿਖਿਆ ਸੀ:

*ਲੜਕੀ ਨਾ ਕਿਸੇ ਮਾਰਨੀ। ਨਾ ਕਿਸੇ ਵੱਟਾ ਕਰਨਾ। ਨਾ ਲੜਕੀ ਦੇ ਦੰਮ ਲੈਣੇ। ਜੇਹੜਾ ਲੜਕੀ ਮਾਰੇ ਵੇਚੇ, ਵੱਟਾ ਕਰੇ, ਉਸ ਦੇ ਹਥਾਂ ਦਾ, ਘਰ ਦਾ, ਅੰਨ ਪਾਣੀ ਨਹੀਂ ਵਰਤਣਾ। ਉਸ ਨੂੰ ਸੰਗਤ ਵਿਚ ਨਹੀਂ ਵੜਨ ਦੇਣਾ।…ਕਿਸੇ ਦਾ ਧੱਕਾ ਕਰਕੇ, ਨਾ ਚੋਰੀ ਕਰਕੇ ਨਾ ਠੱਗੀ ਕਰਕੇ, ਕੱਖ ਆਦਿਕ ਬੀ ਨਹੀਂ ਲੈਣਾ।*

## ਮਾਰ ਲਏ ਅਣਜੰਮੇ ਟੱਬਰ ਨੇ!

ਛੋਟੇ ਹੁੰਦਿਆਂ ਹੀ ਇਕ ਜੱਟ ਦਾ ਪੁੱਤ ਸੁੱਖਾ, ਵਿਦਵਾਨ ਸੰਤਾਂ ਦੀ ਮੰਡਲ਼ੀ ਵਿਚ ਜਾ ਸ਼ਾਮਲ ਹੋਇਆ। ਬੜੀ ਧਾਰਮਿਕ ਵਿਦਿਆ ਪੜ੍ਹੀ। ਵਾਹਵਾ ਸੁਚਮ ਤੇ ਪਾਰਸਾਈ ਰੱਖੀ। ਹਰ ਪ੍ਰਕਾਰ ਬੜੀ ਚੜ੍ਹਦੀਕਲਾ ਵਿਚ ਸਾਲਾਂ ਬਧੀ ਵਿਚਰਿਆ। ਬਲਕਿ ਆਪਣੀ ਧਾਰਮਿਕ ਉਚਤਾ ਦਾ ਸੂਖਮ ਅਹੰਕਾਰ ਵੀ ਸੀ ਕੁਝ ਕੁ ਉਸ ਨੂੰ।

ਕੁਝ ਸਾਲਾਂ ਪਿਛੋਂ ਰੱਬ ਸਬੱਬੀਂ ਕਿਤੇ ਘਰਦਿਆਂ ਨੂੰ ਮਿਲਣ ਆ ਗਿਆ। ਕੀ ਵੇਖਦਾ ਹੈ ਕਿ ਵੱਡੇ ਛੋਟੇ ਭਰਾ, ਚਾਚਿਆਂ ਤਾਇਆਂ ਦੇ ਪੁੱਤ ਸਾਰੇ ਵਿਆਹੇ ਗਏ। ਜਵਾਕ ਜਲ਼ਿਆਂ ਦੀ ਮਾਰ ਕੁਰਬਲ਼ ਕੁਰਬਲ਼ ਪਈ ਹੋਵੇ। ਗਲ਼ੀ ਗੁਆਂਢ ਸਾਰੇ ਭਤੀਜੇ ਭਤੀਜਿਆਂ ਵੱਡੀਆਂ ਛੋਟੀਆਂ ਭਰਜਾਈਆਂ, ਚਾਚੀਆਂ ਤਾਈਆਂ, ਬਾਗ ਪਰਵਾਰ ਦਾ ਰੌਣਕ ਮੇਲਾ। ਭਤੀਜੇ ਭਤੀਜੀਆਂ 'ਚਾਚਾ ਚਾਚਾ' ਕਰਦੇ ਫਿਰਨ, ਚਾਚੀਆਂ, ਤਾਈਆਂ, ਭੂਆਂ ਸਿਰ ਪਲੋਸਣ ਤੇ ਸੁਖ ਸਾਂਦ ਪੁਛਣ। ਭਰਜਾਈਆਂ ਬੁਲਾਉਣ ਵੀ ਤੇ ਸੂਖਮ ਟਿੱਚਰਾਂ ਵੀ ਕਰਨ। ਅਜਿਹਾ ਰੌਣਕ ਮੇਲਾ ਵੇਖ ਕੇ ਕੁਝ ਤਾਂ ਥੋਹੜਾ ਜਿਹਾ ਅੰਦਰੋਂ 'ਹਿੱਲ' ਵੀ ਗਿਆ। ਅਗਲਾ ਵਦਾਣ ਧਾਰਮਿਕ ਹੋਣ ਦੇ ਅਹੰਕਾਰ ਦੀ ਕੰਧ ਤੇ ਓਦੋਂ ਵੱਜਾ ਜਦੋਂ ਰਾਤ ਨੂੰ ਵੱਡੇ ਭਰਾ ਨੇ ਟਿੱਚਰ ਜਿਹੀ ਵਜੋਂ ਪੁਛਿਆ, "ਸੁਣਾ ਫਿਰ ਸੁਖਿਆ, ਭਗਤੀ ਕਰਨ ਨਾਲ਼ ਕੁਝ ਸ਼ਕਤੀ ਤਾਂ ਪ੍ਰਾਪਤ ਹੋਈ ਹੀ ਹੋਵੇਗੀ!" ਉਸ ਦਾ ਉਤਰ ਉਡੀਕੇ ਬਿਨਾ ਹੀ ਕੁਝ ਖਿਣ ਠਹਿਰ ਕੇ ਵੱਡਾ ਭਰਾ ਫੇਰ ਬੋਲਿਆ, "ਆਪਣੇ ਕੀਤੇ ਗਏ ਪਾਠ ਦੀ ਤਾਕਤ ਨਾਲ਼ ਏਥੇ ਬੈਠਿਆਂ ਹੀ ਰਸੋਈ 'ਚੋਂ ਪਾਣੀ ਦਾ ਇਕ ਛੰਨਾ ਤੇ ਮੰਗਵਾ ਦੇ!" "ਇਹ ਕਿਵੇਂ ਹੋ ਸਕਦਾ ਏ ਭਾਊ?" ਜਵਾਬ ਸੀ ਸੁਖਵਿੰਦਰ ਸਿੰਘ ਦਾ। "ਮੈ ਮੰਗਵਾ ਕੇ ਦਿਆਂ ਫੇਰ ਏਥੇ ਬੈਠਿਆਂ ਹੀ!" ਸੁਖਦੇਵ ਸਿੰਘ ਦੀ 'ਹਾਂ' ਦੀ ਉਡੀਕ ਕੀਤਿਆਂ ਬਿਨਾ ਹੀ ਜਰਨੈਲ ਸਿੰਘ ਨੇ ਧੀ ਨੂੰ 'ਵਾਜ ਮਾਰੀ, "ਕੁੜੇ ਛਿੰਦੋ ਹਈਥੋਂ ਪਾਣੀ ਦਾ ਛੰਨਾ ਲਿਆਈਂ।" "ਲਿਆਈ ਭਾਈਆ" ਆਖਦਿਆਂ ਹੀ ਕੁੜੀ ਪਾਣੀ ਦਾ ਛੰਨਾ ਫੜੀ ਆਣ ਖੜ੍ਹੀ। ਟਿੱਚਰ ਜਿਹੀ ਨਾਲ਼ ਸੁੱਖੇ ਵੱਲ ਵੇਖਦਿਆਂ ਜਰਨੈਲ ਸਿੰਘ ਨੇ ਕੁੜੀ ਦੇ ਹਥੋਂ ਛੰਨਾ ਫੜਦਿਆਂ ਆਖਿਆ, "ਕਿਉਂ, ਵੇਖੀ ਸਾਡੀ ਕਰਾਮਾਤ?"

ਸੁਖਦੇਵ ਸਿੰਘ ਇਸ ਸੂਖਮ ਜਿਹੀ ਟਿੱਚਰ ਨਾਲ਼ ਕੁਝ ਕੱਚਾ ਜਿਹਾ ਤੇ ਅਣਸੌਖਾ ਜਿਹਾ ਖ਼ੁਦ ਨੂੰ ਮਹਿਸੂਸ ਕਰਨ ਲੱਗਾ। ਗੱਲ ਹਾਸੇ ਹਾਸੇ ਵਿਚ ਆਈ ਗਈ ਹੋ ਗਈ ਪਰ ਸੁਖਦੇਵ ਸਿੰਘ ਦੇ ਹਿਰਦੇ ਵਿਚ ਇਹ ਘਟਨਾ ਖੁਭ ਜਿਹੀ ਗਈ। ਰਾਤ ਪਰਵਾਰ ਦੇ ਵੱਡੇ ਛੋਟੇ ਜੀਆਂ ਦੀ ਚਹਿਲ ਪਹਿਲ ਵਿਚ ਲੰਘ ਗਈ ਪਰ ਉਹ ਨੀਂਦ ਆਉਣ ਤੋਂ ਪਹਿਲਾਂ ਵਾਹਵਾ ਬੇਚੈਨੀ ਜਿਹੀ ਮਹਿਸੂਸ ਕਰਦਾ ਰਿਹਾ।

ਅਗਲੇ ਦਿਨ ਸੁਖਵਿੰਦਰ ਸਿੰਘ ਖੂਹ ਤੇ ਚਲਾ ਗਿਆ। ਖੂਹ ਵਗਦਾ ਸੀ। ਰੋਟੀ ਵੇਲ਼ਾ ਸਮੇ ਸਿਰ ਪਿੰਡੋਂ ਆ ਗਿਆ। ਸਾਰਿਆਂ ਨੇ ਰਲ਼ ਕੇ ਖਾ ਲਿਆ। ਬਾਕੀ ਪਰਵਾਰਕ ਜੀ ਸਾਰੇ ਆਪੋ ਆਪਣੇ ਕੰਮੀ ਲੱਗ ਗਏ। ਕੋਈ ਕਿਆਰੇ ਮੋੜਨ ਚਲਿਆ ਗਿਆ। ਕੋਈ ਮਾਲ ਡੰਗਰ ਸਾਂਭਣ ਵਿਚ ਰੁਝ ਗਿਆ। ਸੁਖਦੇਵ ਸਿੰਘ ਨੂੰ ਪ੍ਰਾਹੁਣਾ ਜਾਣ ਕੇ ਕਿਸੇ ਨੇ ਕੋਈ ਕੰਮ ਕਰਨ ਲਈ ਨਾ ਆਖਿਆ। ਉਹ ਖੂਹ ਦੀ ਮਣ ਉਤੇ ਬੈਠਾ ਸੀ। ਮਣ ਉਤੇ ਉਗੇ ਤੂਤ ਦੀ ਸੰਘਣੀ ਛਾਂ ਸੀ। ਟਿੰਡਾਂ ਚੋਂ ਨਿਸਾਰ ਵਿਚ ਡਿਗ ਰਹੇ ਪਾਣੀ ਦੀ ਸਾਂ ਸਾਂ, ਖੂਹ ਦੇ ਕੁੱਤੇ ਦੀ ਟਕ ਟਕ, ਪਾਣੀ ਵਿਚੋਂ ਛਣ ਕੇ ਆ ਰਹੀ ਠੰਡੀ ਹਵਾ, ਵਗ ਰਹੇ ਬੌਲ਼ਦਾਂ ਦੇ ਗਲ਼ਾਂ ਵਿਚ ਪਈਆਂ ਹਮੇਲਾਂ ਦੀਆਂ ਟੱਲੀਆਂ ਦੀ ਸੁਰੀਲੀ ਆਵਾਜ਼ ਨੇ ਅਜਿਹਾ ਮਾਹੌਲ ਸਿਰਜਿਆ ਕਿ ਸੁਖਦੇਵ ਸਿੰਘ ਮਣ ਉਤੇ ਬੈਠਾ ਬੈਠਾ ਆਲਸ ਜਿਹਾ ਮਹਿਸੂਸ ਕਰਨ ਲਗ ਪਿਆ ਤੇ ਮਣ ਉਤੇ ਹੀ ਲੰਮਾ ਪੈ ਗਿਆ। ਹੌਲ਼ੀ ਹੌਲ਼ੀ ਉਸ ਦੀ ਅੱਖ ਲੱਗ ਗਈ। ਸੁੱਤੇ ਪਏ ਨੂੰ ਸੁਪਨਾ ਆਉਣਾ ਸ਼ੁਰੂ ਹੋ ਗਿਆ। ਸੁਪਨੇ ਵਿਚ ਹੀ ਵੇਖਣ ਵਾਲ਼ੇ ਆਏ ਸਗਨ ਲਾ ਗਏ। ਵਿਆਹ ਵੀ ਸਾਰੇ ਚਾਵਾਂ, ਸਗਨਾਂ ਤੇ ਧੂੰਮ ਧੜੱਕੇ ਨਾਲ਼ ਹੋ ਗਿਆ। ਘਰ ਬਾਰ ਵੱਸ ਗਿਆ। ਰੱਬ ਨੇ ਇਕ ਭੁਜੰਗੀ ਵੀ ਬਖ਼ਸ਼ ਦਿਤਾ। ਰਾਤ ਨੂੰ ਰੋਟੀ-ਟੁੱਕ ਟੱਬਰ ਦੇ ਖਾ ਚੁੱਕਣ ਮਗਰੋਂ ਵਹੁਟੀ ਨੇ ਆਣ ਕੇ ਆਖਿਆ, "ਕੰਤੇ ਦੇ ਭਾਈਆ, ਆਹ ਮੁੰਡੇ ਨੂੰ ਜਰਾ ਨਾਲ਼ ਪਾ ਲੈ। ਮੈ ਭਾਂਡੇ-ਟੀਂਡੇ ਸਾਂਭ ਲਵਾਂ।" "ਅਈਥੇ ਪਾ ਦੇ।" ਆਖਦਿਆਂ ਸੁਖਦੇਵ ਸਿੰਘ ਨੇ ਮੁੰਡੇ ਲਈ ਮੰਜੀ ਤੇ ਥਾਂ ਬਣਾਉਦਿਆਂ ਜਦੋਂ ਜਰਾ ਕੁ ਪਾਸਾ ਵੱਟਿਆ ਤਾਂ ਧੜੱਮ ਕਰਦਾ ਖੂਹ ਵਿਚ ਜਾ ਡਿੱਗਾ। ਧੜੱਮ ਦੀ ਆਵਾਜ਼ ਸੁਣ ਕੇ ਰੌਲ਼ਾ ਪੈ ਗਿਆ। "ਸੁੱਖਾ ਖੂਹ ਵਿਚ ਡਿਗ ਪਿਆ; ਭੱਜੋ ਓਇ!" ਦੀ ਕਾਵਾਂ-ਰੌਲ਼ੀ ਪੈ ਗਈ। ਸਾਰੇ ਭੱਜੇ ਆਏ। ਖੂਹ ਵਿਚ ਡਿੱਗਣ ਪਿਛੋਂ ਸੁੱਖੇ ਦੀ ਅੱਖ ਵੀ ਖੁਲ੍ਹ ਗਈ ਤੇ ਮਾਹਲ ਨੂੰ ਉਸ ਦਾ ਹੱਥ ਵੀ ਪੈ ਗਿਆ। ਰੱਸਾ ਲਮਕਾ ਕੇ ਭਰਾਵਾਂ

ਨੇ ਖੂਹ ਵਿਚੋਂ ਬਾਹਰ ਕਢ ਲਿਆ ਸੁੱਖੇ ਨੂੰ। ਜਰਨੈਲ ਸਿੰਘ ਨੇ ਪੁਛਿਆ, "ਕੀ ਗੱਲ ਹੋਈ ਸੁੱਖਿਆ?" "ਹੋਣਾ ਹਵਾਣਾ ਕੀ ਸੀ ਭਾਊ, ਮਾਰ ਲਏ ਸੀ ਅਣਜੰਮੇ ਟੱਬਰ ਨੇ!"

ਪੇਂਡੂ ਸਮਾਜ ਵਿਚ ਛੜਿਆਂ ਬਾਰੇ ਕੁਝ ਕੁ ਲੋਕ ਗੀਤ ਇਸ ਤਰ੍ਹਾਂ ਦੇ ਆਪ ਮੁਹਾਰੇ ਸਿਰਜੇ ਜਾਂਦੇ ਰਹੇ:

ਛੜੇ ਦੇ ਘਰ ਅੱਤ ਜ਼ਰੂਰੀ ਦੋ ਚੀਜਾਂ ਤੋਂ ਵੀ ਖਾਲੀ ਵੇਖ ਕਿਸੇ ਮਨਚਲੀ ਸਵਾਣੀ ਤੋਂ ਰਿਹਾ ਨਾ ਗਿਆ ਤਾਂ ਉਸ ਦੇ ਮੂਹੋਂ ਨਿਕਲ਼ ਹੀ ਗਿਆ:

*ਚੁਲ੍ਹੇ ਅੱਗ ਨਾ ਘੜੇ ਦੇ ਵਿਚ ਪਾਣੀ, ਛੜਿਆ ਦੋਜ਼ਖ਼ੀਆ।*

ਪੰਜਾਬੀ ਜੇਠ, ਤੇ ਉਹ ਵੀ ਛੜਾ! ਉਸ ਦੀ ਹੋਂਦ ਨਿਕੀ ਭਰਜਾਈ ਲਈ ਸੁਖਾਵੀਂ ਘੱਟ ਹੀ ਹੁੰਦੀ ਹੈ। ਉਸ ਦੇ ਦਿਲ ਵਿਚ ਛੜੇ ਜੇਠ ਬਾਰੇ ਜੋ ਦੇਰ ਦੇ ਮੁਕਾਬਲੇ ਵਿਚ ਵਿਤਕਰਾ ਹੈ ਉਹ ਕਿਸੇ ਪੜਦੇ ਵਿਚ ਨਹੀ ਰਹਿੰਦਾ। ਕੀ ਕਹਿੰਦੀ ਏ ਭਰਜਾਈ ਛੜੇ ਜੇਠ ਨੂੰ:

*ਛੜੇ ਜੇਠ ਨੂੰ ਲੱਸੀ ਨਹੀ ਦੇਣੀ, ਦੇਰ ਭਾਵੇਂ ਮਝ ਚੁੰਘ ਲਵੇ।*

ਆਪਣੀ ਸ਼ੋਖ਼ ਨਫ਼ਰਤ ਦਾ ਜੇਠ ਸਬੰਧੀ ਵਿਖਾਵਾ ਵੀ ਇਸ ਲਾਈਨ ਤੋਂ ਜ਼ਾਹਰ ਹੈ:

*ਮੇਰੇ ਜੇਠ ਦੇ ਪੁੱਠੇ ਦਿਨ ਆਏ, ਕਿੱਕਰਾਂ ਨੂੰ ਪਾਵੇ ਜੱਫੀਆਂ।*

ਇਹਨੀਂ ਦਿਨੀਂ ਤਾਂ ਜੇਠ ਨੂੰ, ਸਤਿਕਾਰ ਤੇ ਪਿਆਰ ਨਾਲ਼ 'ਭਾ ਜੀ', 'ਵੀਰ ਜੀ' ਆਦਿ ਸ਼ਬਦਾਂ ਨਾਲ਼ ਬੁਲਾਇਆ ਜਾਂਦਾ ਹੈ ਅਤੇ ਘਰ ਦੇ ਸਤਿਕਾਰਤ ਵਿਅਕਤੀ ਵਾਂਗ ਆਦਰ ਦਿਤਾ ਜਾਂਦਾ ਹੈ ਪਰ ਪੁਰਾਣੇ ਸਮੇ ਵਿਚ ਭਾਈ ਜਾਂ ਭਾਈਆ ਵੀ ਛੋਟੀਆਂ ਭਰਜਾਈਆ ਜੇਠ ਨੂੰ ਆਖਿਆ ਕਰਦੀਆਂ ਸਨ। ਅਜਿਹੇ ਸਮੇ ਕਿਤੇ ਭਰਜਾਈ ਦਾ, ਰਾਤ ਦੇ ਹਨੇਰੇ ਵਿਚ ਜੇਠ ਦੇ ਮੰਜੇ ਦੇ ਪਾਵੇ ਨੂੰ ਠੇਡਾ ਵੱਜ ਗਿਆ ਤੇ ਉਹ ਆਪ ਮੁਹਾਰੇ ਬੋਲ ਉਠੀ:

*ਟੁਟ ਪੈਣੀਏ ਹਨੇਰੀਏ ਰਾਤੇ, ਭਾਈ ਜੀ ਤੇ ਮੈ ਡਿਗ ਪਈ।*

ਤੜਾਕ ਕਰਦਾ ਜਵਾਬ ਜੇਠ ਨੇ ਦਿਤਾ:

*ਸਾਡੇ ਕੌਣ ਨੀ ਗਰੀਬਾਂ ਉਤੇ ਡਿਗਦਾ, ਰਾਮ ਰਾਮ ਜਪ ਭਾਬੀਏ।*

ਛੜਿਆਂ ਦੀ ਸ਼ੌਕੀਨੀ ਦਾ ਜ਼ਿਕਰ ਇਸ ਲੋਕ ਗੀਤ ਵਿਚੋਂ ਝਲਕਦਾ ਹੈ:

*ਉਹ ਘਰ ਛੜਿਆਂ ਦਾ, ਜਿਥੇ ਸ਼ੀਸ਼ਾ ਮੋਚਨਾ ਖੜਕੇ।*

ਛੜਿਆਂ ਨੂੰ ਰਾਤ ਬਹੁਤੀ ਵਾਰ ਖੇਤਾਂ ਵਿਚ ਹੀ ਕੱਟਣੀ ਪੈਂਦੀ ਹੈ:

*ਛੜੇ ਜਾਣਗੇ ਮੱਕੀ ਦੀ ਰਾਖੀ, ਰੰਨਾਂ ਵਾਲ਼ੇ ਘਰ ਪੈਣਗੇ।*

ਵਿਤਕਰਾ ਏਨਾ ਅਣਵਿਆਹਿਆਂ ਨਾਲ਼ ਕਿ ਘਰ ਵਿਚ ਚੰਗੀ ਸਹੂਲਤ ਵੀ ਵਿਆਹਿਆਂ ਵਾਸਤੇ ਹੀ ਰਾਖਵੀਂ ਰੱਖੀ ਜਾਂਦੀ ਹੈ:

*ਰੰਨਾਂ ਵਾਲ਼ਿਆਂ ਦੇ ਪਲੰਘ ਨਿਵਾਰੀ, ਛੜਿਆਂ ਦੀ ਮੁੰਜ ਦੀ ਮੰਜੀ।*

ਏਸੇ ਕਰਕੇ ਹੀ ਸ਼ਾਇਦ ਕਿਸੇ ਨੇ ਕਿਹਾ ਹੈ, "ਕਲ੍ਹਾ ਤਾਂ ਰੋਹੀ ਵਿਚ ਕਿੱਕਰ ਦਾ ਦਰੱਖ਼ਤ ਵੀ ਨਾ ਹੋਵੇ।"

ਜੇਕਰ ਛੜਿਆਂ ਦੇ ਘਰ ਵਿਚ ਕੋਈ ਵਸਤ-ਵਲ਼ੇਵਾਂ ਹੋਵੇ ਤੇ ਉਸ ਦੀ ਗੁਆਂਢੀਆਂ ਨੂੰ ਲੋੜ ਵੀ ਹੋਵੇ ਤਾਂ ਵੀ ਹਾਲਤ ਕੁਝ ਇਸ ਤਰ੍ਹਾਂ ਦੀ ਹੀ ਹੁੰਦੀ ਹੈ:

*ਕੋਈ ਡਰਦੀ ਪੀਹਣ ਨਾ ਜਾਵੇ ਛੜਿਆਂ ਦੇ ਦੋ ਚੱਕੀਆਂ।*

ਕਈ ਵਾਰੀਂ ਛੜੇ ਵੀ ਨੱਕ ਤੇ ਮੱਖੀ ਨਹੀ ਬਹਿਣ ਦਿੰਦੇ। ਵੇਖੋ ਅਜਿਹੇ ਛੜੇ ਬਾਰੇ ਅੱਗ ਲੈਣ ਗਈ ਵਾਪਸ ਆ ਕੇ ਕੀ ਆਖਦੀ ਹੈ:

*ਛੜਿਆਂ ਦੇ ਅੱਗ ਨੂੰ ਗਈ, ਮੇਰੀ ਚੱਪਣੀ ਵਗਾਹ ਕੇ ਮਾਰੀ ।*

ਕਦੀ-ਕਦਾਂਈ ਕਿਤੇ ਇਉਂ ਵੀ ਸ਼ਾਇਦ ਹੋ ਜਾਂਦਾ ਹੋਵੇ ਕਿ ਕੋਈ ਸ਼ਰੀਕੇ ਵਿਚੋਂ ਲੱਗਣ ਵਾਲ਼ੀ ਮਨਚਲੀ ਭਰਜਾਈ, ਸ਼ਰਾਰਤ ਵਜੋਂ ਕਿਤੇ ਅੱਖ ਦਾ ਇਸ਼ਾਰਾ ਕਰ ਬੈਠੇ ਤਾਂ ਫੇਰ ਛੜਾ ਕਿਸੇ ਹੁੜਕ ਵਿਚ ਪਿਛਾ ਕਰਨ ਲੱਗ ਪਵੇ ਤਾਂ ਉਸ ਨੂੰ ਅੱਕ ਕੇ, ਸਾਥਣਾਂ ਵਿਚ ਇਹ ਕੁਝ ਆਖਣ ਲਈ ਵੀ ਮਜਬੂਰ ਹੋਣਾ ਪੈ ਜਾਂਦਾ ਹੈ:

*ਐਵੇਂ ਭੁੱਲ ਕੇ ਛੜੇ ਨੂੰ ਅੱਖ ਮਾਰੀ, ਵਢ ਕੇ ਬਰੂਹਾਂ ਖਾ ਗਿਆ।*

ਕੋਈ ਮਨਚਲਾ ਛੜਾ ਇਸ ਤਰ੍ਹਾਂ ਬੇਪਰਵਾਹੀ ਵਾਲ਼ਾ ਰਵੱਈਆ ਰੱਖਦਾ ਹੋਇਆ ਆਖ ਵੀ ਦਿੰਦਾ ਹੈ:

*ਚੁੱਕ ਚਰਖਾ ਪਿਛਾਂਹ ਕਰ ਪੂਣੀਆਂ, ਛੜਿਆਂ ਦੀ ਫੌਜ ਲੰਘਣੀ।*

ਸਾਡੇ ਦੇਸ਼ ਦੇ ਸਰਵਉਚ ਦੋਵੇਂ ਅਹੁਦੇ, ਅਰਥਾਤ ਪ੍ਰਧਾਨ ਤੇ ਪ੍ਰਧਾਨ ਮੰਤਰੀ ਦੇ, ਇਸ ਸਮੇ (ਲੇਖ ਲਿਖਣ ਸਮੇ) ਛੜਿਆਂ ਦੇ ਕਬਜੇ ਵਿਚ ਹਨ। ਗੁਰਦਾਸ ਮਾਨ ਦੇ ਗਾਣੇ ਅਨੁਸਾਰ, ਹੁਣ ਤਾਂ ਛੜਿਆਂ ਦੀ ਪੁਜ਼ੀਸ਼ਨ, ਇਸ ਤਰ੍ਹਾਂ ਦੀ ਬਣ ਗਈ ਹੈ:

*ਛੜੇ ਛੜੇ ਨਾ ਸਮਝੋ ਲੋਕੋ, ਛੜੇ ਬੜੇ ਗੁਣਕਾਰੀ।*
*ਨਾ ਛੜਿਆਂ ਨੂੰ ਫੋੜਾ ਫਿਨਸੀ, ਨਾ ਕੋਈ ਲੱਗੇ ਬਿਮਾਰੀ।*
*ਦੇਸੀ ਘਿਉ ਦੇ ਪੱਕਣ ਪਰਾਉਂਠੇ, ਮੁਰਗੇ ਦੀ ਤਰਕਾਰੀ।*

*ਹੁਣ ਛੜਿਆਂ ਨੇ ਗੈਸ ਲਵਾ ਲਈ, ਫੂਕਣੋ ਹਟ ਗਈ ਦਾਹੜੀ।*
*ਪਹਿਲਾਂ ਭਾਈ ਜੇਠ ਛੜੇ ਸਨ, ਹੁਣ ਬਣ ਗਏ ਸਰਕਾਰੀ।*
*ਹੁਣ ਛੜਿਆਂ ਨੂੰ ਮੌਜਾਂ ਹੀ ਮੌਜਾਂ, ਕਹਿ ਗਏ ਅਟੱਲ ਬਿਹਾਰੀ।*
*ਸਾਡੇ ਛੜਿਆਂ ਦੀ, ਦੁਨੀਆਂ ਤੇ ਸਰਦਾਰੀ। ਸਾਡੇ ਛੜਿਆਂ ਦੀ .....*

## ਪੁਸਤਕ ਦੇ ਪਹਿਲੇ ਐਡੀਸ਼ਨ ਬਾਰੇ ਕੁਝ ਵਿਚਾਰ

ਨਿੰਦਰ ਘੁਗਿਆਣਵੀ ਵਲੋਂ:

ਇਕ ਦਿਲਚਸਪ ਪੁਸਤਕ 'ਜੋ ਵੇਖਿਆ ਸੋ ਆਖਿਆ' ਜਦ ਮੈ ਆਸਟ੍ਰੇਲੀਆ ਦੇ ਸਭ ਤੋਂ ਵੱਡੇ ਸ਼ਹਿਰ ਸਿਡਨੀ ਤੋਂ, ਇਸ ਦੇਸ਼ ਦੀ ਰਾਜਧਾਨੀ, ਕੈਨਬਰਾ ਨੂੰ ਜਾਣ ਵਾਲ਼ੀ ਬੱਸ ਵਿਚ ਬੈਠਾ ਤਾਂ ਮੇਰੇ ਹੱਥ ਵਿਚ ਗਿਆਨੀ ਸੰਤੋਖ ਸਿੰਘ ਰਚਿਤ ਇਹ ਪੁਸਤਕ ਸੀ। ਇਹ ਗਿਆਨੀ ਜੀ ਨੇ ੧੭ ਜੁਲਾਈ ਦੇ ਦਿਨ ਮੇਰੇ ਮਿੱਤਰ ਸ. ਅਮਰਜੀਤ ਸਿੰਘ ਖੇਲਾ ਦੇ 'ਯੂਨੀਕ ਇੰਟਰਨੈਸ਼ਨਲ ਕਾਲਜ' ਵਿਚ ਬੈਠਿਆਂ 'ਨਿਘੇ ਸਨੇਹ ਸਹਿਤ' ਲਿਖ ਕੇ ਪਿਆਰ ਵਜੋਂ ਭੇਟ ਕੀਤੀ ਸੀ। ਮੈ ਇਸ ਪੁਸਤਕ ਨੂੰ ਬੜੀ ਛੇਤੀ ਨਾਲ਼ ਪੜ੍ਹਨਾ ਚਾਹੁੰਦਾ ਸਾਂ ਕਿਉਂਕਿ ਗਿਆਨੀ ਸੰਤੋਖ ਸਿੰਘ ਹੋਰਾਂ ਦੀ ਕੋਈ ਵੀ ਲਿਖਤ, ਕਿਤੇ ਵੀ, ਕਦੋਂ ਵੀ ਪ੍ਰਕਾਸ਼ਤ ਹੋਈ ਮੇਰੀ ਨਿਗਾਹ ਵਿਚ ਆ ਜਾਂਦੀ ਹੈ ਤਾਂ ਮੈਂ ਉਸ ਨੂੰ ਬੜੀ ਦਿਲਚਸਪੀ, ਉਤਸੁਕਤਾ ਅਤੇ ਉਤਸ਼ਾਹ ਨਾਲ਼ ਪੜ੍ਹਦਾ ਹਾਂ। ਇਸ ਦਾ ਇਕ ਪ੍ਰਮੁਖ ਕਾਰਨ ਇਹ ਵੀ ਹੈ ਕਿ ਉਹਨਾਂ ਦੀ ਆਪਣੀ ਹਸਤੀ ਮੁਤਾਬਿਕ ਉਹਨਾਂ ਦੀ ਹਰ ਲਿਖਤ ਵਿਚ ਸੰਜਮਤਾ, ਸੰਖੇਪਤਾ, ਸਰਲਤਾ, ਸੰਜੀਦਗੀ ਅਤੇ ਸੁਹਿਰਦਤਾ ਸੰਜੋਈ ਹੋਈ ਹੁੰਦੀ ਹੈ। ਮੈ ਮਹਿਸੂਸ ਕਰਦਾ ਹਾਂ ਕਿ ਗਿਆਨੀ ਸੰਤੋਖ ਸਿੰਘ ਦੀ ਲਿਖਤ ਆਪਣੇ ਆਪ ਵਿਚ ਇਸ ਕਾਰਨ ਵੀ ਦਿਲਚਸਪ ਹੁੰਦੀ ਹੈ ਕਿ ਉਹ ਗੰਭੀਰਤਾ ਬਣਾਈ ਰੱਖਣ ਦੇ ਬਾਵਜੂਦ ਵੀ ਆਪਣੀ ਲਿਖਤ ਵਿਚ ਨਾਲ਼ੋ ਨਾਲ਼ ਹਲਕਾ ਹਲਕਾ ਕਟਾਕਸ਼ ਵੀ ਕਰਦੇ ਜਾਂਦੇ ਹਨ।

ਸੰਨ ੨੦੦੮ ਵਿਚ ਗਿਆਨੀ ਜੀ ਦੀ ਈ-ਮੇਲ ਮਿਲ਼ੀ ਕਿ ਉਹ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਧਾਰੇ ਹੋਏ ਹਨ। ਉਹਨਾਂ ਕੁ ਦਿਨਾਂ ਵਿਚ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਮੇਰੀ ਇਕ ਪੁਸਤਕ 'ਲੋਕ ਗਾਇਕ' ਦੀ ਪ੍ਰਕਾਸ਼ਨਾ ਹੋਣੀ ਸੀ। ਇਸ ਸਿਲਸਿਲੇ ਵਿਚ ਮੈ ਯੂਨੀਵਰਸਿਟੀ ਦੇ ਪ੍ਰੈਸ ਵਿਚ ਗਿਆ ਤਾਂ ਮੇਰੇ ਪਾਸ ਕੁਝ ਘੰਟਿਆਂ ਦੀ ਵੇਹਲ ਸੀ। ਸੋਚਿਆ ਕਿ ਕਿਉਂ ਨਾ ਗਿਆਨੀ ਜੀ ਦੇ ਦਰਸ਼ਨ ਪਰਸ ਲਏ ਜਾਣ! ਮੇਰੇ ਵੱਲੋਂ ਫ਼ੋਨ ਕਰਨ ਦੇ ਇਕ ਘੰਟੇ ਬਾਅਦ ਗਿਆਨੀ ਜੀ ਆਣ ਪਰਗਟ ਹੋਏ। ਪ੍ਰੈਸ ਦੀ ਕੈਨਟੀਨ ਤੋਂ ਚਾਹ ਪਾਣੀ ਛਕਿਆ ਅਤੇ ਖ਼ੂਬ ਗੱਲਾਂ ਕੀਤੀਆਂ। ਮੈਨੂੰ ਮਹਿਸੂਸ ਹੋਇਆ ਕਿ ਉਹ ਆਪਣੇ ਆਪ ਵਿਚ ਇਕ ਚੱਲਦਾ ਫਿਰਦਾ ਵਿਸ਼ਵ ਵਿਦਿਆਲਾ ਹਨ। ਆਸਟ੍ਰੇਲੀਆ ਵਿਚ ਆ ਕੇ ਇਹ ਵੀ ਪਤਾ ਲੱਗਾ ਕਿ ਸਿਡਨੀ ਦੇ ਨੌਜਵਾਨਾਂ ਨੇ ਗਿਆਨੀ ਜੀ ਨੂੰ 'ਵਾਕਿੰਗ ਇਨਸਾਇਲੋਪੀਡੀਆ ਆਫ਼ ਸਿੱਖਿਇਜ਼ਮ' ਅਤੇ ਮੈਲਬਰਨ ਵਾਲ਼ਿਆਂ ਨੇ 'ਸਾਈਬਰ ਗਿਆਨੀ' ਦੇ ਖ਼ਿਤਾਬ ਦੇ ਰੱਖੇ ਹਨ। ਮੈ ਸਮਝਦਾ ਹਾਂ ਕਿ ਜ਼ਿੰਦਗੀ ਵਿਚ ਬਹੁਤ ਘੱਟ ਵਾਰੀਂ, ਬਹੁਤ ਘੱਟ ਲੋਕਾਂ ਨਾਲ਼ ਇਸ ਤਰ੍ਹਾਂ ਹੁੰਦਾ ਹੈ ਕਿ ਉਹ ਆਪਣੇ ਆਪ ਵਿਚ ਇਕ ਸੰਸਥਾ ਦਾ ਰੂਪ ਧਾਰਨ ਕਰ ਜਾਂਦੇ ਹਨ। ਜ਼ਿੰਦਗੀ ਦੇ ਬਿਖੜੇ ਰਾਹ, ਲੰਮੇਰੇ ਪੰਧ, ਤਲਖ ਤਜੱਰਬੇ, ਝਮੇਲੇ ਬੰਦੇ ਨੂੰ ਪੱਕਾ ਤਾਂ ਕਰਦੇ ਹੀ ਹਨ, ਨਾਲ਼ੋ ਨਾਲ਼ ਇਕ ਅਹਿਸਾਸੀ ਮਨੁਖ ਦੇ ਰੂਪ ਵਿਚ ਵੀ ਤਬਦੀਲ ਕਰ ਦਿੰਦੇ ਹਨ। ਵੱਡਿਆਂ ਦੀ ਸੰਗਤ ਦੀ ਰੰਗਤ ਹੋਰ ਵੀ ਅਨੋਖਾ ਰੰਗ ਭਰ ਦਿੰਦੀ ਹੈ; ਅਜਿਹਾ ਜ਼ਿੰਦਗੀ ਵਿਚ ਗਿਆਨੀ ਜੀ ਨੇ ਵੇਖਿਆ, ਸੁਣਿਆ, ਮਾਣਿਆ, ਪਰਖਿਆ, ਨਿਰਖਿਆ ਅਤੇ ਪਿੰਡੇ ਤੇ ਹੰਡਾਇਆ ਹੈ।

ਗੱਲ ਛੇੜੀ ਸੀ ਕੈਨਬਰਾ ਜਾਂਦਿਆਂ 'ਜੋ ਵੇਖਿਆ ਸੋ ਆਖਿਆ' ਪੁਸਤਕ ਪੜ੍ਹਨ ਦੀ। ਇਹ ਵਾਰਤਕ ਦੀ ਇਕ ਵਧੀਆ ਵੰਨ ਸੁਵੰਨੀ ਵੰਨਗੀ ਹੈ। ਇਸ ਵਿਚ ਗਿਆਨ, ਯਾਦਾਂ, ਇਤਿਹਾਸ, ਸਫ਼ਰਨਾਮਾ ਆਦਿ ਸਿਨਫਾਂ ਦੇ ਦੀਦਾਰ ਹੁੰਦੇ ਹਨ ਅਤੇ ਗਿਆਨੀ ਜੀ ਦੀ ਗੂਹੜੀ ਤੇ ਗੁੜ੍ਹੀ ਹੋਈ ਸ਼ਖ਼ਸੀਅਤ ਸਾਕਾਰ ਰੂਪ ਵਿਚ ਅੱਖਾਂ ਅੱਗੇ ਆ ਖਲੋਂਦੀ ਹੈ। ਲੰਮੇ ਚਾਰ ਦਹਾਕਿਆਂ ਦੇ ਸਮੇ ਤੋਂ ਪੰਜਾਬੋਂ ਬਾਹਰ ਵੱਸ ਕੇ ਵੀ ਪ੍ਰੰਪਰਾਗਤ ਪੰਜਾਬ ਦਾ ਜੀਵਨ ਗਿਆਨੀ ਜੀ ਤੋਂ ਇਕ ਪਲ ਵੀ ਨਹੀ ਵਿਸਰਿਆ। ਜਦੋਂ ਉਹ 'ਘੜਾ ਘੜਵੰਜੀ ਤੇ' ਦੀ ਗੱਲ ਕਰਦੇ ਹਨ ਤਾਂ ਪੰਜਾਬ ਦੇ ਭੁੱਲੇ ਵਿਸਰੇ ਅਤੇ ਅਣਮੁੱਲੇ ਲੋਕ ਗੀਤਾਂ ਦਾ ਪੂਰੇ ਵੇਰਵੇ ਸਹਿਤ ਜ਼ਿਕਰ ਕਰਕੇ, ਪੰਜਾਬ ਦੇ ਬੀਤ ਗਏ ਦਿਨਾਂ ਵਿਚ ਲੈ ਜਾਂਦੇ ਹਨ। ਗਿਆਨੀ ਜੀ 'ਛੜਿਆਂ ਦੀ ਫੌਜ ਲੰਘਣੀ' ਤੋਂ ਸ਼ੁਰੂ ਕਰਕੇ, ਆਪਣੇ ਅੰਮ੍ਰਿਤਸਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਦੀਆਂ ਯਾਦਾਂ ਅਤੇ ਕੌਮ ਦੇ ਘਾਗ ਸਿਆਸਤਦਾਨਾਂ ਨਾਲ਼ ਦੂਰੋਂ ਨੇੜਿਉਂ ਹੋਏ ਮੇਲ ਮਿਲਾਪ, ਟੀਕਾ ਟਿਪਣੀਆਂ ਅਤੇ ਸਾਂਝੇ ਮੰਚਾਂ ਦਾ ਬੜੇ ਉਤਸ਼ਾਹ ਨਾਲ ਜ਼ਿਕਰ ਕਰਦੇ ਜਾਂਦੇ ਹਨ। ਉਹਨਾਂ ਨੇ ਸੀਨੀਅਰ ਪੱਤਰਕਾਰ ਸ. ਹਰਬੀਰ ਸਿੰਘ ਭੰਵਰ ਜੀ ਨੂੰ ਬੜਾ ਨਿੱਗਰ ਸੁਝਾ ਦਿਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਮਿਨੀ ਸਿੱਖ ਪਾਰਲੀਮੈਂਟ' ਕਹਿਣਾ ਢੁਕਵਾਂ ਨਹੀ। ਏਵੇਂ ਹੀ ਇਸ ਪੁਸਤਕ ਵਿਚ: ਸਿੱਖ ਆਗੂਆਂ ਦੀਆਂ ਅਸਚਰਜ ਬੇਪਰਵਾਹੀਆਂ, ਪੰਜ ਸਿੱਖਾਂ ਦਾ ਸਨਮਾਨ, ਅਨਪੜ੍ਹ ਸਿੰਘਾ ਆਦਿ ਲੇਖ ਪਾਠਕਾਂ ਦਾ ਉਚੇਚਾ ਧਿਆਨ ਖਿੱਚਦੇ ਹਨ।

ਇਸ ਪੁਸਤਕ ਦਾ ਆਖਰੀ ਲੇਖ 'ਇਉਂ ਹੋਇਆ 'ਸਵਾਗਤ' ਮੇਰੀਆਂ ਲਿਖਤਾਂ ਦਾ' ਮੈਨੂੰ ਸਭ ਤੋਂ ਵਧ ਦਿਲਚਸਪ ਲੱਗਿਆ। ਇਸ ਲੇਖ ਵਿਚ ਗਿਆਨੀ ਜੀ ਬਹੁਤ ਬੇਬਾਕ ਤੇ ਇਮਾਨਦਾਰ ਹਨ। ਉਹ ਸਫ਼ਰ ਤੇ ਗਏ। ਇਕ ਗੁਰੂ ਘਰ ਦੇ ਪ੍ਰਬੰਧਕ ਉੜੀ ਉੜੀ ਕਰਕੇ ਉਹਨਾਂ ਦੇ ਮਗਰ ਇਸ ਲਈ ਪੈ ਗਏ ਕਿ ਗਿਆਨੀ ਜੀ ਨੇ ਆਪਣੀ ਦੂਜੀ ਕਿਤਾਬ 'ਉਜਲ ਕੈਹਾਂ ਚਿਲਕਣਾ' ਵਿਚ ਉਹਨਾਂ ਨੂੰ ਨਾ ਚੰਗੀ ਲੱਗਣ ਵਾਲ਼ੀ ਗੱਲ ਲਿਖ ਦਿਤੀ ਹੈ। ਗਿਆਨੀ ਜੀ ਆਪਣੇ ਭਾਸ਼ਨ ਵਾਂਗ ਹੀ ਲਿਖਤਾਂ ਵਿਚ ਵੀ ਬਿਨਾ ਕਿਸੇ ਲੱਗ ਲਬੇੜ ਦੇ ਸੱਚ ਹੀ ਲਿਖ ਦਿੰਦੇ ਹਨ ਜੋ ਕਿ ਕਈ ਵਾਰ ਧਾਰਮਿਕ ਸਥਾਨਾਂ ਦੇ ਚੌਧਰੀਆਂ ਦੇ ਫਿੱਟ ਨਹੀ ਬੈਠਦਾ। ਉਹ ਕੁਝ ਕਸੈਲਾ ਜਿਹਾ ਹੋਣ ਕਰਕੇ ਕਿਸੇ ਨਾ ਕਿਸੇ ਦੇ ਗਿੱਟੇ ਜਾਂ ਗੋਡੇ ਤੇ ਜਾ ਵੱਜਦਾ ਹੈ ਤੇ ਉਹਨਾਂ ਦਾ ਹਾਜਮਾ ਦਰੁਸਤ ਨਹੀ ਰਹਿੰਦਾ। ਗਿਆਨੀ ਜੀ ਵੀ ਪੂਰੇ ਹਠੀ ਹਨ। ਉਹ ਹਰੇਕ ਥਾਂ ਜਾਂਦੇ ਹੋਏ ਕੁਝ ਕਿਤਾਬਾਂ ਝੋਲ਼ੇ ਵਿਚ ਪਾ ਲਿਜਾਂਦੇ ਹਨ। ਚੰਗਾ ਹੋਵੇ ਕਿ ਉਹ ਅਜਿਹੇ ਸੱਜਣਾਂ ਦਾ ਹਾਜਮਾ ਦਰੁਸਤ ਕਰਨ ਲਈ, ਆਪਣੇ ਝੋਲ਼ੇ ਵਿਚ ਤੁੰਮਿਆਂ ਵਾਲ਼ੀ ਜਵੈਣ ਦੇ ਬਣਾਏ ਚੂਰਨ ਦੇ ਕੁਝ ਪੁੜੇ ਵੀ ਨਾਲ਼ ਲੈ ਜਾਇਆ ਕਰਨ। ਮੈਨੂੰ ਇਹ ਲੇਖ ਪੜ੍ਹਦਿਆਂ ਓਦੋਂ ਭਾਵੇਂ ਪਰੇਸ਼ਾਨੀ ਤਾਂ ਬਹੁਤ ਹੋਈ ਜਦੋਂ ਇਕ ਦੋ ਥਾਵਾਂ ਤੇ ਗਿਆਨੀ ਜੀ ਨੂੰ ਗੁਰੂ ਘਰਾਂ ਵਿਚੋਂ ਨਿਕਲ਼ ਕੇ ਕਿਸੇ ਪ੍ਰਸੰਸਕ ਦੇ ਘਰ ਜਾ ਕੇ ਰਾਤ ਕੱਟਣੀ ਪਈ ਪਰ ਗਿਆਨੀ ਜੀ ਦੀ ਤਰਜ਼ੇ ਬਿਆਨੀ ਅਤੇ ਲੇਖ ਵਿਚਲੇ ਸੂਖਮ ਵਿਅੰਗ ਕਰਕੇ, ਨਾਲ਼ੋ ਨਾਲ਼ ਅਨੰਦ ਵੀ ਪਰਾਪਤ ਹੁੰਦਾ ਰਿਹਾ ਤੇ ਚੇਹਰੇ ਉਪਰ ਮੁਸਕਰਾਹਟ ਛਾਈ ਰਹੀ। ਇਹ ਸਾਰਾ ਕੁਝ ਲਿਖਦਿਆਂ ਵੀ ਗਿਆਨੀ ਜੀ ਨੇ ਬੜੀ ਸੰਜਮ ਭਰੀ ਸ਼ੈਲੀ ਵਿਚ ਇਸ ਲੇਖ ਨੂੰ ਸਮੇਟਿਆ ਹੈ। ਕਿਸੇ ਦਾ ਦਿਲ ਨਹੀ ਦੁਖਾਇਆ। ਕਿਸੇ ਬਾਰੇ ਜ਼ਾਤੀ ਤੌਰ ਤੇ ਚਿੱਕੜ ਨਹੀ ਉਛਾਲ਼ਿਆ। ਕੋਈ ਭਾਵੇਂ ਕੁਝ ਕਹੀ ਜਾਵੇ!

ਅੱਜ ਪੰਜਾਬੀ ਭਾਸ਼ਾ ਦਾ ਪ੍ਰਚਾਰ, ਪ੍ਰਸਾਰ, ਸੰਚਾਰ ਸੰਸਾਰ ਪਧਰ ਤੇ ਹੋ ਰਿਹਾ ਹੈ। ਵੱਡੇ ਅਹੁਦਿਆਂ ਤੇ ਬਿਰਾਜਮਾਨ ਵਿਦਵਾਨ ਧਾਹਾਂ ਮਾਰ ਰਹੇ ਹਨ ਕਿ ਪੰਜਾਬੀ ਮਰ ਮੁੱਕ ਰਹੀ ਹੈ ਪਰ ਗਿਆਨੀ ਜੀ ਵਰਗੇ ਲੇਖਕ ਪੰਜਾਬੋਂ ਬਾਹਰ, ਸਮੁੰਦਰੋਂ ਪਾਰ ਦੂਰ ਬੈਠੇ ਵੀ ਲਿਖ ਰਹੇ ਹਨ, ਛਪ ਰਹੇ ਹਨ, ਪੜ੍ਹੇ ਜਾ ਰਹੇ ਹਨ, ਸਤਿਕਾਰੇ ਜਾ ਰਹੇ ਹਨ ਤਾਂ ਉਹ ਵਿਦਵਾਨ, ਯੂਨੀਵਰਸਿਟੀਆਂ ਦੇ ਏਅਰ ਕੰਡੀਸ਼ਨਡ ਬੰਦ ਕਮਰਿਆਂ ਵਿਚ ਭੁਆਂਟਣੀਆਂ ਦੇਣ ਵਾਲ਼ੀਆਂ ਕੁਰਸੀਆਂ (ਰੀਵੋਲਵਿੰਗ ਚੇਅਰਜ਼) ਤੇ ਝੂਟੇ ਲੈਂਦੇ ਵੀ ਛਿੱਥੇ ਪੈ ਰਹੇ ਹਨ। ਜਦੋਂ ਗਿਆਨੀ ਜੀ ਪੰਜਾਬੀ ਭਾਸ਼ਾ ਦੇ ਲਿਖਤੀ ਸਰੂਪ ਨੂੰ ਨਾ ਵਿਗਾੜਨ ਬਾਰੇ ਲਿਖਦੇ ਹਨ ਤਾਂ ਵੇਰਵੇ ਸਹਿਤ ਬੜੀ ਦਲੀਲ ਨਾਲ਼ 'ਪੰਜਾਬੀ ਸ਼ਬਦ ਜੋੜਾਂ ਦੀ ਸਰਲਤਾ ਤੇ ਸਮਾਨਤਾ' ਵਾਲ਼ੇ ਲੇਖ ਵਿਚ, ਕੌਣ ਗ਼ਲਤ ਤੇ ਕੌਣ ਠੀਕ ਆਦਿ ਨੂੰ ਉਜਾਗਰ ਕਰਦੇ ਹਨ ਅਤੇ ਠੀਕ ਉਚਾਰਣ ਬਾਰੇ ਪ੍ਰਕਾਸ਼ ਪਾਉਂਦੇ ਹਨ। ਇਵੇਂ ਹੀ 'ਅਧਕ ਵਿਚਾਰਾ ਕੀ ਕਰੇ' ਲੇਖ ਬੜਾ ਮਹੱਤਵਪੂਰਣ ਹੈ। ਲੇਖ 'ਜੱਜੇ ਦੀਆਂ ਲੱਤਾਂ ਵਿਚ ਆ ਅੜੀ ਬੇਲੋੜੀ ਬਿੰਦੀ' ਵੀ ਆਪਣੀ ਥਾਂ ਮਹੱਤਵ ਰੱਖਦਾ ਹੈ। ਇਸ ਪੁਸਤਕ ਵਿਚਲੇ ਇਹ ਤਿੰਨੇ ਲੇਖ ਅਜੋਕੇ ਸਮੇ ਵਿਚ ਵਿਸ਼ੇਸ਼ ਮਹੱਤਵਪੂਰਣ ਹਨ ਕਿਉਂਕਿ ਪੰਜਾਬੀ ਦੇ ਸ਼ਬਦ ਜੋੜਾਂ ਬਾਰੇ ਅੱਜ ਇਕ ਵੱਡਾ ਮਸਲਾ ਸਾਡੇ ਸਨਮੁਖ ਹੈ ਅਤੇ ਇਸ ਮਸਲੇ ਦੇ ਹੱਲ ਲਈ ਗਿਆਨੀ ਜੀ ਨੇ ਇਹਨਾਂ ਤਿੰਨਾਂ ਲੇਖਾਂ ਰਾਹੀਂ ਆਪਣਾ ਉਚੇਚਾ ਯੋਗਦਾਨ ਪਾ ਦਿਤਾ ਹੈ।

ਇਸ ਪੁਸਤਕ ਵਿਚ ਇਕ ਲੇਖ 'ਵੱਡਿਆਂ ਬੰਦਿਆਂ ਦੀਆਂ ਬਚਿਤਰ ਬਾਤਾਂ' ਇਸ ਦਾ ਅਹਿਮ ਅੰਗ ਹੈ। ਕੇਵਲ ਪੰਜਾਬ ਹੀ ਨਹੀ ਸਗੋਂ ਭਾਰਤ ਦੀ ਰਾਹਨੁਮਾਈ ਕਰਨ ਵਾਲ਼ੇ ਵੱਡੇ ਬੰਦੇ ਆਪਣੇ ਜੀਵਨ ਵਿਚ ਕਿੰਨੇ ਸਿੱਧੜ ਅਤੇ ਸਰਲ ਸਨ! ਮੰਚਾਂ ਉਪਰ ਬੋਲਦੇ ਸਮੇ ਵੀ ਉਹ ਟਪਲਾ ਖਾ ਜਾਂਦੇ ਸਨ। ਗਿਆਨੀ ਜੀ ਇਸ ਸਭ ਕਾਸੇ ਦਾ ਜ਼ਿਕਰ ਬੜੀ ਕੌਸ਼ਲਤਾ ਨਾਲ਼ ਕਰਦੇ ਹਨ। ਸਿੱਖ ਕੌਮ ਦੇ ਮੰਨੇ ਪ੍ਰਮੰਨੇ ਜਥੇਦਾਰਾਂ ਦਾ ਬੜੇ ਹੇਰਵੇ ਤੇ ਵੇਰਵੇ ਨਾਲ਼ ਇਸ ਪੁਸਤਕ ਵਿਚ ਜ਼ਿਕਰ ਆਉਣਾ ਬੜੀ ਚੰਗੀ ਗੱਲ ਲੱਗੀ ਹੈ। ਇਹਨਾਂ ਵੱਡੇ ਲੋਕਾਂ ਬਾਰੇ ਕੁਝ ਕੁ ਮਿਆਰੀ ਜਾਂ ਯਾਦਗਾਰੀ ਚੁਟਕਲੇ ਵੀ ਗਿਆਨੀ ਜੀ ਨੇ ਕਲਮਬੰਦ ਕੀਤੇ ਹਨ।

ਅੱਜ ਅਟੈਚੀਕੇਸ ਜਿਡੀਆਂ ਭਾਰੀਆਂ ਪੁਸਤਕਾਂ ਨਹੀ ਪੜ੍ਹੀਆਂ ਜਾ ਰਹੀਆਂ। ਅੱਜ ਪਾਠਕ ਤਾਂ ਸ਼ਾਰਟ ਕੱਟ ਮਾਰਦਾ ਹੈ। ਉਸ ਨੂੰ ਨਿੱਕੇ ਆਕਾਰ ਦੀ ਗਿਆਨਵਾਨ ਤੇ ਰੌਚਕ ਪੁਸਤਕ ਦੀ ਬੇਹਦ ਲੋੜ ਹੈ। ਜੇ ਉਸ ਨੂੰ ਅਜਿਹੀ ਪੁਸਤਕ ਮਿਲ਼ੇਗੀ ਤਾਂ ਉਹ ਉਸ ਨੂੰ ਜਰੂਰ ਪੜ੍ਹੇਗਾ ਤੇ ਅਨੰਦ ਮਾਣੇਗਾ। ਸੋ ਮੇਰੇ ਵਿਚਾਰ ਮੁਤਾਬਿਕ 'ਜੋ ਵੇਖਿਆ ਸੋ ਆਖਿਆ' ਛੋਟੇ ਆਕਾਰ ਦੀ ਆਪਣੇ ਆਪ ਵਿਚ ਇਕ ਵੱਡੀ ਪੁਸਤਕ ਹੈ ਕਿਉਂਕਿ ਇਹ ਵੱਡੇ ਗਿਆਨ ਭੰਡਾਰ ਨੂੰ ਆਪਣੇ ਵਿਚ ਸਮੋਈ ਬੈਠੀ ਹੈ। ਗਿਆਨੀ ਜੀ ਨੂੰ ਕੁੱਜੇ ਵਿਚ ਸਮੁੰਦਰ ਬੰਦ ਕਰਨਾ ਬਾਖੂਬੀ ਆਉਂਦਾ ਹੈ ਤਦੇ ਹੀ ਉਹਨਾਂ ਦਾ ਨਾ ਭਾਸ਼ਨ ਅਕਾਊ ਹੁੰਦਾ ਹੈ ਨਾ ਲੇਖ। ਭਾਸ਼ਨ ਤੇ ਲਿਖਤ ਦਾ ਸੁਮੇਲ ਉਹਨਾਂ ਦੀ ਸ਼ਖ਼ਸੀਅਤ ਨੂੰ ਮਿਲਾਪੜੀ ਅਤੇ ਮਿਕਨਾਤੀਸੀ ਬਣਾਉਂਦਾ ਹੈ। ਮੁੱਕਦੀ ਗੱਲ, ਇਹ ਬਾਬਾ ਸਮੇ ਦਾ ਹਾਣੀ ਹੈ; ਕੰਪਿਊਟਰ ਦਾ ਆੜੀ ਹੈ; ਬੁਢਿਆਂ ਨਾਲ਼ ਬੁਢਾ; ਗਭਰੂਆਂ ਸੰਗ ਗਭਰੂ; ਜਵਾਕਾਂ ਨਾਲ਼ ਜਵਾਕਾਂ ਜਿਹਾ। ਜਦੋਂ ਵੀ ਮਿਲ਼ੇਗਾ ਕੋਈ ਝੋਰਾ ਨਹੀ, ਕੋਈ ਗਿਲ੍ਹਾ ਨਹੀ, ਤੇ ਨਾ ਹੀ ਕੋਈ ਸ਼ਿਕਵਾ ਤੇ ਨਾ ਕੋਈ ਵਿਖਾਵਾ। ਮਾਂ ਬੋਲੀ ਦੇ ਇਸ ਲਾਲ ਦੇ ਬਾਰੇ ਇਹੋ ਹੀ ਕਿਹਾ ਜਾ ਸਕਦਾ ਹੈ:

ਮਿੱਟੀ ਨਾ ਫਰੋਲ ਯੋਗੀਆ, ਨਹੀਂਓ ਲੱਭਣੇ ਲਾਲ ਗਵਾਚੇ।

## ਆਤਮਾ ਸਿੰਘ ਗਿੱਲ ਅਨੁਸਾਰ:

'ਜੋ ਵੇਖਿਆ ਸੋ ਆਖਿਆ' ਗਿਆਨੀ ਸੰਤੋਖ ਸਿੰਘ ਦਾ ਪੰਜਵਾਂ ਲੇਖ ਸੰਗ੍ਰਹਿ ਹੈ। ਇਸ ਵਿਚ ਵੱਖ ਵੱਖ ਵਿਸ਼ਿਆਂ ਨਾਲ਼ ਸਬੰਧਤ ੨੪ ਲੇਖ ਸ਼ਾਮਲ ਕੀਤੇ ਗਏ ਹਨ। ਇਹਨਾਂ ਲੇਖਾਂ ਦੇ ਵਿਸ਼ੇ ਆਲੋਚਨਾਤਮਿਕ, ਸਭਿਆਚਾਰਕ, ਸਾਹਿਤਕ, ਰਾਜਨੀਤਕ, ਅਤੇ ਧਾਰਮਿਕ ਹਨ। ਇਹਨਾਂ ਵਿਚੋਂ ਬਹੁਤੀਆਂ ਘਟਨਾਵਾਂ ਖ਼ੁਦ ਲੇਖਕ ਨਾਲ਼ ਵਾਪਰੀਆਂ ਹਨ।

ਲੋਕਧਾਰਾ ਅਤੇ ਸਭਿਆਚਾਰ ਦੇ ਸੰਧਰਬ ਵਿਚ: ਘੜਾ ਘੜਵੰਜੀ ਤੇ, ਭੁੱਲ ਕੇ ਛੜੇ ਨੂੰ ਅੱਖ ਮਾਰੀ, ਵੱਡੇ ਬੰਦਿਆਂ ਦੀਆਂ ਵਚਿਤਰ ਬਾਤਾਂ ਆਦਿ ਲੇਖਾਂ ਨੂੰ, ਲੇਖਕ ਨੇ ਆਲੋਚਨਾਤਮਿਕ ਦ੍ਰਿਸ਼ਟੀ ਤੋਂ ਸਿਰਜਿਆ ਹੈ। ਇਹਨਾਂ ਲੇਖਾਂ ਵਿਚ ਲੇਖਕ ਨੇ ਢੁਕਵੀਆਂ ਮਿਸਾਲਾਂ ਦੇ ਕੇ ਵਿਸ਼ੇ ਨੂੰ ਖ਼ੂਬਸੂਰਤ ਤੇ ਰੌਚਕ ਬਣਾਇਆ ਹੈ। ਮੁਹਾਵਰੇ, ਅਖਾਣ ਲੋਕੋਕਤੀਆਂ ਤੇ ਬਾਤਾਂ ਤੋਂ ਇਲਾਵਾ ਲੋਕਗੀਤਾਂ ਦੇ ਹਵਾਲੇ ਵਿਸ਼ੇ ਦੀ ਪ੍ਰਮਾਣਿਕਤਾ ਦਾ ਸਬੂਤ ਹਨ। 'ਘੜਾ ਘੜਵੰਜੀ ਤੇ' ਲੇਖ ਵਿਚ ਬਹੁਤ ਸਾਰੇ ਲੋਕਗੀਤ ਸ਼ਾਮਲ ਕੀਤੇ ਗਏ ਹਨ:

੧. *ਕੋਰੀ ਕੋਰੀ ਕੂੰਡੀ ਵਿਚ ਮਿਰਚਾਂ ਮੈਂ ਰਗੜਾਂ*
*ਸਹੁਰੇ ਦੀ ਅੱਖ ਵਿਚ ਪਾ ਦੇਨੀਆਂ*
*ਘੁੰਡ ਕੱਢਣੇ ਦੀ ਅਲਖ ਮੁਕਾ ਦੇਨੀਆਂ।*

੨. ਪਤਨੀ: *ਬੁੜ੍ਹੀ ਨੂੰ ਭੌਂਕਣ ਦੇ, ਮੇਲਾ ਵੇਖਣ ਚੱਲ।*
ਪਤੀ: *ਪੁਆੜਾ ਪੈ ਜੂ ਗਾ ਬੁੜ੍ਹਾ ਬੁੜ੍ਹੀ ਦੇ ਵੱਲ।*

ਲਿਖਤ ਦੀ ਖ਼ੂਬਸੂਰਤੀ ਇਹ ਵੀ ਹੈ ਕਿ ਕਈ ਵਾਰ ਲੇਖਕ ਲੇਖ ਦਾ ਆਰੰਭ ਹੀ ਕਿਸੇ ਲੋਕਗੀਤ ਤੋਂ ਕਰਦਾ ਹੈ। ਇਸ ਦੇ ਨਾਲ ਨਾਲ ਸ਼ੁਰੂ ਵਿਚ ਹੀ ਪਾਠਕ ਦੇ ਮਨ ਵਿਚ ਉਤਸੁਕਤਾ ਪੈਦਾ ਹੋ ਜਾਂਦੀ ਹੈ। 'ਛੜਿਆਂ ਦੀ ਫੌਜ ਲੰਘਣੀ' ਲੇਖ ਦਾ ਆਰੰਭ ਵੀ ਏਸੇ ਤਰ੍ਹਾਂ ਕੀਤਾ ਗਿਆ ਹੈ:

ਛੜੇ ਛੜੇ ਨਾ ਆਖੋ ਲੋਕੋ ਛੜੇ ਵਖ਼ਤ ਨੂੰ ਫੜੇ
ਅੱਧੀ ਰਾਤੋਂ ਪੀਹਣ ਲਗੇ ਅੱਧ ਸੇਰ ਛੋਲੇ ਦਲੇ
ਝਾੜ ਪੂੰਝ ਕੇ ਉਠਣ ਲਗੇ ਆਟਾ ਦੇਹ ਨੂੰ ਲੜੇ
ਫੂਕ ਮਾਰਿਆਂ ਅੱਗ ਨਾ ਬਲਦੀ ਭੜ ਭੜ ਦਾਹੜੀ ਸੜੇ
ਸਾੜ ਫੂਕ ਕੇ ਚਾਰੇ ਪੱਕੀਆਂ ਚਾਰ ਪ੍ਰਾਹੁਣੇ ਖੜੇ
ਲਉ ਭਰਾਉ ਤੁਸੀਂ ਖਾ ਲਉ ਇਹੋ ਅਸਾਥੋਂ ਸਰੇ
ਬਾਝੋਂ ਤੀਵੀਆਂ ਦੇ ਛੜੇ ਮਰੇ ਕਿ ਮਰੇ

'ਵੱਡੇ ਬੰਦਿਆਂ ਦੀਆਂ ਬਚਿਤਰ ਬਾਤਾਂ' ਲੇਖ ਵਿਚ ਗਿਆਨੀ ਸੰਤੋਖ ਸਿੰਘ ਨੇ ਕੁਝ ਵਚਿੱਤਰ ਰਾਜਨੀਤਕ ਇਤਿਹਾਸਕ ਰੌਚਕ ਤੱਥਾਂ ਦੀ ਪੇਸ਼ਕਾਰੀ ਕੀਤੀ ਹੈ। ਮਿਸਾਲ ਵਜੋਂ:

੧. ਇਕ ਵਾਰੀ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਚੰਡੀਗੜ੍ਹ ਆਏ ਤਾਂ ਉਸ ਸਮੇਂ ਦੇ ਮੁਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੇ ਉਹਨਾਂ ਦੀ ਸਵਾਗਤੀ ਸਪੀਚ ਵਿਚ ਆਖ ਦਿੱਤਾ ਕਿ ਚੰਡੀਗੜ੍ਹ ਪੰਜਾਬ ਦਾ ਦਿਲ ਹੈ। ਉਤਰ ਵਿਚ ਨਹਿਰੂ ਜੀ ਨੇ ਆਪਣੇ ਭਾਸ਼ਣ ਵਿਚ ਆਖਿਆ, "ਵਾਕਿਆ ਹੀ ਚੰਡੀਗੜ੍ਹ ਪੰਜਾਬ ਦਾ ਦਿਲ ਹੈ ਕਿਉਂਕਿ ਦਿਮਾਗ ਤੋ ਪੰਜਾਬੀਉਂ ਕਾ ਹੋਤਾ ਹੀ ਨਹੀਂ।"

੨. ਪੰਜਾਬੀ ਸੂਬੇ ਦਾ ਐਲਾਨ ਹੋ ਜਾਣ ਪਿਛੋਂ ਹਰਿਆਣਾ ਦੇ ਆਗੂ ਚੌਧਰੀ ਦੇਵੀ ਲਾਲ ਜੀ, ਅਕਾਲੀ ਆਗੂ ਸੰਤ ਫ਼ਤਿਹ ਸਿੰਘ ਜੀ ਨੂੰ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਿਲ਼ਨ ਵਾਸਤੇ ਆਏ ਤਾਂ ਗੱਲਬਾਤ ਵਿਚ ਆਪਣੀ ਪੇਂਡੂ ਬੋਲੀ ਵਿਚ ਆਖਣ ਲੱਗੇ, "ਹਰਿਆਣਾ ਤਾਂ ਪੰਜਾਬੀ ਸੂਬੇ ਨਾਲ ਇਸ ਤਰ੍ਹਾਂ ਬਣ ਗਿਆ ਹੈ ਜਿਵੇਂ ਕੋਈ ਆਦਮੀ ਟੱਟੀ ਫਿਰਨ ਜਾਵੇ ਤਾਂ ਪਿਸ਼ਾਬ ਆਪਣੇ ਆਪ ਹੀ ਆ ਜਾਂਦਾ ਹੈ।"

ਪੰਜਾਬੀ ਭਾਸ਼ਾ ਨਾਲ਼ ਸਬੰਧਤ ਤਿੰਨ ਲੇਖ: ਪੰਜਾਬੀ ਸ਼ਬਦ ਜੋੜਾਂ ਦੀ ਸਰਲਤਾ ਤੇ ਸਮਾਨਤਾ, ਅੱਧਕ ਵਿਚਾਰਾ ਕੀ ਕਰੇ, ਜੱਜੇ ਦੀਆਂ ਲੱਤਾਂ ਵਿਚ ਆ ਘੁਸੀ ਬੇਲੋੜੀ ਬਿੰਦੀ ਇਸ ਪੁਸਤਕ ਵਿਚ ਸ਼ਾਮਲ ਹਨ। ਪੰਜਾਬੀ ਸ਼ਬਦ ਜੋੜਾਂ ਦੀ ਸਰਲਤਾ ਤੇ ਸਮਾਨਤਾ ਦੇ ਸੰਧਰਬ ਵਿਚ ਲੇਖਕ ਕਹਿੰਦਾ ਹੈ:

ਮੈਂ ਤਾਂ ਇਸ ਹੱਕ ਵਿਚ ਹਾਂ ਕਿ ਜਿਹੜੀ ਨਵੀਂ ਵਸਤੂ ਦਾ, ਜਿਸ ਨੇ ਈਜਾਦ ਕਰਨ ਵੇਲੇ ਜੋ ਨਾਂ ਰੱਖਿਆ ਉਸ ਨੂੰ ਤਰਜਮਾਉਣ ਵਿਚ ਉਚੇਚੀ ਸਿਰ ਖਪਾਈ ਕਰਨ ਨਾਲ਼ੋਂ ਉਸ ਨੂੰ ਜਿਉਂ ਦਾ ਤਿਉਂ ਪੰਜਾਬੀ ਅੱਖਰਾਂ ਵਿਚ ਲਿਖ ਕੇ ਅਪਣਾ ਲੈਣਾ ਚਾਹੀਦਾ ਹੈ। ਟੈਲੀਫੋਨ ਦਾ ਦੂਰਭਾਸ਼, ਟੈਲੀਵਿਯਨ ਦਾ ਦੂਰਦਰਸ਼ਨ, ਰੇਡੀਓ ਦਾ ਆਕਾਸ਼ਵਾਣੀ, ਟ੍ਰੈਕਟਰ ਦਾ ਭੂਮੀਖੋਦ ਯੰਤਰ, ਲੈਟਰ ਬਾਕਸ ਦਾ ਪੱਤਰ ਘੁਸੇੜੂ ਪਾਤਰ ਬਣਾ ਕੇ ਅਸੀਂ ਕੀ ਕੱਦੂ ਵਿਚ ਤੀਰ ਮਾਰ ਰਹੇ ਹਾਂ; ਇਹ ਮੇਰੀ ਸਮਝ ਤੋਂ ਬਾਹਰੀ ਬਾਤ ਹੈ।

ਏਸੇ ਤਰ੍ਹਾਂ ਇਸ ਕਿਤਾਬ ਵਿਚ ਲੇਖਕ ਵੱਲੋਂ ਪੰਜਾਬੀ ਭਾਸ਼ਾ ਨਾਲ ਸਬੰਧਤ ਸ਼ਬਦ ਜੋੜਾਂ ਦੀਆਂ ਗ਼ਲਤੀਆਂ ਦੀ ਨਿਸ਼ਾਨਦੇਹੀ ਵੀ ਕੀਤੀ ਗਈ ਹੈ। ਇਸ ਦੇ ਨਾਲ਼ ਧਾਰਮਿਕ, ਇਤਿਹਾਸਕ ਅਤੇ ਰਾਜਨੀਤੀ ਨੂੰ ਪੇਸ਼ ਕਰਨ ਵਾਲ਼ੇ: ਯਾਰ ਜਾਰ ਜ਼ਾਰ, ਸਾਧੂ ਬੋਲੇ ਸਹਿਜ ਸੁਭਾਇ, ਭੇਡਾਂ ਵਿਚੋਂ ਊਠ ਦੀ ਪਛਾਣ, ਸੱਚੇ ਚੁਟਕਲੇ, ਅਨਪੜ੍ਹ ਸਿੰਘਾ, ਦੋ ਅਕਾਲੀ ਵਿਦਵਾਨਾਂ ਦਾ ਮਿਲਾਪ, ਪੰਜ ਸਿੱਖਾਂ ਦਾ ਸਨਮਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਮਿਨੀ ਸਿੱਖ ਪਾਰਲੀਮੈਂਟ? ਸਿੱਖ ਆਗੂਆਂ ਦੀਆਂ ਅਸਚਰਜ ਬੇਪਰਵਾਹੀਆਂ ਆਦਿ ਲੇਖ ਇਸ ਪੁਸਤਕ ਵਿਚ ਸ਼ਾਮਲ ਹਨ। ਗਿਆਨੀ ਸੰਤੋਖ ਸਿੰਘ ਨੇ ਇਹਨਾਂ ਘਟਨਾਵਾਂ ਨੂੰ ਬੜਾ ਨੇੜਿਉਂ ਵੇਖਿਆ ਹੈ ਤੇ ਬਿਲਕੁਲ ਓਸੇ ਤਰ੍ਹਾਂ ਹੀ ਬਿਆਨ ਕਰ ਦਿੱਤਾ ਹੈ। ਸ਼ਾਇਦ ਏਸੇ ਕਰਕੇ ਹੀ ਇਸ ਪੁਸਤਕ ਦਾ ਨਾਂ 'ਜੋ ਵੇਖਿਆ ਸੋ ਆਖਿਆ' ਰੱਖਿਆ ਗਿਆ ਹੈ। ਲੇਖਾਂ ਦੀ ਖ਼ੂਬਸੂਰਤੀ ਇਹ ਹੈ ਕਿ ਲੇਖਕ ਨੇ ਘਟਨਾਵਾਂ ਦੇ ਨਾਲ਼ ਨਾਲ਼ ਤਾਰੀਖ਼ਾਂ, ਨਾਂਵਾਂ ਤੇ ਥਾਂਵਾਂ ਨੂੰ ਵੀ ਪੇਸ਼ ਕੀਤਾ ਹੈ ਜੋ ਘਟਨਾਵਾਂ ਦੀ ਇਤਿਹਾਸਕ ਪ੍ਰਮਾਣਿਤਾ ਦਾ ਪੱਖ ਪੂਰਦੇ ਹਨ।

ਕੁੱਲ ਮਿਲਾ ਕੇ ਇਹ ਪੁਸਤਕ, ਆਉਣ ਵਾਲ਼ੀਆਂ ਪੀਹੜੀਆਂ ਦੇ ਪਾਠਕਾਂ ਵਾਸਤੇ, ਪੰਜਾਬੀ ਵਾਰਤਕ ਸਾਹਿਤ ਵਿਚ ਇਕ ਇਤਿਹਾਸਕ ਦਸਤਾਵੇਜ਼ ਵਜੋਂ, ਸਾਂਭ ਕੇ ਰੱਖਣ ਦੇ ਯੋਗ ਹੈ।

## ਹਰਭਜਨ ਸਿੰਘ ਵਕਤਾ ਦੇ ਪੁਸਤਕ ਬਾਰੇ ਵਿਚਾਰ:

'ਜੋ ਵੇਖਿਆ ਸੋ ਆਖਿਆ' ਗਿਆਨੀ ਸੰਤੋਖ ਸਿੰਘ ਦੀ ਪੰਜਵੀਂ ਪੁਸਤਕ ਹੈ ਜਿਸ ਵਿਚ ਉਹਨਾਂ ਨੇ ਆਪਣੇ ਸੰਸਾਰ ਦੇ ਭ੍ਰਮਣ ਸਮੇ ਹੋਏ ਖੱਟੇ ਮਿੱਠੇ ਤਜਰਬਿਆਂ ਭਰਪੂਰ ਲੇਖਾਂ ਦੇ ਨਾਲ਼ ਨਾਲ਼ ਕੁਝ ਸਭਿਆਚਾਰਕ ਅਤੇ ਭਾਸ਼ਾਈ ਲੇਖਾਂ ਨੂੰ ਵੀ ਸ਼ਾਮਲ ਕੀਤਾ ਹੈ।

ਇਸ ਵਿਚ ਕੁੱਲ ਚੌਵੀ ਲੇਖ ਹਨ। ਸਭਿਆਚਾਰਕ ਰੰਗ ਵਿਚ ਗੜੁੱਚ ਲੇਖ 'ਘੜਾ ਘੜਵੰਜੀ 'ਤੇ' ਅਤੇ 'ਛੜਿਆਂ ਦੀ ਫੌਜ ਲੰਘਣੀ' ਪੰਜਾਬੀ ਵਿਰਸੇ ਦੀ ਬਾਤ ਪਾਉਂਦੇ ਹਨ। 'ਘੜਾ ਘੜਵੰਜੀ 'ਤੇ' ਲੇਖ ਵਿਚ ਲੇਖਕ ਨੇ ਜਵਾਨ ਹੋ ਚੁੱਕੀ ਮੁਟਿਆਰ ਦੀ ਵੇਦਨਾ ਨੂੰ ਵਿਅੰਗਾਤਮਿਕ ਲਹਿਜੇ ਵਿਚ ਪਰਗਟ ਕਰਨ ਦਾ ਸਾਰਥਕ ਯਤਨ ਕੀਤਾ ਹੈ। 'ਛੜਿਆਂ ਦੀ ਫੌਜ ਲੰਘਣੀ' ਦਾ ਵਿਸ਼ਾ ਬੇਸ਼ੱਕ ਛੜਿਆਂ ਨਾਲ਼ ਸਬੰਧਤ ਹੈ ਪਰ ਇਸ ਵਿਚ ਪੇਸ਼ ਕੀਤੀਆਂ ਗਈਆਂ ਟਿਪਣੀਆਂ ਵਿਚ ਮਾਦਾ ਭਰੂਣ ਹੱਤਿਆ ਜਿਹੀ ਨਾਮੁਰਾਦ ਬਿਮਾਰੀ ਬਾਰੇ ਲੇਖਕ ਨੇ ਡਾਢੀ ਚਿੰਤਾ ਪਰਗਟ ਕੀਤੀ ਹੈ। ਛੜਿਆਂ ਦੀ ਟੀਮ ਦੇ ਵਿਸਥਾਰ ਵਿਚ ਲੜਕੀਆਂ ਦੇ ਘੱਟ ਹੋਣ ਨੂੰ ਇਕ ਵੱਡਾ ਕਾਰਨ ਦੱਸਦਿਆਂ, ਪੰਜਾਬੀਆਂ ਨੂੰ ਇਸ ਪਾਸੇ ਸੋਚਣ ਲਈ ਪ੍ਰੇਰਿਆ ਹੈ। ਸਭਿਆਚਾਰਕ ਪੱਖ ਤੋਂ ਪੇਸ਼ ਕੀਤਾ ਗਿਆ ਇਹ ਲੇਖ ਸਚਾਈ ਨੂੰ ਬਾਖ਼ੂਬੀ ਪੇਸ਼ ਕਰਦਾ ਹੈ।

ਪੁਸਤਕ ਵਿਚਲੇ ਲੇਖਾਂ ਦਾ ਦੂਸਰਾ ਭਾਗ ਗਿਆਨੀ ਜੀ ਦੇ ਜੀਵਨ ਵਿਚ ਉਹਨਾਂ ਨੂੰ ਹੋਏ ਤਜੱਰਬਿਆਂ ਅਤੇ ਯਾਦਾਂ ਨਾਲ਼ ਓਤ ਪੋਤ ਹੈ। ਇਹਨਾਂ ਯਾਦਾਂ ਨੂੰ ਧਿਆਨ ਵਿਚ ਰੱਖਦਿਆਂ ਉਹਨਾਂ ਨੇ ਆਪਣੇ ਆਪ ਨੂੰ ਵੀ ਨਹੀ ਬਖ਼ਸ਼ਿਆ। 'ਇਉਂ ਹੋਇਆ ਸਵਾਗਤ ਮੇਰੀਆਂ ਲਿਖਤਾਂ ਦਾ' ਲੇਖ ਵਿਚ ਉਹਨਾਂ ਦੀਆਂ ਖੱਟੀਆਂ ਮਿੱਠੀਆਂ ਯਾਦਾਂ ਨੂੰ ਨਿਹਾਰਿਆ ਜਾ ਸਕਦਾ ਹੈ। ਗਿਆਨੀ ਹੋਰਾਂ ਦੀ ਸੱਚ ਕਹਿਣ ਦੀ ਜੁਰਅਤ ਇਸ ਲੇਖ ਵਿਚੋਂ ਸਹਿਵਨ ਹੀ ਸਮਝ ਪੈ ਜਾਂਦੀ ਹੈ।

ਪੰਜਾਬੀ ਭਾਸ਼ਾ ਦੇ ਸੰਧਰਬ ਵਿਚ ਲਿਖੇ ਗਏ ਲੇਖਾਂ ਵਿਚ ਲੇਖਕ ਨੇ ਪੰਜਾਬੀਆਂ ਦਾ ਭਾਸ਼ਾਈ ਪਹੁੰਚ ਤੋਂ ਦੂਰ ਹੋਣ ਦਾ ਹਵਾਲਾ ਦਿਤਾ ਹੈ ਅਤੇ ਗ਼ਲਤ ਉਚਾਰਨ ਅਤੇ ਗ਼ਲਤ ਲਿਖਣ ਦੀ ਸਮੱਸਿਆ ਨੂੰ ਵੱਡੀ ਸਮੱਸਿਆ ਹੋਣ ਦੀ ਗੱਲ ਕਹੀ ਹੈ। 'ਯਾਰ, ਜਾਰ, ਜ਼ਾਰ' ਲੇਖ ਵਿਚ ਤਿੰਨਾਂ ਦੇ ਸਹੀ ਉਚਾਰਨ ਦੀ ਸਮਝ ਲਈ ਉਹਨਾਂ ਨੇ ਤਿੰਨਾਂ ਦੀ ਹੀ ਵਿਆਖਿਆ ਕਰਕੇ, ਅਰਥਾਂ ਦੀ ਸਹੀ ਸਮਝ ਨਾ ਹੋਣ ਕਾਰਨ ਹੋ ਰਹੀ ਗ਼ਲਤੀ ਦਾ ਅਹਿਸਾਸ ਕਰਾਉਣ ਦਾ ਯਤਨ ਕੀਤਾ ਹੈ। 'ਅਧਕ ਵਿਚਾਰਾ ਕੀ ਕਰੇ?'' ਲੇਖ ਰਾਹੀਂ ਪੰਜਾਬੀ ਲੇਖਕਾਂ ਵੱਲੋਂ ਇਸ ਨੂੰ ਜੋ ਵਿਚਾਰਾ ਬਣਾ ਕੇ ਰੱਖ ਦਿਤਾ ਗਿਆ ਹੈ, ਉਸ ਬਾਰੇ ਵੀ ਵਿਸਥਾਰਤ ਚਾਨਣਾ ਪਾਇਆ ਗਿਆ ਹੈ।

ਇਸ ਦੇ ਨਾਲ਼ ਹੀ ਹਥਲੀ ਪੁਸਤਕ ਵਿਚ ਪੰਜਾਬੀ ਸ਼ਬਦ ਜੋੜਾਂ ਵਿਚਲੇ ਵਖਰੇਵੇਂ ਦਾ ਹਵਾਲਾ ਦਿੰਦਿਆਂ ਪੰਜਾਬੀ ਸ਼ਬਦ ਜੋੜਾਂ ਦੀ ਸਰਲਤਾ ਅਤੇ ਸਮਾਨਤਾ ਦੀ ਲੋੜ ਮਹਿਸੂਸ ਕੀਤੀ ਗਈ ਹੈ। ਏਸੇ ਤਰ੍ਹਾਂ ਹੀ ਜ ਦੇ ਪੈਰ ਵਿਚ ਬਿੰਦੀ ਦੀ ਦੁਰਵਰਤੋਂ ਵੀ ਵਿਚਾਰ ਅਧੀਨ ਹੈ। ਇਹ ਵੀ ਕਿਤਾਬ ਦੇ ਇਕ ਲੇਖ ਦਾ ਵਿਸ਼ਾ ਰਿਹਾ ਹੈ। ਪੁਸਤਕ ਦੇ ਬਹੁਤੇ ਲੇਖਾਂ ਵਿਚੋਂ ਧਾਰਮਿਕ ਰੰਗਤ ਸਾਫ਼ ਝਲਕਦੀ ਹੈ, ਜਿਸ ਦਾ ਕਾਰਨ ਸ਼ਾਇਦ ਇਹ ਹੋ ਸਕਦਾ ਹੈ ਕਿ ਲੇਖਕ ਆਪਣੇ ਜੀਵਨ ਦਾ ਬਹੁਤਾ ਸਮਾ ਧਾਰਮਿਕ ਮਾਹੌਲ ਵਿਚ ਵਿਚਰਿਆ ਹੈ। ਇਸ ਦਾ ਹਵਾਲਾ ਪੁਸਤਕ ਵਿਚਲੇ ਲੇਖਾਂ ਵਿਚੋਂ ਸਹਿਵਨ ਹੀ ਮਿਲ਼ ਜਾਂਦਾ ਹੈ।

### ਤੀਰਥ ਸਿੰਘ ਢਿੱਲੋਂ ਦੇ ਵਿਚਾਰ

ਪੰਜ ਪੁਸਤਕਾਂ ਦੇ ਲੇਖਕ, ਗਿਆਨੀ ਸੰਤੋਖ ਸਿੰਘ (ਆਸਟ੍ਰੇਲੀਆ ਨਿਵਾਸੀ) ਦੀ ਪੰਜਵੀਂ ਪੁਸਤਕ ਦਾ ਇਹ ਦੂਸਰਾ ਐਡੀਸ਼ਨ ਹੈ। ਵਿਚਾਰ-ਚਰਚਾ ਅਧੀਨ ਇਹ ਪੁਸਤਕ, ਪ੍ਰੌੜ੍ਹ ਲੇਖਕ ਗਿਆਨੀ ਸੰਤੋਖ ਸਿੰਘ ਦੇ ਨਿੱਜੀ ਅਨੁਭਵਾਂ, ਵਾਪਰੀਆਂ ਘਟਨਾਵਾਂ, ਬੀਤੇ ਸਮੇਂ ਦੀਆਂ ਨਾਮਵਰ ਸ਼ਖ਼ਸੀਅਤਾਂ ਅਤੇ ਮਾਣ ਮੱਤੇ ਪੰਜਾਬੀ ਵਿਰਸੇ ਦੀ ਮੂੰਹ ਬੋਲਦੀ ਤਸਵੀਰ ਹੋ ਨਿੱਬੜੀ ਹੈ। ਇਸ ਪੁਸਤਕ ਵਿਚ ੨੬ ਬੇਸ਼ਕੀਮਤੀ ਲੇਖ ਦਰਜ ਹਨ।

ਪੁਸਤਕ ਦਾ ਆਰੰਭਕ ਲੇਖ ਹੈ 'ਦੋ ਅਕਾਲੀ ਵਿਦਵਾਨਾਂ ਦਾ ਮਿਲਾਪ'। ਇਸ ਲੇਖ ਵਿਚ ਪੰਥ ਰਤਨ ਮਾਸਟਰ ਤਾਰਾ ਸਿੰਘ ਅਤੇ ਮਾਸਟਰ ਅਜੀਤ ਸਿੰਘ ਅੰਬਾਲਵੀ ਬਾਰੇ ਕੁਝ ਘਟਨਾਵਾਂ ਦਾ ਜ਼ਿਕਰ ਕਰਦਿਆਂ ਪ੍ਰਸਿੱਧ ਪੰਥਕ ਬੁਲਾਰੇ ਗਿਆਨੀ ਕੇਹਰ ਸਿੰਘ ਵੈਰਾਗੀ ਦੀ ਜ਼ਹਾਨਤ (ਅਕਲਮੰਦੀ) ਦਾ ਸੰਖੇਪ ਪਰ ਭਾਵਪੂਰਤ ਚਿਤਰਨ ਵੀ ਕੀਤਾ ਗਿਆ ਹੈ। ਸੰਤ ਫ਼ਤਿਹ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਜੀਵਨ ਸਿੰਘ ਉਮਰਾਨੰਗਲ ਅਤੇ ਯੋਗੀ ਹਰਭਜਨ ਸਿੰਘ ਖ਼ਾਲਸਾ ਬਾਰੇ ਲੇਖ ਪੜ੍ਹਦਿਆਂ ਬੀਤੇ ਸਮੇਂ ਦੇ ਤਕਰੀਬਨ ਸਾਰੇ ਪ੍ਰਮੁੱਖ ਆਗੂਆਂ ਜਿਵੇਂ ਜਥੇਦਾਰ ਸੰਤੋਖ ਸਿੰਘ ਦਿੱਲੀ, ਗਿਆਨੀ ਹਰਚਰਨ ਸਿੰਘ ਹੁਡਿਆਰਾ, ਸੰਤ ਚੰਨਣ ਸਿੰਘ, ਸ. ਕਪੂਰ ਸਿੰਘ, ਸ. ਪ੍ਰਤਾਪ ਸਿੰਘ ਕੈਰੋਂ, ਸ. ਧੰਨਾ ਸਿੰਘ ਗੁਲਸ਼ਨ, ਜਥੇਦਾਰ ਮੋਹਨ ਸਿੰਘ ਤੁੜ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੇ ਗਿਆਨੀ ਕਰਤਾਰ ਸਿੰਘ ਸਮੇਤ ਹਰੇਕ ਆਗੂਆਂ ਬਾਰੇ ਰੌਚਕ ਜਾਣਕਾਰੀ ਇਸ ਪੁਸਤਕ ਰਾਹੀਂ ਮਿਲ਼ਦੀ ਹੈ। ਵੱਡੇ ਬੰਦਿਆਂ ਦੀਆਂ ਵਚਿੱਤਰ ਬਾਤਾਂ, ਸਿੱਖ ਆਗੂਆਂ ਦੀਆਂ ਅਸਚਰਜ ਬੇਪ੍ਰਵਾਹੀਆਂ ਤੇ ਇਉਂ ਹੋਇਆ 'ਸਵਾਗਤ' ਮੇਰੀਆਂ ਲਿਖਤਾਂ ਦਾ, ਗਿਆਨੀ ਜੀ ਦੀ ਬੇਬਾਕੀ ਤੇ ਖਰੀਆਂ-ਖਰੀਆਂ ਕਹਿਣ ਦਾ ਪ੍ਰਤੱਖ ਸਬੂਤ ਹਨ। ਉਹਨਾਂ ਦੀ ਇਸ ਪੁਸਤਕ ਦੇ ਅਧਕ ਵਿਚਾਰਾ ਕੀ ਕਰੇ? ਜੱਜੇ ਦੇ ਪੈਰ ਵਿਚ ਆ ਅੜੀ ਬੇਲੋੜੀ ਬਿੰਦੀ, ਪੰਜਾਬੀ ਸ਼ਬਦ ਜੋੜਾਂ ਦੀ ਸਰਲਤਾ ਅਤੇ ਸਮਾਨਤਾ ਅਤੇ ਅੱਧੇ ਹਾਹੇ ਦੀ ਅਯੋਗ ਵਰਤੋਂ ਲੇਖ, ਪੰਜਾਬੀ ਅਤੇ ਹੋਰ ਜ਼ਬਾਨਾਂ ਦੀ ਸ਼ੁੱਧ ਲੇਖਣੀ ਅਤੇ ਉਚਾਰਨ ਦੀ ਲੋੜ ਤੇ ਮਹੱਤਤਾ ਨੂੰ ਉਜਾਗਰ ਕਰਦੀ ਹੈ। ਘੜਾ ਘੜਵੰਜੀ 'ਤੇ ਅਤੇ ਛੜਿਆਂ ਦੀ ਫ਼ੌਜ ਲੰਘਣੀ ਦੋ ਅਜਿਹੇ ਲੇਖ ਹਨ, ਜੇਹੜੇ ਪੰਜਾਬੀ ਸੱਭਿਆਚਾਰ, ਰਹਿਤਲ ਬਹਿਤਲ ਅਤੇ ਵਿਰਸੇ ਨੂੰ ਖ਼ੂਬਸੂਰਤ ਅੰਦਾਜ਼ ਵਿਚ ਰੂਪਮਾਨ ਕਰਦੇ ਹਨ। ਪੁਸਤਕ ਦੀ ਧਾਰਮਿਕ ਰੰਗਤ, ਇਸ ਨੂੰ ਹੋਰ ਪੁਖ਼ਤਾ ਬਣਾਉਂਦੀ ਹੈ।

ਗਿਆਨੀ ਜੀ ਨੇ ਵਿਸਰ ਰਹੇ 'ਮਸ਼ੇਰ' ਵਰਗੇ ਲਫ਼ਜ਼ਾਂ ਦੀ ਵਰਤੋਂ ਕਈ ਲੇਖਾਂ ਵਿਚ ਬਾਖ਼ੂਬੀ ਕੀਤੀ ਹੈ। ਵਿਦਵਾਨ ਲੇਖਕ ਨੂੰ ਹਰੇਕ ਸਿਨਫ਼ ਪ੍ਰਤੀ ਮੁਕੰਮਲ ਗਿਆਨ, ਜਾਣਕਾਰੀ ਅਤੇ ਸੋਝੀ ਹੈ। ਕਵਿਤਾ ਬਾਰੇ ਲਿਖਦੇ ਹਨ, "ਮੇਰੇ ਖਿਆਲ ਵਿਚ ਕਵਿਤਾ ਕੋਈ ਲਿਖੀ ਜਾਣ ਵਾਲੀ ਵਸਤੂ ਨਾ ਹੋ ਕੇ, ਕੋਈ 'ਉਤਰਨ' ਵਾਲ਼ੀ ਸ਼ੈ ਜਾਪਦੀ ਹੈ।"

ਇਸ ਪੁਸਤਕ ਦੇ ਸਾਰੇ ਹੀ ਲੇਖ ਇਕ ਤੋਂ ਇਕ ਵੱਧ ਰੌਚਕ, ਗਿਆਨ-ਭਰਪੂਰ, ਕਟਾਕਸ਼ਮਈ, ਸੱਚ ਦੇ ਨੇੜੇ ਅਤੇ ਸੰਤੁਲਿਤ ਸੋਚ ਦੇ ਧਾਰਨੀ ਹਨ।

ਮੋ: ੯੧ ੯੮੧੫੪-੬੧੭੧੦




